Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust

Kamaljeet Kaur
Mortgage rates available from 2.1% to 3%



Twenty-Second Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 22, Issue 45, November 6, 2021 20451 N. Plum Grove Rd., Palatine, IL 60074 Ph:847-359-0746, Fax:847-705-9388


## ਮੋਦੀ ਦੇ ਹੰਕਾਰ ਨੂੰ ਝਟਕਾ


### ਜ਼ਿਮਨੀ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਹਾਰ

**ਨਵੀਂ ਦਿੱਲੀ:** ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ 3 ਲੋਕ ਸਭਾ ਅਤੇ 29 ਵਿਧਾਨ ਸਭਾ ਹਲਕਿਆਂ ਲਈ ਹੋਈਆਂ ਜ਼ਿਮਨੀ ਚੋਣਾਂ ਕੇਂਦਰੀ ਸੱਤਾ ਵਿਚ ਬੈਠੀ ਭਾਜਪਾ ਨੂੰ ਸਖਤ ਸੁਨੇਹਾ ਦੇ ਗਈਆਂ ਹਨ। ਕੇਂਦਰ ਤੇ ਸੂਬਿਆਂ ਵਿਚ ਸੱਤਾ ਹੁੰਦਿਆਂ ਵੀ ਭਗਵਾ ਧਿਰ ਦਾ ਇਹ ਹਸ਼ਰ ਵੇਖ ਸਿਆਸੀ ਮਾਹਰ ਵੀ ਹੈਰਾਨ ਹਨ। ਉਤਰੀ ਭਾਰਤ ਵਿਚ ਭਾਰਤੀ ਜਨਤਾ ਪਾਰਟੀ ਨੂੰ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਵੱਡਾ ਝਟਕਾ ਦਿੰਦਿਆਂ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ 'ਚ ਹੂੰਝਾ ਫੇਰੂ ਜਿੱਤ ਹਾਸਲ ਕੀਤੀ ਹੈ। ਦੂਜੇ ਪਾਸੇ ਸ਼ਿਵ ਸੈਨਾ ਨੇ ਮਹਾਰਾਸ਼ਟਰ ਤੋਂ ਬਾਹਰ ਪੈਰ ਪਸਾਰਦਿਆਂ ਦਾਦਰਾ ਤੇ ਨਗਰ ਹਵੇਲੀ ਦੀ ਲੋਕ ਸਭਾ ਸੀਟ ਜਿੱਤ ਲਈ ਹੈ।

ਭਾਜਪਾ ਸੱਤਾ ਵਾਲੇ ਸੂਬੇ ਵਿਚ ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਚਾਰੇ ਦੀਆਂ ਚਾਰੇ ਸੀਟਾਂ ਹਾਰ ਗਈ ਅਤੇ ਇਥੇ ਇਕ ਵਾਰ ਫਿਰ ਕਾਂਗਰਸ ਵੱਡੀ ਧਿਰ ਬਣ ਕੇ ਉਭਰੀ। ਭਗਵਾ ਧਿਰ ਹਿਮਾਚਲ ਦੇ ਮੰਡੀ ਲੋਕ ਸਭਾ ਸੀਟ ਤੋਂ ਵੀ ਕਾਂਗਰਸ ਹੱਥੋਂ ਮਾਤ ਖਾ ਗਈ। ਮੰਡੀ ਦੀ ਲੋਕ ਸਭਾ ਸੀਟ ਭਾਰਤੀ ਜਨਤਾ ਪਾਰਟੀ ਦੇ ਰਾਮ ਸਵਰੂਪ ਸ਼ਰਮਾ ਦੇ ਮਾਰਚ ਵਿਚ ਦੇਹਾਂਤ ਕਾਰਨ ਖਾਲੀ ਹੋਈ ਸੀ। ਇਹ ਸੀਟ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਪਤਨੀ ਪ੍ਰਤਿਭਾ ਸਿੰਘ ਨੇ ਜਿੱਤੀ ਹੈ।

2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਿਮਾਚਲ ਵਿਚ 69 ਫੀਸਦੀ ਵੋਟਾਂ ਮਿਲੀਆਂ ਸਨ ਅਤੇ ਉਸ ਨੇ ਸੂਬੇ ਦੇ ਚਾਰੇ ਲੋਕ ਸਭਾ ਹਲਕਿਆਂ ਵਿਚ ਜਿੱਤ ਪ੍ਰਾਪਤ ਕੀਤੀ ਸੀ। ਹਿਮਾਚਲ ਵਿਚ ਕਾਂਗਰਸ ਦੀ ਜਿੱਤ ਸਿੱਧ ਕਰਦੀ ਹੈ ਕਿ ਭਾਜਪਾ ਨੂੰ ਹਰਾਉਣਾ ਨਾਮੁਮਕਿਨ ਨਹੀਂ





ਹੈ। ਭਾਜਪਾ ਸੱਤਾ ਵਾਲੇ ਹਰਿਆਣੇ ਵਿਚ ਇੰਡੀਅਨ ਨੈਸ਼ਨਲ ਲੋਕ ਦਲ ਏਲਨਾਬਾਦ ਹਲਕੇ ਤੋਂ ਚੋਣ ਜਿੱਤ ਗਈ। ਹਰਿਆਣਾ ਵਿਚ ਏਲਨਾਬਾਦ ਦੀ ਸੀਟ ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਬਹੁਤ ਮਹੱਤਵਪੂਰਨ ਸੀ ਕਿਉਂਕਿ ਅਭੈ ਸਿੰਘ ਚੌਟਾਲਾ ਨੇ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਅਸਤੀਫਾ ਦਿੱਤਾ ਸੀ। ਭਾਜਪਾ ਪੂਰੀ ਸ਼ਕਤੀ ਲਗਾਉਣ ਤੋਂ ਬਾਅਦ ਵੀ ਅਭੈ ਸਿੰਘ ਚੌਟਾਲਾ ਨੂੰ ਹਰਾ ਨਹੀਂ ਸਕੀ।

ਭਾਜਪਾ ਨੂੰ ਸਿਰਫ ਅਸਾਮ ਵਿਚ ਪੈਰ ਰੱਖਣ ਨੂੰ ਥਾਂ ਮਿਲੀ ਤੇ ਇਥੇ ਆਪਣੇ ਭਾਈਵਾਲਾਂ ਨਾਲ ਮਿਲ ਕੇ ਸਾਰੀਆਂ (5) ਸੀਟਾਂ ਜਿੱਤ ਸਕੀ। ਰਾਜਸਥਾਨ ਵਿਚ ਸੱਤਾਧਾਰੀ ਕਾਂਗਰਸ ਪਾਰਟੀ ਨੇ ਵੱਲਭਨਗਰ ਅਤੇ ਧਰਿਆਵਦ ਜ਼ਿਮਨੀ ਚੋਣ ਜਿੱਤ ਲਈ। ਮੁੱਖ ਵਿਰੋਧੀ ਪਾਰਟੀ ਭਾਜਪਾ ਨੂੰ ਇਨ੍ਹਾਂ ਚੋਣਾਂ ਵਿਚ ਨਾ ਸਿਰਫ ਹਾਰ ਮਿਲੀ ਸਗੋਂ ਉਸ ਦੇ ਉਮੀਦਵਾਰ ਧਰਿਆਵਦ ਅਤੇ ਵੱਲਭਨਗਰ ਵਿਚ ਤੀਜੇ ਅਤੇ ਚੌਥੇ ਸਥਾਨ 'ਤੇ ਰਹੇ। ਚੋਣਾਂ ਤੋਂ ਪਹਿਲਾਂ ਧਰਿਆਵਦ ਸੀਟ 'ਤੇ ਭਾਜਪਾ ਅਤੇ ਵੱਲਭਨਗਰ ਵਿਚ ਕਾਂਗਰਸ ਕਾਬਜ਼ ਸੀ।

ਕਾਂਗਰਸ ਦੀ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਵਿਚ ਝੰਡੀ ਰਹੀ। ਤ੍ਰਿਣਮੂਲ ਕਾਂਗਰਸ ਦੀ ਪੱਛਮੀ ਬੰਗਾਲ ਦੇ ਸਾਰੇ ਹਲਕਿਆਂ (4) ਵਿਚ ਜਿੱਤ ਹੋਈ ਤੇ ਭਾਜਪਾ ਕੇ ਉਮੀਦਵਾਰਾਂ ਨੂੰ ਵੱਡੇ ਫਰਕ ਨਾਲ ਮਾਤ ਦਿੱਤੀ। ਮੱਧ ਪ੍ਰਦੇਸ਼ ਵਿਚ ਭਾਜਪਾ ਦੋ ਵਿਧਾਨ ਸਭਾ ਹਲਕਿਆਂ ਤੇ ਕਾਂਗਰਸ ਇਕ ਵਿਧਾਨ ਸਭਾ ਹਲਕੇ 'ਚ ਜੇਤੂ ਰਹੀ। ਬਿਹਾਰ ਵਿਚ ਇਕ ਹਲਕੇ ਵਿਚ ਜਨਤਾ ਦਲ (ਯੂਨਾਈਟਿਡ) ਅਤੇ ਇਕ ਵਿਚ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਨੂੰ ਜਿੱਤ ਪ੍ਰਾਪਤ ਹੋਈ।

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਪਾਰਟੀ ਦੇ ਹੋਏ ਇਸ ਹਸ਼ਰ ਲਈ ਸੂਬਾਈ ਆਗੂਆਂ ਦੀ ਨਕਾਮੀ ਵੱਲ ਉਂਗਲ ਚੁੱਕੀ ਜਾ ਰਹੀ ਹੈ ਪਰ ਸਵਾਲ ਇਹ ਕੀਤਾ ਜਾ ਰਿਹਾ ਕਿ ਜੇਕਰ ਪਾਰਟੀ ਦੀ ਜਿੱਤ ਲਈ ਹਰ ਵਾਰ ਨਰਿੰਦਰ ਮੋਦੀ ਦੀ 'ਸਫਲ ਅਗਵਾਈ' ਨੂੰ ਅੱਗੇ ਕਰ ਦਿੱਤਾ ਜਾਂਦਾ ਹੈ ਤਾਂ ਹਾਰ ਦੀ ਜਿੰਮੇਵਾਰੀ ਤੋਂ ਕਿਵੇਂ ਭੱਜਿਆ ਜਾ ਸਕਦਾ ਹੈ?

ਸੱਤਾ ਵਿਚ ਹੁੰਦਿਆਂ ਭਾਜਪਾ ਦਾ ਇਹ ਹਸ਼ਰ ਸਾਬਤਾ ਕਰਦਾ ਹੈ ਆਉਣ ਵਾਲਾ ਸਮਾਂ ਉਸ ਲਈ ਚੁਣੌਤੀ ਵਾਲਾ ਹੋ ਸਕਦਾ ਹੈ। ਮੁਲਕ ਦੇ

*(ਬਾਕੀ ਸਫਾ 6 'ਤੇ)*

## ਸਾਢੇ ਚਾਰ ਵਰ੍ਹਿਆਂ ਮਗਰੋਂ ਪੁਗਾਇਆ ਸਸਤੀ ਬਿਜਲੀ ਦਾ ਵਾਅਦਾ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ 'ਪੰਜਾਬ ਦਿਵਸ' ਮੌਕੇ ਲੋਕਾਂ ਨੂੰ ਦੀਵਾਲੀ ਦਾ ਤੋਹਫਾ ਦਿੰਦਿਆਂ ਸੂਬੇ 'ਚ ਘਰੇਲੂ ਬਿਜਲੀ ਤਿੰਨ ਰੁਪਏ ਸਸਤੀ ਕਰਨ ਦਾ ਫੈਸਲਾ ਲਿਆ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ 18 ਨੁਕਾਤੀ ਏਜੰਡੇ ਦੀ ਪੂਰਤੀ ਹਿੱਤ ਕੈਬਨਿਟ ਦੇ ਇਨ੍ਹਾਂ ਫੈਸਲਿਆਂ ਤੋਂ ਜਾਣੂ ਕਰਾਉਂਦਿਆਂ ਇਸ ਨੂੰ ਪੰਜਾਬੀਆਂ ਲਈ ਵੱਡਾ ਤੋਹਫਾ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਨਾਲ ਘਰੇਲੂ ਖਪਤਕਾਰਾਂ ਨੂੰ ਰਾਹਤ ਮਿਲੇਗੀ।

ਇਸੇ ਤਰ੍ਹਾਂ ਪੰਜਾਬ ਕੈਬਨਿਟ ਨੇ ਮੁਲਾਜ਼ਮਾਂ ਨੂੰ ਵੀ ਦੀਵਾਲੀ ਦਾ ਤੋਹਫਾ ਦਿੰਦਿਆਂ ਮਹਿੰਗਾਈ ਭੱਤੇ ਵਿਚ 11 ਫੀਸਦੀ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਮਹਿੰਗਾਈ ਭੱਤਾ 17 ਤੋਂ ਵਧ ਕੇ 28 ਫੀਸਦੀ ਹੋ ਗਿਆ ਹੈ ਅਤੇ ਇਹ 1 ਜੁਲਾਈ, 2021 ਤੋਂ ਲਾਗੂ ਹੋਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਵਧੇ ਹੋਏ ਮਹਿੰਗਾਈ ਭੱਤੇ ਨਾਲ ਸੂਬਾ ਸਰਕਾਰ 'ਤੇ 440 ਕਰੋੜ ਰੁਪਏ ਮਾਸਿਕ ਵਾਧੂ ਬੋਝ ਪਵੇਗਾ। ਚੇਤੇ ਰਹੇ ਕਿ ਕਾਂਗਰਸ ਸਰਕਾਰ ਨੇ ਕਰੀਬ ਸਾਢੇ ਚਾਰ ਵਰ੍ਹਿਆਂ ਮਗਰੋਂ ਸਸਤੀ ਬਿਜਲੀ ਦੇਣ ਦੇ ਵਾਅਦੇ ਨੂੰ ਪੁਗਾਇਆ ਹੈ। ਮੰਤਰੀ ਮੰਡਲ ਨੇ 7 ਕਿੱਲੋਵਾਟ ਤੱਕ ਦੇ ਲੋਡ ਵਾਲੇ ਘਰੇਲੂ ਖਪਤਕਾਰਾਂ ਲਈ ਬਿਜਲੀ ਦਰਾਂ ਵਿਚ 3 ਰੁਪਏ ਪ੍ਰਤੀ ਯੂਨਿਟ ਦੀ ਕਟੌਤੀ ਕੀਤੀ ਹੈ। ਪੰਜਾਬ ਵਿਚ ਇਸ ਵੇਲੇ ਕੁੱਲ 71.75 ਲੱਖ ਘਰੇਲੂ ਖਪਤਕਾਰਾਂ 'ਚੋਂ 69 ਲੱਖ ਨੂੰ ਇਸ ਦਾ ਲਾਭ ਮਿਲੇਗਾ।

ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਇਕ ਕਿੱਲੋਵਾਟ ਤੱਕ ਦੇ ਲੋਡ ਵਾਲੇ 21 ਲੱਖ ਖਪਤਕਾਰਾਂ (ਐਸਸੀ/ਬੀਸੀ) ਨੂੰ 200 ਯੂਨਿਟ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ ਅਤੇ ਇਹ ਸਹੂਲਤ ਜਾਰੀ ਰਹੇਗੀ। ਕੈਬਨਿਟ ਫੈਸਲੇ ਅਨੁਸਾਰ ਹੁਣ ਦੋ ਕਿੱਲੋਵਾਟ ਤੱਕ ਵਾਲੇ ਖਪਤਕਾਰਾਂ ਨੂੰ ਜ਼ੀਰੋ ਤੋਂ 100 ਯੂਨਿਟ ਤੱਕ 1.19 ਰੁਪਏ ਪ੍ਰਤੀ ਯੂਨਿਟ ਬਿਜਲੀ ਮਿਲੇਗੀ। ਪਹਿਲਾਂ ਇਹ 4.19 ਰੁਪਏ ਪ੍ਰਤੀ ਯੂਨਿਟ ਸੀ। ਇਸੇ ਤਰ੍ਹਾਂ 101 ਤੋਂ 300 ਯੂਨਿਟ ਤੱਕ ਬਿਜਲੀ ਦਰਾਂ 7.01 ਰੁਪਏ ਤੋਂ ਘਟਾ ਕੇ 4.01 ਰੁਪਏ ਪ੍ਰਤੀ ਯੂਨਿਟ ਕਰ ਦਿੱਤੀਆਂ ਗਈਆਂ ਹਨ।

## ਕੈਪਟਨ ਵੱਲੋਂ ਕਾਂਗਰਸ ਨੂੰ ਅਲਵਿਦਾ, ਨਵੀਂ ਪਾਰਟੀ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਪਹਿਲਾਂ ਇਹ ਚਰਚੇ ਵੀ ਚੱਲੇ ਸਨ ਕਿ ਕਾਂਗਰਸ ਵੱਲੋਂ ਕੈਪਟਨ ਨਾਲ ਗਿਲੇ ਸ਼ਿਕਵੇ ਦੂਰ ਕੀਤੇ ਜਾਣਗੇ ਪਰ ਕੈਪਟਨ ਨੇ ਸਾਫ ਕਰ ਦਿੱਤਾ ਸੀ ਕਿ ਉਹ ਕਾਂਗਰਸ ਨਾਲ ਜੁੜੇ ਨਹੀਂ ਰਹਿਣਗੇ। ਇਸ ਦੇ ਨਾਲ ਹੀ ਕੈਪਟਨ ਨੇ ਨਵੀਂ ਪਾਰਟੀ ਦਾ ਐਲਾਨ ਵੀ ਕਰ ਦਿੱਤਾ ਹੈ। ਇਸ ਪਾਰਟੀ ਦਾ ਨਾਂ 'ਪੰਜਾਬ ਲੋਕ ਕਾਂਗਰਸ' ਰੱਖਿਆ ਗਿਆ ਹੈ। ਮੁੱਖ ਮੰਤਰੀ ਦੀ ਕੁਰਸੀ ਖੁੱਸਣ ਪਿੱਛੋਂ ਕੈਪਟਨ ਨੇ ਪਾਰਟੀ ਵਿਰੁੱਧ ਬਗਾਵਤ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੇ ਆਪਣੀ ਵੱਖਰੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ ਤੇ ਆਖਿਆ ਸੀ ਕਿ ਪਾਰਟੀ ਬਣਾਉਣ ਤੋਂ ਪਹਿਲਾਂ ਉਹ ਕਾਂਗਰਸ ਤੋਂ ਆਪਣਾ ਅਸਤੀਫਾ ਦੇ ਦੇਣਗੇ। ਇਸ ਤੋਂ ਇਲਾਵਾ ਉਨ੍ਹਾਂ ਭਾਜਪਾ ਨਾਲ ਵੀ ਸੀਟਾਂ ਦੀ ਵੰਡ ਨੂੰ ਲੈ ਕੇ ਗੱਲ ਤੁਰਨ ਵੱਲ ਇਸ਼ਾਰਾ ਕੀਤਾ ਹੈ।



M Vivek Malik
Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED IMMIGRATION Attorneys Help FAMILIES REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# 15th Mahan Nagar Kirtan

## On Sat. November 6th, 2021 at 11:30 am

# GURDWARA SANT SAGAR

242-25 Braddock Ave., Bellerose NY 11426. Ph.: 718-343-1030

**ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ (ਨਵੰਬਰ 19, 2021) ਦੀਆਂ ਗੁਰਦੁਆਰਾ ਸੰਤ ਸਾਗਰ ਵੱਲੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਜੀ।**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 6 ਨਵੰਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜ ਪਿਆਰਿਆਂ, ਪੰਜ ਨਿਸ਼ਾਨਚੀਆਂ ਅਤੇ ਨਗਾਰਿਆਂ ਦੀ ਗੂੰਜ ਵਿੱਚ, ਸਵੇਰੇ 11:30 ਵਜੇ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ ਐਵੀਨਿਊ, 263 ਸਟ੍ਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਸ਼ਾਮ ਦੇ 3:00 ਵਜੇ ਗੁਰਦੁਆਰਾ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਟੈਕਸੀ ਵਾਲੇ ਵੀਰਾਂ ਵੱਲੋਂ ਹੋਵੇਗੀ।






ਗੁਰਪੁਰਬ ਦੇ ਸੰਬੰਧ'ਚ 15 ਨਵੰਬਰ ਤੋਂ 21 ਨਵੰਬਰ ਤੱਕ ਸ਼ਾਮ 5:15 ਤੋਂ 9:15 ਵਜੇ ਤੱਕ ਹਰ ਰੋਜ਼ ਵਿਸ਼ੇਸ਼ ਦੀਵਾਨ ਸੱਜਣਗੇ। 18 ਨਵੰਬਰ ਦਿਨ ਵੀਰਵਾਰ ਸ਼ਾਮ 5:30 ਤੋਂ ਰਾਤ 12:30 ਵਜੇ ਤੱਕ ਦੀਵਾਨ ਸੱਜਣਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ ਰਾਤ 11:20 ਤੋਂ 12:00 ਵਜੇ ਤੱਕ ਹੋਵੇਗੀ। ਉਪਰੰਤ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ। ਰਾਤ ਦੇ ਲੰਗਰ ਦੀ ਸੇਵਾ ਨਿਸ਼ਕਾਮ ਸੇਵਕ ਜਥੇ ਵੱਲੋਂ ਹੋਵੇਗੀ। 19 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ ਅਖੰਡ ਪਾਠ ਸਾਹਿਬ ਦਾ ਭੋਗ ਪਵੇਗਾ। ਉਪਰੰਤ 1:00 ਵਜੇ ਤੱਕ ਦੀਵਾਨ ਸੱਜਣਗੇ। ਸ਼ਾਮ 5 ਵਜੇ ਦੋ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਰਾਤ 10 ਵਜੇ ਤੱਕ ਦੀਵਾਨ ਸਜੇਗਾ। ਇਹਨਾਂ ਸਾਰੇ ਦੀਵਾਨਾਂ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਨਗਰ ਕੀਰਤਨ ਤੇ ਗੁਰਪੁਰਬ ਵਿੱਚ ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਕਥਾ ਵਾਚਕ ਗਿਆਨੀ ਸੁਰਜੀਤ ਸਿੰਘ ਜੀ ਜ਼ਖਮੀ, ਢਾਡੀ ਮੋਹਣ ਸਿੰਘ ਜੀ ਬਡਾਣਾ ਤੇ ਹੋਰ ਪੰਥ ਪ੍ਰਸਿੱਧ ਰਾਗੀ ਜਥੇ, ਕਥਾ ਵਾਚਕ ਤੇ ਢਾਡੀ ਜਥੇ ਹਾਜ਼ਰੀ ਭਰਣਗੇ। ਗੁਰਪੁਰਬ ਦੇ ਸੰਬੰਧ ਵਿੱਚ ਹਰ ਸਾਲ ਦੀ ਤਰਾਂ 29 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 14 ਨਵੰਬਰ ਨੂੰ ਸਮਾਪਤ ਹੋਣਗੀਆਂ।

ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾ ਕੇ ਆਓ ਜੀ।
Dress code for parade kesari (saffron) color turban for men, chunni for women and patka for boys.

Please subscribe and watch every Sunday and Gurpurab diwan live on Gurdwara Sant Sagar's YouTube channel.

Follow Gurdwara Sant Sagar on Instagram

Join WhatsApp group of Gurdwara Sant Sagar

LIVE STREAMING

6 ਨਵੰਬਰ ਦਿਨ ਸ਼ਨੀਵਾਰ ਨੂੰ ਨਗਰ ਕੀਰਤਨ ਤੇ 18 ਨਵੰਬਰ ਦਿਨ ਵੀਰਵਾਰ ਨੂੰ ਪ੍ਰਕਾਸ਼ ਦਿਹਾੜੇ ਦੇ ਪ੍ਰੋਗਰਾਮਾਂ ਦਾ ਸਿੱਧਾ ਪ੍ਰਸਾਰਣ ਜਸ ਪੰਜਾਬੀ ਤੇ ਪੀ. ਟੀ. ਸੀ. ਪੰਜਾਬੀ ਤੇ ਚੱਲੇਗਾ ਅਤੇ ਰਿਕਾਰਡਿੰਗ YouTube ਤੇ ਦੇਖ ਸਕਦੇ ਹੋ।

Both programs will telecast live on jus punjabi, PTC PUNJABI, TV84 & recording on GLOBAL PUNJAB

Gurdwara Sant Sagar is organizing a parade on Nov. 6th, 2021 starting at 11:30 am, on the occassion of 552nd birth anniversary (Nov. 19, 2021) of founder of Sikhism Guru Nanak Dev Ji. Parade passing through Hillside Ave., left on 263rd street, left on 82 Ave., left Cross Island Service road, and come back to Gurdwara Sant Sagar. On Nov. 18th, 2021 Program will start at 5:30 pm and will end at midnight after doing aarti, flower shower & Ardas. Famous Raagi Jathas, Pracharaks & Dhadhi Jathas are participating in both programs.

ਭਾਰਤ ਵਿੱਚ ਕਿਸਾਨ ਪਿਛਲੇ 10 ਮਹੀਨਿਆਂ ਤੋਂ ਸਰਕਾਰ ਵੱਲੋਂ ਜਬਰਦਸਤੀ ਥੋਪੇ ਗਏ ਤਿੰਨ ਕਾਲੇ ਕਨੂੰਨਾਂ ਨੂੰ ਰੱਦ ਕਰਾਉਣ ਵਾਸਤੇ ਮੋਰਚਾ ਲਗਾ ਕੇ ਬੈਠੇ ਹਨ। ਜਿਸ ਵਿਚ ਹੁਣ ਤੱਕ 600 ਤੋਂ ਵੱਧ ਕਿਸਾਨ ਸ਼ਹੀਦੀਆਂ ਪਾ ਗਏ ਹਨ। ਗੁਰਦੁਆਰਾ ਸੰਤ ਸਾਗਰ ਦੀ ਸਮੂਹ ਸੰਗਤ ਸ਼ਹੀਦ ਹੋਏ ਕਿਸਾਨਾਂ ਦੀ ਆਤਮਕ ਸ਼ਾਂਤੀ ਲਈ ਤੇ ਮੋਰਚੇ ਵਿਚ ਬੈਠੇ ਕਿਸਾਨ ਵੀਰਾਂ ਦੀ ਕਾਮਯਾਬੀ ਦੀ ਅਰਦਾਸ ਕਰਦੀ ਹੈ ਅਤੇ ਕਿਸਾਨ ਮੋਰਚੇ ਦਾ ਪੁਰਜੋਰ ਸਮਰਥਨ ਕਰਦੀ ਹੈ।

Indian farmers are protesting for the last 10 months against the three unfair and biased laws set by government. More than 600 hundreds farmers have sacrificed their lives during the protests. We pray that may God rest the martyred farmers' soul in peace, and the farmers succeed in getting the black laws cancelled. NO FARMERS NO FOOD. WE SUPPORT FARMERS.



ਗੁਰੂ ਸੰਗਤਾਂ ਦਾ ਦਾਸ - ਭਾਈ ਸੱਜਣ ਸਿੰਘ ਸਾਬਕਾ ਹਜੂਰੀ ਰਾਗੀ - ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ), ਮੁੱਖ ਸੰਚਾਲਕ-ਗੁਰਦੁਆਰਾ ਸੰਤ ਸਾਗਰ, ਬੈੱਲਰੋਜ਼, ਨਿਊਯਾਰਕ

## ਅਮਰੀਕੀ ਵੀਜ਼ੇ ਲਈ ਲੰਮੀ ਉਡੀਕ

**ਨਵੀਂ ਦਿੱਲੀ:** ਦਿੱਲੀ ਵਿਚ ਅਮਰੀਕੀ ਸਫ਼ਾਰਤਖ਼ਾਨੇ ਨੇ ਕਿਹਾ ਕਿ ਕੁਝ ਗੈਰ ਪਰਵਾਸੀ ਵੀਜ਼ਾ ਸ਼੍ਰੇਣੀਆਂ ਦੇ ਯਾਤਰੀਆਂ ਨੂੰ ਕੋਵਿਡ-19 ਕਾਰਨ ਇੰਟਰਵਿਊ ਲਈ ਲੰਮਾ ਸਮਾਂ ਉਡੀਕ ਕਰਨੀ ਪੈ ਸਕਦੀ ਹੈ। ਭਾਰਤ ਤੋਂ ਅੰਦਾਜ਼ਨ 30 ਲੱਖ ਵੀਜ਼ਾਧਾਰਕ ਨਵੀਂ ਕੌਮਾਂਤਰੀ ਹਵਾਈ ਯਾਤਰਾ ਨੀਤੀ ਤਹਿਤ 8 ਨਵੰਬਰ ਤੋਂ ਟੀਕਾਕਰਨ ਦੇ ਸਬੂਤ ਨਾਲ ਅਮਰੀਕਾ ਜਾਣ ਦੇ ਯੋਗ ਹੋਣਗੇ। ਕਿਹਾ ਗਿਆ ਹੈ ਕਿ ਆਪਸੀ ਸਬੰਧਾਂ ਦਾ ਸਮਰਥਨ ਕਰਨ ਲਈ ਜਾਇਜ਼ ਯਾਤਰਾ ਨੂੰ ਸਹੂਲਤ ਭਰਪੂਰ ਬਣਾਉਣਾ ਸਾਡੀ ਸਭ ਤੋਂ ਪਹਿਲੀ ਤਰਜੀਹ ਹੈ।

## ਗੁਲਾਬੀ ਸੁੰਡੀ: ਕਿਸਾਨਾਂ ਵੱਲੋਂ ਮੁਆਵਜ਼ਾ ਰੱਦ

**ਚੰਡੀਗੜ੍ਹ:** ਗੁਲਾਬੀ ਸੁੰਡੀ ਕਾਰਨ ਨੁਕਸਾਨੀ ਗਈ ਨਰਮੇ ਦੀ ਫਸਲ ਦਾ ਢੁਕਵਾਂ ਮੁਆਵਜ਼ਾ ਨਾ ਮਿਲਣ ਤੋਂ ਨਾਰਾਜ਼ ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਖਿਲਾਫ ਸੰਘਰਸ਼ ਦਾ ਐਲਾਨ ਕਰ ਦਿੱਤਾ ਹੈ। ਰੋਸ ਵਜੋਂ ਪੰਜਾਬ ਸਰਕਾਰ ਅਤੇ ਹਾਕਮ ਧਿਰ ਦੇ ਆਗੂਆਂ ਦੇ ਫਲੈਕਸ ਬੋਰਡਾਂ 'ਤੇ ਕਈ ਥਾਵਾਂ ਉਪਰ ਕਾਲਖ ਮਲ ਦਿੱਤੀ ਗਈ ਹੈ।

ਪਿੰਡਾਂ ਵਿਚ ਕਾਂਗਰਸੀ ਆਗੂਆਂ ਦਾ ਵਿਰੋਧ ਵੀ ਸ਼ੁਰੂ ਹੋ ਗਿਆ ਹੈ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸੂਬੇ 'ਚ ਚੱਲ ਰਹੇ ਅੰਦੋਲਨਾਂ 'ਚ ਮਤਾ ਪਾਸ ਕਰਕੇ ਸੂਬਾ ਸਰਕਾਰ ਵੱਲੋਂ ਐਲਾਨੇ ਮੁਆਵਜ਼ੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀਕਲਾਂ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ 12 ਹਜ਼ਾਰ ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਕਰ ਰਹੀ ਹੈ। ਇਸ ਦਾ 10 ਫੀਸਦ ਖੇਤ ਮਜ਼ਦੂਰਾਂ ਨੂੰ ਦਿੱਤਾ ਜਾਵੇਗਾ ਜੋ ਬਹੁਤ ਹੀ ਘੱਟ ਹੈ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਨਰਮੇ ਦੀ ਫਸਲ ਦੇ ਨੁਕਸਾਨ ਲਈ 60 ਹਜ਼ਾਰ ਰੁਪਏ ਪ੍ਰਤੀ ਏਕੜ ਅਤੇ ਮਜ਼ਦੂਰਾਂ ਨੂੰ 30 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਮੁਆਵਜ਼ਾ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਪੰਜਾਬ ਸਰਕਾਰ ਉਪਰੋਕਤ ਮੁਆਵਜ਼ਾ ਦੇਣ ਦਾ ਐਲਾਨ ਨਹੀਂ ਕਰਦੀ, ਉਦੋਂ ਤੱਕ ਵਿਰੋਧ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਵਾਂਗ ਚੰਨੀ ਸਰਕਾਰ ਵੀ ਢੀਠ ਬਣ ਗਈ ਹੈ ਅਤੇ ਸੂਬੇ 'ਚ ਭਾਜਪਾ ਆਗੂਆਂ ਦੇ ਵਿਰੋਧ ਦੀ ਤਰਜ਼ 'ਤੇ ਕਾਂਗਰਸੀਆਂ ਦਾ ਵੀ ਹੁਣ ਵਿਰੋਧ ਕੀਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਦੀ ਆਗੂ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨਾਲ ਨਰਮੇ ਦੀ ਫਸਲ ਦੇ ਮੁਆਵਜ਼ੇ ਦੇ ਨਾਮ 'ਤੇ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਰਮਾ ਪੱਟੀ ਇਲਾਕੇ 'ਚ ਗਿਰਦਾਵਰੀ ਦੇ ਨਾਮ 'ਤੇ ਤਾਂ 7 ਲੱਖ ਏਕੜ 'ਚ ਖਰਾਬਾ ਦਿਖਾਇਆ ਹੈ ਜਦਕਿ ਕਿਸਾਨਾਂ ਨੂੰ ਮੁਆਵਜ਼ਾ 2 ਹਜ਼ਾਰ ਤੋਂ 12 ਹਜ਼ਾਰ ਰੁਪਏ ਤੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਥੋੜੀ ਫਸਲ ਖਰਾਬ ਹੋਣ ਵਾਲੇ ਨੂੰ 2 ਹਜ਼ਾਰ, 5 ਹਜ਼ਾਰ ਅਤੇ ਵੱਖ-ਵੱਖ ਕੀਮਤਾਂ ਦੇਣ ਦਾ ਐਲਾਨ ਕੀਤਾ ਹੈ। ਜਿਸ ਦੀ 100 ਫੀਸਦ ਫਸਲ ਖਰਾਬ ਹੋ ਗਈ ਹੈ, ਉਸ ਕਿਸਾਨ ਨੂੰ 12 ਹਜ਼ਾਰ ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ ਹੈ।


# ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

## Flat For Sale

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

***For more details please contact: Singh***

**Ph: 513-884-0456 or 513-759 0010**

*(Leave Message)*

40-41



# Matrimonials

### ਲੜਕੇ ਦੀ ਲੋੜ ਹੈ

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com 39-42

### ਲੜਕੀ ਦੀ ਲੋੜ ਹੈ

ਜੱਟ ਸਿੱਖ, ਕੱਦ 6 ਫੁੱਟ, ਉਮਰ 40 ਸਾਲ (ਸਿੰਗਲ) ਅਮੈਰੀਕਨ ਸਿਟੀਜ਼ਨ ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਵਿਜ਼ੀਟਰ ਵੈਲਕਮ। ਸੰਪਰਕ ਕਰੋ: 925-778-0353

43-46

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com 38-41

*Visit us on the web:**www.punjabtimesusa.com***



## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

41-48




LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

OUR OFFICES

- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance — ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration — ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
- Naturalization & Citizenship — ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers — ਰੀਮੂਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English



## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

41-48



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਬੇਅਦਬੀ ਕਾਂਡ: ਡੇਰਾ ਪ੍ਰੇਮੀਆਂ ਨੇ ਹੀ ਲਿਖੇ ਸਨ ਇਤਰਾਜ਼ ਵਾਲੇ ਪੋਸਟਰ



**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਪਿੰਡ ਵਿਚ ਲਾਏ ਗਏ ਇਤਰਾਜ਼ਯੋਗ ਪੋਸਟਰਾਂ ਦੀ ਲਿਖਾਈ ਡੇਰਾ ਪ੍ਰੇਮੀਆਂ ਦੀ ਹੱਥ ਲਿਖਤ ਨਾਲ ਮੇਲ ਖਾ ਗਈ ਹੈ। ਫੋਰੈਂਸਿਕ ਲੈਬਾਰਟਰੀ ਵੱਲੋਂ ਸੀਲਬੰਦ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਗਈ ਹੈ।

ਰਿਪੋਰਟ ਜਨਤਕ ਹੋਣ ਨਾਲ ਸੀ.ਬੀ.ਆਈ. ਦਾ ਉਹ ਦਾਅਵਾ ਰੱਦ ਹੋ ਗਿਆ ਹੈ ਜਿਸ ਵਿਚ ਸੀ.ਬੀ.ਆਈ. ਨੇ ਕਿਹਾ ਸੀ ਕਿ ਇਤਰਾਜ਼ਯੋਗ ਪੋਸਟਰ ਡੇਰਾ ਪ੍ਰੇਮੀਆਂ ਵੱਲੋਂ ਨਹੀਂ ਲਿਖੇ ਗਏ ਸਨ। ਹਾਲਾਂਕਿ ਜਾਂਚ ਟੀਮ ਦਾਅਵਾ ਕਰ ਰਹੀ ਸੀ ਕਿ ਇਤਰਾਜ਼ਯੋਗ ਪੋਸਟਰ ਡੇਰਾ ਪ੍ਰੇਮੀਆਂ ਵੱਲੋਂ ਹੀ ਲਿਖੇ ਗਏ ਹਨ ਅਤੇ ਇਸ ਸਬੰਧੀ ਉਨ੍ਹਾਂ ਉਹ ਗਵਾਹ ਵੀ ਲੱਭ ਲਏ ਹਨ ਜਿਨ੍ਹਾਂ ਪਾਸੋਂ ਪੋਸਟਰ ਅਤੇ ਸਕੈੱਚ ਪੈਨ ਖਰੀਦੇ ਗਏ ਸਨ।

ਫੋਰੈਂਸਿਕ ਲੈਬਾਰਟਰੀ ਵੱਲੋਂ ਅਦਾਲਤ ਵਿਚ ਪੇਸ਼ ਕੀਤੀ ਗਈ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਜਿਹੜੇ ਪੋਸਟਰ ਜਾਂਚ ਟੀਮ ਨੇ ਬਰਾਮਦ ਕੀਤੇ ਸਨ, ਉਨ੍ਹਾਂ ਦੀ ਲਿਖਾਈ ਡੇਰਾ ਪ੍ਰੇਮੀਆਂ ਦੀ ਹੱਥ ਲਿਖਤ ਨਾਲ ਮੇਲ ਖਾਂਦੀ ਹੈ। ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਨੂੰ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਕਾਮਯਾਬੀ ਮਿਲੀ ਹੈ। ਇਸ ਮਾਮਲੇ ਵਿਚ ਛੇ ਡੇਰਾ ਪ੍ਰੇਮੀਆਂ ਖਿਲਾਫ ਚਲਾਨ ਪਹਿਲਾਂ ਹੀ ਅਦਾਲਤ ਵਿਚ ਪੇਸ਼ ਹੋ ਚੁੱਕਿਆ ਹੈ। ਜੁਡੀਸ਼ੀਅਲ ਮੈਜਿਸਟਰੇਟ ਤਰਜਨੀ ਨੇ ਫੋਰੈਂਸਿਕ ਲੈਬਾਰਟਰੀ ਦੀ ਰਿਪੋਰਟ ਦੀ ਕਾਪੀ ਡੇਰਾ ਪ੍ਰੇਮੀਆਂ ਨੂੰ ਮੁਹੱਈਆ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਅਦਾਲਤ ਵੱਲੋਂ ਇਸ ਮਾਮਲੇ ਵਿਚ ਅਗਲੀ ਸੁਣਵਾਈ 12 ਨਵੰਬਰ ਨੂੰ ਕੀਤੀ ਜਾਵੇਗੀ।

## ਫਿੰਗਰ ਪ੍ਰਿੰਟ ਬਾਰੇ ਪਟੀਸ਼ਨ ਖਾਰਜ

**ਮੋਗਾ:** ਪਿੰਡ ਮੱਲਕੇ 'ਚ ਲਗਭਗ ਛੇ ਵਰ੍ਹੇ ਪਹਿਲਾਂ ਹੋਈ ਬੇਅਦਬੀ ਮਾਮਲੇ ਵਿਚ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਨੇ ਮੁਲਜ਼ਮਾਂ ਦੀ ਫਿੰਗਰ ਪ੍ਰਿੰਟ ਤਸਦੀਕ ਕਰਵਾਉਣ ਦੀ ਸਮੀਖਿਆ ਪਟੀਸ਼ਨ ਖਾਰਜ ਕਰ ਦਿੱਤੀ ਹੈ। ਇਸ ਤਹਿਤ ਹੇਠਲੀ ਅਦਾਲਤ 'ਚ ਕੇਸ ਦੀ ਸੁਣਵਾਈ 'ਤੇ ਲੱਗੀ ਰੋਕ ਵੀ ਖਤਮ ਹੋ ਗਈ ਹੈ। ਇਸ ਮਾਮਲੇ ਵਿਚ ਮੱਲਕੇ ਵਾਸੀ ਮਿੱਠੂ ਸਿੰਘ, ਅਮਰਦੀਪ ਸਿੰਘ, ਡੇਰਾ ਸਿਰਸਾ ਕਮੇਟੀ ਆਗੂ ਪਿਰਥੀ ਸਿੰਘ ਤੋਂ ਇਲਾਵਾ ਸਤਪਾਲ ਸੱਤਾ ਤੇ ਦੇਵਿੰਦਰ ਸਿੰਘ ਸਣੇ ਪੰਜ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਰਾਮ ਰਹੀਮ ਤੋਂ ਸੁਨਾਰੀਆ ਜੇਲ੍ਹ ਵਿਚ ਹੋਵੇਗੀ ਪੁੱਛਗਿੱਛ



**ਫਰੀਦਕੋਟ:** ਬੇਅਦਬੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਤੋਂ ਸੁਨਾਰੀਆ ਜੇਲ੍ਹ ਵਿਚ ਪੁੱਛਗਿੱਛ ਕਰ ਸਕਦੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਮਨੋਜ ਬਜਾਜ ਨੇ ਆਪਣੇ ਹੁਕਮ ਵਿਚ ਸਪੱਸ਼ਟ ਕੀਤਾ ਹੈ ਕਿ ਡੇਰਾ ਮੁਖੀ ਪੁੱਛ ਪੜਤਾਲ ਤੋਂ ਨਹੀਂ ਬਚ ਸਕਦੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਜਾਂਚ ਟੀਮ ਚਾਹੇ ਤਾਂ ਜੇਲ੍ਹ ਵਿਚ ਜਾ ਕੇ ਡੇਰਾ ਮੁਖੀ ਤੋਂ ਪੁੱਛ-ਪੜਤਾਲ ਕਰ ਸਕਦੀ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡਿਪਟੀ ਐਡਵੋਕੇਟ ਜਨਰਲ ਸੁਖਦੀਪ ਪਰਮਾਰ ਨੂੰ ਆਦੇਸ਼ ਦਿੱਤੇ ਹਨ ਕਿ ਉਹ ਹਾਈ ਕੋਰਟ ਦੇ ਹੁਕਮਾਂ ਦੀ ਨਕਲ ਹਰਿਆਣਾ ਸਰਕਾਰ ਤੱਕ ਪੁੱਜਦੀ ਕਰੇ। ਹਾਈ ਕੋਰਟ ਨੇ ਸੁਨਾਰੀਆ ਜੇਲ੍ਹ ਦੇ ਸੁਪਰਡੈਂਟ ਨੂੰ ਵੀ ਆਦੇਸ਼ ਦਿੱਤੇ ਹਨ ਕਿ ਡੇਰਾ ਮੁਖੀ ਦੀ ਪੁੱਛ ਪੜਤਾਲ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ। ਹਾਈ ਕੋਰਟ ਵੱਲੋਂ ਡੇਰਾ ਮੁਖੀ ਨੂੰ ਫਰੀਦਕੋਟ ਦੀ ਅਦਾਲਤ ਵਿਚ ਲਿਆਉਣ ਦੀ ਕਾਰਵਾਈ 'ਤੇ ਰੋਕ ਲਾਉਣ ਮਗਰੋਂ ਇਲਾਕਾ ਮੈਜਿਸਟਰੇਟ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਦੇ ਜਾਰੀ ਕੀਤੇ ਪ੍ਰੋਡਕਸ਼ਨ ਵਾਰੰਟ ਵਾਪਸ ਲੈ ਲਏ ਹਨ। ਡੇਰਾ ਮੁਖੀ ਨੂੰ 2 ਜੂਨ, 2015 ਵਿਚ 63 ਨੰਬਰ ਕੇਸ 'ਚ ਚੋਰੀ ਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੀਆਂ ਧਾਰਾਵਾਂ ਤਹਿਤ ਕੇਸ ਦਰਜ 'ਚ ਪ੍ਰੋਡਕਸ਼ਨ ਵਾਰੰਟ ਜਾਰੀ ਕੀਤਾ ਗਿਆ ਸੀ। ਡੇਰਾ ਮੁਖੀ ਵੱਲੋਂ ਦੋਸ਼ ਲਾਇਆ ਗਿਆ ਕਿ ਪੰਜਾਬ 'ਚ ਸਰਕਾਰ 'ਚ ਹੋਏ ਬਦਲਾਅ ਤੋਂ ਬਾਅਦ ਲਗਭਗ 1 ਸਾਲ, 4 ਮਹੀਨੇ ਦੀ ਦੇਰੀ ਤੋਂ ਸਰਕਾਰ ਵੱਲੋਂ ਉਨ੍ਹਾਂ ਦੇ ਪ੍ਰੋਡਕਸ਼ਨ ਵਾਰੰਟ ਦੀ ਮੰਗ ਕੀਤੀ ਗਈ। ਇਸ ਕਾਰਵਾਈ ਨੂੰ ਸਿਆਸੀ ਭਾਵਨਾ ਨਾਲ ਅਤੇ ਆਉਣ ਵਾਲੇ ਵਿਧਾਨ ਸਭਾ ਚੋਣਾਂ ਤੋਂ ਪ੍ਰੇਰਿਤ ਦੱਸਿਆ ਗਿਆ ਸੀ। ਵਰਨਣਯੋਗ ਹੈ ਕਿ ਸਬੰਧਤ ਮਾਮਲੇ 'ਚ ਫਰੀਦਕੋਟ ਦੇ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਦੇ ਗੁਰੂ ਘਰ ਵਿਚੋਂ ਪਵਿੱਤਰ ਗ੍ਰੰਥ ਚੋਰੀ ਹੋ ਗਿਆ ਸੀ, ਜਿਸ ਨੂੰ ਲੈ ਕੇ 63 ਨੰ ਐਫ.ਆਈ.ਆਰ. ਦਰਜ ਕੀਤੀ ਗਈ ਸੀ।

## ਬਾਦਲ ਨੂੰ ਅਦਾਲਤ 'ਚ ਪੇਸ਼ ਹੋਣ ਲਈ ਸੰਮਨ

**ਹੁਸ਼ਿਆਰਪੁਰ:** ਵਧੀਕ ਚੀਫ ਜੁਡੀਸ਼ੀਅਲ ਮੈਜਿਸਟਰੇਟ ਰੁਪਿੰਦਰ ਸਿੰਘ ਦੀ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਖਿਲਾਫ ਦੋ ਸੰਵਿਧਾਨ ਰੱਖਣ ਦੇ ਮਾਮਲੇ 'ਚ ਕੇਸ ਦੀ ਸੁਣਵਾਈ ਕਰਦਿਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 28 ਨਵੰਬਰ ਨੂੰ ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ। ਸਮਾਜ ਸੇਵੀ ਬਲਵੰਤ ਸਿੰਘ ਖੇੜਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਖਿਲਾਫ ਦੋ ਸੰਵਿਧਾਨ ਰੱਖਣ ਦੇ ਮਾਮਲੇ 'ਤੇ ਪਟੀਸ਼ਨ ਦਾਇਰ ਕੀਤੀ ਹੋਈ ਹੈ।


ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

ਯੰਗਸਟਾਊਨ, ਓਹਾਇਓ, ਅਮਰੀਕਾ (Youngstown, Ohio, USA) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3500 ਪ੍ਰਤੀ ਮਹੀਨਾ ਸ਼ੁਰੂਆਤ
ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

ਸੰਪਰਕ ਕਰੋ: ਈਮੇਲ: biji1924@gmail.com
ਜਾਂ ਫੋਨ: 330-967-0878

42-45



ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

# ਟਾਈਟਲਰ ਦੀ ਨਿਯੁਕਤੀ 'ਤੇ ਵਿਵਾਦ ਭਖਿਆ; ਕਾਂਗਰਸ ਦੀ ਘੇਰਾਬੰਦੀ



**ਨਵੀਂ ਦਿੱਲੀ:** ਕਾਂਗਰਸ ਵੱਲੋਂ 1984 ਦੇ ਸਿੱਖ ਕਤਲੇਆਮ ਵਿਚ ਮੁਲਜ਼ਮ ਜਗਦੀਸ਼ ਟਾਈਟਲਰ ਨੂੰ ਦਿੱਲੀ ਕਾਂਗਰਸ 'ਚ ਸਥਾਈ ਇਨਵਾਈਟੀ ਬਣਾਉਣ ਦੇ ਮੁੱਦੇ 'ਤੇ ਵਿਵਾਦ ਛਿੜ ਗਿਆ ਹੈ, ਜਿਥੇ ਵਿਰੋਧੀ ਧਿਰ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਸਿੱਖ ਵਿਰੋਧੀ ਕਦਮ ਕਰਾਰ ਦਿੱਤਾ ਹੈ, ਉਥੇ ਕਾਂਗਰਸ ਨੇ ਇਸ 'ਤੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਟਾਈਟਲਰ ਨੂੰ ਕੋਈ ਨਵਾਂ ਅਹੁਦਾ ਨਹੀਂ ਦਿੱਤਾ ਗਿਆ, ਸਗੋਂ ਸਾਬਕਾ ਸੰਸਦ ਮੈਂਬਰ ਪਾਰਟੀ 'ਚ ਸਥਾਈ ਮੈਂਬਰ ਰਹਿੰਦੇ ਹਨ। ਇਸ ਫੈਸਲੇ ਨੂੰ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲਾ ਆਖਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦਾ ਨਾਂ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਕਈ ਵਾਰ ਆਇਆ ਹੈ। ਨਵੰਬਰ ਮਹੀਨੇ ਵਿਚ ਦਿੱਲੀ ਦੰਗਿਆਂ ਦੀ ਘਟਨਾ ਨੂੰ 37 ਸਾਲ ਪੂਰੇ ਹੋ ਗਏ ਹਨ।

ਇਹ ਵਿਵਾਦ ਉਸ ਵੇਲੇ ਸ਼ੁਰੂ ਹੋਇਆ ਜਦੋਂ ਕਾਂਗਰਸ ਵੱਲੋਂ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੀਆਂ ਕਈ ਕਮੇਟੀਆਂ ਦੇ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦਾ ਐਲਾਨ ਕੀਤਾ ਗਿਆ। ਇਨ੍ਹਾਂ ਨਿਯੁਕਤੀਆਂ 'ਚ ਜਗਦੀਸ਼ ਟਾਈਟਲਰ ਤੋਂ ਇਲਾਵਾ ਅਜੈ ਮਾਕਨ, ਕਪਿਲ ਸਿੱਬਲ, ਕ੍ਰਿਸ਼ਨਾ ਤੀਰਥ, ਸੰਦੀਪ ਦੀਕਸ਼ਿਤ ਅਤੇ ਕੀਰਤੀ ਆਜ਼ਾਦ ਨੂੰ ਵੀ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦਾ ਸਥਾਈ ਇਨਵਾਈਟੀ ਐਲਾਨਿਆ ਗਿਆ। ਦਿੱਲੀ ਦੰਗਿਆਂ 'ਚ ਸੱਜਣ ਕੁਮਾਰ ਤੋਂ ਬਾਅਦ ਦੂਜਾ ਵੱਡਾ ਨਾਂ ਜਗਦੀਸ਼ ਟਾਈਟਲਰ ਦਾ ਹੀ ਆਉਂਦਾ ਹੈ, ਹਾਲਾਂਕਿ ਸੀ.ਬੀ.ਆਈ. ਵੱਲੋਂ ਟਾਈਟਲਰ ਮਾਮਲੇ 'ਚ 2007, 2009 ਅਤੇ 2014 'ਚ ਕਲੋਜ਼ਰ ਰਿਪੋਰਟ ਵੀ ਦਾਇਰ ਕੀਤੀ ਗਈ ਪਰ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ ਰਿਪੋਰਟ ਖਾਰਜ ਕਰਦਿਆਂ ਪੜਤਾਲੀਆਂ ਏਜੰਸੀ ਨੂੰ ਜਾਂਚ ਜਾਰੀ ਰੱਖਣ ਨੂੰ ਕਿਹਾ।

ਭਾਜਪਾ ਦੇ ਆਈ.ਟੀ. ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਟਵਿੱਟਰ 'ਤੇ ਤਿੱਖੀ ਟਿੱਪਣੀ ਕਰਦਿਆਂ ਸਵਾਲੀਆ ਲਹਿਜੇ 'ਚ ਪੁੱਛਿਆ ਕਿ ਕਾਂਗਰਸ ਪਾਰਟੀ ਲਈ ਸਿੱਖਾਂ ਦੀ ਜ਼ਿੰਦਗੀ ਮਾਅਨੇ ਨਹੀਂ ਰੱਖਦੀ। ਸ਼੍ਰੋਮਣੀ ਅਕਾਲੀ ਦਲ ਨੇ ਟਾਈਟਲਰ ਦੀ ਨਿਯੁਕਤੀ ਨੂੰ ਸਿੱਖਾਂ ਦੇ ਜ਼ਖ਼ਮਾਂ ਉਤੇ ਲੂਣ ਛਿੜਕਣਾਂ ਦੱਸਦਿਆਂ ਕਿਹਾ ਕਿ ਕਤਲੇਆਮ ਦੇ ਮਾਸਟਰ ਮਾਈਂਡ ਨੂੰ ਏਨਾ ਵੱਡਾ ਅਹੁਦਾ ਦੇ ਕੇ ਇਨਾਮ ਦਿੱਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਵੀ ਟੈਗ ਕਰਦਿਆਂ ਕਿਹਾ ਕਿ ਪੰਜਾਬ ਕਾਂਗਰਸ 'ਚ ਵੀ ਕੋਈ ਇਸ ਫੈਸਲੇ ਤੋਂ ਦੁਖੀ ਹੋਇਆ? ਟਾਈਟਲਰ ਨੂੰ ਲੈ ਕੇ ਛਿੜੇ ਵਿਵਾਦ ਦਰਮਿਆਨ ਦਿੱਲੀ ਕਾਂਗਰਸ ਦੇ ਇੰਚਾਰਜ ਸ਼ਕਤੀ ਸਿੰਘ ਗੋਹਿਲ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਟਾਈਟਲਰ ਨੂੰ ਕੋਈ ਨਵਾਂ ਅਹੁਦਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਾਬਕਾ ਸੰਸਦ ਮੈਂਬਰ ਪਾਰਟੀ 'ਚ ਸਥਾਈ ਮੈਂਬਰ ਹੁੰਦੇ ਹਨ। ਉਨ੍ਹਾਂ ਕਿਹਾ ਜਦੋਂ ਤੋਂ ਕਾਂਗਰਸ ਦੀ ਕਮੇਟੀ ਚੱਲ ਰਹੀ ਹੈ, ਟਾਈਟਲਰ ਪਿਛਲੇ 30 ਸਾਲਾਂ ਤੋਂ ਕਮੇਟੀ 'ਚ ਹਨ।

ਜਗਦੀਸ਼ ਟਾਈਟਲਰ ਨੂੰ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦਾ ਸਥਾਈ ਮੈਂਬਰ ਬਣਾਉਣ 'ਤੇ ਰੋਸ ਜ਼ਾਹਿਰ ਕਰਦਿਆਂ 'ਆਪ' ਦੀ ਸੀਨੀਅਰ ਆਗੂ ਅਤੇ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਤੇ ਬੁਲਾਰੇ ਮਨਵਿੰਦਰ ਸਿੰਘ ਗਿਆਸਪੁਰਾ ਨੇ ਗਾਂਧੀ ਪਰਿਵਾਰ ਸਮੇਤ ਸਮੁੱਚੀ ਕਾਂਗਰਸ ਨੂੰ ਪੁੱਛਿਆ ਕਿ ਕਾਂਗਰਸ ਨੇ ਸਿੱਖਾਂ ਨੂੰ ਇਨਸਾਫ ਤਾਂ ਨਹੀਂ ਦਿੱਤਾ, ਪਰ 1984 ਦੇ ਕਤਲੇਆਮ ਦੇ ਜ਼ਖ਼ਮਾਂ 'ਤੇ ਲੂਣ ਛਿੜਕਣਾ ਬੰਦ ਕਰ ਦੇਵੇ। ਉਨ੍ਹਾਂ ਕਿਹਾ ਕਿ ਗਾਂਧੀ ਪਰਿਵਾਰ ਨੂੰ ਚਾਹੀਦਾ ਹੈ ਕਿ ਉਹ ਜਗਦੀਸ਼ ਟਾਈਟਲਰ ਵਰਗੇ ਗੁਨਾਹਗਾਰਾਂ ਨੂੰ ਅਹੁਦੇ ਬਖ਼ਸ਼ ਕੇ ਸਿੱਖਾਂ ਅਤੇ ਇਨਸਾਫ ਪਸੰਦ ਲੋਕਾਂ ਨੂੰ ਵਾਰ-ਵਾਰ ਨਾ ਚਿੜਾਏ।

ਅੰਮ੍ਰਿਤਸਰ: ਸ਼੍ਰੋਮਣੀ ਕਮੇਟੀ ਪ੍ਰਧਾਨ ਜਗੀਰ ਕੌਰ ਨੇ 1984 ਦਿੱਲੀ ਸਿੱਖ ਕਤਲੇਆਮ ਦੇ ਕਥਿਤ ਮੁੱਖ ਦੋਸ਼ੀ ਨੂੰ ਕਾਂਗਰਸ ਵੱਲੋਂ ਅਹੁਦਾ ਦੇ ਕੇ ਨਿਵਾਜਣ 'ਤੇ ਸਖਤ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਨਵੰਬਰ 1984 ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਕਾਂਗਰਸ ਵੱਲੋਂ ਵਾਰ-ਵਾਰ ਅਹੁਦੇ ਦੇ ਕੇ ਸਨਮਾਨਣਾ ਸਿੱਖਾਂ ਦੇ ਕਾਤਲਾਂ ਦੀ ਸਿੱਧੀ ਹਮਾਇਤ ਕਰਨਾ ਹੈ। ਉਨ੍ਹਾਂ ਆਖਿਆ ਕਿ ਵੱਡਾ ਦੁੱਖ ਇਸ ਗੱਲ ਦਾ ਹੈ ਕਿ ਟਾਈਟਲਰ ਦੀ ਨਿਯੁਕਤੀ ਨਾਲ ਸਿੱਖ ਕਤਲੇਆਮ ਦੇ ਵਰ੍ਹੇਗੰਢ ਦੇ ਮੌਕੇ 'ਤੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਗਿਆ ਹੈ।

## ਕਾਂਗਰਸ ਨੇ ਸਿੱਖਾਂ ਦੇ ਜ਼ਖਮਾਂ 'ਤੇ ਲੂਣ ਮਲਿਆ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਜਗਦੀਸ਼ ਟਾਈਟਲਰ ਨੂੰ ਦਿੱਲੀ ਕਾਂਗਰਸ ਦੀ ਐਗਜੈਟਿਵ ਕਮੇਟੀ ਦਾ ਸਥਾਈ ਮੈਂਬਰ ਬਣਾਉਣ 'ਤੇ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਦੀ ਤਿੱਖੀ ਆਲੋਚਨਾ ਕੀਤੀ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਸੋਨੀਆ ਗਾਂਧੀ ਤੇ ਕਾਂਗਰਸ ਪਾਰਟੀ ਨੇ ਟਾਈਟਲਰ ਦੀ ਨਿਯੁਕਤੀ ਨਾਲ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਮਲਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਕਾਂਗਰਸ ਦੇ ਮੁਖੀ ਨਵਜੋਤ ਸਿੰਘ ਸਿੱਧੂ ਨੂੰ ਚੁਣੌਤੀ ਦਿੱਤੀ ਕਿ ਉਹ ਹਿੰਮਤ ਜਟਾਉਣ ਅਤੇ ਕਾਂਗਰਸ ਦੇ ਇਸ ਫੈਸਲੇ ਦਾ ਵਿਰੋਧ ਕਰਦੇ ਹੋਏ ਕਾਂਗਰਸ ਨੂੰ ਆਪਣਾ ਫੈਸਲਾ ਵਾਪਸ ਲੈਣ ਲਈ ਮਜਬੂਰ ਕਰਨ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਵੀ ਟਾਈਟਲਰ ਦੀ ਨਿਯੁਕਤੀ ਨੂੰ ਲੈ ਕੇ ਕਾਂਗਰਸ 'ਤੇ ਸ਼ਬਦੀ ਹਮਲੇ ਕੀਤੇ ਹਨ।

## ਟਾਈਟਲਰ ਬਾਰੇ ਸਪਸ਼ਟ ਕਰਨ ਚੰਨੀ ਤੇ ਸਿੱਧੂ: ਭਾਜਪਾ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤਰੁਣ ਚੁੱਘ ਨੇ ਜਗਦੀਸ਼ ਟਾਈਟਲਰ ਨੂੰ ਦਿੱਲੀ ਕਾਂਗਰਸ ਕਮੇਟੀ 'ਚ ਸਥਾਈ ਮੈਂਬਰ ਚੁਣਨ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਜਗਦੀਸ਼ ਟਾਈਟਲਰ ਬਾਰੇ ਸਟੈਂਡ ਸਪੱਸ਼ਟ ਕਰਨ ਦੀ ਅਪੀਲ ਕੀਤੀ। ਸ੍ਰੀ ਚੁੱਘ ਨੇ ਕਿਹਾ ਕਿ ਟਾਈਟਲਰ ਦਾ ਨਾਂ 1984 ਦੇ ਸਿੱਖ ਕਤਲੇਆਮ 'ਚ ਸਾਹਮਣੇ ਆਇਆ ਸੀ। ਉਨ੍ਹਾਂ ਕਿਹਾ ਕਿ ਚੰਨੀ, ਸਿੱਧੂ ਅਤੇ ਕਾਂਗਰਸ ਦੇ ਸਿੱਖ ਆਗੂਆਂ ਨੂੰ ਜਗਦੀਸ਼ ਟਾਈਟਲਰ ਦਾ ਨਾਂ ਦਿੱਲੀ ਕਾਂਗਰਸ ਕਮੇਟੀ 'ਚ ਪਾਉਣ ਬਾਰੇ ਆਪਣਾ ਪੱਖ ਸਪੱਸ਼ਟ ਕਰਨਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਦਾ ਸਾਲਾਨਾ ਇਜਲਾਸ ਇਸੇ ਹਫਤੇ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਤਿਹਾਸਕ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਚ ਦੀਵਾਨ ਟੋਡਰ ਮੱਲ ਹਾਲ ਦੇ ਸੁੰਦਰੀਕਰਨ ਦਾ ਕੰਮ ਸ਼ੁਰੂ ਕਰਵਾਇਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਇਜਲਾਸ ਨਵੰਬਰ ਮਹੀਨੇ ਦੇ ਪਹਿਲੇ ਹਫਤੇ ਵਿਚ ਹੋ ਸਕਦਾ ਹੈ।



ਉਨ੍ਹਾਂ ਖਾਲਸਾਈ ਖੇਡਾਂ ਨਵੰਬਰ ਵਿਚ ਫਤਹਿਗੜ੍ਹ ਸਾਹਿਬ ਵਿਚ ਕਰਵਾਉਣ ਦਾ ਵੀ ਐਲਾਨ ਕੀਤਾ। ਪ੍ਰਧਾਨਗੀ ਦੇ ਫੈਸਲੇ ਬਾਰੇ ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ ਤੇ ਜਿਸ ਨੂੰ ਵੀ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਚੁਣਿਆ ਜਾਵੇਗਾ, ਉਹੀ ਪ੍ਰਧਾਨ ਬਣੇਗਾ। ਉਨ੍ਹਾਂ ਦੀਵਾਨ ਟੋਡਰ ਮੱਲ ਦੀ ਲਾਸਾਨੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੁਨੀਆਂ ਭਰ 'ਚ ਅਜਿਹੀ ਕੁਰਬਾਨੀ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਸ਼੍ਰੋਮਣੀ ਕਮੇਟੀ ਨੇ ਦੀਵਾਨ ਹਾਲ ਦੇ ਸੁੰਦਰੀਕਰਨ ਦਾ ਕੰਮ ਕਾਰਸੇਵਾ ਵਾਲੇ ਬਾਬਾ ਬਚਨ ਸਿੰਘ ਦਿੱਲੀ ਵਾਲਿਆਂ ਨੂੰ ਦਿੱਤਾ ਹੈ। ਉਨ੍ਹਾਂ ਇਸ ਮੌਕੇ ਹਾਲ ਦਾ ਮੁੱਢਲਾ ਹਿੱਸਾ ਸ਼ਹੀਦੀ ਸਭਾ ਤੋਂ ਪਹਿਲਾਂ ਤਿਆਰ ਕਰਨ ਲਈ ਕਿਹਾ। ਇਸ ਤੋਂ ਇਲਾਵਾ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੀ 42 ਕਰੋੜ ਰੁਪਏ ਦੇ ਕਰੀਬ ਸਕਾਲਰਸ਼ਿਪ ਰਾਸ਼ੀ ਜਾਰੀ ਨਾ ਕਰਨ 'ਤੇ ਦੁੱਖ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਖੇਤੀ ਕਾਨੂੰਨ ਵਾਪਸ ਲੈਣ ਦੀ ਵੀ ਮੰਗ ਕੀਤੀ।

# ਯੂਟਾ 'ਚ ਪ੍ਰਕਾਸ਼ ਪੂਰਬ ਨੂੰ ਵਿਸ਼ਵ ਬਰਾਬਰੀ ਦਿਵਸ ਵਜੋਂ ਮਾਨਤਾ ਮਿਲੀ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਵਰਲਡ ਸਿੱਖ ਪਾਰਲੀਮੈਂਟ ਨੇ ਦੱਸਿਆ ਕਿ ਅਮਰੀਕਾ ਦੇ ਯੂਟਾ ਸੂਬੇ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਵਿਸ਼ਵ ਬਰਾਬਰੀ ਦਿਵਸ ਵਜੋਂ ਅਤੇ ਸੂਬੇ ਦੇ ਗਵਰਨਰ ਨੇ ਇਸ ਦਿਵਸ ਨੂੰ 'ਸਿੱਖ ਹੈਰੀਟੇਜ ਡੇਅ' ਵਜੋਂ ਮਾਨਤਾ ਦਿੱਤੀ ਹੈ।

ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਯੂਟਾ ਅਸੈਂਬਲੀ ਦੇ ਨੁਮਾਇੰਦਿਆਂ ਨੇ ਇਸ ਸਬੰਧੀ ਇਕ ਮਤਾ ਪਾਸ ਕਰ ਕੇ ਇਹ ਫੈਸਲਾ ਕੀਤਾ ਹੈ, ਜਿਸ ਦੀ ਕਾਪੀ ਯੂਟਾ ਸਿੱਖ ਕਮਿਊਨਿਟੀ ਨੂੰ ਵੀ ਸੌਂਪੀ ਗਈ ਹੈ। ਇਸ ਉਤੇ ਅਸੈਂਬਲੀ ਦੇ ਸਪੀਕਰ ਬਰੈਡ ਵਿਲਸਨ ਅਤੇ ਨੁਮਾਇੰਦੇ ਕਲੇਰਾ ਕੋਲਰਡ ਦੇ ਦਸਤਖਤ ਹਨ। ਇਸੇ ਤਰ੍ਹਾਂ ਸਿੱਖ ਹੈਰੀਟੇਜ ਦਿਵਸ ਦੀ ਮਾਨਤਾ ਦੇਣ ਵਾਲੇ ਪੱਤਰ 'ਤੇ ਗਵਰਨਰ ਸਪੈਂਸਰ ਕੋਕਸ ਦੇ ਦਸਤਖਤ ਹਨ।

ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਅਮਰੀਕਾ ਦੇ ਸੂਬੇ ਨਿਊਜਰਸੀ ਅਤੇ ਮੈਸੇਚਿਊਸੇਟਸ ਵੱਲੋਂ ਵੀ ਇਸ ਦਿਹਾੜੇ ਨੂੰ ਵਿਸ਼ਵ ਬਰਾਬਰਤਾ ਦਿਵਸ ਵਜੋਂ ਮਾਨਤਾ ਦਿੱਤੀ ਜਾ ਚੁੱਕੀ ਹੈ। ਯੂਟਾ ਵੱਲੋਂ ਕੀਤੇ ਗਏ ਇਸ ਐਲਾਨ ਦਾ ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰੇ ਜੋਗਾ ਸਿੰਘ, ਸਕੱਤਰ ਹਰਮਨ ਕੌਰ ਅਤੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ ਨੇ ਸਵਾਗਤ ਕੀਤਾ ਹੈ।

## ਪਾਕਿਸਤਾਨ 'ਚ ਪ੍ਰਕਾਸ਼ ਪੂਰਬ ਸਮਾਗਮਾਂ ਦੀਆਂ ਤਿਆਰੀਆਂ ਸ਼ੁਰੂ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ 'ਚ 17 ਤੋਂ 27 ਨਵੰਬਰ ਤੱਕ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਤਿਆਰੀ ਆਰੰਭ ਦਿੱਤੀ ਗਈ ਹੈ। ਇਸ ਸਬੰਧੀ ਲਾਹੌਰ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਈ.ਟੀ.ਪੀ.ਬੀ. ਦੇ ਅਧਿਕਾਰੀਆਂ ਵਿਚਾਲੇ ਮੀਟਿੰਗ ਹੋਈ। ਜਾਣਕਾਰੀ ਅਨੁਸਾਰ ਪ੍ਰਕਾਸ਼ ਪੁਰਬ 19 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਸਮਾਗਮ ਵਿਚ ਵੱਖ-ਵੱਖ ਮੁਲਕਾਂ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਲੋੜੀਂਦੇ ਪ੍ਰਬੰਧ ਕਰਨ ਸਬੰਧੀ ਬਣਾਈ ਗਈ ਸਬ-ਕਮੇਟੀ ਦੀ ਮੀਟਿੰਗ ਹੋਈ।

# ਅਕਾਲ ਤਖਤ ਵੱਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ: ਪਾਠ ਉਚਾਰਨ ਜੁਗਤ' 'ਤੇ ਪਾਬੰਦੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ: ਪਾਠ ਉਚਾਰਨ ਜੁਗਤ' ਨੂੰ ਛਾਪਣ



ਤੇ ਇਸ ਨੂੰ ਸੋਸ਼ਲ ਮੀਡੀਆ ਰਾਹੀਂ ਸਾਂਝੀ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਹ ਪੁਸਤਕ ਵਿਦੇਸ਼ ਰਹਿੰਦੇ ਇਕ ਸਿੱਖ ਓਂਕਾਰ ਸਿੰਘ ਵੱਲੋਂ ਤਿਆਰ ਕੀਤੀ ਗਈ ਹੈ, ਜਿਸ ਨੂੰ ਘੋਖਣ ਲਈ ਵਿਦਵਾਨਾਂ ਦੀ ਇਕ ਪੜਤਾਲੀਆ ਸਬ-ਕਮੇਟੀ ਬਣਾਈ ਗਈ ਸੀ। ਸਬ ਕਮੇਟੀ ਨੇ ਲੇਖਕ ਕੋਲੋਂ ਕੁਝ ਸਵਾਲਾਂ ਦੇ ਜਵਾਬ ਮੰਗੇ ਸਨ ਤੇ ਉਸ ਨੂੰ ਇਸ ਸਬੰਧੀ ਦੋ ਪੱਤਰ ਵੀ ਭੇਜੇ ਗਏ ਸਨ। ਪਰ ਲੇਖਕ ਵੱਲੋਂ ਪੁੱਛੇ ਗਏ ਸਵਾਲਾਂ ਦੇ ਸਪੱਸ਼ਟ ਉੱਤਰ ਨਹੀਂ ਦਿੱਤੇ ਗਏ। ਤਸੱਲੀਬਖ਼ਸ਼ ਜਵਾਬ ਨਾ ਮਿਲਣ 'ਤੇ ਕਮੇਟੀ ਵੱਲੋਂ ਪੁਸਤਕ 'ਤੇ ਰੋਕ ਲਾਉਣ ਦੀ ਸਿਫਾਰਸ਼ ਕੀਤੀ ਗਈ ਸੀ, ਜਿਸ ਦੇ ਆਧਾਰ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਪੁਸਤਕ ਨੂੰ ਛਾਪਣ ਅਤੇ ਸਾਂਝੀ ਕਰਨ 'ਤੇ ਪਾਬੰਦੀ ਲਾਈ ਹੈ।

# ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਹੈਕ ਕਰਨ ਦਾ ਯਤਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਧਿਕਾਰਤ ਵੈੱਬਸਾਈਟ ਨੂੰ ਕਿਸੇ ਵੱਲੋਂ ਹੈਕ ਕਰਨ ਦਾ ਯਤਨ ਕੀਤਾ ਗਿਆ ਹੈ। ਜਿਸ ਨਾਲ ਸਿੱਖ ਸੰਸਥਾ ਦੀਆਂ ਆਨਲਾਈਨ ਸੇਵਾਵਾਂ ਹਾਲ ਦੀ ਘੜੀ ਬੰਦ ਹੋ ਗਈਆਂ। ਕਮੇਟੀ ਦੀ ਟੀਮ ਵੱਲੋਂ ਵੈੱਬਸਾਈਟ ਦੀ ਮੁਰੰਮਤ ਆਰੰਭ ਦਿੱਤੀ ਗਈ ਹੈ। ਇਸ ਵੈਬਸਾਈਟ ਦੇ ਹੈਕ ਹੋਣ ਸਬੰਧੀ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਇੰਟਰਨੈਟ ਵਿਭਾਗ ਨੂੰ 2-3 ਦਿਨ ਪਹਿਲਾਂ ਮਿਲੀ ਸੀ। ਜਿਵੇਂ ਹੀ ਇੰਟਰਨੈੱਟ ਵਿਭਾਗ ਨੂੰ ਪਤਾ ਲੱਗਾ ਕਿ ਕਿਸੇ ਨੇ ਅਧਿਕਾਰਤ ਵੈੱਬਸਾਈਟ ਨੂੰ ਹੈਕ ਕੀਤਾ ਹੈ, ਉਨ੍ਹਾਂ ਇਸ ਦਾ ਸਰਵਰ ਬੰਦ ਕਰ ਦਿੱਤਾ, ਤਾਂ ਜੋ ਵਧੇਰੇ ਤਕਨੀਕੀ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ।

ਸੰਸਥਾ ਦੀ ਇਸ ਅਧਿਕਾਰਤ ਵੈੱਬਸਾਈਟ ਤੋਂ ਰੋਜ਼ਾਨਾ ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦਾ ਆਡੀਓ ਵੀਯੂਅਲ ਪ੍ਰਸਾਰਨ ਹੁੰਦਾ ਹੈ, ਇਸੇ ਤਰ੍ਹਾਂ ਰੋਜ਼ਾਨਾ ਦਾ ਹੁਕਮਨਾਮਾ, ਆਨਲਾਈਨ ਦਾਨ ਦੀ ਪ੍ਰਕਿਰਿਆ, ਸਰਾਵਾਂ ਵਿਚ ਕਮਰੇ ਬੁੱਕ ਕਰਵਾਉਣ ਦੀ ਪ੍ਰਕਿਰਿਆ ਵੀ ਚਲਦੀ ਹੈ। ਇਸ ਤੋਂ ਇਲਾਵਾ ਸਿੱਖ ਰਹਿਤ ਮਰਿਆਦਾ ਅਤੇ ਗੁਰੂ ਘਰਾਂ ਬਾਰੇ ਜਾਣਕਾਰੀ ਸਮੇਤ ਹੋਰ ਅਹਿਮ ਜਾਣਕਾਰੀ ਵੈੱਬਸਾਈਟ 'ਤੇ ਉਪਲਬਧ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਇਸ ਵੈੱਬਸਾਈਟ 'ਤੇ ਸੰਸਥਾ ਦਾ ਲਗਭਗ 800ਜੀਬੀ ਡਾਟਾ ਅਪਲੋਡ ਕੀਤਾ ਹੋਇਆ ਹੈ ਤੇ ਖਦਸ਼ਾ ਹੈ ਕਿ ਹੈਕਰ ਵੱਲੋਂ ਇਸ ਨਾਲ ਛੇੜਛਾੜ ਕੀਤੀ ਗਈ ਹੋ ਸਕਦੀ। ਦੱਸਣਯੋਗ ਹੈ ਕਿ ਸੰਸਥਾ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਹਾਲ ਹੀ ਵਿਚ ਸ਼੍ਰੋਮਣੀ ਕਮੇਟੀ ਦੀ ਨਵੀਂ ਵੈੱਬਸਾਈਟ ਤਿਆਰ ਕਰਵਾਈ ਗਈ ਸੀ, ਜਿਸ ਵਿਚ ਕਈ ਹੋਰ ਨਵੇਂ ਵਾਧੇ ਕੀਤੇ ਗਏ ਸਨ।

# ਸਿੱਖ ਕਤਲੇਆਮ: 9 ਸੂਬਿਆਂ ਦੀਆਂ ਸਰਕਾਰਾਂ ਨੂੰ ਨੋਟਿਸ

**ਨਵੀਂ ਦਿੱਲੀ:** 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ 37 ਸਾਲ ਪੂਰੇ ਹੋਣ ਵਾਲੇ ਹਨ ਅਤੇ ਪੀੜਤ ਪਰਿਵਾਰਾਂ ਨੂੰ ਅਜੇ ਤੱਕ ਇਨਸਾਫ ਅਤੇ ਮੁਆਵਜ਼ਾ ਨਾ ਮਿਲਣ ਕਾਰਨ ਕੌਮੀ ਘੱਟ ਗਿਣਤੀ ਕਮਿਸ਼ਨ (ਐਨ.ਸੀ.ਐਮ.) ਨੇ ਦੇਸ਼ ਦੇ 9 ਸੂਬਿਆਂ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕੀਤੇ ਹਨ। ਐਨ.ਸੀ.ਐਮ. ਦੇ ਚੇਅਰਪਰਸਨ ਇਕਬਾਲ ਸਿੰਘ ਲਾਲਪੁਰਾ ਨੇ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਹੈ ਕਿ ਸੂਬਾਈ ਸਰਕਾਰਾਂ ਨੇ ਦੰਗੇ ਭੜਕਾਉਣ ਵਾਲੇ ਅਨਸਰਾਂ ਖਿਲਾਫ ਕਾਰਵਾਈ ਵਿਚ ਢਿੱਲ ਵਰਤੀ ਤੇ ਪੀੜਤ ਪਰਿਵਾਰਾਂ ਨੂੰ ਸਮੇਂ ਸਿਰ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ ਹੈ। ਜਿਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ ਉਨ੍ਹਾਂ ਵਿਚ ਦਿੱਲੀ, ਝਾਰਖੰਡ, ਉੜੀਸਾ, ਪੱਛਮੀ ਬੰਗਾਲ, ਬਿਹਾਰ, ਹਰਿਆਣਾ, ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਸ਼ਾਮਲ ਹਨ।



**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 'ਮੇਲਾ ਗਦਰੀ ਬਾਬਿਆਂ ਦਾ' ਵਿਚ ਕਿਸਾਨੀ ਘੋਲ ਦੀ ਗੂੰਜ

**ਜਲੰਧਰ:** ਬੱਬਰ ਅਕਾਲੀ ਲਹਿਰ ਨੂੰ ਯਾਦ ਕਰਦਿਆਂ ਕਿਸਾਨ ਸੰਘਰਸ਼ ਨੂੰ ਸਮਰਪਿਤ ਦੋ ਰੋਜ਼ਾ 30ਵਾਂ ਮੇਲਾ ਗਦਰੀ ਬਾਬਿਆਂ ਦਾ ਸਥਾਨਕ ਦੇਸ਼ ਭਗਤ ਯਾਦਗਾਰ ਦੇ ਵਿਹੜੇ ਵਿਚ ਕਾਰਪੋਰੇਟਾਂ ਤੋਂ ਜ਼ਮੀਨਾਂ ਬਚਾਉਣ ਲਈ ਇਕਜੁਟ ਹੋਣ ਦੇ ਸੱਦੇ ਨਾਲ ਸਮਾਪਤ ਹੋ ਗਿਆ। 'ਮੇਲਾ ਗਦਰੀ ਬਾਬਿਆਂ ਦਾ' ਇਸ ਵਾਰ ਕਿਸਾਨੀ ਅੰਦੋਲਨ ਨੂੰ ਸਮਰਪਤ ਰਿਹਾ। ਸਮਾਗਮ ਦੇ ਮੁੱਖ ਬੁਲਾਰੇ ਉਘੇ ਚਿੰਤਕ ਪੀ. ਸਾਈਨਾਥ ਨੇ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਸ਼ਾਂਤਮਈ ਕਿਸਾਨ ਅੰਦੋਲਨ ਨੂੰ ਦੁਨੀਆਂ 'ਚ ਮਿਸਾਲ ਦੱਸਦੇ ਹੋਏ ਕਿਹਾ ਕਿ ਕਿਸਾਨ ਸਾਡੇ ਸਾਰਿਆਂ ਦੀ ਲੜਾਈ ਲੜ ਰਹੇ ਹਨ।

ਉਨ੍ਹਾਂ ਖੇਤੀ ਕਾਨੂੰਨਾਂ ਨੂੰ ਕਿਸਾਨ ਮਾਰੂ ਦੱਸਦੇ ਹੋਏ ਇਨ੍ਹਾਂ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਸਵਾਮੀਨਾਥਨ ਕਮਿਸ਼ਨ ਤੋਂ ਵੀ ਅੱਗੇ ਜਾ ਕੇ ਇਕ ਰਾਸ਼ਟਰੀ ਕਿਸਾਨ ਕਮਿਸ਼ਨ ਦੀ ਸਥਾਪਨਾ ਦਾ ਸੱਦਾ ਦਿੱਤਾ, ਜੋ ਕਿਸਾਨਾਂ ਦਾ, ਕਿਸਾਨਾਂ ਲਈ ਤੇ ਕਿਸਾਨਾਂ ਦੁਆਰਾ ਸੰਚਾਲਤ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਭਗਤ ਸਿੰਘ ਝੁੰਗੀਆਂ ਨੇ ਆਜ਼ਾਦੀ ਲਈ ਜੱਦੋ ਜਹਿਦ 'ਚ ਵਿਲੱਖਣ ਭੂਮਿਕਾ ਅਦਾ ਕਰਨ ਵਾਲੀ ਗਦਰ ਪਾਰਟੀ ਦਾ ਝੰਡਾ ਲਹਿਰਾਇਆ।



*ਜਲੰਧਰ ਵਿਚ ਗਦਰੀ ਬਾਬਿਆਂ ਦੇ ਮੇਲੇ 'ਤੇ ਪੁੱਜ ਰਹੇ ਕਿਸਾਨ।*

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਵਿਸ਼ੇਸ਼ ਕਰਕੇ ਭਰੇ ਪੰਡਾਲ ਅੱਗੇ ਜਲ੍ਹਿਆਂਵਾਲਾ ਬਾਗ ਦਾ ਮੂਲ ਸਰੂਪ ਬਹਾਲ ਕਰਨ ਲਈ ਹੁਣ ਤੱਕ ਕਮੇਟੀ ਦੀ ਅਗਵਾਈ 'ਚ ਕੀਤੀਆਂ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਸ਼ਟਰਪਤੀ, ਗਵਰਨਰ, ਮੁੱਖ ਮੰਤਰੀ ਅਤੇ ਜਲ੍ਹਿਆਂਵਾਲਾ ਬਾਗ ਟਰੱਸਟ ਦੇ ਮੁਖੀਆਂ ਵੱਲੋਂ ਜਰਾ ਵੀ ਹੁੰਗਾਰਾ ਨਾ ਭਰਨ ਕਾਰਨ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਚੰਡੀਗੜ੍ਹ ਵਿਖੇ ਕਨਵੈਨਸ਼ਨ ਕਰਕੇ ਰੋਸ ਵਿਖਾਵਾ ਕੀਤਾ ਜਾਵੇਗਾ। ਕਮੇਟੀ ਦੇ ਖਜਾਨਚੀ ਰਣਜੀਤ ਸਿੰਘ ਔਲਖ ਨੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਲੋਕਾਂ ਨੇ ਹੱਥ ਖੜੇ ਕਰਕੇ ਪਾਸ ਕਰਦਿਆਂ ਜਲ੍ਹਿਆਂਵਾਲਾ ਬਾਗ ਦਾ ਮੂਲ ਸਰੂਪ ਬਹਾਲ ਕਰਨ, ਲਖੀਮਪੁਰ ਕਤਲ ਕਾਂਡ ਦੇ ਦੋਸ਼ੀਆਂ 'ਤੇ ਕਾਰਵਾਈ ਕਰਨ, ਕਿਰਤ ਕਾਨੂੰਨਾਂ 'ਚ ਸੋਧਾਂ ਰੱਦ ਕਰਨ, 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ, ਕੁਦਰਤੀ ਆਫਤਾਂ ਦਾ ਸ਼ਿਕਾਰ ਕਿਸਾਨਾਂ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ, ਬੁੱਧੀਜੀਵੀਆਂ ਨੂੰ ਰਿਹਾਅ ਕਰਨ, ਮਾਤ ਭਾਸ਼ਾਵਾਂ 'ਤੇ ਕੀਤਾ ਹਮਲਾ ਬੰਦ ਕਰਨ ਅਤੇ ਪੰਜਾਬ ਅੰਦਰ ਬੀ.ਐਸ.ਐਫ ਦਾ ਵਧਾਇਆ ਅਧਿਕਾਰ ਘੇਰਾ ਰੱਦ ਕਰਨ ਦੀ ਮੰਗ ਕੀਤੀ ਗਈ। ਮੇਲੇ 'ਚ ਕਮੇਟੀ ਵੱਲੋਂ ਸੋਵੀਨਰ ਅਤੇ ਪੁਸਤਕ 'ਕਿਰਤੀ ਪਾਰਟੀ' ਲੋਕ ਅਰਪਣ ਕੀਤੇ ਗਏ।

## ਜੈਜੀਤ ਜੌਹਲ ਵੱਲੋਂ ਕੇਜਰੀਵਾਲ ਵਿਰੁੱਧ ਮਾਣਹਾਨੀ ਦਾ ਕੇਸ

**ਬਠਿੰਡਾ:** ਜੈਜੀਤ ਸਿੰਘ (ਜੋਜੋ ਜੌਹਲ) ਨੇ ਇਥੇ ਅਦਾਲਤ ਵਿਚ ਅਰਵਿੰਦ ਕੇਜਰੀਵਾਲ ਖਿਲਾਫ਼ ਅਪਰਾਧਿਕ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਹੈ। ਸੀ.ਜੇ.ਐਮ. ਕਪਿਲ ਦੇਵ ਸਿੰਗਲਾ ਦੀ ਅਦਾਲਤ ਵਿਚ ਆਪਣੇ ਵਕੀਲ ਨਾਲ ਕੇਸ ਦਰਜ ਕਰਵਾਉਣ ਆਏ ਜੋਜੋ ਜੌਹਲ ਨੇ ਕਿਹਾ ਕਿ ਕੇਜਰੀਵਾਲ ਨੇ ਉਸ ਦੇ ਸਿਆਸੀ ਅਕਸ ਨੂੰ ਢਾਹ ਲਾਉਣ ਲਈ ਬੇਤੁਕੀ ਬਿਆਨਬਾਜ਼ੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਝੂਠੇ ਦੋਸ਼ਾਂ ਦੀ ਰਾਜਨੀਤੀ ਕਰਨ ਦੇ ਆਦੀ ਹਨ, ਜਿਸ ਦੀ ਮਿਸਾਲ ਇਸ ਤੋਂ ਵੀ ਮਿਲਦੀ ਹੈ ਕਿ ਉਨ੍ਹਾਂ ਪਹਿਲਾਂ ਬਿਕਰਮ ਸਿੰਘ ਮਜੀਠੀਆ ਅਤੇ ਅਰੁਣ ਜੇਤਲੀ 'ਤੇ ਦੋਸ਼ ਲਾਏ ਅਤੇ ਮਗਰੋਂ ਮੁਆਫੀ ਵੀ ਮੰਗ ਲਈ।

## ਪੰਜਾਬ ਸਰਕਾਰ ਪੈਸੇ ਦਾ ਲੈਣ-ਦੇਣ ਹੁਣ ਸਹਿਕਾਰੀ ਬੈਂਕਾਂ ਰਾਹੀਂ ਕਰੇਗੀ

**ਖਰੜ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ 'ਪੰਜਾਬ ਦਿਵਸ' ਮੌਕੇ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਅਤੇ ਸਾਫ-ਸੁਥਰਾ ਪ੍ਰਸ਼ਾਸਨ ਦੇਣ ਲਈ ਮਿਸ਼ਨ ਕਲੀਨ ਦੀ ਸ਼ੁਰੂਆਤ ਕਰਦਿਆਂ ਕਿਹਾ ਗਿਆ ਕਿ ਕਿਸੇ ਵੀ ਤਰ੍ਹਾਂ ਦੀ ਵੱਢੀ-ਖੋਰੀ 'ਚ ਸ਼ਾਮਲ ਅਤੇ ਲੋਕਾਂ ਦੇ ਕੰਮਾਂ 'ਚ ਅੜਿੱਕੇ ਡਾਹੁਣ ਵਾਲੇ ਅਫਸਰਾਂ ਤੇ ਮੁਲਾਜ਼ਮਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਤੋਂ ਸਾਰੇ ਸੂਬੇ 'ਚ ਮਾਈਨਿੰਗ ਮਾਫੀਆ ਦੇ ਅੰਤ ਦੀ ਸ਼ੁਰੂਆਤ ਹੋ ਗਈ ਹੈ ਅਤੇ ਪੁਲਿਸ ਮੁਲਾਜ਼ਮਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਹਰੇਕ ਨੂੰ ਰੇਤਾ 9 ਰੁਪਏ ਪ੍ਰਤੀ ਫੁੱਟ ਦੇ ਸਰਕਾਰੀ ਭਾਅ ਦੇ ਹਿਸਾਬ ਨਾਲ ਮਿਲੇ। ਇਸ ਦੇ ਨਾਲ ਹੀ ਉਨ੍ਹਾਂ ਵਿਜੀਲੈਂਸ ਨੂੰ ਵੀ ਆਦੇਸ਼ ਦਿੱਤੇ ਕਿ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ 'ਤੇ ਫੌਰੀ ਅਮਲ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਪੰਜਾਬ ਦਿਵਸ ਮੌਕੇ ਸਹਿਕਾਰਤਾ ਵਿਭਾਗ ਦੇ ਵੱਖ-ਵੱਖ ਅਦਾਰਿਆਂ 'ਚ ਨੌਕਰੀ ਹਾਸਲ ਕਰਨ ਵਾਲੇ 750 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਐਲਾਨ ਕੀਤਾ ਕਿ ਸਰਕਾਰੀ ਪੈਸਿਆਂ ਦਾ ਸਾਰਾ ਲੈਣ-ਦੇਣ ਪ੍ਰਾਈਵੇਟ ਬੈਂਕਾਂ ਦੀ ਥਾਂ ਸਹਿਕਾਰੀ ਬੈਂਕਾਂ ਰਾਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ 'ਚ 1 ਲੱਖ ਨੌਜਵਾਨਾਂ ਦੀ ਸਰਕਾਰੀ ਨੌਕਰੀਆਂ ਲਈ ਭਰਤੀ ਪ੍ਰਕਿਰਿਆ ਤੇਜੀ ਨਾਲ ਚੱਲ ਰਹੀ।

## ਮਹਾਰਾਸ਼ਟਰ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਦੇਸ਼ਮੁੱਖ ਗ੍ਰਿਫ਼ਤਾਰ

**ਮੁੰਬਈ:** ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਹਾਰਾਸ਼ਟਰ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਦੇਸ਼ਮੁੱਖ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ 'ਤੇ ਸੌ ਕਰੋੜ ਰੁਪਏ ਦੀ ਵਸੂਲੀ ਕਰਨ ਦੇ ਦੋਸ਼ ਲੱਗੇ ਸਨ। ਉਨ੍ਹਾਂ ਨੂੰ ਜਾਂਚ ਟੀਮ ਵੱਲੋਂ ਕਈ ਵਾਰ ਸੰਮਨ ਭੇਜੇ ਗਏ ਸਨ ਪਰ ਉਹ ਜਾਂਚ ਵਿਚ ਸ਼ਾਮਲ ਨਹੀਂ ਹੋਏ। ਈਡੀ ਨੇ ਉਨ੍ਹਾਂ ਨੂੰ ਪਹਿਲੀ ਨਵੰਬਰ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ ਬੁਲਾਇਆ ਸੀ ਤੇ ਉਨ੍ਹਾਂ ਤੋਂ 12 ਘੰਟੇ ਪੁੱਛਗਿੱਛ ਕੀਤੀ ਗਈ ਪਰ ਉਨ੍ਹਾਂ ਕਿਸੇ ਵੀ ਸਵਾਲ ਦਾ ਤਸੱਲਬਖ਼ਸ਼ ਜਵਾਬ ਨਹੀਂ ਦਿੱਤਾ। ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਦੇਸ਼ਮੁੱਖ ਨੂੰ 6 ਨਵੰਬਰ ਤੱਕ ਈਡੀ ਦੀ ਹਿਰਾਸਤ ਵਿਚ ਭੇਜ ਦਿੱਤਾ ਹੈ।

## ਮਨਪ੍ਰੀਤ ਸਿੰਘ ਨੂੰ ਮਿਲੇਗਾ ਖੇਲ ਰਤਨ

ਨਵੀਂ ਦਿੱਲੀ: ਟੋਕੀਓ ਓਲੰਪਿਕ ਵਿਚ ਭਾਰਤ ਲਈ ਕਾਂਸੀ ਦਾ ਤਗਮਾ ਜਿੱਤਣ ਵਾਲੀ ਪੁਰਸ਼ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਨੂੰ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਲਈ ਚੁਣਿਆ ਗਿਆ ਹੈ। ਮਨਪ੍ਰੀਤ ਨੂੰ ਮਿਲਾ ਕੇ ਇਸ ਸੂਚੀ ਵਿਚ ਕੁੱਲ 12 ਖਿਡਾਰੀ ਸ਼ਾਮਲ ਹਨ। ਰਾਸ਼ਟਰਪਤੀ ਭਵਨ ਵਿਚ 13 ਨਵੰਬਰ ਨੂੰ ਹੋਣ ਵਾਲੇ ਸਮਾਗਮ ਦੌਰਾਨ ਖੇਡ ਪੁਰਸਕਾਰ ਦਿੱਤੇ ਜਾਣਗੇ। ਅਸਲ ਵਿਚ ਮਨਪ੍ਰੀਤ ਦਾ ਨਾਮ ਅਰਜੁਨ ਐਵਾਰਡ ਲਈ ਸਿਫਾਰਸ਼ ਕੀਤਾ ਗਿਆ ਸੀ ਪਰ ਮਗਰੋਂ ਉਸ ਦਾ ਨਾਂ ਦੇਸ਼ ਦੇ ਸਿਖਰਲੇ ਖੇਡ ਪੁਰਸਕਾਰ 'ਖੇਤ ਰਤਨ' ਵਾਲੀ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ। ਇਸ ਸੂਚੀ ਵਿਚ ਦੂਜੇ ਹਾਕੀ ਖਿਡਾਰੀ ਵਜੋਂ ਉੱਘੇ ਗੋਲਕੀਪਰ ਪੀ.ਆਰ. ਸ੍ਰੀਜੇਸ਼ ਦਾ ਨਾਂ ਸ਼ਾਮਲ ਹੈ। ਖੇਲ ਰਤਨ ਪੁਰਸਕਾਰ ਜੇਤੂ ਹੋਰਨਾਂ ਖਿਡਾਰੀਆਂ ਵਿਚ ਓਲੰਪਿਕ ਚੈਂਪੀਅਨ ਨੀਰਜ ਚੋਪੜਾ ਤੇ ਓਲੰਪਿਕ ਚਾਂਦੀ ਦਾ ਤਗ਼ਮਾ ਜੇਤੂ ਪਹਿਲਵਾਨ ਰਵੀ ਦਹੀਆ ਸ਼ਾਮਲ ਹਨ।

ਅਰਜੁਨ ਐਵਾਰਡੀ 35 ਖਿਡਾਰੀਆਂ 'ਚੋਂ ਬਹੁਤੇ ਭਾਰਤ ਲਈ ਪੈਰਾਲੰਪਿਕ ਖੇਡਾਂ ਵਿਚ ਤਗਮੇ ਜਿੱਤਣ ਵਾਲੇ ਖਿਡਾਰੀ ਤੇ ਕ੍ਰਿਕਟਰ ਸ਼ਿਖਰ ਧਵਨ ਤੇ ਮਿਥਾਲੀ ਰਾਜ ਹਨ। ਮੇਜਰ ਧਿਆਨ ਚੰਦ ਖੇਲ ਰਤਨ ਐਵਾਰਡ ਹਾਸਲ ਕਰਨ ਵਾਲੇ ਹੋਰਨਾਂ ਖਿਡਾਰੀਆਂ 'ਚ ਮਹਿਲਾ ਬਾਕਸਰ ਲਵਲੀਨਾ ਬੋਰਗੋਹੇਨ, ਪਹਿਲਵਾਨ ਰਵੀ ਕੁਮਾਰ, ਫੁਟਬਾਲਰ ਸੁਨੀਲ ਛੇਤਰੀ ਆਦਿ ਸ਼ਾਮਲ ਹਨ ਜਦੋਂਕਿ ਅਰਜੁਨ ਐਵਾਰਡ ਲਈ ਪੰਜਾਬ ਤੇ ਹਰਿਆਣਾ ਨਾਲ ਸਬੰਧਤ ਖਿਡਾਰੀਆਂ 'ਚ ਬਾਕਸਰ ਸਿਮਰਨਜੀਤ ਕੌਰ, ਵੰਦਨਾ ਕਟਾਰੀਆ, ਦਿਲਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਰੁਪਿੰਦਰਪਾਲ ਸਿੰਘ, ਹਾਰਦਿਕ ਸਿੰਘ, ਗੁਰਜੰਟ ਸਿੰਘ, ਮਨਦੀਪ ਸਿੰਘ, ਸਮਸ਼ੇਰ ਸਿੰਘ, ਸਿਮਰਨਜੀਤ ਸਿਘ (ਸਾਰੇ ਹਾਕੀ), ਹਰਵਿੰਦਰ ਸਿੰਘ (ਪੈਰਾ ਤੀਰਅੰਦਾਜ਼ੀ), ਦੀਪਕ ਪੂਨੀਆ (ਪਹਿਲਵਾਨ) ਆਦਿ ਸ਼ਾਮਲ ਹਨ।

## ਸ਼ਿਲੌਂਗ ਦੀ ਪੰਜਾਬੀ ਲੇਨ ਵਾਸੀਆਂ ਵੱਲੋਂ ਘਰ ਖਾਲੀ ਕਰਨ ਤੋਂ ਨਾਂਹ

**ਅੰਮ੍ਰਿਤਸਰ:** ਸ਼ਿਲੌਂਗ ਦੀ ਪੰਜਾਬੀ ਲੇਨ ਵਿਚ ਵੱਸਦੇ ਸਿੱਖ, ਈਸਾਈ ਅਤੇ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਆਖਿਆ ਕਿ ਜੇ ਸਰਕਾਰ ਨੇ ਉਨ੍ਹਾਂ ਦੇ ਘਰ ਜਬਰੀ ਖਾਲੀ ਕਰਵਾਏ ਤਾਂ ਉਹ ਘਰ ਖਾਲੀ ਕਰਨ ਦੀ ਥਾਂ ਆਪਣੇ ਘਰ 'ਚ ਮਰਨ ਨੂੰ ਤਰਜੀਹ ਦੇਣਗੇ।

ਇਸ ਸਬੰਧੀ ਕੀਤੀ ਮੀਟਿੰਗ ਵਿਚ ਉਨ੍ਹਾਂ ਕਿਹਾ ਕਿ ਉਹ ਆਪਣੇ ਘਰਾਂ ਅਤੇ ਹੱਕਾਂ ਦੀ ਰਾਖੀ ਲਈ ਮੇਘਾਲਿਆ ਸਰਕਾਰ ਖਿਲਾਫ ਹਰ ਪੱਧਰ 'ਤੇ ਜੰਗ ਲੜਨਗੇ।

ਹਰੀਜਨ ਪੰਚਾਇਤ ਕਮੇਟੀ ਦੇ ਸਕੱਤਰ ਗੁਰਜੀਤ ਸਿੰਘ ਨੇ ਦੱਸਿਆ ਕਿ ਪੰਜਾਬੀ ਲੇਨ ਦੇ ਸਮੂਹ ਵਾਸੀਆਂ ਨੇ ਮੀਟਿੰਗ ਵਿਚ ਮੇਘਾਲਿਆ ਸਰਕਾਰ ਵੱਲੋਂ ਪੰਜਾਬੀ ਲੇਨ ਦੀ ਜ਼ਮੀਨ ਦਾ ਕਬਜ਼ਾ ਲੈਣ ਦੇ ਐਲਾਨ ਦਾ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਤਿੰਨ ਏਕੜ ਵਿਚ ਬਣੀ ਹਰੀਜਨ ਕਲੋਨੀ ਤੇ ਪੰਜਾਬੀ ਲੇਨ ਵਿਚ ਸਿਰਫ ਸਿੱਖ ਪਰਿਵਾਰ ਹੀ ਨਹੀਂ ਸਗੋਂ ਈਸਾਈ ਅਤੇ ਹਿੰਦੂ ਭਾਈਚਾਰੇ ਦੇ ਲੋਕ ਵੀ ਰਹਿੰਦੇ ਹਨ। ਇਥੇ ਗੁਰਦੁਆਰਾ, ਮੰਦਰ ਅਤੇ ਚਰਚ ਤੇ ਸਕੂਲ ਵੀ ਬਣਿਆ ਹੋਇਆ ਹੈ।

ਉਨ੍ਹਾਂ ਸੂਬੇ ਦੇ ਉਪ ਮੁੱਖ ਮੰਤਰੀ ਵੱਲੋਂ ਜ਼ਮੀਨ ਸਰਕਾਰ ਵੱਲੋਂ ਖਰੀਦੇ ਜਾਣ ਤੇ ਇਸ ਦਾ ਕਬਜ਼ੇ ਲੈਣ ਸਬੰਧੀ ਦਿੱਤੇ ਬਿਆਨ ਦਾ ਵਿਰੋਧ ਕੀਤਾ।

ਉਨ੍ਹਾਂ ਕਿਹਾ ਕਿ ਖਾਸੀ ਭਾਈਚਾਰੇ ਦੇ ਸਾਬਕਾ ਮੁਖੀ ਵੱਲੋਂ ਇਹ ਜ਼ਮੀਨ ਇੱਥੇ ਵਸਦੇ ਲੋਕਾਂ ਨੂੰ ਭੇਟ ਕੀਤੀ ਗਈ ਸੀ। ਇਸ ਦੀ ਖਰੀਦ ਕਰਨ ਅਤੇ ਕਬਜ਼ਾ ਲੈਣ ਦਾ ਸਰਕਾਰ ਕੋਲ ਕੋਈ ਹੱਕ ਨਹੀਂ ਹੈ।

## ਮੋਦੀ ਦੇ ਹੰਕਾਰ ਨੂੰ ਝਟਕਾ

*(ਸਫਾ ਇਕ ਦੀ ਬਾਕੀ)*

ਪੰਜ ਸੂਬਿਆਂ ਵਿਚ ਅਗਲਾ ਵਰ੍ਹਾ (2022) ਚੜ੍ਹਦੇ ਹੀ ਵਿਧਾਨ ਸਭਾ ਚੋਣਾਂ ਹਨ। ਇਨ੍ਹਾਂ ਸੂਬਿਆਂ ਵਿਚ ਪੰਜਾਬ, ਉਤਰ ਪ੍ਰਦੇਸ਼ ਤੇ ਉਤਰਾਖੰਡ ਅਜਿਹਾ ਸੂਬੇ ਹਨ, ਜਿਥੇ ਕਿਸਾਨ ਅੰਦੋਲਨ ਭਗਵਾ ਧਿਰ ਲਈ ਚੁਣੌਤੀ ਬਣਿਆ ਹੋਇਆ ਹੈ। ਤਿੰਨ ਖੇਤੀ ਕਾਨੂੰਨ, ਸਿਖਰਾਂ ਉਤੇ ਪਹੁੰਚੀ ਮਹਿੰਗਾਈ, ਬੇਰੁਜ਼ਗਾਰੀ ਤੇ ਕਰੋਨਾ ਮਹਾਮਾਰੀ ਦੇ ਟਾਕਰੇ ਵਿਚ ਨਕਾਮੀ ਅਜਿਹੇ ਮੁੱਦੇ ਹਨ, ਜੋ ਭਾਜਪਾ ਲਈ ਚੁਣੌਤੀ ਬਣੇ ਹੋਏ ਹਨ।

ਜ਼ਿਮਨੀ ਚੋਣ ਵਿਚ ਭਾਜਪਾ ਨੂੰ ਮਿਲੀ ਨਮੋਸ਼ੀਜਨਕ ਤੇ ਕਰਾਰੀ ਹਾਰ ਮਗਰੋਂ ਦਿੱਲੀ ਵਿਚ ਲੱਗੇ ਮੋਰਚਿਆਂ 'ਤੇ ਡਟੇ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਦਾ ਅੰਦੋਲਨ ਭਾਜਪਾ ਦੀਆਂ ਜੜ੍ਹਾਂ ਖੋਖਲੀਆਂ ਕਰ ਰਿਹਾ ਹੈ। ਕੇਂਦਰ ਦੀ ਭਾਜਪਾ ਸਰਕਾਰ ਜ਼ਿਮਨੀ ਚੋਣਾਂ ਦੇ ਨਤੀਜਿਆਂ ਤੋਂ ਸਬਕ ਲੈ ਕੇ ਅਜੇ ਵੀ ਤਿੰਨੋਂ ਖੇਤੀ ਕਾਨੂੰਨ ਵਾਪਸ ਲੈ ਲਵੇ। ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹਾ ਕਿ ਉਹ ਹੰਕਾਰ ਛੱਡਣ ਤੇ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ। ਇਸ ਤੋਂ ਇਲਾਵਾ ਪੈਟਰੋਲ-ਡੀਜਲ 'ਲੁੱਟ' ਬੰਦ ਕਰਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਾਧੂ ਸਿੰਘ ਸੰਘਾ ਦਾ ਨਾਵਲ 'ਤਿੜਕਦੀ ਹਵੇਲੀ' ਰਿਲੀਜ਼

**ਸਿਆਟਲ (ਬਿਊਰੋ):** ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਲੇਖਕ ਸਾਧੂ ਸਿੰਘ ਸੰਘਾ ਦਾ ਨਾਵਲ 'ਤਿੜਕਦੀ ਹਵੇਲੀ' ਸਿਆਟਲ ਵਿੱਚ ਸਾਹਿਤਕ ਪ੍ਰੇਮੀਆਂ ਵੱਲੋਂ ਰਿਲੀਜ਼ ਕੀਤਾ ਗਿਆ। ਨਾਵਲ 'ਤਿੜਕਦੀ ਹਵੇਲੀ' ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬੀ ਵਿਦੇਸ਼ਾਂ ਵਿੱਚੋਂ ਕਮਾਈ ਕਰ ਕੇ ਸੋਹਣੇ ਮਕਾਨ ਬਣਾਉਣ ਦਾ ਸ਼ੌਕ ਰੱਖਦੇ ਹਨ ਪਰ ਰਿਸ਼ਤਿਆਂ ਵਿੱਚ ਫਰਕ ਪੈ ਜਾਵੇ ਤਾਂ ਮਕਾਨ ਦੀ ਅਹਿਮੀਅਤ ਨਹੀਂ ਰਹਿੰਦੀ। ਹਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਨਾਵਲ 'ਚੋਂ ਰਿਸ਼ਤਿਆਂ 'ਚ ਫਰਕ ਪੈਣ ਤੋਂ ਪਹਿਲਾਂ ਹੀ ਗਲਤ-ਫਹਿਮੀਆਂ ਨੂੰ ਸੁਲਝਾਉਣ ਦੀ ਸਿੱਖਿਆ ਮਿਲਦੀ ਹੈ। ਇਸ ਮੌਕੇ ਹਰਦੇਵ ਸਿੰਘ ਜੱਜ ਨੇ ਸਾਧੂ ਸਿੰਘ ਦਾ ਲੋਈ ਨਾਲ ਸਨਮਾਨ ਵੀ ਕੀਤਾ। ਸਮਾਗਮ ਦੇ ਅਖੀਰ ਵਿੱਚ ਸਾਧੂ ਸਿੰਘ ਸੰਘਾ ਨੇ ਸਿਆਟਲ ਦੇ ਪੰਜਾਬੀ ਭਾਈਚਾਰੇ ਤੇ ਸਾਹਿਤਕ ਪ੍ਰੇਮੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਇਸ ਮੌਕੇ ਬਲਬੀਰ ਸਿੰਘ ਉਸਮਾਨਪੁਰ ਨੇ ਲੇਖਕ ਸਾਧੂ ਸਿੰਘ ਸੰਘਾ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ।



ਸਮਾਗਮ ਦੌਰਾਨ ਸਟੇਜ ਦਾ ਸੰਚਾਲਨ ਕਰਦਿਆਂ ਹਰਦੇਵ ਸਿੰਘ ਜੱਜ ਨੇ ਆਖਿਆ ਕਿ ਮਨਮੋਹਨ ਸਿੰਘ ਧਾਲੀਵਾਲ, ਤਰਸੇਮ ਸਿੰਘ, ਮਾਸਟਰ ਦਲਜੀਤ ਸਿੰਘ ਗਿੱਲ, ਗੁਰਮੀਤ ਸਿੰਘ, ਧਰਮ ਸਿੰਘ, ਬਿੱਕਰ ਸਿੰਘ, ਬਿੱਲੂ ਪੁਰਾਣੇ ਵਾਲਾ, ਗੁਰਿੰਦਰ ਸਿੰਘ ਗਰੇਵਾਲ ਨੇ ਨਾਵਲ ਦੀ ਸ਼ਲਾਘਾ ਕੀਤੀ ਤੇ ਸਮਾਰੋਹ ਦੀ ਸ਼ੋਭਾ ਵਧਾਈ।

## ਵਿਕਸਤ ਦੇਸ਼ਾਂ ਵਿਚ ਹੁਨਰਮੰਦ ਕਾਮੇ ਲਿਆਉਣ ਲਈ ਲੱਗੀ ਹੋੜ

**ਸਿਡਨੀ:** ਵਿਕਸਤ ਦੇਸ਼ ਸਿੱਖਿਅਤ ਕਾਮਿਆਂ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਕਰੋਨਾ 'ਤੇ ਕਾਬੂ ਪਾਉਣ ਮਗਰੋਂ ਇਨ੍ਹਾਂ ਮੁਲਕਾਂ ਵਿਚ ਹੁਨਰਮੰਦ ਕਾਮਿਆਂ (ਸਕਿੱਲਡ ਮਾਈਗ੍ਰੇਸ਼ਨ) ਨੂੰ ਲਿਆਉਣ ਦੀ ਹੋੜ ਲੱਗੀ ਹੋਈ ਹੈ। ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ ਹੁਨਰਮੰਦਾਂ ਦੀ ਭਾਲ ਵਿਚ ਹਨ। ਪਿਛਲੇ ਦੋ ਸਾਲਾਂ ਤੋਂ ਕਰੋਨਾ ਮਹਾਮਾਰੀ ਕਾਰਨ ਕਾਰੋਬਾਰ ਠੱਪ ਸਨ। ਇਸ ਤੋਂ ਬਾਅਦ ਆਰਥਿਕਤਾ ਨੂੰ ਮੁੜ ਪੈਰਾਂ ਸਿਰ ਕਰਨ ਲਈ ਸਾਲਾਨਾ ਆਵਾਸ ਵੀਜ਼ਿਆਂ 'ਤੇ ਰੋਕ ਹਟਾਉਣੀ ਸ਼ੁਰੂ ਕਰ ਦਿੱਤੀ ਗਈ ਹੈ।

ਆਵਾਸ ਨਾਲ ਸਬੰਧਤ ਵੈੱਬਸਾਈਟਾਂ ਨੂੰ ਅਪਡੇਟ ਕੀਤਾ ਜਾ ਰਿਹਾ ਹੈ। ਐਨ.ਐਸ.ਡਬਲਯੂ. ਦੇ ਪ੍ਰੀਮੀਅਰ ਡੌਮੀਨਿਕ ਪੇਰੋਟੈਟ ਨੇ ਪਰਵਾਸੀਆਂ ਦੇ ਵੱਡੇ ਦਾਖਲੇ ਦਾ ਸਮਰਥਨ ਕੀਤਾ ਹੈ। ਉਨ੍ਹਾਂ ਆਉਂਦੇ ਪੰਜ ਸਾਲਾਂ ਵਿਚ 20 ਲੱਖ ਪਰਵਾਸੀਆਂ ਦੀ ਗਿਣਤੀ ਵਧਾਉਣ ਨੂੰ ਹਰੀ ਝੰਡੀ ਦਿੱਤੀ ਹੈ।

# ਡਾ. ਗੁਲਜ਼ਾਰ ਚੀਮਾ ਦੇ ਨਾਂ 'ਤੇ ਵਿਨੀਪੈਗ ਵਿਚ ਰੱਖਿਆ ਸੜਕ ਦਾ ਨਾਮ

**ਸਰੀ (ਬਿਊਰੋ):** ਮੈਨੀਟੋਬਾ ਸੂਬੇ ਦੀ ਵਿਨੀਪੈਗ ਸਿਟੀ ਕੌਂਸਲ ਨੇ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ (ਬੀ ਸੀ) ਦੇ ਸ਼ਹਿਰ ਸਰੀ ਦੇ ਪਰਿਵਾਰਕ ਸਿਹਤ ਸੇਵਾਵਾਂ ਦੇਣ ਵਾਲੇ ਡਾਕਟਰ ਗੁਲਜ਼ਾਰ ਸਿੰਘ ਚੀਮਾ ਦੇ ਨਾਂ 'ਤੇ ਉਨ੍ਹਾਂ ਦੇ ਜੱਦੀ ਸੂਬੇ ਮੈਨੀਟੋਬਾ ਦੇ ਸ਼ਹਿਰ ਵਿਨੀਪੈਗ ਵਿਚ ਇਕ ਸੜਕ ਦਾ ਨਾਮ 'ਡਾ. ਚੀਮਾ ਡਰਾਈਵ' ਰੱਖ ਕੇ ਉਨ੍ਹਾਂ ਨੂੰ ਉਮਰਾਂ ਦਾ ਸਨਮਾਨ ਦਿੱਤਾ ਹੈ।




ਪੰਜਾਬ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੇ ਪਿੰਡ ਬਰਿਆਰ ਨਾਲ ਸਬੰਧਤ ਗੁਲਜ਼ਾਰ ਸਿੰਘ ਚੀਮਾ ਨੇ ਪੰਜਾਬ ਯੂਨੀਵਰਸਿਟੀ-ਚੰਡੀਗੜ੍ਹ ਤੋਂ ਡਾਕਟਰੀ ਦੀ ਮੈਡੀਸਨ ਤੇ ਸਰਜਰੀ ਦੀ ਪੜ੍ਹਾਈ ਕਰ ਕੇ ਕੈਨੇਡਾ ਦੇ ਸੂਬੇ ਨਿਊਫੌਂਡਲੈਂਡ ਦੀ ਮੈਮੋਰੀਅਲ ਯੂਨੀਵਰਸਿਟੀ ਵਿਚ ਦਾਖਲਾ ਲਿਆ। ਪੰਜਾਬੀ ਭਾਰਤੀ ਮੂਲ ਦੇ ਡਾਕਟਰ ਗੁਲਜ਼ਾਰ ਸਿੰਘ ਚੀਮਾ 1984 ਤੋਂ 1993 ਤੱਕ ਵਿਨੀਪੈਗ ਵਿਚ 'ਫੈਮਿਲੀ ਫਿਜ਼ੀਸ਼ੀਅਨ' ਰਹੇ। ਉਹ ਵਿਨੀਪੈਗ ਸ਼ਹਿਰ ਦੇ ਕਿਲਡੋਨਨ ਹਲਕੇ ਤੋਂ ਸਾਲ 1988 ਵਿਚ ਲਿਬਰਲ ਵਿਧਾਇਕ ਚੁਣੇ ਗਏ। ਉਹ ਕਿਸੇ ਵੀ ਸੂਬੇ ਦੀ ਅਸੈਂਬਲੀ ਵਿਚ ਪ੍ਰਵੇਸ਼ ਕਰਨ ਵਾਲੇ ਪਹਿਲੇ ਭਾਰਤੀ ਤੇ ਪੰਜਾਬੀ ਸਨ। ਕੈਨੇਡਾ ਦੀ ਰਾਸ਼ਟਰੀ ਰਾਜਸੀ ਪਾਰਟੀ 'ਲਿਬਰਲ' ਦੇ ਸਹਿਯੋਗੀ ਤੇ ਆਗੂ ਡਾਕਟਰ ਚੀਮਾ ਸਰੀ ਤੋਂ ਸਾਲ 2001 ਵਿਚ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਤੇ 2004 ਤੱਕ ਸੂਬਾ ਪ੍ਰੀਮੀਅਰ ਗੌਰਡਨ ਕੈਬਲ ਦੀ ਬ੍ਰਿਟਿਸ਼ ਕੋਲੰਬੀਆ ਸਰਕਾਰ ਦੇ ਸਿਹਤ ਮੰਤਰੀ ਵੀ ਰਹਿ ਚੁੱਕੇ ਹਨ। ਕੈਨੇਡਾ ਦੀ ਇਸ ਸਮੇਂ ਦੀ ਫੈਡਰਲ ਲਿਬਰਲ ਸਰਕਾਰ ਦੇ ਉਹ ਸਮਰਥਕ ਵੀ ਹਨ। ਉਹ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨੇੜਲੇ ਸਿਆਸੀ ਸਾਥੀਆਂ ਵਿਚ ਸ਼ਾਮਲ ਹਨ।

ਡਾਕਟਰ ਗੁਲਜ਼ਾਰ ਸਿੰਘ ਚੀਮਾ ਨੂੰ ਸਾਲ 1992 ਵਿਚ ਕੈਨੇਡੀਅਨ ਸਮਾਜ ਨੂੰ ਸਿਹਤ ਤੇ ਸਮਾਜਿਕ ਸੇਵਾਵਾਂ ਪ੍ਰਦਾਨ ਕਰਨ ਲਈ 'ਕੈਨੇਡਾ 125 ਮੈਡਲ' ਨਾਲ ਸਨਮਾਨਤ ਕੀਤਾ ਗਿਆ। ਉਹ ਕੈਨੇਡਾ ਦੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ ਬੀ ਸੀ) ਵਿਚ 'ਕਲੀਨੀਕਲ ਅਸਿਸਟੈਂਟ ਪ੍ਰੋਫੈਸਰ' ਵਜੋਂ ਵੀ ਸੇਵਾਵਾਂ ਦੇ ਰਹੇ ਹਨ। ਡਾ. ਚੀਮਾ ਕੁੱਝ ਕੁ ਗਿਣੇ-ਚੁਣੇ ਕੈਨੇਡੀਅਨ ਸਿਆਸਤਦਾਨਾਂ ਵਿਚ ਸ਼ੁਮਾਰ ਹਨ, ਜੋ ਬੀ ਸੀ-ਸੂਬੇ ਦੇ ਐਮਐਲਏ ਵਿਕਟੋਰੀਆ ਦੇ ਨਾਲ ਕੈਨੇਡਾ ਦੀ ਰਾਜਧਾਨੀ ਉਟਾਵਾ ਵਿਚ ਮੈਂਬਰ ਪਾਰਲੀਮੈਂਟ ਵੀ ਰਹੇ ਹਨ।

A&I WATSONVILLE, CA

**A & I Transport Inc.**

123 E Lee Rd, Watsonville, CA Ph: 831-763-7805


**ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ**


**ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ**

**ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ**

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

**NOW HIRING**

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

***Job Requirements:***

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.

**For More Information Call (24 hours) Armando or Vicente, Ph: (831) 763-7805**

# ਕੈਪਟਨ ਦੀ ਬਗਾਵਤ ਪਿੱਛੋਂ ਆਪਣਾ 'ਘਰ ਸਾਂਭਣ' ਵਿਚ ਜੁਟੀ ਕਾਂਗਰਸ

**ਚੰਡੀਗੜ੍ਹ:** ਪੰਜਾਬ ਦੀ ਸਿਆਸੀ ਹਿਲਜੁੱਲ ਦੀ ਦਿੱਲੀ ਪਹੁੰਚੀ ਧਮਕ ਤੋਂ ਬਾਅਦ ਰਾਜਧਾਨੀ 'ਚ ਇਕ ਵਾਰ ਫਿਰ ਮੁਲਾਕਾਤਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਰਾਹੁਲ ਗਾਂਧੀ ਵੱਲੋਂ ਮੁਲਾਕਾਤਾਂ ਦਾ ਇਹ ਸਿਲਸਿਲਾ ਜਾਰੀ ਹੈ, ਜਿਸ ਤਹਿਤ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਬਲਬੀਰ ਸਿੰਘ ਸਿੱਧੂ, ਸਾਧੂ ਸਿੰਘ ਧਰਮਸੋਤ, ਰਾਣਾ ਗੁਰਮੀਤ ਸਿੰਘ ਸੋਢੀ ਅਤੇ ਸੁੰਦਰ ਸ਼ਾਮ ਅਰੋੜਾ ਨਾਲ ਵੀ ਮੁਲਾਕਾਤ ਕੀਤੀ ਗਈ।

ਮੁਲਾਕਾਤਾਂ ਦੇ ਇਸ ਸਿਲਸਿਲੇ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੇ ਨਵੀਂ ਪਾਰਟੀ ਦੇ ਗਠਨ ਦੇ ਐਲਾਨ ਅਤੇ ਹਾਲ ਹੀ 'ਚ ਲੋੜ ਤੋਂ ਵੱਧ ਉੱਭਰ ਕੇ ਆਏ ਅਰੂਸਾ ਵਿਵਾਦ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਕੈਪਟਨ ਦੇ ਐਲਾਨ ਤੋਂ ਬਾਅਦ ਕਾਂਗਰਸ 'ਚ ਫੁੱਟ ਨੂੰ ਵੇਖਦਿਆਂ ਪਾਰਟੀ 'ਚ ਹਲਚਲ ਵਧੀ ਹੋਈ ਹੈ। ਪੰਜਾਬ ਤੋਂ ਹਾਈਕਮਾਂਡ ਨੂੰ ਮਗਰਲੇ ਦਿਨਾਂ ਦੌਰਾਨ ਅਜਿਹੀਆਂ ਰਿਪੋਰਟਾਂ ਮਿਲ ਰਹੀਆਂ ਸਨ ਕਿ ਕੈਪਟਨ ਨਾਲ ਰੱਦੋ-ਬਦਲ ਦੌਰਾਨ ਛਾਂਟੀ ਹੋਏ ਕੁਝ ਮੰਤਰੀ ਤੇ ਕੁਝ ਨਾ ਖੁਸ਼ ਵਿਧਾਇਕ ਜਾ ਸਕਦੇ ਹਨ, ਜਿਸ ਤੋਂ ਪਾਰਟੀ ਹਾਈਕਮਾਂਡ ਕਾਫੀ ਚਿੰਤਤ ਚੱਲ ਰਹੀ ਸੀ। ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਵੱਲੋਂ ਹਾਲ ਦੀ ਘੜੀ ਕਾਂਗਰਸ ਤੋਂ ਅਸਤੀਫਾ ਨਹੀਂ ਦਿੱਤਾ ਗਿਆ, ਨੂੰ ਕਾਂਗਰਸ 'ਚ ਰੱਖਣ ਲਈ ਮਗਰਲੇ ਸਮੇਂ ਦੌਰਾਨ ਪਰਦੇ ਪਿੱਛੇ ਕਾਫੀ ਕੋਸ਼ਿਸ਼ਾਂ ਵੀ ਚੱਲ ਰਹੀਆਂ ਸਨ, ਹਾਲਾਂਕਿ ਕੈਪਟਨ ਲਗਾਤਾਰ ਹਾਈਕਮਾਂਡ ਵਿਰੁੱਧ ਤੇ ਭਾਜਪਾ ਦੇ ਏਜੰਡੇ ਦਾ ਸਮਰਥਨ ਕਰ ਰਹੇ ਸਨ।



ਸੋਢੀ, ਧਰਮਸੋਤ ਅਤੇ ਸਿੱਧੂ ਕੈਪਟਨ ਦੇ ਕਰੀਬੀ ਮੰਨੇ ਜਾ ਰਹੇ ਹਨ। ਕੈਪਟਨ ਦੀ ਛੁੱਟੀ ਕਰਨ ਤੋਂ ਬਾਅਦ ਨਵੀਂ ਬਣੀ ਚੰਨੀ ਵਜ਼ਾਰਤ ਦੇ ਸਮੇਂ ਇਨ੍ਹਾਂ ਆਗੂਆਂ ਦੇ ਮੰਤਰੀ ਦੇ ਅਹੁਦੇ ਵੀ ਖੁੱਸ ਗਏ ਸਨ। ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਤਾਂ ਪ੍ਰੈੱਸ ਕਾਨਫਰੰਸ ਕਰਕੇ ਇਹ ਵੀ ਪੁੱਛਿਆ ਸੀ ਕਿ ਆਖਰ ਉਨ੍ਹਾਂ ਦਾ ਕਸੂਰ ਕੀ ਹੈ? ਹਲਕਿਆਂ ਮੁਤਾਬਕ ਰਾਹੁਲ ਵੱਲੋਂ ਇਨ੍ਹਾਂ ਨਾਰਾਜ਼ ਵਿਧਾਇਕਾਂ ਨਾਲ ਮੀਟਿੰਗ ਕਰਕੇ ਇਹ ਭਰੋਸਾ ਦਿਵਾਇਆ ਗਿਆ ਕਿ ਭਵਿੱਖ 'ਚ ਉਨ੍ਹਾਂ ਨੂੰ ਪਾਰਟੀ 'ਚ ਚੰਗੀ ਥਾਂ ਦਿੱਤੀ ਜਾਵੇਗੀ।

ਰਾਹੁਲ ਗਾਂਧੀ ਨੇ ਵੱਖਰੇ ਤੌਰ ਉਤੇ ਸੁਖਜਿੰਦਰ ਸਿੰਘ ਰੰਧਾਵਾ ਨਾਲ ਵੀ ਮੁਲਾਕਾਤ ਕੀਤੀ। ਪਾਕਿਸਤਾਨੀ ਪੱਤਰਕਾਰ ਅਰੂਸਾ ਆਲਮ ਦੇ ਆਈ.ਐਸ.ਆਈ. ਕੁਨੈਕਸ਼ਨ ਬਾਰੇ ਟਿੱਪਣੀਆਂ ਦੀ ਸ਼ੁਰੂਆਤ ਰੰਧਾਵਾ ਵੱਲੋਂ ਹੀ ਕੀਤੀ ਗਈ ਸੀ, ਜਿਸ ਦੇ ਜਵਾਬ 'ਚ ਕੈਪਟਨ ਨੇ ਸੋਨੀਆ ਗਾਂਧੀ ਅਤੇ ਅਰੂਸਾ ਵਾਲੀ ਤਸਵੀਰ ਸਾਂਝੀ ਕੀਤੀ ਸੀ। ਇਸ ਵਿਵਾਦ 'ਚ ਸੋਨੀਆ ਗਾਂਧੀ ਦਾ ਨਾਂ ਆਉਣ 'ਤੇ ਹਾਈਕਮਾਨ ਵੱਲੋਂ ਖਾਸੀ ਨਾਰਾਜ਼ਗੀ ਪ੍ਰਗਟਾਈ ਗਈ। ਹਲਕਿਆਂ ਮੁਤਾਬਕ ਚੰਨੀ ਨੂੰ ਉਚੇਚੇ ਤੌਰ 'ਤੇ ਦਿੱਲੀ ਬੁਲਾਇਆ ਗਿਆ। ਚੰਨੀ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਕੋਈ ਗੱਲਬਾਤ ਨਹੀਂ ਕੀਤੀ। ਕਾਂਗਰਸੀ ਆਗੂਆਂ ਮੁਤਾਬਕ ਇਨ੍ਹਾਂ ਮੁਲਾਕਾਤਾਂ ਨੂੰ ਪੰਜਾਬ ਕਾਂਗਰਸ 'ਚ ਲੰਮੇ ਸਮੇਂ ਤੋਂ ਚੱਲ ਰਹੀ ਅੰਦਰੂਨੀ ਖਾਨਾਜੰਗੀ ਨੂੰ ਖਤਮ ਕਰਨ ਦੇ ਉਪਰਾਲੇ ਵਜੋਂ ਵੀ ਲਿਆ ਜਾ ਰਿਹਾ ਹੈ ਤਾਂ ਜੋ ਪਾਰਟੀ ਆਗੂ ਆਪਣਾ ਧਿਆਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵੱਲ ਲਗਾ ਸਕਣ।

ਸਰਕਾਰ ਦੇ ਪੱਲੇ 4 ਕੁ ਮਹੀਨੇ ਦਾ ਸਮਾਂ ਹੀ ਬਚਿਆ ਹੈ। ਚੋਣਾਂ ਸਿਰ 'ਤੇ ਹਨ ਅਤੇ ਸਿੱਧੂ ਅਤੇ ਹੋਰਾਂ ਵੱਲੋਂ ਉਨ੍ਹਾਂ ਮਸਲਿਆਂ ਅਤੇ ਵਿਵਾਦਾਂ ਨੂੰ ਹੱਲ ਕਰਨ 'ਤੇ ਜ਼ੋਰ ਪਾਇਆ ਜਾ ਰਿਹਾ ਹੈ ਜੋ ਬੇਹੱਦ ਗੁੰਝਲਦਾਰ ਬਣ ਚੁੱਕੇ ਹਨ, ਜਿਨ੍ਹਾਂ ਨੂੰ ਛੇਤੀ ਕੀਤਿਆਂ ਹੱਲ ਕਰਨਾ ਸੰਭਵ ਨਹੀਂ ਹੈ। ਪਾਰਟੀ ਦਾ ਪ੍ਰਧਾਨ ਅਜਿਹੇ ਸੀਮਤ ਸਮੇਂ ਵਿਚ ਨਿੱਤ ਦਿਨ ਇਨ੍ਹਾਂ ਮਸਲਿਆਂ 'ਤੇ ਬਿਆਨ ਕਿਉਂ ਦਾਗ ਰਿਹਾ ਹੈ? ਇਸ ਪਿੱਛੇ ਉਸ ਦੀ ਨੀਤੀ ਅਤੇ ਨੀਅਤ ਕੀ ਹੈ, ਇਸ ਬਾਰੇ ਉਸ ਦੇ ਸਾਥੀ, ਸਰਕਾਰ ਅਤੇ ਪਾਰਟੀ ਹੈਰਾਨ ਅਤੇ ਪਰੇਸ਼ਾਨ ਹੋਏ ਦਿਖਾਈ ਦਿੰਦੇ ਹਨ।

ਚਾਹੀਦਾ ਤਾਂ ਇਹ ਸੀ ਕਿ ਨਵੀਂ ਸਰਕਾਰ ਇਨ੍ਹਾਂ 'ਚੋਂ ਕੁਝ ਹੱਲ ਕੀਤੇ ਜਾਣ ਵਾਲੇ ਮਸਲਿਆਂ 'ਤੇ ਆਪਣਾ ਧਿਆਨ ਦਿੰਦੀ, ਉਸ ਦਿਸ਼ਾ ਵਿਚ ਕਦਮ ਚੁੱਕਦੀ ਪਰ ਲਗਾਤਾਰ ਛਿੜੇ ਹੋਏ ਵਿਵਾਦ ਨੇ ਇਨ੍ਹਾਂ ਚੁੱਕੇ ਜਾਣ ਵਾਲੇ ਕਦਮਾਂ ਨੂੰ ਪੱਥਰਾਂ ਵਾਂਗ ਭਾਰਾ ਕਰ ਦਿੱਤਾ ਜਾਪਦਾ ਹੈ। ਆਪਣਿਆਂ ਵੱਲੋਂ ਹੀ ਪੈਦਾ ਕੀਤੇ ਗਏ ਅਜਿਹੇ ਹਾਲਾਤ ਵਿਚ ਪੰਜਾਬ ਦੀ ਇਹ ਪ੍ਰਮੁੱਖ ਪਾਰਟੀ ਕਿਸ ਤਰ੍ਹਾਂ ਦੇ ਵਿਸ਼ਵਾਸ ਨਾਲ ਚੋਣ ਮੈਦਾਨ ਵਿਚ ਉਤਰ ਸਕੇਗੀ, ਇਹ ਵੱਡਾ ਸਵਾਲ ਹੈ।

## ਕੈਪਟਨ ਹਮਾਇਤੀਆਂ ਨੂੰ ਮਨਾਉਣ ਪੁੱਜੇ ਚੰਨੀ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਜਲੰਧਰ ਦੇ ਤਿੰਨ ਕਾਂਗਰਸੀ ਵਿਧਾਇਕਾਂ, ਇਕ ਸੰਸਦ ਮੈਂਬਰ ਤੇ ਇਕ ਸਾਬਕਾ ਸੰਸਦ ਮੈਂਬਰ ਦੇ ਘਰ ਫੇਰੀ ਪਾਈ। ਜਲੰਧਰ ਦੇ ਇਸ ਤੂਫਾਨੀ ਦੌਰੇ ਦੌਰਾਨ ਮੁੱਖ ਮੰਤਰੀ ਚੰਨੀ 9 ਥਾਵਾਂ 'ਤੇ ਗਏ। ਉਨ੍ਹਾਂ ਦੀ ਇਸ ਫੇਰੀ ਨੂੰ ਕਾਂਗਰਸੀ ਵਿਧਾਇਕਾਂ ਅਤੇ ਆਗੂਆਂ ਨੂੰ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਵੀਂ ਬਣਾਈ ਜਾ ਰਹੀ ਪਾਰਟੀ ਵਿਚ ਜਾਣ ਤੋਂ ਰੋਕਣ ਦੇ ਯਤਨ ਵਜੋਂ ਵੀ ਦੇਖਿਆ ਜਾ ਰਿਹਾ। ਜਲੰਧਰ ਕੇਂਦਰੀ ਦੇ ਵਿਧਾਇਕ ਰਜਿੰਦਰ ਬੇਰੀ ਦੇ ਘਰ ਗਏ, ਜਿੱਥੇ ਉਨ੍ਹਾਂ ਹਲਕੇ ਦੇ ਸਥਾਨਕ ਕੌਂਸਲਰਾਂ ਨਾਲ ਵੀ ਮੁਲਾਕਾਤ ਕੀਤੀ, ਫਿਰ ਉਹ ਜਲੰਧਰ ਦੇ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੇ ਘਰ ਗਏ। ਬਾਅਦ ਵਿਚ ਉਨ੍ਹਾਂ ਨੇ ਜਲੰਧਰ ਪੱਛਮੀ ਦੇ ਵਿਧਾਇਕ ਸੁਸ਼ੀਲ ਰਿੰਕੂ ਦੇ ਘਰ ਫੇਰੀ ਪਾਈ।

## ਕਾਂਗਰਸ ਨਾਲ ਹੀ ਰਹਿਣਗੇ ਬਲਬੀਰ ਸਿੱਧੂ

**ਮੁਹਾਲੀ:** ਮੁਹਾਲੀ ਹਲਕੇ ਦੇ ਕਾਂਗਰਸੀ ਵਿਧਾਇਕ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਕਾਂਗਰਸ ਦੇ ਨਾਲ ਹੀ ਰਹਿਣਗੇ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਸਾਥੀ ਰਹਿਣ ਦੇ ਬਾਵਜੂਦ ਉਨ੍ਹਾਂ ਕੈਪਟਨ ਵੱਲੋਂ ਬਣਾਈ ਜਾ ਰਹੀ ਨਵੀਂ ਪਾਰਟੀ ਨਾਲ ਕੋਈ ਤਾਲਮੇਲ ਨਾ ਰੱਖਣ ਦਾ ਫੈਸਲਾ ਲਿਆ ਹੈ। ਸਾਬਕਾ ਸਿਹਤ ਮੰਤਰੀ ਨੂੰ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਦਿੱਲੀ ਬੁਲਾਇਆ ਸੀ। ਰਾਹੁਲ ਨੇ ਬਲਬੀਰ ਸਿੱਧੂ ਨਾਲ ਪੰਜਾਬ ਵਿਚ ਕਾਂਗਰਸ ਪਾਰਟੀ ਅਤੇ ਵਿਧਾਨ ਸਭਾ ਚੋਣਾਂ ਸਬੰਧੀ ਗੱਲਬਾਤ ਕੀਤੀ। ਸਿੱਧੂ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਰਾਹੁਲ ਗਾਂਧੀ ਨਾਲ ਪੱਚੀ ਮਿੰਟ ਦੇ ਕਰੀਬ ਇਕੱਲਿਆਂ ਦੀ ਗੱਲਬਾਤ ਹੋਈ। ਬਾਕੀ ਸਮੇਂ ਦੀ ਮੀਟਿੰਗ ਵਿਚ ਚੰਨੀ ਵਜ਼ਾਰਤ 'ਚੋਂ ਹਟਾਏ ਗਏ ਚਾਰ ਸਾਬਕਾ ਮੰਤਰੀ ਵੀ ਉਨ੍ਹਾਂ ਨਾਲ ਸਨ।

# ਸਿੱਧੂ ਨੇ ਕੈਪਟਨ ਉਤੇ ਪੰਜਾਬ ਦੇ ਹਿੱਤ ਵੇਚਣ ਦਾ ਦੋਸ਼ ਲਾਇਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁੜ ਨਿਸ਼ਾਨਾ ਬਣਾਇਆ। ਆਪਣੇ ਇਕ ਟਵੀਟ ਵਿਚ ਸਿੱਧੂ ਨੇ ਕਿਹਾ 'ਅਸੀਂ, ਕਾਂਗਰਸ ਦੇ 78 ਵਿਧਾਇਕ, ਕਦੇ ਸੋਚ ਵੀ ਨਹੀਂ ਸਕਦੇ ਸੀ ਕਿ ਸਾਨੂੰ ਬਾਂਹ ਮਰੋੜਨ ਵਾਲਾ, ਈਡੀ ਵੱਲੋਂ ਕੰਟਰੋਲ ਕੀਤਾ ਭਾਜਪਾ ਦਾ ਵਫਾਦਾਰ ਮੁੱਖ ਮੰਤਰੀ ਮਿਲਿਆ ਹੈ ਜਿਸ ਨੇ ਪੰਜਾਬ ਦੇ ਹਿੱਤ ਆਪਣੀ ਚਮੜੀ ਬਚਾਉਣ ਲਈ ਵੇਚ ਦਿੱਤੇ! ਤੁਸੀਂ ਇਕ ਨਕਾਰਾਤਮਕ ਤਾਕਤ ਸੀ ਜਿਸ ਨੇ ਪੰਜਾਬ ਦੇ ਵਿਕਾਸ ਤੇ ਇਨਸਾਫ ਵਿਚ ਅੜਿੱਕਾ ਪਾਇਆ।'

ਇਕ ਹੋਰ ਟਵੀਟ ਵਿਚ ਸਿੱਧੂ ਨੇ ਕੈਪਟਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਤੁਸੀਂ ਮੇਰੇ ਲਈ ਦਰਵਾਜ਼ੇ ਬੰਦ ਕਰਨਾ ਚਾਹੁੰਦੇ ਸੀ, ਕਿਉਂਕਿ ਮੈਂ ਲੋਕਾਂ ਦੀ ਆਵਾਜ਼ ਉਠਾ ਰਿਹਾ ਸੀ, ਸੱਚ ਬੋਲ ਰਿਹਾ ਸੀ! ਪਿਛਲੀ ਵਾਰ ਵੀ ਤੁਸੀਂ ਆਪਣੀ ਪਾਰਟੀ ਬਣਾਈ ਸੀ, ਤੇ ਹਾਰ ਦਾ ਸੁਆਦ ਚਖਿਆ, ਸਿਰਫ 856 ਵੋਟਾਂ ਮਿਲੀਆਂ...!' ਇਕ ਹੋਰ ਟਵੀਟ ਵਿਚ ਸਿੱਧੂ ਨੇ ਕਿਹਾ 'ਕੈਪਟਨ ਪੰਜਾਬ ਦੇ ਰਾਜਨੀਤਕ ਇਤਿਹਾਸ ਵਿਚ ਜੈਚੰਦ ਵਜੋਂ ਯਾਦ ਰੱਖੇ ਜਾਣਗੇ, ਉਹ ਵਾਕਈ ਹੀ ਚੱਲੇ ਹੋਏ ਕਾਰਤੂਸ ਹਨ। ਮੁੱਖ ਮੰਤਰੀ ਵਜੋਂ ਤੁਹਾਡੀ ਕਾਰਗੁਜ਼ਾਰੀ ਸਭ ਤੋਂ ਮਾੜੀ ਰਹੀ ਹੈ'।



# ਕੈਪਟਨ ਨਵੀਂ ਪਾਰਟੀ ਨਾਲ ਮੈਦਾਨ ਵਿਚ ਨਿੱਤਰਨ ਲਈ ਬਜ਼ਿਦ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਪਾਰਟੀ ਦੇ ਗਠਨ ਦਾ ਐਲਾਨ ਕੁਝ ਦਿਨਾਂ ਲਈ ਟਾਲ ਦਿੱਤਾ ਹੈ ਪਰ ਭਾਜਪਾ ਨਾਲ ਭਵਿੱਖ 'ਚ ਸਿਆਸੀ ਸਾਂਝ ਪਾਉਣ ਅਤੇ ਕਿਸਾਨ ਅੰਦੋਲਨ ਨੂੰ ਤਣ-ਪੱਤਣ ਲਾਉਣ ਲਈ ਕੀਤੇ ਜਾਣ ਵਾਲੇ ਯਤਨਾਂ ਦਾ ਉਨ੍ਹਾਂ ਜਰੂਰ ਖੁਲਾਸਾ ਕੀਤਾ ਹੈ।

ਸਾਬਕਾ ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਨਵੀਂ ਪਾਰਟੀ ਬਣਾ ਰਹੇ ਹਨ ਅਤੇ ਰਾਜ ਦੀਆਂ 117 ਸੀਟਾਂ 'ਤੇ ਚੋਣ ਲੜ ਕੇ ਵਿਰੋਧੀਆਂ ਨੂੰ ਟੱਕਰ ਦੇਣ ਲਈ ਤਿਆਰ ਹਨ। 'ਮੇਰੇ ਵਕੀਲ ਚੋਣ ਕਮਿਸ਼ਨ ਦੇ ਸੰਪਰਕ ਵਿਚ ਹਨ ਅਤੇ ਚੋਣ ਕਮਿਸ਼ਨ ਜਦੋਂ ਪਾਰਟੀ ਦੇ ਨਾਂ ਅਤੇ ਚੋਣ ਨਿਸ਼ਾਨ ਨੂੰ ਮਨਜ਼ੂਰੀ ਦੇ ਦੇਵੇਗਾ ਤਾਂ ਇਸ ਦਾ ਐਲਾਨ ਕੀਤਾ ਜਾਵੇਗਾ। ਅਜੇ ਇਸ ਲਈ ਕੁਝ ਇੰਤਜ਼ਾਰ ਕਰਨਾ ਹੋਵੇਗਾ। ਸਾਡੀ ਪਾਰਟੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਕੋਈ ਲਾਗਾ-ਦੇਗਾ ਨਹੀਂ ਰੱਖੇਗੀ।' ਉਨ੍ਹਾਂ ਕਿਹਾ ਕਿ ਅਕਾਲੀ ਦਲ ਅਜੇ ਵੀ ਪਹਿਲਾਂ ਵਾਲੀ ਸਥਿਤੀ ਵਿਚ ਹੀ ਖੜ੍ਹਾ ਹੈ। ਬਰਗਾੜੀ, ਬਹਿਬਲ ਕਲਾਂ, ਕੋਟਕਪੂਰਾ ਆਦਿ ਮਸਲੇ ਅਜੇ ਨਿੱਬੜੇ ਨਹੀਂ ਹਨ। ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਭਾਜਪਾ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ (ਸੰਯੁਕਤ) ਨਾਲ ਉਨ੍ਹਾਂ ਦੀ ਕੋਈ ਗੱਲ ਨਹੀਂ ਹੋਈ ਹੈ ਪਰ ਦੋਵੇਂ ਧਿਰਾਂ ਨਾਲ ਸੀਟਾਂ ਦਾ ਲੈਣ-ਦੇਣ ਕੀਤਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਜੇ ਸੁਖਦੇਵ ਢੀਂਡਸਾ ਦੀ ਪਾਰਟੀ ਨੇ ਗੰਭੀਰ ਹੋ ਕੇ ਚੋਣ ਲੜਨੀ ਹੋਈ ਤਾਂ ਸੀਟਾਂ ਦੇ ਲੈਣ-ਦੇਣ ਬਾਰੇ ਸੋਚਣਾ ਹੀ ਹੋਵੇਗਾ। ਕੈਪਟਨ ਨੇ ਦਾਅਵਾ ਕੀਤਾ ਕਿ ਕਾਂਗਰਸ ਵਿਚਲੇ ਉਨ੍ਹਾਂ ਦੇ ਕਈ ਸਾਥੀ ਉਨ੍ਹਾਂ ਦੇ ਸੰਪਰਕ ਵਿਚ ਹਨ ਅਤੇ ਢੁਕਵੇਂ ਸਮੇਂ 'ਤੇ ਸਾਰੇ ਨਾਮ ਸਾਹਮਣੇ ਆ ਜਾਣਗੇ। ਉਨ੍ਹਾਂ ਕਿਹਾ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਵਿਰੋਧੀਆਂ ਨੂੰ ਤਕੜੀ ਟੱਕਰ ਦੇਵੇਗੀ।



## ਕੈਪਟਨ ਦੀ ਨਵੀਂ ਪਾਰਟੀ ਨਾਲ ਸਮਝੌਤਾ ਨਹੀਂ: ਢੀਂਡਸਾ

**ਸੰਗਰੂਰ:** ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ ਨਾਲ ਕੋਈ ਚੋਣ ਸਮਝੌਤਾ ਨਹੀਂ ਕਰੇਗੀ ਕਿਉਂਕਿ ਉਹ ਪਹਿਲਾਂ ਹੀ ਬੀ.ਐਸ.ਐਫ. ਦਾ ਘੇਰਾ ਵਧਾਉਣ ਦਾ ਸਮਰਥਨ ਕਰ ਚੁੱਕੇ ਹਨ। ਉਨ੍ਹਾਂ ਸਾਰੀਆਂ ਸਿਆਸੀ ਧਿਰਾਂ ਨੂੰ ਹਉਮੈ ਛੱਡ ਕੇ ਪੰਜਾਬ ਦੇ ਭਲੇ ਲਈ ਇੱਕਜੁਟ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਸਮੇਂ ਦੀ ਨਜ਼ਾਕਤ ਨੂੰ ਨਾ ਸਮਝਿਆ ਗਿਆ ਤਾਂ ਲੋਕ ਉਨ੍ਹਾਂ ਨੂੰ ਕਦੇ ਮੁਆਫ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਭਾਜਪਾ, ਬਾਦਲ ਦਲ ਤੇ ਕਾਂਗਰਸ ਪਾਰਟੀ ਦੇ ਕੂੜ ਪ੍ਰਚਾਰ ਨਾਲ ਨਜਿੱਠਣ ਲਈ ਹੇਠਲੇ ਪੱਧਰ ਤੱਕ ਜਾਣ ਦੀ ਲੋੜ ਹੈ ਕਿਉਂਕਿ ਭਾਜਪਾ ਤੇ ਬਾਦਲ ਦਲ ਨੇ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਵਿਉਂਤ ਉਲੀਕੀ ਹੋਈ ਹੈ।

ਨਵਜੋਤ ਸਿੰਘ ਸਿੱਧੂ ਖਿਲਾਫ਼ ਫਿਰ ਮਜ਼ਬੂਤ ਉਮੀਦਵਾਰ ਉਤਾਰਨ ਦਾ ਦਾਅਵਾ ਕਰਦਿਆਂ ਕੈਪਟਨ ਨੇ ਕਿਹਾ ਕਿ ਪਟਿਆਲਾ ਵਿਚ ਉਨ੍ਹਾਂ ਦੇ ਸਮਰਥਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਖਿਲਾਫ ਮਜ਼ਬੂਤ ਉਮੀਦਵਾਰ ਖੜ੍ਹਾ ਕੀਤਾ ਜਾਵੇਗਾ। ਰਣਦੀਪ ਸੁਰਜੇਵਾਲਾ ਦੇ 80 ਵਿਚੋਂ 79 ਵਿਧਾਇਕਾਂ ਦੇ ਖਿਲਾਫ਼ ਹੋਣ ਬਾਰੇ ਦਾਅਵੇ ਨੂੰ ਇਕ ਵਾਰ ਫਿਰ ਖਾਰਜ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਦੇ ਵੱਖ ਵੱਖ ਆਗੂਆਂ ਨੇ ਕਦੇ 43 ਕਦੇ 76 ਅਤੇ ਕਦੇ ਕੋਈ ਹੋਰ ਅੰਕੜੇ ਉਨ੍ਹਾਂ ਵਿਰੁੱਧ ਹੋਣ ਦੇ ਦਾਅਵੇ ਕੀਤੇ ਜਦਕਿ 67 ਵਿਧਾਇਕ ਨਾਲ ਸਨ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਨੂੰ ਹਟਾਉਣਾ ਹੋਵੇ, ਮਨ ਬਣਾ ਲਿਆ ਜਾਵੇ ਤਾਂ ਬਹਾਨੇ ਬਥੇਰੇ ਮਿਲ ਜਾਂਦੇ ਹਨ।

ਮੀਡੀਆ ਨਾਲ ਖੁੱਲ੍ਹੀ ਗੱਲਬਾਤ ਕਰਦਿਆਂ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ ਅੰਦੋਲਨ ਦੇ ਸੰਭਾਵੀ ਹੱਲ ਲਈ ਉਹ ਖੇਤੀ ਮਾਹਿਰਾਂ ਦੇ ਇਕ ਗੈਰ-ਸਿਆਸੀ ਵਫਦ ਦੀ ਅਗਵਾਈ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਸੂਬੇ ਦੀ ਕਾਂਗਰਸ ਸਰਕਾਰ ਅਤੇ ਹੋਰ ਪ੍ਰਮੁੱਖ ਰਾਜਸੀ ਧਿਰਾਂ ਵੱਲੋਂ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਾਉਣ ਦੇ ਮਾਮਲੇ 'ਤੇ ਲਏ ਫੈਸਲੇ ਦੇ ਉਲਟ ਸਟੈਂਡ ਲੈਂਦਿਆਂ ਬੀ.ਐਸ.ਐਫ. ਦੀਆਂ ਤਾਕਤਾਂ ਵਧਾਉਣ ਨੂੰ ਸੂਬੇ ਦੇ ਹਿੱਤ 'ਚ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅੰਦਰੂਨੀ ਸੁਰੱਖਿਆ ਦੇ ਮਾਮਲੇ 'ਤੇ ਸਮਝੌਤਾ ਨਹੀਂ ਹੋਣਾ ਚਾਹੀਦਾ ਹੈ। ਕੈਪਟਨ ਨੇ ਕਿਸਾਨੀ ਅੰਦੋਲਨ ਦੇ ਨਿਪਟਾਰੇ ਲਈ ਨਿਭਾਈ ਜਾਣ ਵਾਲੀ ਭੂਮਿਕਾ ਦੇ ਸਮਰੱਥ ਹੋਣ ਦਾ ਦਾਅਵਾ ਕਰਦਿਆਂ ਕਿਹਾ, "ਮੈਨੂੰ ਲੱਗਦਾ ਹੈ ਕਿ ਮੈਂ ਇਸ ਦਾ ਹੱਲ ਲੱਭਣ ਵਿਚ ਮਦਦ ਕਰ ਸਕਦਾ ਹਾਂ ਕਿਉਂਕਿ ਮੈਂ ਪੰਜਾਬ ਦਾ ਮੁੱਖ ਮੰਤਰੀ ਰਹਿੰਦਿਆਂ 10 ਸਾਲ ਖੇਤੀ ਮੰਤਰੀ ਵਜੋਂ ਕੰਮ ਦੇਖਿਆ ਹੈ।"

ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੇ ਹੱਲ ਲਈ ਕੋਈ ਪੂਰਵ-ਨਿਰਧਾਰਤ ਫਾਰਮੂਲਾ ਨਹੀਂ ਬਣ ਸਕਿਆ, ਪਰ ਗੱਲਬਾਤ ਦੌਰਾਨ ਕੁਝ ਨੁਕਤੇ ਉਭਰ ਕੇ ਸਾਹਮਣੇ ਆ ਸਕਦੇ ਹਨ ਕਿਉਂਕਿ ਦੋਵੇਂ ਧਿਰਾਂ ਖੇਤੀ ਕਾਨੂੰਨਾਂ ਦੁਆਰਾ ਪੈਦਾ ਹੋਏ ਸੰਕਟ ਦਾ ਹੱਲ ਚਾਹੁੰਦੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨ ਜਥੇਬੰਦੀਆਂ ਆਪਣੇ ਅੰਦੋਲਨ ਵਿਚ ਕਿਸੇ ਸਿਆਸਤਦਾਨ ਦਾ ਦਖਲ ਪਸੰਦ ਨਹੀਂ ਕਰਦੀਆਂ, ਇਸ ਲਈ ਕਿਸੇ ਕਿਸਾਨ ਆਗੂ ਨਾਲ ਇਸ ਮੁੱਦੇ 'ਤੇ ਕੋਈ ਮੁਲਾਕਾਤ ਨਹੀਂ ਹੋਈ ਹੈ।

## ਕੈਪਟਨ ਬੀ.ਐਸ.ਐਫ. ਵਾਲੇ ਸਟੈਂਡ ਉਤੇ ਕਾਇਮ

**ਚੰਡੀਗੜ੍ਹ:** ਬੀ.ਐਸ.ਐਫ. ਦਾ ਦਾਇਰਾ ਵਧਾਉਣ ਨੂੰ ਸੂਬੇ ਦੇ ਹਿੱਤ ਵਿਚ ਲਿਆ ਗਿਆ ਫੈਸਲਾ ਕਰਾਰ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਕਿਸਤਾਨ 'ਤੇ ਕਿਸੇ ਵੀ ਤਰ੍ਹਾਂ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਹਿਲਾਂ ਡਰੋਨਾਂ ਰਾਹੀਂ ਸਰਹੱਦ ਦੇ ਐਨ ਨੇੜੇ ਏਕੇ 47 ਰਾਈਫਲਾਂ, ਪਸਤੌਲ ਅਤੇ ਨਸ਼ੀਲੇ ਪਦਾਰਥ ਹੀ ਆਉਂਦੇ ਸਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਡਰੋਨ ਦਾ ਦਾਇਰਾ 30 ਕਿਲੋਮੀਟਰ ਤੱਕ ਮਾਰ ਕਰਨ ਦਾ ਵੱਧ ਗਿਆ ਹੈ ਅਤੇ ਬੰਬ ਵੀ ਆਉਣ ਲੱਗ ਪਏ ਹਨ। ਇਸ ਲਈ ਬੀ.ਐਸ.ਐਫ. ਦਾ ਦਾਇਰਾ 50 ਕਿਲੋਮੀਟਰ ਤੱਕ ਵਧਾਇਆ ਜਾਣਾ ਜਾਇਜ਼ ਹੈ।

## ਕੈਪਟਨ ਭਾਜਪਾ ਦਾ ਅਟੁੱਟ ਹਿੱਸਾ: ਰੰਧਾਵਾ



**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਰਸਮੀ ਤੌਰ ਉਤੇ ਭਾਜਪਾ ਦਾ ਅਟੁੱਟ ਹਿੱਸਾ ਬਣ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਬਿੱਲੀ ਥੈਲਿਓਂ ਬਾਹਰ ਆ ਗਈ ਹੈ ਅਤੇ ਅਮਰਿੰਦਰ ਸਿੰਘ ਨੇ ਨਾ ਸਿਰਫ ਕਾਂਗਰਸ ਪਾਰਟੀ ਸਗੋਂ ਪਿਛਲੇ 11 ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਤੇ ਸਮੁੱਚੇ ਪੰਜਾਬੀਆਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਨੇ ਭਾਜਪਾ ਦੇ ਪਾਲੇ ਵਿਚ ਜਾਣ ਤੋਂ ਪਹਿਲਾਂ ਉਨ੍ਹਾਂ ਕਿਸਾਨਾਂ ਦੀ ਕੁਰਬਾਨੀ ਨੂੰ ਵੀ ਭੁਲਾ ਦਿੱਤਾ ਜਿਨ੍ਹਾਂ ਕਿਸਾਨੀ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਗੁਆਈਆਂ ਹਨ।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਨੇ ਨਗਰ ਕੀਰਤਨ ਸਜਾਇਆ

## ਸੰਗਤ ਦੇ ਠਾਠਾਂ ਮਾਰਦੇ ਇਕੱਠ ਨੇ ਅਨੰਦਪੁਰ ਸਹਿਬ ਦੀ ਧਰਤੀ ਦੀ ਯਾਦ ਤਾਜ਼ਾ ਕਰਵਾਈ

**ਫਰਿਜ਼ਨੋ (ਕੈਲੀਫੋਰਨੀਆ)** ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ:- ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ, ਜਿਸ ਦੀ ਸੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਦੀ ਸਮਾਪਤੀ ਬਾਅਦ ਹੋਈ। ਗੁਰੂਘਰ ਵਿਖੇ ਹਾਜ਼ਰ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਕਥਾਕਾਰਾਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਗੁਰੂਘਰ ਦੇ ਬਾਹਰ ਨਗਰ ਕੀਰਤਨ ਵਿੱਚ ਸਾਮਲ ਸੰਗਤਾਂ ਦੇ ਕੇਸ਼ਰੀ, ਨੀਲੀਆਂ, ਹਰੀਆਂ, ਪੀਲੀਆਂ ਅਤੇ ਹੋਰ ਬਹੁਤ ਰੰਗਾਂ ਦੇ ਨਜ਼ਾਰੇ ਪੇਸ਼ ਕਰਦੀਆਂ ਦਸਤਾਰਾਂ ਅਤੇ ਦੁਪੱਟਿਆਂ ਨੇ ਜਿਵੇਂ ਸਾਰੇ ਫਰਿਜ਼ਨੋ ਸ਼ਹਿਰ ਨੂੰ ਹੀ ਖਾਲਸਾਈ ਰੰਗ ਵਿੱਚ ਰੰਗ ਦਿੱਤਾ ਹੋਵੇ। ਟਰੱਕਾਂ ਤੇ ਸਜੇ ਹੋਏ ਵੱਖੋ ਵੱਖ ਤਰ੍ਹਾਂ ਦੇ ਸੁਨੇਹੇ ਪੇਸ਼ ਕਰਦੇ ਫਲੋਟ ਵੀ ਵਿਲੱਖਣ ਨਜ਼ਾਰਾ ਪੇਸ਼ ਕਰ ਰਹੇ ਸਨ। ਬੱਚਿਆ ਦੇ ਗੱਤਕਾ ਗਰੁੱਪਾਂ ਦੁਆਰਾ ਆਪਣੀ ਇਸ ਕਲਾ ਦਾ ਖੁਲ ਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਦੁਕਾਨਦਾਰਾਂ ਵੱਲੋਂ ਸਜਾਈਆਂ ਦੁਕਾਨਾਂ ਵੀ ਸੰਗਤਾਂ ਲਈ ਖਿੱਚ ਦਾ ਕੇਂਦਰ ਬਣੀਆਂ ਨਜ਼ਰ ਆ ਰਹੀਆਂ ਸਨ। ਲਾਊਡ ਸਪੀਕਰਾਂ ਵਿੱਚ ਗੂੰਜਦੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਜਿਵੇਂ ਅਸਮਾਨ ਗੂੰਜ ਰਿਹਾ ਸੀ।





ਨਗਰ ਕੀਰਤਨ ਦੀ ਸੁਰੂਆਤ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆਂ ਦਾ ਝੰਡਾ ਅਤੇ ਖਾਲਸੇ ਦਾ ਕੇਸ਼ਰੀ ਨਿਸ਼ਾਨ ਸਾਹਿਬ ਦੁਆਰਾ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ਸੋਭਿਤ ਸਨ। ਪੰਜ ਪਿਆਰੇ ਅਤੇ ਨਿਸਾਨਚੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੰਗਤਾਂ ਭਾਰੀ ਉਤਸਾਹ ਅਤੇ ਸਰਧਾ ਨਾਲ ਪਾਲਕੀ ਸਾਹਿਬ ਦੇ ਪਿਛੇ ਪੈਦਲ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਉਪਰੰਤ ਵੱਖਰੀਆਂ-ਵੱਖਰੀਆਂ ਝਾਕੀਆਂ ਰਾਹੀਂ ਸਿੱਖ ਇਤਿਹਾਸ ਦੀ ਅਗਵਾਈ ਕਰਦੇ ਫਲੋਟ ਚਲ ਰਹੇ ਸਨ। ਕੈਲੇਫੋਰਨੀਆਂ ਗਤਕਾ ਦਲ ਦੇ ਸਿੰਘਾ ਦੇ ਜਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ। ਇਸ ਸਮੇਂ ਪੰਜਾਬ ਤੋਂ ਮੰਗਵਾਏ ਟਰੈਕਟਰ ਅਤੇ ਟ੍ਰਾਲੀਆਂ ਤੋਂ ਇਲਾਵਾ ਘੋੜ ਸਵਾਰ ਵੀ ਨਗਰ ਕੀਰਤਨ ਦਾ ਸ਼ਿੰਗਾਰ ਬਣ ਰਹੇ ਸਨ। ਇਸ ਮੌਕੇ ਬਹੁਤ ਸਾਰੇ ਬੁੱਧੀਜੀਵੀਆਂ ਨੇ ਗੁਰਮਤਿ ਵਿਚਾਰਾ ਦੀ ਵੀ ਸਾਂਝ ਪਾਈ।

ਇਸ ਸਮੇਂ ਗੁਰੂਘਰ ਅਤੇ ਹੋਰ ਵੱਖ-ਵੱਖ ਸੰਸਥਾਵਾ ਵੱਲੋਂ ਗੁਰੂ ਦੇ ਲੰਗਰ ਅਤੁੱਟ ਵਰਤੇ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਨਗਰ ਕੀਰਤਨ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆ।

# ਮੇਲਾ ਮੇਲੀਆਂ ਦਾ, ਯਾਰਾਂ ਬੇਲੀਆਂ ਦਾ

**ਫਰਿਜ਼ਨੋ (ਕੈਲੀਫੋਰਨੀਆ):** ਕੋਵਿਡ-19 ਤੋਂ ਬਾਅਦ ਸਮਾਜ ਸੇਵੀ ਸੰਸਥਾ 'ਸਹਾਇਤਾ' ਵਲੋਂ ਆਪਣੇ ਚਾਹੁਣ ਵਾਲਿਆਂ ਦੀ ਪੁਰ-ਜ਼ੋਰ ਮੰਗ 'ਤੇ ਸਥਾਨਕ ਈਲਾਈਟ ਈਵੈਂਟ ਸੈਂਟਰ ਵਿੱਚ ਕਰਵਾਈ ਗਈ ਰਾਜ ਕਾਕੜਾ ਦੀ ਇਹ ਦੂਸਰੀ ਪਰਿਵਾਰਕ ਮਹਿਫ਼ਲ ਬੇਹੱਦ ਕਾਮਯਾਬ ਰਹੀ। ਰਾਜ ਕਾਕੜਾ ਨੇ ਬਿਨਾਂ ਕਿਸੇ ਸੰਗੀਤ ਦੇ ਆਪਣੀ ਪੁਰਸੋਜ਼ ਆਵਾਜ਼ ਅਤੇ ਡੂੰਘੇ ਅਰਥਾਂ ਵਾਲੇ ਸਧਾਰਨ ਸ਼ਬਦਾਵਲੀ ਭਰੇ ਗੀਤਾਂ ਨਾਲ ਸਰੋਤੇ ਕੀਲ ਕੇ ਬਿਠਾਈ ਰੱਖੇ। ਉਹ ਦੋ ਢਾਈ ਘੰਟੇ ਬਿਨਾਂ ਸੰਗੀਤ ਤੋਂ ਗਾਉਂਦਾ ਰਿਹਾ ਤੇ ਲੋਕ ਆਪਣੀਆ ਸੀਟਾਂ 'ਤੇ ਅਹਿੱਲ ਬੈਠੇ ਉਹਦੇ ਬੋਲਾਂ ਦੀ ਦਾਦ ਤਾੜੀਆਂ ਨਾਲ ਦਿੰਦੇ ਰਹੇ।

ਇਸ ਮਹਿਫ਼ਲ ਵਿੱਚ ਮਰਦਾਂ ਤੋਂ ਬਿਨਾ ਸਾਡੀਆਂ ਮਾਵਾਂ-ਭੈਣਾਂ ਅਤੇ ਬੱਚੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਮਹਿਫ਼ਲ ਨੂੰ ਪਰਿਵਾਰਕ ਰੰਗ ਦਿੱਤਾ। ਰਾਜ ਕਾਕੜੇ ਨੇ ਪਿਛਲੇ ਤਕਰੀਬਨ ਤਿੰਨ ਦਹਾਕੇ ਤੋਂ ਪੰਜਾਬੀ ਗੀਤਕਾਰੀ ਵਿੱਚ ਕੁਝ ਐਸੀਆਂ ਪੈੜ੍ਹਾ ਪਾਈਆ ਜਿਨ੍ਹਾਂ ਦਾ ਕਿੱਧਰੇ ਕੋਈ ਤੋੜ ਨਜ਼ਰ ਨਹੀਂ ਆਉਦਾ। ਧੂੰਮ-ਧੜੱਕੇ ਦੇ ਯੁਗ ਵਿੱਚ ਉਸ ਹਰ ਉਹ ਵਿਸ਼ਾ ਛੋਹਿਆ, ਜਿਸ ਦੀ ਸਾਡੇ ਸਮਾਜ ਨੂੰ ਲੋੜ ਸੀ। ਉਸ ਨੇ ਆਪਣੇ ਗੀਤਾਂ ਰਾਹੀਂ ਸਾਡੇ ਲੋਕਾਂ ਨੂੰ ਭਾਰਤ ਦੇ ਕਰੱਪਟ ਰਾਜਨੀਤਕ ਸਿਸਟਮ ਖਿਲਾਫ ਜਗਾਉਣ ਦੀ ਸਾਰਥਕ ਕੋਸ਼ਿਸ਼ ਕੀਤੀ ਹੈ। ਉਸ ਦਾ ਲਿਖਿਆ ਗੀਤ ਬਾਪੂ, ਮੇਰਾ ਪਿੰਡ ਆਦਿ ਸਦੀਵੀ ਯਾਦ ਰਹਿਣਗੇ। ਉਸਦੀ ਅਵਾਜ਼ ਅਤੇ ਪੇਸ਼ਕਾਰੀ ਨਿਵੇਕਲੀ ਹੈ। ਰਾਜ ਕਾਕੜਾ ਤੋਂ ਬਿਨਾ ਗੀਤਕਾਰ ਪੱਪੀ ਭਦੌੜ, ਧੰਨਜੀਤ ਸਿੰਘ ਬੀਸਲਾ ਅਤੇ ਗਾਇਕ ਗੋਗੀ ਸੰਧੂ ਨੇ ਵੀ ਆਪਣੇ ਇੱਕ ਇੱਕ ਗੀਤ ਨਾਲ ਹਾਜ਼ਰੀ ਭਰੀ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਬਾਖੂਬੀ ਕੀਤਾ।

ਇਸ ਤੋਂ ਇਲਾਵਾ ਕਮਾਲ ਦੀ ਸਜਾਵਟ ਸ਼ਬਦਾਂ ਵਿਚ ਬਿਆਨ ਕਰਨੀ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਯਕੀਨਨ ਹੈ।



ਇਸ ਮੇਲੇ ਦੀ ਖਾਸ ਖਿੱਚ ਅੱਜ ਗੋਲ ਗੱਪੇ ਹੀ ਰਹੇ, ਜਿਨ੍ਹਾਂ ਦਾ ਆਨੰਦ ਪੰਜਾਬੀ ਇੰਡੀਅਨ ਭਾਈਚਾਰੇ ਤੋਂ ਇਲਾਵਾ, ਕਾਊਂਟੀ ਸੁਪਰਵਾਈਜਰ ਟੌਮ ਨੇ ਵੀ ਮਾਣਿਆ। ਇਸ ਸਟਾਲ ਦੀ ਵਿਲੱਖਣਤਾ ਇਹ ਰਹੀ ਕਿ ਵਿਕਰੀ ਦੀ ਸਾਰੀ ਮਾਇਆ ਪ੍ਰਬੰਧਕਾਂ ਨੂੰ ਸੌਂਪ ਦਿਤੀ ਗਈ ਕਿ ਉਹ ਇਹ ਸਾਰੀ ਮਾਇਆ ਕਿਸੇ ਵੀ ਸਮਾਜ ਭਲਾਈ ਸੰਸਥਾ, ਸਕੂਲ ਜਾਂ ਕਿਸੇ ਹੋਰ ਭਲਾਈ ਦੇ ਕੰਮ ਲਈ, ਜਿਵੇਂ ਚਾਹੁਣ ਵਰਤ ਸਕਦੇ ਨੇ। ਇਸ ਮਹਿਫ਼ਲ ਨੂੰ ਕਰਵਾਉਣ ਦਾ ਸਿਹਰਾ ਸ. ਹਾਕਮ ਸਿੰਘ ਢਿੱਲੋ, ਨਾਜ਼ਰ ਸਿੰਘ ਸਹੋਤਾ, ਨਿਰਮਲ ਨਿੰਮਾਂ, ਕੁਲਵਿੰਦਰ ਢਿੱਲੋ, ਦਵਿੰਦਰ ਢਿੱਲੋ ਅਤੇ ਸਤਨਾਮ ਪ੍ਰਧਾਨ ਸਿਰ ਜਾਂਦਾ ਹੈ।

# ਕਿਵਾਨਿਸ ਕਲੱਬ ਦੇ ਮੈਂਬਰਾਂ ਨੂੰ ਸਿੱਖੀ ਬਾਰੇ ਜਾਣਕਾਰੀ ਦਿੱਤੀ

**ਫੁਲਟਨ:** ਇੱਥੋਂ ਦੇ ਕਿਵਾਨਿਸ ਕਲੱਬ ਵੱਲੋਂ ਬੀਤੀ 19 ਅਕਤੂਬਰ ਨੂੰ ਆਪਣੀ ਹਫਤਾਵਾਰੀ ਮੀਟਿੰਗ ਕਰਵਾਈ ਗਈ। ਇਸ ਦੌਰਾਨ



'ਅਮਰੀਕਨ ਸਿੱਖ ਕਮਿਊਨਿਟੀ ਆਫ ਸ਼ਿਕਾਗੋ' ਦੇ ਸਰਵਨ ਸਿੰਘ ਰਾਜੂ ਨੂੰ ਮੁੱਖ ਬੁਲਾਰੇ ਵਜੋਂ ਸੱਦਿਆ ਗਿਆ। ਇਸ ਦੌਰਾਨ ਉਨ੍ਹਾਂ ਨੇ 'ਸਿੱਖੀ, ਸਿੱਖ ਕਦਰਾਂ-ਕੀਮਤਾਂ ਤੇ ਸਿੱਖਾਂ ਦੀ ਪਛਾਣ' ਵਿਸ਼ੇ 'ਤੇ ਭਾਸ਼ਣ ਦਿੱਤਾ।

ਇਸ ਦੌਰਾਨ ਸਥਾਨਕ ਬਿਜ਼ਨਸਮੈਨ ਗੁਰਲਾਭ ਸਿੰਘ ਨੇ ਦੱਸਿਆ ਕਿ ਫੁਲਟਨ ਵਿੱਚ ਸਿਰਫ ਉਨ੍ਹਾਂ ਦਾ ਹੀ ਇੱਕੋ-ਇੱਕ ਗੁਰਸਿੱਖ ਪਰਿਵਾਰ ਰਹਿੰਦਾ ਹੈ। ਉਹ ਆਪਣੀ ਪਤਨੀ ਬੀਬੀ ਭੁਪਿੰਦਰਜੀਤ ਕੌਰ ਤੇ ਦੋ ਪੁੱਤਰਾਂ ਹਰਸਿਮਰਨਪ੍ਰੀਤ ਸਿੰਘ ਤੇ ਜਸਕਰਨ ਸਿੰਘ ਨਾਲ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਦੋਵੇਂ ਪੁੱਤਰ ਸਿੱਖੀ ਸਰੂਪ ਵਿੱਚ ਹਨ ਤੇ ਉਨ੍ਹਾਂ ਨੂੰ ਸਿੱਖੀ



'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਗੁਆਂਢੀਆਂ ਤੇ ਸ਼ਹਿਰ ਦੇ ਲੋਕਾਂ ਨੂੰ ਸਿੱਖੀ ਕਦਰਾਂ-ਕੀਮਤਾਂ ਤੇ ਸਿੱਖਾਂ ਦੀ ਪਛਾਣ ਬਾਰੇ ਜਾਣੂ ਕਰਵਾਈਏ। 2008 ਤੋਂ 2016 ਦੌਰਾਨ ਦੋ ਵਾਰ ਮੇਅਰ ਰਹੇ ਮਿਸਟਰ ਲੈਰੀ ਰੱਸਲ, ਗੁਰਲਾਭ ਸਿੰਘ ਨੂੰ ਮਿਲੇ ਤੇ ਸਿੱਖਾਂ ਬਾਰੇ ਹੋਰ ਜਾਨਣ ਦੀ ਇੱਛਾ ਜਤਾਈ। ਇਸ 'ਤੇ ਗੁਰਲਾਭ ਸਿੰਘ ਨੇ ਸਰਵਨ ਸਿੰਘ ਰਾਜੂ ਨੂੰ ਮਿਲ ਕੇ ਕਿਵਾਨਿਸ ਕਲੱਬ ਆਉਣ ਦਾ ਸੱਦਾ ਦਿੱਤਾ।

ਕਿਵਾਨਿਸ ਕਲੱਬ ਦੇ 30 ਮੈਂਬਰ ਇਸ ਮੀਟਿੰਗ ਵਿੱਚ ਸ਼ਾਮਲ ਹੋਏ। ਇਸ ਦੌਰਾਨ ਸਰਵਨ ਸਿੰਘ ਰਾਜੂ ਨੇ ਸਿੱਖਾਂ ਦੇ ਜੀਵਨ ਜਿਊਣ ਦੇ ਢੰਗ, ਵਿਸ਼ਵ ਯੁੱਧਾਂ 'ਚ ਸਿੱਖਾਂ ਦੀ ਭੂਮਿਕਾ ਤੇ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੇ ਦਸ ਗੁਰੂ ਸਾਹਿਬਾਨ ਬਾਰੇ ਵੀ ਜਾਣੂ ਕਰਵਾਇਆ। ਮੀਟਿੰਗ ਹਾਲ ਵਿੱਚ ਸਿੱਖ ਯੋਧਿਆਂ ਦੇ ਪੋਸਟਰ ਲਾਏ ਗਏ ਸਨ। ਸਰੋਤਿਆਂ ਨ ਕੁਝ ਸਵਾਲ ਵੀ ਪੁੱਛੇ, ਜਿਨ੍ਹਾਂ ਦੇ ਜਵਾਬ ਸਰਵਨ ਸਿੰਘ ਰਾਜੂ ਨੇ ਦਿੱਤੇ।

# ਮਾਸਟਰਜ਼ ਪੰਜਾਬ ਅਥਲੈਟਿਕ ਚੈਂਪੀਅਨਸ਼ਿਪ ਸੰਪੰਨ

41ਵੀਂ ਮਾਸਟਰਜ਼ ਪੰਜਾਬ ਅਥਲੈਟਿਕ ਚੈਂਪੀਅਨਸ਼ਿਪ ਮਾਲਵੇ ਦੇ ਜ਼ਿਲ੍ਹਾ ਸੰਗਰੂਰ ਦੇ ਇਤਹਾਸਕ ਤੇ ਧਾਰਮਿਕ ਸਥਾਨ, ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਵਿਖੇ ਅਕਾਲ ਡਿਗਰੀ ਕਾਲਜ ਦੇ ਖੇਡ ਮੈਦਾਨ ਵਿਚ ਸੰਪੰਨ ਹੋਈ, ਜਿਸ ਦਾ ਉਦਘਾਟਨ ਅਰਜੁਨਾ ਐਵਾਰਡੀ ਵੇਟਲਿਫਟਰ ਸ. ਤਾਰਾ ਸਿੰਘ ਨੇ ਕੀਤਾ। ਸੰਗਰੂਰ ਨਿਵਾਸੀ (ਸਾਬਕਾ ਪ੍ਰਿੰਸੀਪਲ-ਫਿਜ਼ੀਕਲ ਕਾਲਜ ਪਟਿਆਲਾ) ਡਾ. ਬੀ ਐਸ ਪੂਨੀਆ ਨੇ ਖੇਡ ਸਮਾਗਮ ਦਾ ਸੰਚਾਲਨ ਕੀਤਾ।

ਸਨਮਾਨ ਸਮਾਗਮ ਮੌਕੇ ਡਾ. ਸੁਰਨਜੀਤ ਕੌਰ (ਸਾਬਕਾ ਪ੍ਰਿੰਸੀਪਲ, ਸਰਕਾਰੀ ਵਿਮੈਨ ਕਾਲਜ ਲੁਧਿਆਣਾ ਤੇ ਇੰਟਰਨੈਸ਼ਨਲ ਭਾਰਤੀ ਹਾਕੀ ਖਿਡਾਰੀ) ਪ੍ਰਿੰਸੀਪਲ ਡਾ. ਗੀਤਾ ਸਾਗਰ (ਪ੍ਰਿੰਸੀਪਲ ਫਿਜ਼ੀਕਲ ਕਾਲਜ ਪਟਿਆਲਾ), ਨੰਦ ਕਿਸ਼ੋਰ ਵਸ਼ਿਸ਼ਟ ਨੇ ਪ੍ਰਿੰਸੀਪਲ ਡਾਕਟਰ ਉਂਕਾਰ ਸਿੰਘ-ਜਖੇਪਲ ਵਿਮੈਨ ਕਾਲਜ ਦਾ ਸਨਮਾਨ ਕੀਤਾ। ਇਸ ਮੌਕੇ ਖੇਡ-ਖਿਡਾਰੀ ਵਾਰਤਾਕਾਰ, ਅਕਾਲ ਟੀ ਵੀ ਚੈਨਲ-ਬਰਮਿੰਘਮ ਯੂਕੇ ਅਜੈਬ ਸਿੰਘ ਗਰਚਾ, ਸਾਬਕਾ ਪ੍ਰਿੰਸੀਪਲ ਡਾਕਟਰ ਬੀ ਐੱਸ ਪੂਨੀਆ, ਅਰਜੁਨਾ ਐਵਾਰਡੀ ਤਾਰਾ ਸਿੰਘ, ਕੌਮਾਂਤਰੀ ਵੇਟਲਿਫਟਰ ਹਰਦੀਪ ਸਿੰਘ ਸੈਣੀ, ਇੰਟਰਨੈਸ਼ਨਲ ਅਥਲੀਟ ਪ੍ਰੇਮ ਸਿੰਘ ਤੇ ਪ੍ਰਬੰਧਕ ਸਿਆਸਤ ਸਿੰਘ ਸ਼ਾਮਲ ਸਨ।


**ਅਕਾਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਮਸਤੂਆਣਾ ਸਾਹਿਬ ਦੇ ਪ੍ਰੋਫੈਸਰ ਸੋਹਣਦੀਪ ਸਿੰਘ 'ਜੁਗਨੂੰ' ਤੇ ਉਸ ਦੀ ਖੇਡ ਪ੍ਰਬੰਧਕੀ ਟੀਮ ਨੇ 41ਵੀਂ ਮਾਸਟਰਜ਼ ਪੰਜਾਬ ਅਥਲੈਟਿਕ ਮੀਟ ਨੂੰ ਸਫ਼ਲ ਕਰਨ ਵਿੱਚ ਭਰਵਾਂ ਸਹਿਯੋਗ ਪਾਇਆ।**

# ਸਰਕਾਰ ਨੂੰ ਪ੍ਰੋਗਰੈਸਿਵ ਸੰਮੇਲਨ ਪਿੱਛੋਂ ਪੰਜਾਬ 'ਚ ਵੱਡੇ ਨਿਵੇਸ਼ ਦੀਆਂ ਆਸਾਂ

**ਲੁਧਿਆਣਾ:** ਪੰਜਾਬ ਵਿਚ ਦੋ ਰੋਜ਼ਾ ਪ੍ਰੋਗਰੈਸਿਵ ਪੰਜਾਬ ਨਿਵੇਸ਼ ਸੰਮੇਲਨ ਪਿੱਛੋਂ ਸਰਕਾਰ ਵੱਲੋਂ ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਤਕਰੀਬਨ 12,500 ਕਰੋੜ ਰੁਪਏ ਦੇ ਨਿਵੇਸ਼ ਦੀ ਪੇਸ਼ਕਸ਼ ਨੂੰ ਸੂਬੇ ਵਿਚ ਨਿਵੇਸ਼ ਬਾਰੇ ਬਣ ਰਹੇ ਨਵੇਂ ਖੁਸ਼ਗਵਾਰ ਮਾਹੌਲ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਸ ਸੰਮੇਲਨ ਦੌਰਾਨ ਸੂਬਾ ਸਰਕਾਰ ਨੇ ਆਪਣੇ ਵੱਲੋਂ ਸਸਤੀ ਬਿਜਲੀ ਅਤੇ ਹੋਰ ਸਹੂਲਤਾਂ ਦੇਣ ਅਤੇ ਨਿਵੇਸ਼ ਦੇ ਰਾਹ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਦੀਆਂ ਤਜਵੀਜ਼ਾਂ ਪੇਸ਼ ਕੀਤੀਆਂ।

ਸੂਬੇ ਦੇ ਵਪਾਰ ਅਤੇ ਉਦਯੋਗ ਨੂੰ ਰਾਹਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੂਬੇ ਦੇ ਵਪਾਰੀਆਂ ਅਤੇ ਉਦਯੋਗਪਤੀਆਂ ਵਿਰੁੱਧ ਵਿੱਤੀ ਸਾਲ 2014-15, 2015-16 ਅਤੇ 2016-17 ਨਾਲ ਸਬੰਧਤ ਵੈਟ ਦੇ ਕੁੱਲ 48,000 ਕੇਸਾਂ ਵਿੱਚੋਂ 40,000 ਬਕਾਇਆ ਕੇਸਾਂ ਨੂੰ ਮੁੱਢੋਂ ਰੱਦ ਕਰਨ ਦਾ ਐਲਾਨ ਕੀਤਾ ਹੈ। ਚੰਨੀ ਨੇ ਕਿਹਾ ਕਿ ਸਬੰਧਤ ਵਪਾਰੀਆਂ/ਉਦਯੋਗਪਤੀਆਂ ਨੂੰ ਕੁੱਲ ਬਕਾਇਆ ਟੈਕਸ ਦੇਣਦਾਰੀ ਦਾ ਸਿਰਫ 30 ਫੀਸਦੀ ਜਮ੍ਹਾਂ ਕਰਵਾਉਣ ਲਈ ਕਹਿ ਕੇ 8000 ਬਕਾਇਆ ਕੇਸਾਂ ਨੂੰ ਆਪਸੀ ਸਹਿਮਤੀ ਨਾਲ ਨਿਪਟਾਇਆ ਜਾਵੇਗਾ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਇਸ ਪੱਖ 'ਤੇ ਹੋਣ ਵਾਲੀਆਂ ਬਹੁਤ ਸਾਰੀਆਂ ਅਸੁਵਿਧਾਵਾਂ ਤੋਂ ਬਚਾਇਆ ਜਾਵੇਗਾ।

ਹੋਰ ਰਾਹਤ ਦਿੰਦਿਆਂ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਮੌਜੂਦਾ ਵਿੱਤੀ ਸਾਲ ਦੌਰਾਨ ਉਪਰੋਕਤ ਟੈਕਸ ਦੇਣਦਾਰੀ ਦਾ ਸਿਰਫ 20 ਫੀਸਦ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ 80 ਫੀਸਦ ਅਗਲੇ ਸਾਲ ਤੱਕ ਜਮ੍ਹਾਂ ਕਰਵਾਉਣਾ ਹੋਵੇਗਾ।



ਇਸੇ ਦੌਰਾਨ ਕਈ ਕੰਪਨੀਆਂ ਜਾਂ ਫਰਮਾਂ ਨੇ ਨਿਵੇਸ਼ ਦੀ ਪੇਸ਼ਕਸ਼ ਕੀਤੀ। ਇਸ ਤੋਂ ਪਹਿਲਾਂ ਸੂਬਾ ਸਰਕਾਰ ਤਿੰਨ ਅਜਿਹੇ ਸੰਮੇਲਨ ਕਰ ਚੁੱਕੀ ਹੈ। ਦੋ ਸੰਮੇਲਨ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਸਨ। ਸਰਕਾਰ ਨੇ 2013 ਦੀ ਉਦਯੋਗ ਨੀਤੀ ਦੇ ਤਹਿਤ ਪੰਜਾਬ ਇਨਵੈਸਟਮੈਂਟ ਬਿਊਰੋ ਨਾਮ ਦੀ ਸੰਸਥਾ ਬਣਾਈ ਸੀ। 2015 ਵਿਚ ਮੁਹਾਲੀ ਵਿਖੇ ਕੀਤੇ ਦੂਸਰੇ ਨਿਵੇਸ਼ ਸੰਮੇਲਨ ਵਿਚ ਮੁਕੇਸ਼ ਅੰਬਾਨੀ, ਰਾਹੁਲ ਬਜਾਜ ਸਮੇਤ ਦੇਸ਼ ਦੇ ਨਾਮੀ ਕਾਰਪੋਰੇਟ ਘਰਾਣਿਆਂ ਨੂੰ ਸੱਦਾ ਦਿੱਤਾ ਗਿਆ ਸੀ। ਇਸ ਵਿਚ 1.15 ਲੱਖ ਕਰੋੜ ਰੁਪਏ ਦੇ ਨਿਵੇਸ਼ ਦੀਆਂ ਤਜਵੀਜ਼ਾਂ ਸਾਹਮਣੇ ਆਈਆਂ ਸਨ।

ਦੂਸਰੇ ਸੰਮੇਲਨ ਦੌਰਾਨ ਹੀ ਅਕਾਲੀ-ਭਾਜਪਾ ਸਰਕਾਰ ਨੇ ਨਵੇਂ ਨਿਵੇਸ਼ਕਾਂ ਨੂੰ ਬਿਜਲੀ ਪੰਜ ਰੁਪਏ ਯੂਨਿਟ ਦੇਣ ਦਾ ਵਾਅਦਾ ਕੀਤਾ ਸੀ। ਸਰਕਾਰਾਂ ਦੇ ਦਾਅਵੇ ਤੱਥਾਂ ਨਾਲ ਮੇਲ ਨਹੀਂ ਖਾਂਦੇ। 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਆਗੂ ਸੁਨੀਲ ਜਾਖੜ ਸੂਬੇ ਦੇ ਉਦਯੋਗ ਅਤੇ ਖਾਸ ਤੌਰ ਉੱਤੇ ਗੋਬਿੰਦਗੜ੍ਹ ਦੀਆਂ ਸਨਅਤਾਂ ਬੰਦ ਹੋ ਜਾਣ ਬਾਰੇ ਜਾਣਕਾਰੀ ਸਾਂਝੀ ਕਰਦੇ ਰਹੇ। ਪੰਜਾਬ ਸਰਕਾਰ ਸਮੇਂ ਸਮੇਂ ਇਹ ਕਹਿੰਦੀ ਰਹੀ ਹੈ ਕਿ ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਨੂੰ ਵਾਜਪਈ ਸਰਕਾਰ ਵੇਲੇ ਦੀਆਂ ਦਿੱਤੀਆਂ ਰਿਆਇਤਾਂ ਕਾਰਨ ਸੂਬੇ ਦੇ ਉਦਯੋਗ ਪਹਾੜੀ ਰਾਜਾਂ ਵੱਲ ਜਾਣ ਲਈ ਮਜਬੂਰ ਹੋਏ ਹਨ; ਪੰਜਾਬ ਸਰਹੱਦੀ ਸੂਬਾ ਹੈ, ਇਸ ਲਈ ਘੱਟੋ-ਘੱਟ ਸਰਹੱਦੀ ਜ਼ਿਲ੍ਹਿਆਂ ਨੂੰ ਅਜਿਹੀਆਂ ਸਹੂਲਤਾਂ ਜਰੂਰ ਮਿਲਣੀਆਂ ਚਾਹੀਦੀਆਂ ਹਨ। ਇਸ ਮੰਗ ਉੱਤੇ ਕਿਸੇ ਕੇਂਦਰ ਸਰਕਾਰ ਨੇ ਗੌਰ ਨਹੀਂ ਕੀਤਾ। ਆਲ ਇੰਡੀਆ ਇੰਡਸਟਰੀ ਫੋਰਮ ਦੀ ਰਿਪੋਰਟ ਅਨੁਸਾਰ ਕੋਵਿਡ-19 ਦੌਰਾਨ ਪੰਜਾਬ ਦੇ 14429 ਉਦਯੋਗ ਬੰਦ ਹੋ ਗਏ। ਇਨ੍ਹਾਂ ਵਿਚ 10,617 ਛੋਟੇ, 3210 ਮੀਡੀਅਮ ਅਤੇ 422 ਵੱਡੇ ਉਦਯੋਗ ਸਨ।

ਨੋਟਬੰਦੀ ਤੇ ਕੋਵਿਡ-19 ਦੌਰਾਨ ਤਾਲਾਬੰਦੀਆਂ ਤੋਂ ਬਾਅਦ ਦੇਸ਼ ਬੰਦ ਹੋਏ ਕਾਰੋਬਾਰਾਂ ਅਤੇ ਰੁਜ਼ਗਾਰ ਛੁੱਟ ਜਾਣ ਕਰਕੇ ਮੰਗ ਦੇ ਸੰਕਟ ਨਾਲ ਜੂਝ ਰਿਹਾ ਹੈ। ਪੰਜਾਬ ਦੀ ਹਾਲਤ ਉਦਯੋਗਾਂ ਦੇ ਮਾਮਲੇ 'ਚ ਪਹਿਲਾਂ ਹੀ ਨਾਜ਼ੁਕ ਹੈ। ਸੱਤਾਧਾਰੀ ਪਾਰਟੀ ਦੇ ਆਗੂਆਂ ਦੀਆਂ ਆਪਣੀਆਂ ਨਿਰਾਸ਼ਾਜਨਕ ਟਿੱਪਣੀਆਂ ਪੰਜਾਬ ਦੇ ਪੰਜ ਸਾਲਾਂ ਦੇ ਹਾਲਾਤ ਬਿਆਨ ਕਰਦੀਆਂ ਹਨ। ਸਰਕਾਰ ਦਾ ਦਾਅਵਾ ਹੈ ਕਿ ਇਸ ਨੇ ਸਾਢੇ ਚਾਰ ਸਾਲਾਂ ਦੌਰਾਨ 99 ਹਜ਼ਾਰ ਕਰੋੜ ਦੇ ਨਿਵੇਸ਼ ਨੂੰ ਆਕਰਸ਼ਿਤ ਕੀਤਾ ਪਰ ਹਕੀਕਤ ਕੀ ਹੈ, ਇਸ ਬਾਰੇ ਤੱਥ ਪੇਸ਼ ਨਹੀਂ ਕੀਤੇ ਜਾ ਰਹੇ। ਵਿਦੇਸ਼ ਜਾ ਰਹੇ ਨੌਜਵਾਨਾਂ ਦੇ ਨਾਲ ਨਾਲ ਰੁਜ਼ਗਾਰ ਮੇਲਿਆਂ ਦੌਰਾਨ ਨੌਜਵਾਨਾਂ ਦੀਆਂ ਭੀੜਾਂ ਬੇਰੁਜ਼ਗਾਰੀ ਦੀ ਸਮੱਸਿਆ ਦੀਆਂ ਗਵਾਹ ਹਨ।

ਇਸ ਹਕੀਕਤ 'ਤੇ ਪਰਦਾ ਨਹੀਂ ਪਾਇਆ ਜਾ ਸਕਦਾ ਕਿ ਪਿਛਲੇ ਦਹਾਕਿਆਂ ਵਿਚ ਪੰਜਾਬ ਅੰਦਰ ਹਜ਼ਾਰਾਂ ਕਾਰਖਾਨੇ ਬੰਦ ਹੋ ਗਏ ਹਨ ਅਤੇ 17000 ਦੇ ਲਗਭਗ ਸਨਅਤੀ ਇਕਾਈਆਂ ਸੂਬੇ 'ਚੋਂ ਹੋਰ ਰਾਜਾਂ ਵਿਚ ਚਲੇ ਗਈਆਂ ਹਨ। ਪਿਛਲੇ ਦਿਨੀਂ ਆਈਆਂ ਇਨ੍ਹਾਂ ਖਬਰਾਂ ਨਾਲ ਵੀ ਅੱਖਾਂ ਖੁੱਲ੍ਹ ਜਾਂਦੀਆਂ ਹਨ ਕਿ ਅਗਸਤ ਦੇ ਮਹੀਨੇ ਵਿਚ ਜਿਥੇ ਹਰਿਆਣੇ ਵਿਚ ਜੀ.ਐਸ.ਟੀ. ਦੀ ਇਕੱਠੀ ਕੀਤੀ ਰਕਮ 5618 ਕਰੋੜ ਰੁਪਏ ਹੈ, ਉਥੇ ਪੰਜਾਬ ਵਿਚ ਇਹ ਸਿਰਫ 1414 ਕਰੋੜ ਰੁਪਏ ਤੱਕ ਸੁੰਗੜ ਕੇ ਰਹਿ ਗਈ ਹੈ। ਇਥੇ ਸੂਬੇ ਵਿਚ ਸਨਅਤ ਦਾ ਹਾਲ ਇਹ ਹੈ ਕਿ ਵੱਡੇ ਸਨਅਤਕਾਰਾਂ ਨੇ ਇਥੋਂ ਆਪਣੇ ਕੰਮ ਨੂੰ ਸਮੇਟਣਾ ਸ਼ੁਰੂ ਕਰ ਦਿੱਤਾ ਹੈ।

## ਅਕਾਲੀ ਦਲ ਵੱਲੋਂ ਨਿਵੇਸ਼ ਸੰਮੇਲਨ ਫਲਾਪ ਸ਼ੋਅ ਕਰਾਰ


**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਨਿਵੇਸ਼ ਸੰਮੇਲਨ 2021 ਨੂੰ ਫਲਾਪ ਸ਼ੋਅ ਕਰਾਰ ਦਿੱਤਾ ਹੈ। ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਾਵੇਂ ਇੰਡਸਟਰੀ ਨੂੰ ਖਿੱਚਣ ਦਾ ਯਤਨ ਕੀਤਾ, ਪਰ ਉਹ ਬੁਰੀ ਤਰ੍ਹਾਂ ਨਾਕਾਮ ਰਹੇ ਕਿਉਂਕਿ ਨਿਵੇਸ਼ਕਾਂ ਨੇ ਕਾਂਗਰਸ ਸਰਕਾਰ ਦਾ ਪਿਛਲਾ ਰਿਕਾਰਡ ਵੇਖਿਆ ਜੋ ਸੂਬੇ 'ਚ ਨਿਵੇਸ਼ ਆਕਰਸ਼ਿਤ ਕਰਨ ਵਾਸਤੇ ਕੋਈ ਵੀ ਵਿਸ਼ੇਸ਼ ਰਿਆਇਤ ਦੇਣ ਜਾਂ ਫਿਰ ਘਰੇਲੂ ਉਦਯੋਗ ਨੂੰ ਆਪਣਾ ਕੰਮ ਵਧਾਉਣ ਲਈ ਕੋਈ ਵੀ ਰਿਆਇਤ ਦੇਣ 'ਚ ਨਾਕਾਮ ਰਹੀ ਹੈ।

# ਚੰਨੀ ਸਰਕਾਰ ਨੇ ਬਿਜਲੀ ਸਮਝੌਤੇ ਰੱਦ ਕਰਨ ਦੀ ਖਿੱਚੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੁਣ 18 ਨੁਕਾਤੀ ਏਜੰਡੇ ਦੀ ਪੂਰਤੀ ਲਈ ਬਿਜਲੀ ਸਮਝੌਤੇ ਰੱਦ ਕਰਨ/ਮੁੜ ਗੱਲਬਾਤ ਕਰਨ ਵਾਸਤੇ ਪੰਜਾਬ ਵਿਧਾਨ ਸਭਾ ਦੇ ਅਗਲੇ ਵਿਸ਼ੇਸ਼ ਸੈਸ਼ਨ ਵਿਚ ਬਿੱਲ ਲੈ ਕੇ ਆਉਣ ਦੀ ਤਿਆਰੀ ਖਿੱਚ ਲਈ ਹੈ ਜਿਸ ਬਾਰੇ ਇਕ ਉਚ ਪੱਧਰੀ ਮੀਟਿੰਗ ਹੋਈ ਹੈ।

ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦੇ 8 ਨਵੰਬਰ ਦੇ ਵਿਸ਼ੇਸ਼ ਇਜਲਾਸ ਮੌਕੇ ਇਹ ਬਿੱਲ ਲਿਆਉਣ ਲਈ ਅੱਡੀ ਚੋਟੀ ਦਾ ਜੋਰ ਲਾਇਆ ਜਾ ਰਿਹਾ ਹੈ। ਬਿਜਲੀ ਸਮਝੌਤੇ ਰੱਦ ਕਰਨ ਵਾਸਤੇ ਦੇਸ ਦੇ ਚੋਟੀ ਦੇ ਕਾਨੂੰਨੀ ਮਾਹਿਰਾਂ ਤੋਂ ਵੀ ਮਸ਼ਵਰਾ ਲਿਆ ਗਿਆ ਹੈ ਜਿਸ ਦੇ ਆਧਾਰ 'ਤੇ ਇਹ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ। ਮਹਿੰਗੇ ਬਿਜਲੀ ਸਮਝੌਤੇ ਰੱਦ ਕੀਤੇ ਜਾਣ ਨੂੰ ਲੈ ਵਿਰੋਧੀ ਧਿਰਾਂ ਵੱਲੋਂ ਵੀ ਕਾਂਗਰਸ ਸਰਕਾਰ 'ਤੇ ਦਬਾਅ ਬਣਾਇਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਗੋਇੰਦਵਾਲ ਦੇ 540 ਮੈਗਾਵਾਟ ਦੇ ਪ੍ਰਾਈਵੇਟ ਥਰਮਲ ਨਾਲ ਹੋਏ ਬਿਜਲੀ ਸਮਝੌਤੇ ਨੂੰ ਰੱਦ ਕੀਤੇ ਜਾਣ ਦੀ ਤਜਵੀਜ਼ ਹੈ ਜਦੋਂ ਕਿ ਤਲਵੰਡੀ ਸਾਬੋ ਦੇ ਪ੍ਰਾਈਵੇਟ ਤਾਪ ਬਿਜਲੀ ਘਰ ਨੂੰ ਐਤਕੀਂ ਪੀਕ ਸੀਜ਼ਨ ਵਿਚ ਬਿਜਲੀ ਸਪਲਾਈ ਨਾ ਦਿੱਤੇ ਜਾਣ ਵਜੋਂ ਜੁਰਮਾਨੇ ਲਾਏ ਜਾਣ ਦੀ ਵਿਉਂਤ ਹੈ। ਇਸੇ ਤਰ੍ਹਾਂ ਰਾਜਪੁਰਾ ਥਰਮਲ ਪਲਾਂਟ ਨਾਲ ਬਿਜਲੀ ਦੇ ਭਾਅ ਦੇ ਮਾਮਲੇ 'ਤੇ ਮੁੜ ਗੱਲਬਾਤ ਕੀਤੇ ਜਾਣ ਦੀ ਤਜਵੀਜ਼ ਵੀ ਹੈ।

ਪੰਜਾਬ ਸਰਕਾਰ ਤਕਰੀਬਨ ਪੌਣੇ ਦੋ ਵਰ੍ਹਿਆਂ ਮਗਰੋਂ ਬਿਜਲੀ ਦੀਆਂ ਦਰਾਂ ਤੇ ਬਿਜਲੀ



ਸਮਝੌਤਿਆਂ ਬਾਰੇ ਅਗਲੇ ਵਿਧਾਨ ਸਭਾ ਸੈਸ਼ਨ ਵਿਚ ਵ੍ਹਾਈਟ ਪੇਪਰ ਲਿਆਏਗੀ ਜਿਸ ਦੀ ਤਿਆਰੀ ਦਾ ਕੰਮ ਜੰਗੀ ਪੱਧਰ 'ਤੇ ਵਿੱਢਿਆ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 17 ਜਨਵਰੀ 2020 ਨੂੰ ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਵ੍ਹਾਈਟ ਪੇਪਰ ਲਿਆਉਣ ਦਾ ਐਲਾਨ ਕੀਤਾ ਸੀ ਅਤੇ ਚਾਲੂ ਮਾਲੀ ਵਰ੍ਹੇ ਦੇ ਬਜਟ ਸੈਸ਼ਨ ਦੌਰਾਨ ਇਹ ਵ੍ਹਾਈਟ ਪੇਪਰ ਆਉਣਾ ਸੀ ਪਰ ਸਰਕਾਰ ਨੇ ਇਸ ਮਾਮਲੇ ਵਿਚ ਹੁਣ ਤੱਕ ਘੇਸਲ ਵੱਟੀ ਰੱਖੀ।

ਹੁਣ ਜਦੋਂ ਅਗਲੀਆਂ ਚੋਣਾਂ ਸਿਰ 'ਤੇ ਹਨ ਤਾਂ ਪੰਜਾਬ ਵਿਧਾਨ ਸਭਾ ਦੇ 8 ਨਵੰਬਰ ਦੇ ਸੈਸ਼ਨ ਵਿਚ ਵ੍ਹਾਈਟ ਪੇਪਰ ਲਿਆਉਣ ਲਈ ਕੰਮ ਸ਼ੁਰੂ ਕਰ ਦਿੱਤਾ ਹੈ। ਕੈਬਨਿਟ ਮੰਤਰੀ ਪਰਗਟ ਸਿੰਘ ਨੇ ਪੁਸ਼ਟੀ ਕੀਤੀ ਕਿ 8 ਨਵੰਬਰ ਦੇ ਵਿਸ਼ੇਸ਼ ਸੈਸ਼ਨ ਵਿਚ ਵ੍ਹਾਈਟ ਪੇਪਰ ਪੇਸ਼ ਕੀਤਾ ਜਾਵੇਗਾ।

ਇਸੇ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਜੀਵੀਕੇ ਗੋਇੰਦਵਾਲ ਸਾਹਿਬ (2270 ਮੈਗਾਵਾਟ) ਬਿਜਲੀ ਖਰੀਦ ਸਮਝੌਤਾ ਰੱਦ ਕਰਨ ਲਈ ਪੰਜਾਬ ਸਟੇਟ ਪਵਾਰ ਕਾਰਪੋਰੇਸ਼ਨ ਲਮਟਡ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਪਾਵਰਕੌਮ ਨੇ ਕੰਪਨੀ ਨੂੰ ਰੱਦ ਕਰਨ ਦਾ ਨੋਟਿਸ ਵੀ ਜਾਰੀ ਕਰ ਦਿੱਤਾ ਹੈ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਜੀਵੀਕੇ ਵੱਲੋਂ ਪੀ.ਐਸ.ਪੀ.ਸੀ.ਐਲ. ਨਾਲ ਬਿਜਲੀ ਖਰੀਦ ਸਮਝੌਤਾ (ਪੀ.ਪੀ.ਏ.) ਕਰਨ ਦਾ ਮੂਲ ਅਧਾਰ ਪੀ.ਐਸ.ਪੀ.ਸੀ.ਐਲ. ਨੂੰ ਸਸਤੀ ਬਿਜਲੀ ਪ੍ਰਦਾਨ ਕਰਨਾ ਸੀ। ਪੀ.ਪੀ.ਏ. ਅਨੁਸਾਰ ਜੀਵੀਕੇ ਨੇ ਇਕ ਕੋਲੇ ਦੀ ਖਾਣ ਦਾ ਪ੍ਰਬੰਧ ਕਰਨਾ ਸੀ ਪਰ ਇਹ ਗਰਿੱਡ ਨਾਲ ਜੁੜਨ ਦੇ 5 ਸਾਲਾਂ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਅਜਿਹਾ ਕਰਨ ਵਿਚ ਅਸਫਲ ਰਿਹਾ।

## ਸੌਰ ਬਿਜਲੀ ਪ੍ਰੋਜੈਕਟਾਂ ਦੀਆਂ ਦਰਾਂ ਘਟਾਈਆਂ ਜਾਣ: ਵੇਰਕਾ

**ਚੰਡੀਗੜ੍ਹ:** ਪੰਜਾਬ ਦੇ ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਰਾਜ ਕੁਮਾਰ ਵੇਰਕਾ ਨੇ ਸੋਲਰ ਪਾਵਰ ਪ੍ਰੋਜੈਕਟਾਂ ਦੀਆਂ ਮਹਿੰਗੀਆਂ ਦਰਾਂ ਦਾ ਅਸਰ ਸੂਬੇ ਦੇ ਲੋਕਾਂ 'ਤੇ ਪੈਣ ਦੇ ਮੱਦੇਨਜਰ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਸੋਲਰ ਪਾਵਰ ਪ੍ਰੋਜੈਕਟਾਂ ਦੇ ਬਿਜਲੀ ਖਰੀਦ ਸਮਝੌਤਿਆਂ (ਪੀ.ਪੀ.ਏ.) ਦੀਆਂ ਦਰਾਂ ਘਟਾਉਣ ਲਈ ਠੋਸ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਇਸ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵੇਰਕਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮਹਿੰਗੀਆਂ ਬਿਜਲੀ ਖਰੀਦ ਦਰਾਂ ਘਟਾਉਣ ਲਈ ਵਿਧਾਨ ਸਭਾ ਵਿਚ ਕਾਨੂੰਨ ਲਿਆਉਣ ਦੀ ਸੰਭਾਵਨਾ ਸਣੇ ਹੋਰ ਮੁੱਦਿਆਂ 'ਤੇ ਪੜਚੋਲ ਕੀਤੀ ਜਾ ਰਹੀ ਹੈ।

## ਪਾਸਪੋਰਟ ਦਫਤਰ 'ਚ ਸਟਿੰਗ ਮਾਮਲੇ 'ਚ ਵਿਧਾਇਕ ਬੈਂਸ ਬਰੀ



**ਲੁਧਿਆਣਾ:** ਲੋਕ ਇਨਸਾਫ ਪਾਰਟੀ ਵੱਲੋਂ ਪਾਸਪੋਰਟ ਦਫਤਰ ਵਿਚ ਹੁੰਦੀ ਲੁੱਟ ਰੋਕਣ ਲਈ ਕੀਤੇ ਗਏ ਸਟਿੰਗ ਅਪਰੇਸ਼ਨ ਤੋਂ ਬਾਅਦ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰ ਰਹੇ ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ, ਸਹਾਇਕ ਮਨਿੰਦਰ ਸਿੰਘ ਮਨੀ ਅਤੇ ਡਰਾਈਵਰ ਰਣਜੀਤ ਸਿੰਘ ਨੂੰ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ 2018 ਵਿਚ ਲੁਧਿਆਣਾ ਦੇ ਪਾਸਪੋਰਟ ਦਫਤਰ ਵਿਚ ਕੀਤੇ ਸਟਿੰਗ ਅਪਰੇਸ਼ਨ ਤੋ ਬਾਅਦ ਬੈਂਸ ਨੇ ਪਾਸਪੋਰਟ ਦਫਤਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਸਨ। ਇਸ ਮਗਰੋਂ ਪਾਸਪੋਰਟ ਦਫਤਰ ਦੇ ਅਧਿਕਾਰੀਆਂ ਨੇ ਕੰਮਕਾਰ ਵਿਚ ਰੁਕਾਵਟ ਪਾਉਣ ਦੇ ਦੋਸ਼ ਲਗਾ ਕੇ ਵਿਧਾਇਕ ਬੈਂਸ ਤੇ ਉਸ ਦੇ ਸਾਥੀਆਂ ਖਿਲਾਫ ਕੇਸ ਦਰਜ ਕਰਵਾਇਆ ਸੀ।

## ਸਾਬਕਾ ਵਿਧਾਇਕ ਰਵਿੰਦਰ ਸਿੰਘ ਸੰਧੂ ਦੀ ਡੇਂਗੂ ਨਾਲ ਮੌਤ

**ਫਿਰੋਜ਼ਪੁਰ:** ਦਿਹਾਤੀ ਹਲਕਾ ਫਿਰੋਜ਼ਪੁਰ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਸੰਧੂ (ਬੱਬਲ) ਦੀ ਮੌਤ ਹੋ ਗਈ। ਨਜ਼ਦੀਕੀ ਪਿੰਡ ਰੱਤਾ ਖੇੜਾ ਵਾਸੀ 67 ਵਰ੍ਹਿਆਂ ਦੇ ਵਿਧਾਇਕ ਸੰਧੂ ਡੇਂਗੂ ਤੋਂ ਪੀੜਤ ਸਨ। ਪਹਿਲਾਂ ਉਹ ਇਥੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਸਨ। ਉਨ੍ਹਾਂ ਦੀ ਸਿਹਤ ਜ਼ਿਆਦਾ ਖਰਾਬ ਹੋਣ ਕਰ ਕੇ ਉਨ੍ਹਾਂ ਨੂੰ ਲੁਧਿਆਣਾ ਦੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਜਿਥੇ ਉਨ੍ਹਾਂ ਨੇ ਦਮ ਤੋੜ ਦਿੱਤਾ।

ਆਜ਼ਾਦ ਅਤੇ ਕਾਂਗਰਸ ਦੀਆਂ ਟਿਕਟਾਂ ਤੋਂ ਚੋਣ ਜਿੱਤਣ ਵਾਲੇ ਸੰਧੂ ਮੌਜੂਦਾ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸਨ। ਕੁਝ ਦਿਨ ਪਹਿਲਾਂ ਤੱਕ ਉਨ੍ਹਾਂ ਦੀ 'ਆਪ' ਵਿਚ ਸ਼ਾਮਲ ਹੋਣ ਦੀ ਵੀ ਚਰਚਾ ਸੀ। ਰਵਿੰਦਰ ਸੰਧੂ ਦੀ ਮੌਤ ਨਾਲ ਇਲਾਕੇ ਵਿਚ ਸੋਗ ਦੀ ਲਹਿਰ ਹੈ।

# ਬੀ.ਐਸ.ਐਫ. ਨੂੰ ਵੱਧ ਅਧਿਕਾਰਾਂ ਖਿਲਾਫ ਡਟਿਆ ਅਕਾਲੀ ਦਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਾਉਣ ਦੇ ਫੈਸਲੇ ਖਿਲਾਫ ਅਟਾਰੀ ਸਰਹੱਦ ਤੋਂ ਅੰਮ੍ਰਿਤਸਰ ਦੇ ਗੋਲਡਨ ਗੇਟ ਤੱਕ ਰੋਸ ਮਾਰਚ ਕੱਢਿਆ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਰਾਂ ਅਤੇ ਮੋਟਰ ਸਾਈਕਲਾਂ ਦੇ ਵੱਡੇ ਕਾਫਲੇ ਦੀ ਅਗਵਾਈ ਕੀਤੀ।

ਉਨ੍ਹਾਂ ਬੀ.ਐਸ.ਐਫ. ਨੂੰ ਵਧੇਰੇ ਅਧਿਕਾਰ ਦੇਣ ਦੇ ਫੈਸਲੇ ਨੂੰ ਕੇਂਦਰ ਦੀ ਸੂਬੇ 'ਚ ਬੇਲੋੜੀ ਦਖਲਅੰਦਾਜੀ ਕਰਾਰ ਦਿੱਤਾ। ਸ. ਬਾਦਲ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਹੱਕਾਂ 'ਤੇ ਡਾਕਾ ਤੇ ਸੂਬੇ ਦੇ ਕੰਮਕਾਜ ਵਿਚ ਬੇਲੋੜੀ ਦਖਲਅੰਦਾਜੀ ਕਰਾਰ ਦਿੱਤਾ। ਉਨ੍ਹਾਂ ਕਿਹਾ,"ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਹੀ ਸੂਬਿਆਂ ਨੂੰ ਵੱਧ ਹੱਕਾਂ ਦਾ ਮੁੱਦਈ ਰਿਹਾ ਹੈ ਅਤੇ ਇਸ ਖਿਲਾਫ ਆਵਾਜ਼ ਵੀ ਬੁਲੰਦ ਕਰਦਾ ਰਿਹਾ ਹੈ। ਰੋਸ ਮਾਰਚ ਵਿਚ ਵੱਡੀ ਗਿਣਤੀ ਲੋਕਾਂ ਨੇ ਸ਼ਾਮਲ ਹੋ ਕੇ ਕੇਂਦਰ ਸਰਕਾਰ ਨੂੰ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਉਹ ਬੀ.ਐਸ.ਐਫ. ਦੇ ਅਧਿਕਾਰ ਖੇਤਰ ਨੂੰ 15 ਦੀ ਥਾਂ 50 ਕਿਲੋਮੀਟਰ ਕਰਨ ਦੇ ਫੈਸਲੇ ਨੂੰ ਬਰਦਾਸ਼ਤ ਨਹੀਂ ਕਰਨਗੇ।" ਉਨ੍ਹਾਂ ਕਿਹਾ ਕਿ ਸਰਹੱਦੀ ਲੋਕਾਂ ਵਿਚ ਇਸ ਫੈਸਲੇ ਪ੍ਰਤੀ ਰੋਸ ਹੈ।



'ਪੰਜਾਬੀਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਸੂਬੇ ਨੂੰ ਕੇਂਦਰ ਦੇ ਅਧੀਨ ਲਿਆਉਣ ਦੇ ਕਿਸੇ ਵੀ ਯਤਨ ਨੂੰ ਬਰਦਾਸ਼ਤ ਨਹੀਂ ਕਰਨਗੇ।' ਅਕਾਲੀ ਆਗੂ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ ਵਿਚ ਵਿਧਾਨ ਸਭਾ ਵਿਚ ਮਤਾ ਪਾਸ ਕਰਨ ਦੀ ਥਾਂ ਕਾਰਜਕਾਰੀ ਹੁਕਮ ਜਾਰੀ ਕਰੇ ਕਿ ਸੂਬਾ ਸਰਕਾਰ ਕੌਮਾਂਤਰੀ ਸਰਹੱਦ ਤੋਂ 15 ਕਿਲੋਮੀਟਰ ਤੋਂ ਬਾਅਦ ਦੇ ਖੇਤਰ ਵਿਚ ਕਿਸੇ ਵੀ ਤਰੀਕੇ ਬੀ.ਐਸ.ਐਫ. ਦਾ ਪੁਲਿਸ ਦੇ ਕੰਮਕਾਜ ਵਿਚ ਦਖਲ ਬਰਦਾਸ਼ਤ ਨਹੀਂ ਕਰੇਗੀ। 'ਇਹ ਸਖਤ ਫੈਸਲੇ ਲੈਣ ਦਾ ਸਮਾਂ ਹੈ। ਵਿਧਾਨ ਸਭਾ ਵਿਚ ਮਤੇ ਪਾਸ ਕਰਨ ਨਾਲ ਇਹ ਸੰਕਟ ਹੱਲ ਹੋਣ ਵਾਲਾ ਨਹੀਂ।'ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਲਿਆਉਣ ਅਤੇ ਅਧਿਕਾਰ ਖੇਤਰ ਵਧਾਉਣ ਦੇ ਫੈਸਲੇ ਨੂੰ ਉਨ੍ਹਾਂ ਤਾਨਾਸ਼ਾਹੀ ਰਵੱਈਆ ਕਰਾਰ ਦਿੱਤਾ। ਉਨ੍ਹਾਂ ਐਨ.ਆਰ.ਆਈ. ਦਰਸ਼ਨ ਸਿੰਘ ਧਾਲੀਵਾਲ, ਜਿਨ੍ਹਾਂ ਦਿੱਲੀ ਦੇ ਬਾਰਡਰਾਂ 'ਤੇ ਕਿਸਾਨ ਸੰਘਰਸ਼ ਦੌਰਾਨ ਲੰਗਰ ਲਗਾਇਆ ਸੀ, ਦਾ ਵੀਜ਼ਾ ਰੱਦ ਕਰਨ ਦੀ ਵੀ ਨਿਖੇਧੀ ਕੀਤੀ। ਸੁਖਬੀਰ ਸਿੰਘ ਬਾਦਲ ਖੁੱਲ੍ਹੀ ਜੀਪ ਵਿਚ ਸਵਾਰ ਹੋ ਕੇ ਰੋਸ ਮਾਰਚ ਦੀ ਅਗਵਾਈ ਕਰ ਰਹੇ ਸਨ।

## ਸਿਆਸਤ ਕਰ ਰਹੀਆਂ ਨੇ ਪਾਰਟੀਆਂ: ਭਾਜਪਾ

**ਅੰਮ੍ਰਿਤਸਰ:** ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਾਏ ਜਾਣ ਦੇ ਮੁੱਦੇ 'ਤੇ ਸਿਆਸੀ ਪਾਰਟੀਆਂ ਵੱਲੋਂ ਸਿਰਫ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਸਰਹੱਦਾਂ 'ਤੇ ਸੁਰੱਖਿਆ ਅਤੇ ਅੰਦਰੂਨੀ ਸੁਰੱਖਿਆ ਭਾਜਪਾ ਸਰਕਾਰ ਲਈ ਤਰਜੀਹੀ ਮੁੱਦਾ ਹੈ। ਉਨ੍ਹਾਂ ਕਾਂਗਰਸ ਸਰਕਾਰ ਵੱਲੋਂ ਇਸ ਮੁੱਦੇ 'ਤੇ ਸੱਦੇ ਵਿਸ਼ੇਸ਼ ਸੈਸ਼ਨ ਨੂੰ ਵੀ ਸਿਆਸਤ ਕਰਾਰ ਦਿੱਤਾ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਵੀਂ ਪਾਰਟੀ ਬਣਾ ਕੇ ਭਾਜਪਾ ਨਾਲ ਗੱਠਜੋੜ ਕਰਨ ਦੇ ਕੀਤੇ ਦਾਅਵੇ ਬਾਰੇ ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਪੰਜਾਬ ਵਿਚ ਸਾਰੇ 117 ਵਿਧਾਨ ਸਭਾ ਹਲਕਿਆਂ ਤੋਂ ਚੋਣ ਲੜੀ ਜਾਵੇਗੀ।

# ਭਾਰਤ ਵਿਚ ਕਿਸਾਨ ਖੁਦਕੁਸ਼ੀਆਂ ਦਾ ਰੁਝਾਨ ਵਧਿਆ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ ਦੇਸ਼ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਜਾਰੀ ਅੰਕੜਿਆਂ ਦੇ ਸੰਦਰਭ ਵਿਚ ਕਿਹਾ ਕਿ ਇਸ ਤੋਂ ਸਪੱਸ਼ਟ ਜ਼ਾਹਿਰ ਹੁੰਦਾ ਹੈ ਕਿ ਕਿਸਾਨਾਂ ਦੀ ਸਥਿਤੀ ਬਦਤਰ ਹੈ ਤੇ ਖੁਦਕੁਸ਼ੀਆਂ ਦੇ ਅੰਕੜੇ ਕਿਸਾਨਾਂ ਦੀ ਮਾੜੀ ਹਾਲਤ ਨੂੰ ਪੇਸ਼ ਕਰ ਰਹੇ ਹਨ। ਹਾਲਾਂਕਿ ਕੁਝ ਰਾਜਾਂ ਵਿਚ ਇਨ੍ਹਾਂ ਖੁਦਕੁਸ਼ੀਆਂ ਦੇ ਅੰਕੜਿਆਂ ਪ੍ਰਤੀ ਸ਼ੰਕੇ ਹਨ ਜਿਥੇ 'ਸਿਫਰ' ਕਿਸਾਨ ਖੁਦਕੁਸ਼ੀ ਦਰਸਾਈ ਜਾ ਰਹੀ ਹੈ।

2020 ਲਈ ਭਾਰਤ ਵਿਚ ਦੁਰਘਟਨਾਵਾਂ ਅਤੇ ਖੁਦਕੁਸ਼ੀਆਂ ਬਾਰੇ ਐਨ.ਸੀ.ਆਰ.ਬੀ. ਦੀ ਸਾਲਾਨਾ ਰਿਪੋਰਟ ਦੇ ਅਨੁਸਾਰ 10,677 ਵਿਚੋਂ 5579 ਖੁਦਕੁਸ਼ੀਆਂ ਕਾਸ਼ਤਕਾਰਾਂ ਦੀਆਂ ਹਨ ਤੇ 5098 ਖੇਤੀ ਮਜ਼ਦੂਰਾਂ ਦੀਆਂ ਹਨ। ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਇਹ ਸਭ ਤੋਂ ਵੱਧ ਹਨ। ਕਿਸਾਨ ਖੁਦਕੁਸ਼ੀਆਂ ਦੀ ਗਿਣਤੀ, ਜੋ ਕਿ 2020 'ਚ ਦੇਸ਼ ਵਿਚ ਕੁੱਲ ਖੁਦਕੁਸ਼ੀਆਂ ਦਾ 7 ਪ੍ਰਤੀਸ਼ਤ ਹੈ, 2020 ਵਿਚ 2019 ਦੇ ਮੁਕਾਬਲੇ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ 'ਚ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। ਮੋਰਚੇ ਨੇ ਕਿਹਾ ਕਿ ਸਾਰੀਆਂ ਕਿਸਾਨ ਖੁਦਕੁਸ਼ੀਆਂ ਦੀ ਅਸਲ ਤਸਵੀਰ ਨੂੰ ਲੁਕੋਣ ਲਈ ਅਜਿਹਾ ਕੀਤਾ ਗਿਆ ਹੈ। ਉਨ੍ਹਾਂ



ਕਿਹਾ ਕਿ ਇਸ ਗੱਲ ਤੋਂ ਮੁੱਕਰਿਆਂ ਨਹੀਂ ਜਾ ਸਕਦਾ ਕਿ ਦੇਸ਼ ਵਿਚ ਕਿਸਾਨ ਜਿਸ ਗੰਭੀਰ ਸੰਕਟ 'ਚੋਂ ਗੁਜ਼ਰ ਰਹੇ ਹਨ, ਲੌਕਡਾਊਨ ਕਾਰਨ ਪੈਦਾ ਹੋਈਆਂ ਮੁਸੀਬਤਾਂ ਨੇ ਉਸ ਵਿਚ ਹੋਰ ਵਾਧਾ ਕੀਤਾ ਹੈ। ਮੋਰਚੇ ਨੇ ਕਿਹਾ ਕਿ ਭਾਰਤ ਸਰਕਾਰ ਕਿਸਾਨਾਂ ਦੀ ਸਥਿਤੀ ਨੂੰ ਹੋਰ ਵਿਗਾੜਨ ਵਾਲੇ ਕਾਰਪੋਰੇਟ ਪੱਖੀ ਕਾਨੂੰਨ ਨਾ ਲਿਆਏ ਤੇ ਉਨ੍ਹਾਂ ਨੂੰ ਤੁਰਤ ਰੱਦ ਕਰੇ। ਕਿਸਾਨ ਮੋਰਚੇ ਨੇ ਮੰਗ ਕੀਤੀ ਕਿ ਭਾਰਤ ਸਰਕਾਰ ਨੂੰ ਤੁਰਤ ਸਾਰੇ ਕਿਸਾਨਾਂ ਤੇ ਸਾਰੀਆਂ ਖੇਤੀ ਉਪਜਾਂ ਲਈ ਐਮ.ਐਸ.ਪੀ. ਗਾਰੰਟੀ ਕਾਨੂੰਨ ਲਾਗੂ ਕਰਨਾ ਚਾਹੀਦਾ ਹੈ।

ਖੇਤੀਬਾੜੀ ਵਿਚ ਲਾਗਤਾਂ ਨੂੰ ਘਟਾਉਣ ਤੇ ਬਾਹਰੀ ਇਨਪੁੱਟ ਨਿਰਭਰਤਾ, ਕੁਦਰਤੀ ਆਫਤਾਂ ਖਾਸ ਤੌਰ 'ਤੇ ਜਲਵਾਯੂ ਤਬਦੀਲੀ ਦੇ ਯੁੱਗ ਵਿਚ, ਖੇਤੀਬਾੜੀ ਵਿਚ ਅਸਲ ਕਾਸ਼ਤਕਾਰਾਂ ਦੀ ਸਹਾਇਤਾ ਆਦਿ ਸਮੇਤ ਜੋਖਮਾਂ ਨੂੰ ਘਟਾਉਣ ਨਾਲ ਸਬੰਧਤ ਕਈ ਹੋਰ ਲੰਬੇ ਸਮੇਂ ਤੋਂ ਲਟਕ ਰਹੇ ਮੁੱਦਿਆਂ ਨੂੰ ਸਰਕਾਰ ਗੰਭੀਰਤਾ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰੇ ਤਾਂ ਹੀ ਖੇਤੀ ਬਚੇਗੀ। ਮੋਰਚੇ ਨੇ ਕਿਹਾ ਕਿ ਭਾਰਤ ਸਰਕਾਰ ਦੇ ਕੌਮੀ ਅਪਰਾਧ ਰਿਕਾਰਡ ਬਿਊਰੋ ਨੇ 2020 ਵਿਚ ਕਿਸਾਨ ਖੁਦਕੁਸ਼ੀਆਂ ਦੀ ਸਾਲਾਨਾ ਗਿਣਤੀ 10,677 ਦੱਸੀ ਹੈ।

## 'ਆਪ' ਸਰਕਾਰ ਰੋਕੇਗੀ ਕਿਸਾਨ ਖੁਦਕੁਸ਼ੀਆਂ: ਕੇਜਰੀਵਾਲ

**ਮਾਨਸਾ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਅਤੇ ਕਿਰਤੀਆਂ ਨੂੰ ਅਪੀਲ ਕੀਤੀ ਕਿ ਉਹ ਗੁਲਾਬੀ ਸੁੰਡੀ, ਮੀਂਹ-ਝੱਖੜ ਅਤੇ ਗੜਿਆਂ ਨਾਲ ਬਰਬਾਦ ਹੋਈਆਂ ਫਸਲਾਂ ਕਾਰਨ ਨਿਰਾਸ਼ ਹੋ ਕੇ ਖੁਦਕੁਸ਼ੀ ਵਰਗਾ ਕਦਮ ਨਾ ਚੁੱਕਣ। ਕੇਜਰੀਵਾਲ ਨੇ ਭਰੋਸਾ ਦਿੱਤਾ ਕਿ ਜੇਕਰ ਪੰਜਾਬ ਦੀ ਮੌਜੂਦਾ ਚੰਨੀ ਸਰਕਾਰ ਲਾਗਤ ਖਰਚਿਆਂ ਅਨੁਸਾਰ ਢੁਕਵਾਂ ਮੁਆਵਜ਼ਾ ਦੇਣ 'ਚ ਅਸਫਲ ਰਹਿੰਦੀ ਹੈ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ 30 ਅਪਰੈਲ 2022 ਤੱਕ ਬਣਦਾ ਮੁਆਵਜ਼ਾ ਦੇਵੇਗੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਹਿਲੀ ਅਪਰੈਲ 2022 ਤੋਂ ਬਾਅਦ ਪੰਜਾਬ ਦੇ ਕਿਸਾਨ-ਕਿਰਤੀ ਅਤੇ ਮਜ਼ਦੂਰ ਫਸਲਾਂ ਦੇ ਖਰਾਬੇ ਕਾਰਨ ਖੁਦਕੁਸ਼ੀ ਕਰਨ ਲਈ ਮਜਬੂਰ ਨਹੀਂ ਹੋਣਗੇ।

## ਫਸਲਾਂ ਦਾ ਬਹੁਤਾ ਨੁਕਸਾਨ ਨਹੀਂ ਹੋਇਆ: ਮੋਦੀ ਸਰਕਾਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (ਪੀ.ਐਮ.ਐਫ.ਬੀ.ਵਾਈ.) ਤਹਿਤ 2020-21 ਫਸਲੀ ਸਾਲ ਵਿਚ ਕਿਸਾਨਾਂ ਦੇ ਫਸਲੀ ਬੀਮੇ ਦੇ ਦਾਅਵੇ ਪਿਛਲੇ ਸਾਲ ਦੇ ਮੁਕਾਬਲੇ 60 ਫੀਸਦੀ ਘੱਟ ਕੇ 9,570 ਕਰੋੜ ਰੁਪਏ ਰਹਿ ਗਏ। ਇਹ ਜਾਣਕਾਰੀ ਅਧਿਕਾਰਤ ਅੰਕੜਿਆਂ ਤੋਂ ਮਿਲੀ ਹੈ। ਅਜਿਹਾ ਇਸ ਲਈ ਕਿਉਂਕਿ ਸਾਲ ਦੌਰਾਨ ਪ੍ਰਮੁੱਖ ਫਸਲਾਂ ਦਾ ਕੋਈ ਵੱਡਾ ਨੁਕਸਾਨ ਨਹੀਂ ਹੋਇਆ। ਹਾਲਾਂਕਿ ਫਸਲੀ ਸਾਲਾਂ 2020-21 ਅਤੇ 2019-20 ਲਈ ਸਰਕਾਰ ਨੇ ਜ਼ਿਆਦਾਤਰ ਫਸਲ ਬੀਮਾ ਦਾਅਵਿਆਂ ਦਾ ਨਿਬੇੜਾ ਕਰ ਦਿੱਤਾ ਹੈ। ਫਸਲੀ ਬੀਮੇ ਦੇ ਦਾਅਵੇ 2019-20 ਫਸਲੀ ਸਾਲ ਵਿਚ 27,398 ਕਰੋੜ ਰੁਪਏ ਸਨ।

ਕਿਸਾਨ ਖੁਦਕੁਸ਼ੀਆਂ ਦੇ ਅੰਕੜਿਆਂ ਦੀ ਭਰੋਸੇਯੋਗਤਾ ਬਾਰੇ ਕਈ ਸਵਾਲ ਉਠੇ ਹਨ। ਐਨ.ਸੀ.ਆਰ.ਬੀ. ਦੀਆਂ ਰਿਪੋਰਟਾਂ 'ਚ ਅਤੇ 2016 ਤੋਂ ਕਿਸਾਨ ਖੁਦਕੁਸ਼ੀਆਂ 'ਚ ਗਿਰਾਵਟ ਰਿਪੋਰਟ ਕਰਨ ਦਾ ਇਕ ਰੁਝਾਨ ਰਿਹਾ ਹੈ। ਇਨ੍ਹਾਂ ਰਿਪੋਰਟਾਂ 'ਚ ਜ਼ੀਰੋ ਕਿਸਾਨ ਖੁਦਕੁਸ਼ੀਆਂ ਦੀ ਰਿਪੋਰਟ ਕਰਨ ਵਾਲੇ ਕਈ ਰਾਜਾਂ ਦੀ ਵਿਸੰਗਤਾ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ।

# ਪੁਲਿਸ ਨੇ ਕਿਸਾਨ ਮੋਰਚਿਆਂ ਅੱਗੇ ਲਾਈਆਂ ਰੋਕਾਂ ਹਟਾਈਆਂ



**ਨਵੀਂ ਦਿੱਲੀ:** ਅੰਦੋਲਨਕਾਰੀ ਕਿਸਾਨਾਂ ਨੂੰ ਦਿੱਲੀ 'ਚ ਦਾਖਲ ਹੋਣ ਤੋਂ ਰੋਕਣ ਲਈ ਟਿਕਰੀ ਅਤੇ ਗਾਜੀਪੁਰ 'ਚ ਲਾਏ ਗਏ ਬੈਰੀਕੇਡਾਂ ਨੂੰ ਦਿੱਲੀ ਪੁਲਿਸ ਨੇ 11 ਮਹੀਨਿਆਂ ਮਗਰੋਂ ਹਟਾ ਲਿਆ ਹੈ। ਟਿਕਰੀ ਮੈਟਰੋ ਸਟੇਸ਼ਨ ਹੇਠਾਂ ਦਿੱਲੀ ਪੁਲਿਸ ਨੇ ਬਹਾਦਰਗੜ੍ਹ ਨੂੰ ਜਾਂਦੀ ਸੜਕ ਉਪਰ 5 ਫੁੱਟ ਦਾ ਰਾਹ ਦੋਪਹੀਆ ਵਾਹਨਾਂ, ਰਾਹਗੀਰਾਂ ਅਤੇ ਐਂਬੂਲੈਂਸਾਂ ਲਈ ਸ਼ੁਰੂ ਕਰ ਦਿੱਤਾ ਹੈ। ਕਿਸਾਨ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਬੈਠਕ ਦੌਰਾਨ ਇਹ ਰਾਹ ਖੋਲ੍ਹਣ ਉਪਰ ਸਹਿਮਤੀ ਬਣੀ। ਉਧਰ ਗਾਜ਼ੀਪੁਰ ਬਾਰਡਰ 'ਤੇ ਵੀ ਦਿੱਲੀ ਪੁਲਿਸ ਨੇ ਐਂਬੂਲੈਂਸਾਂ ਲਈ ਰਾਹ ਦੇਣ ਦਾ ਪ੍ਰਬੰਧ ਕੀਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੂਰਾ ਰਾਹ ਉਦੋਂ ਹੀ ਖੋਲ੍ਹਣ ਦਿੱਤਾ ਜਾਵੇਗਾ ਜਦੋਂ ਕੇਂਦਰ ਸਰਕਾਰ ਉਨ੍ਹਾਂ ਨਾਲ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਬਾਰੇ ਮੁੜ ਗੱਲਬਾਤ ਸ਼ੁਰੂ ਕਰੇਗੀ। ਇਸ ਦੌਰਾਨ ਸਿੰਘੂ, ਗਾਜ਼ੀਪੁਰ ਅਤੇ ਟਿਕਰੀ ਮੋਰਚਿਆਂ 'ਤੇ ਕਿਸਾਨਾਂ ਨੇ ਰਾਤ ਨੂੰ ਚੌਕਸੀ ਵਧਾ ਦਿੱਤੀ ਹੈ।

ਦਿੱਲੀ ਪੁਲਿਸ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ ਬੈਠਕ 'ਚ ਫੈਸਲਾ ਲਿਆ ਗਿਆ ਕਿ ਰਾਹ ਸਵੇਰੇ 7 ਤੋਂ ਸ਼ਾਮ 8 ਵਜੇ ਤੱਕ ਰੋਜ਼ਾਨਾ ਖੁੱਲ੍ਹਾ ਰਹੇਗਾ। ਰਾਤ ਨੂੰ ਸਿਰਫ ਐਂਬੂਲੈਂਸ ਹੀ ਜਾ ਸਕੇਗੀ ਅਤੇ ਕਿਸਾਨ ਅਜਿਹੇ ਕਿਸੇ ਐਮਰਜੈਂਸੀ ਵਾਹਨ ਨੂੰ ਨਹੀਂ ਰੋਕਣਗੇ ਜਿਸ ਵਿਚ ਮਰੀਜ਼ ਹੋਵੇਗਾ। ਕਿਸਾਨ ਆਗੂ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਢਾਈ-ਢਾਈ ਫੁੱਟ ਦੇ ਦੋ ਰਾਹ ਆਉਣ-ਜਾਣ ਲਈ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਪੂਰਾ ਰਾਹ ਖੋਲ੍ਹਣ ਦੀ ਆਗਿਆ ਨਹੀਂ ਹੋਵੇਗੀ ਕਿਉਂਕਿ ਲਖੀਮਪੁਰ ਖੀਰੀ ਵਾਲੀ ਘਟਨਾ ਮੁੜ ਵਾਪਰ ਸਕਦੀ ਹੈ। ਸ੍ਰੀ ਬੁਰਜਗਿੱਲ ਨੇ ਕਿਹਾ ਕਿ ਹੁਣ ਕਿਸਾਨਾਂ ਨੇ ਸੜਕਾਂ ਉਪਰ ਆਰਜ਼ੀ ਤੰਬੂ ਗੱਡ ਕੇ ਮੋਰਚੇ ਲਾਏ ਹੋਏ ਹਨ ਅਤੇ ਸ਼ਰਾਰਤੀ ਅਨਸਰਾਂ ਤੋਂ ਚੌਕਸ ਰਹਿਣਾ ਵੀ ਸਮੇਂ ਦੀ ਲੋੜ ਹੈ। ਇਕ ਹੋਰ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਵੱਡੀਆਂ ਗੱਡੀਆਂ ਲਈ ਰਾਹ ਅਜੇ ਨਹੀਂ ਖੋਲ੍ਹਣ ਦਿੱਤਾ ਜਾਵੇਗਾ ਕਿਉਂਕਿ ਹਾਦਸਾ ਹੋਣ ਦਾ ਡਰ ਵੀ ਹੈ।

ਉਨ੍ਹਾਂ ਕਿਹਾ ਕਿ ਦਿੱਲੀ-ਬਹਾਦਰਗੜ੍ਹ ਮਾਰਗ ਉਪਰ ਸਰਵਿਸ ਲੇਨ ਨਾ ਹੋਣ ਕਰਕੇ ਵਾਹਨਾਂ ਤੋਂ ਕਿਸਾਨਾਂ ਨੂੰ ਖਤਰਾ ਹੋ ਸਕਦਾ ਹੈ। ਡੀ.ਸੀ.ਪੀ. (ਬਾਹਰੀ ਦਿੱਲੀ) ਪਰਵਿੰਦਰ ਸਿੰਘ ਨੇ ਕਿਹਾ ਕਿ ਕਿਸਾਨ ਆਗੂਆਂ ਨਾਲ ਦੋ ਗੇੜ ਦੀ ਵਾਰਤਾ ਮਗਰੋਂ ਰਾਹ ਖੋਲ੍ਹਣ ਉਪਰ ਸਹਿਮਤੀ ਬਣੀ ਹੈ। ਉਨ੍ਹਾਂ ਕਿਹਾ ਕਿ ਸੀਮਿੰਟ ਦੇ ਭਾਰੀ ਬਲਾਕ ਹਟਾ ਦਿੱਤੇ ਗਏ ਹਨ ਅਤੇ ਕਿਸਾਨ ਆਗੂਆਂ ਨੇ ਭਾਰੀ ਵਾਹਨ ਨਾ ਚਲਾਉਣ ਲਈ ਕਿਹਾ ਹੈ ਕਿਉਂਕਿ ਹਾਦਸਾ ਹੋਣ ਦੀ ਸੂਰਤ ਵਿਚ ਅਮਨ-ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ। ਉਧਰ, ਗਾਜ਼ੀਪੁਰ ਮੋਰਚੇ ਦੇ ਬੁਲਾਰੇ ਜਗਤਾਰ ਸਿੰਘ ਬਾਜਵਾ ਨੇ ਕਿਹਾ ਕਿ ਉਥੋਂ ਪੁਲਿਸ ਨੇ ਭਾਰੀ ਰੋਕਾਂ ਹਟਾ ਦਿੱਤੀਆਂ ਹਨ ਅਤੇ ਆਰਜ਼ੀ ਬੈਰੀਕੇਡ ਲਾਏ ਹੋਏ ਹਨ ਜਿਨ੍ਹਾਂ ਵਿਚੋਂ ਐਂਬੂਲੈਂਸ ਲੰਘ ਸਕਦੀ ਹੈ। ਦਿੱਲੀ-ਮੇਰਠ ਐਕਸਪ੍ਰੈੱਸਵੇਅ ਅਤੇ ਯੂਪੀ ਵੱਲ ਇਸ ਕੌਮੀ ਮਾਰਗ ਤੋਂ ਪਹਿਲਾਂ ਹੀ ਆਵਾਜਾਈ ਜਾਰੀ ਸੀ। ਉਨ੍ਹਾਂ ਮੋਰਚਾ ਖਾਲੀ ਕਰਵਾਉਣ ਵਰਗੀਆਂ ਅਫਵਾਹਾਂ ਦਾ ਖੰਡਨ ਕਰਦਿਆਂ ਕਿਸਾਨਾਂ ਨੂੰ ਸੁਚੇਤ ਕੀਤਾ ਕਿ ਉਹ ਸੱਤਾਧਾਰੀਆਂ ਦੀਆਂ ਹਰਕਤਾਂ ਤੋਂ ਸੁਚੇਤ ਰਹਿਣ।

## ਮੰਗਾਂ ਮੰਨੇ ਜਾਣ ਤੱਕ ਅੰਦੋਲਨ ਜਾਰੀ ਰਹੇਗਾ: ਟਿਕੈਤ

**ਨਵੀਂ ਦਿੱਲੀ:** ਬੀ.ਕੇ.ਯੂ. ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਤਿੰਨੋਂ ਖੇਤੀ ਕਾਨੂੰਨ ਰੱਦ ਕੀਤੇ ਜਾਣ ਅਤੇ ਕਿਸਾਨਾਂ ਦੀਆਂ ਹੋਰ ਮੰਗਾਂ ਮੰਨੇ ਜਾਣ ਤੱਕ ਅੰਦੋਲਨ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਅੰਦਰ ਦਾਖਲ ਹੋਣ ਤੋਂ ਰੋਕਣ ਲਈ ਹੀ ਸਰਕਾਰ ਨੇ ਖੁਦ ਰਸਤੇ ਬੰਦ ਕੀਤੇ ਸਨ। ਉਨ੍ਹਾਂ ਕਿਹਾ, ''ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਦੇ ਭਵਿੱਖ ਬਾਰੇ ਫੈਸਲਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤਾ ਜਾਵੇਗਾ, ਜੋ ਇਸ ਪੂਰੇ ਅੰਦੋਲਨ ਦੀ ਮੂਹਰੇ ਹੋ ਕੇ ਅਗਵਾਈ ਕਰ ਰਿਹਾ ਹੈ।'' ਉਨ੍ਹਾਂ ਕਿਹਾ ਕਿ ਅੰਦੋਲਨ ਦੀ ਅਗਲੀ ਰੂਪ-ਰੇਖਾ ਛੇਤੀ ਹੀ ਘੜੀ ਜਾਵੇਗੀ।

## ਬੈਰੀਕੇਡਾਂ ਵਾਂਗ ਤਿੰਨ ਖੇਤੀ ਕਾਨੂੰਨ ਵੀ ਵਾਪਸ ਲੈਣੇ ਪੈਣਗੇ: ਰਾਹੁਲ

**ਨਵੀਂ ਦਿੱਲੀ:** ਦਿੱਲੀ ਪੁਲਿਸ ਵੱਲੋਂ ਟਿਕਰੀ ਤੇ ਹੁਣ ਦਿੱਲੀ-ਯੂਪੀ ਸਰਹੱਦ 'ਤੇ ਗਾਜੀਪੁਰ ਵਿਚ ਕਿਸਾਨਾਂ ਦੇ ਧਰਨੇ ਵਾਲੀ ਥਾਂ ਤੋਂ ਬੈਰੀਕੇਡਿੰਗ (ਰੋਕਾਂ) ਚੁੱਕੇ ਜਾਣ ਮਗਰੋਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਤਿੰਨ 'ਖੇਤੀ ਵਿਰੋਧੀ' ਖੇਤੀ ਕਾਨੂੰਨ ਵੀ ਜਲਦੀ ਹੀ ਵਾਪਸ ਲੈਣਗੇ ਪੈਣਗੇ। ਸਾਬਕਾ ਕਾਂਗਰਸ ਪ੍ਰਧਾਨ ਨੇ ਹਿੰਦੀ ਵਿਚ ਕੀਤੇ ਟਵੀਟ 'ਚ ਕਿਹਾ, "ਹੁਣ ਤੱਕ ਸਿਰਫ ਬਣਾਵਟੀ ਰੋਕਾਂ ਹੀ ਹਟਾਈਆਂ ਗਈਆਂ ਹਨ, ਜਲਦੀ ਹੀ ਤਿੰਨੋਂ ਖੇਤੀ ਵਿਰੋਧੀ ਕਾਨੂੰਨ ਵੀ ਵਾਪਸ ਲੈਣੇ ਪੈਣਗੇ। ਅੰਨਦਾਤਾ ਸੱਤਿਆਗ੍ਰਹਿ ਜ਼ਿੰਦਾਬਾਦ!"

# ਕੇਂਦਰ ਦੇ ਫੈਸਲਿਆਂ ਖਿਲਾਫ ਡਟੀ ਪੰਜਾਬ ਸਰਕਾਰ



**ਲੁਧਿਆਣਾ:** ਸਨਅਤੀ ਸ਼ਹਿਰ ਲੁਧਿਆਣਾ ਵਿਚ ਪਹਿਲੀ ਵਾਰ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਹੈ ਕਿ ਕੌਮਾਂਤਰੀ ਸਰਹੱਦ 'ਤੇ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦਾ ਅਧਿਕਾਰ ਖੇਤਰ 15 ਤੋਂ ਵਧਾ ਕੇ 50 ਕਿਲੋਮੀਟਰ ਕੀਤੇ ਜਾਣ ਦੇ ਕੇਂਦਰੀ ਫੈਸਲੇ ਖਿਲਾਫ ਅਤੇ ਤਿੰਨੇ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਵਿਧਾਨ ਸਭਾ ਦਾ 8 ਨਵੰਬਰ ਨੂੰ ਵਿਸ਼ੇਸ਼ ਇਜਲਾਸ ਸੱਦਿਆ ਜਾਵੇਗਾ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਪੱਸ਼ਟ ਕੀਤਾ ਕਿ ਪਿਛਲੇ ਸਮੇਂ ਦੌਰਾਨ ਖੇਤੀ ਦੇ ਤਿੰਨ ਕਾਲੇ ਕਾਨੂੰਨਾਂ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਰੱਦ ਨਹੀਂ ਕੀਤਾ ਗਿਆ ਸੀ, ਜਿਨ੍ਹਾਂ ਨੂੰ ਹੁਣ ਰੱਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਬੀ.ਐਸ.ਐਫ. ਨੂੰ ਵਧੇਰੇ ਅਧਿਕਾਰ ਦੇਣ ਦਾ ਫੈਸਲਾ ਵਾਪਸ ਨਾ ਲਿਆ ਤਾਂ ਪੰਜਾਬ ਸਰਕਾਰ ਸੁਪਰੀਮ ਕੋਰਟ ਵੀ ਜਾਵੇਗੀ। ਸਰਕਟ ਹਾਊਸ ਵਿਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਸੂਬੇ ਵਿਚੋਂ ਇੰਸਪੈਕਟਰੀ ਰਾਜ ਬਿਲਕੁਲ ਖਤਮ ਕਰਕੇ ਰਹਿਣਗੇ। ਕੈਬਨਿਟ ਨੇ ਸ਼ਾਸਕੀ ਸੁਧਾਰ ਅਤੇ ਜਨਤਕ ਸ਼ਿਕਾਇਤ ਵਿਭਾਗ ਵੱਲੋਂ ਤਿਆਰ ਐਂਟੀ ਰੈੱਡ ਟੇਪ ਨੇਮ, 2021 ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਐਕਟ ਸਾਰੇ ਵਿਭਾਗਾਂ ਤੇ ਉਨ੍ਹਾਂ ਨਾਲ ਜੁੜੀਆਂ ਇਕਾਈਆਂ 'ਤੇ ਲਾਗੂ ਹੋਵੇਗਾ। ਇਸ ਐਕਟ ਦੇ ਲਾਗੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ 50 ਫੀਸਦੀ ਬੋਝ ਘਟਾਉਣ ਲਈ ਅਮਲ ਨੂੰ ਸੁਖਾਲਾ ਬਣਾਉਣਾ ਲਾਜ਼ਮੀ ਕੀਤਾ ਗਿਆ ਹੈ। ਦੂਜਾ ਵੱਡਾ ਐਲਾਨ ਕਰਦੇ ਹੋਏ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਪੰਜਾਬ ਦੇ 48 ਹਜ਼ਾਰ ਵੈਟ ਦੇ ਝਗੜਿਆਂ ਵਿਚੋਂ 40 ਹਜ਼ਾਰ ਕੇਸਾਂ ਨੂੰ ਬਿਲਕੁਲ ਖਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ 8 ਹਜ਼ਾਰ ਕੇਸਾਂ 'ਚ ਵੀ ਰਾਹਤ ਦਿੱਤੀ ਗਈ ਹੈ ਕਿ ਉਹ ਦੋ ਵਾਰ ਕਿਸ਼ਤਾਂ ਵਿਚ ਆਪਣੇ ਬਕਾਇਆ ਪੈਸੇ ਦੇ ਸਕਦੇ ਹਨ। ਕਾਰੋਬਾਰੀ ਇਨ੍ਹਾਂ ਵਿਚੋਂ 20 ਫੀਸਦੀ ਮੌਜੂਦਾ ਵਿੱਤੀ ਵਰ੍ਹੇ ਜਦਕਿ ਬਾਕੀ 80 ਫੀਸਦੀ ਰਕਮ ਆਉਣ ਵਾਲੇ ਵਿੱਤ ਵਰ੍ਹੇ ਵਿਚ ਦੇ ਸਕਦੇ ਹਨ।

# ਮਾੜੇ ਖਰੀਦ ਪ੍ਰਬੰਧ: ਸੰਘਰਸ਼ੀ ਅਖਾੜਿਆਂ ਤੋਂ ਸਰਕਾਰ ਨੂੰ ਚਿਤਾਵਨੀ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਪੰਜਾਬ ਵਿਚ ਚੱਲ ਰਹੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨ ਬੁਲਾਰਿਆਂ ਨੇ ਪੰਜਾਬ ਸਰਕਾਰ ਚਿਤਾਵਨੀ ਦਿੱਤੀ ਹੈ ਕਿ ਪੰਜਾਬ ਵਿਚ ਝੋਨੇ ਦੀ ਖਰੀਦ ਵਿਚ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਦੂਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਵਿਚ ਕਿਸਾਨ ਖੁਆਰ ਹੋ ਰਹੇ ਹਨ, ਵੇਲੇ ਸਿਰ ਭੁਗਤਾਨ ਨਹੀਂ ਕੀਤਾ ਜਾ ਰਿਹਾ ਤੇ ਵਿਕੀ ਹੋਈ ਫਸਲ ਮੰਡੀਆਂ ਵਿਚੋਂ ਚੁੱਕੀ ਨਹੀਂ ਜਾ ਰਹੀ।

ਆਗੂਆਂ ਨੇ ਭਾਜਪਾ ਨੂੰ 'ਕਾਰਪੋਰੇਟ ਭਗਤ' ਬਣਨ ਦੀ ਥਾਂ ਲੋਕ ਭਾਵਨਾਵਾਂ ਸਮਝਣ ਦੀ ਨਸੀਹਤ ਵੀ ਦਿੱਤੀ ਹੈ। ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਦੇ ਬਾਹਰ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਜਾਰੀ ਹਨ, ਜਿਥੇ ਬੁਲਾਰਿਆਂ ਵੱਲੋਂ ਦਿੱਲੀ ਵਿਚ ਸ਼ਹੀਦ ਹੋਈਆਂ ਤਿੰਨ ਮਹਿਲਾ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕਿਸਾਨ ਆਗੂਆਂ ਨੇ ਕਿਹਾ ਕਿ ਇਨ੍ਹਾਂ ਬੀਬੀਆਂ ਦੀ ਕੁਰਬਾਨੀ ਨੂੰ ਸਮੁੱਚਾ ਅੰਦੋਲਨ ਸਿਜਦਾ ਕਰਦਾ ਹੈ।

ਹਾਕਮਾਂ ਦੀਆਂ ਸਾਜ਼ਿਸ਼ਾਂ ਫੇਲ੍ਹ ਕਰਨ ਦਾ ਸੱਦਾ ਦਿੰਦਿਆਂ ਆਗੂਆਂ ਨੇ ਕਿਹਾ ਕਿ ਕਿਸਾਨੀ ਦੇ ਕਿਸੇ ਵੀ ਤਰ੍ਹਾਂ ਦੇ ਰੁਝੇਵੇਂ ਖੇਤੀ ਕਾਨੂੰਨਾਂ ਵਿਰੁੱਧ ਵਿੱਢੇ ਸੰਘਰਸ਼ ਨੂੰ ਮੱਠਾ ਨਹੀਂ ਪੈਣ ਦੇਣਗੇ ਅਤੇ ਸੰਘਰਸ਼ ਹੋਰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਖਤਿਆਰ ਨਾਦਰਸ਼ਾਹੀ ਰਵੱਈਆ ਕਿਸਾਨੀ ਰੋਹ ਨੂੰ ਵਧਾ ਰਿਹਾ ਹੈ। ਭਾਜਪਾ ਆਗੂਆਂ ਨੂੰ ਕਾਰਪੋਰੇਟ ਦੇ ਅੰਨ੍ਹੇ ਭਗਤ ਬਣਨ ਦੀ ਥਾਂ ਕਿਸਾਨੀ ਹਿਤਾਂ ਦੀ ਗੱਲ ਕਰਨ ਦੀ ਨਸੀਹਤ ਦਿੰਦਿਆਂ ਬੁਲਾਰਿਆਂ ਨੇ ਕਿਹਾ ਕਿ ਆਉਂਦੇ ਦਿਨਾਂ ਦੌਰਾਨ ਭਾਜਪਾ ਅਤੇ ਕਾਨੂੰਨ ਦੀ ਹਮਾਇਤ ਕਰਨ ਵਾਲੀਆਂ ਸਿਆਸੀ ਧਿਰਾਂ ਦਾ ਡਟਵਾਂ ਵਿਰੋਧ ਪਹਿਲਾਂ ਨਾਲੋਂ ਵੀ ਤਿੱਖਾ ਕੀਤਾ ਜਾਵੇਗਾ। ਉਨ੍ਹਾਂ ਨੇ ਭਾਜਪਾ ਨੇਤਾਵਾਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਖੇਤੀ ਕਾਨੂੰਨ ਵਾਪਸ ਨਾ ਲਏ ਤਾਂ ਕਿਸਾਨਾਂ ਵੱਲੋਂ ਸ਼ਾਂਤਮਈ ਵਿਰੋਧ ਜਾਰੀ ਰਹੇਗਾ ਤੇ ਭਾਜਪਾ ਨੂੰ ਇਸ ਦਾ ਸਿਆਸੀ ਹਰਜਾ ਭਰਨਾ ਪਵੇਗਾ।

## ਚੰਨੀ ਨੇ ਰਾਜੇਵਾਲ ਤੋਂ ਮੰਗੇ ਸੁਝਾਅ

**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਚੰਨੀ ਨੇ ਸੰਯੁਕਤ ਕਿਸਾਨ ਮੋਰਚਾ ਦੇ ਸੀਨੀਅਰ ਆਗੂ ਬਲਬੀਰ ਸਿੰਘ ਰਾਜੇਵਾਲ ਨਾਲ ਫੋਨ 'ਤੇ ਗੱਲਬਾਤ ਕੀਤੀ। ਕਿਸਾਨ ਧਿਰਾਂ ਨਾਲ ਮੀਟਿੰਗ ਦੌਰਾਨ ਹੀ ਚੰਨੀ ਨੇ ਰਾਜੇਵਾਲ ਨੂੰ ਫੋਨ 'ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਕਾਲੇ ਖੇਤੀ ਕਾਨੂੰਨ ਰੱਦ ਕੀਤੇ ਜਾ ਰਹੇ ਹਨ ਅਤੇ ਚੰਨੀ ਨੇ ਇਸ ਬਾਰੇ ਰਾਜੇਵਾਲ ਤੋਂ ਮਸ਼ਵਰਾ ਮੰਗਿਆ।

ਪੰਜਾਬ ਟਾਈਮਜ਼

*ਸਨਿਚਰਵਾਰ, 6 ਨਵੰਬਰ 2021*

## ਮੋਦੀ ਸਿਆਸਤ ਨੂੰ ਮੋੜਾ!

ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਵੱਡੀ ਪਛਾੜ ਝੱਲਣੀ ਪਈ ਹੈ। ਇਹ ਪਾਰਟੀ ਸਿਰਫ ਉਤਰ-ਪੂਰਬੀ ਇਲਾਕਿਆਂ ਵਿਚ ਹੀ ਆਪਣਾ ਅਸਰ ਰਸੂਖ ਦਿਖਾ ਸਕੀ ਹੈ, ਬਾਕੀ ਥਾਵਾਂ 'ਤੇ ਇਸ ਨੂੰ ਤਕੜੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਨ੍ਹਾਂ ਚੋਣ ਨਤੀਜਿਆਂ ਨਾਲ ਭਾਰਤ ਦੇ ਸਿਆਸੀ ਪਿੜ ਵਿਚ ਹਲਚਲ ਹੋਈ ਹੈ ਅਤੇ ਆਉਣ ਵਾਲੇ ਦਿਨਾਂ ਦੌਰਾਨ ਵਿਚ ਇਹ ਮੈਦਾਨ ਹੋਰ ਮਘਣ ਦੇ ਆਸਾਰ ਬਣ ਗਏ ਹਨ। ਅਗਲੇ ਸਾਲ ਪੰਜਾਬ ਅਤੇ ਉਤਰ ਪ੍ਰਦੇਸ਼ ਸਮੇਤ ਕੁਝ ਸੂਬਿਆਂ ਅੰਦਰ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਹੁਣ ਸਭ ਦੀਆਂ ਨਜ਼ਰਾਂ ਇਨ੍ਹਾਂ ਚੋਣਾਂ ਉਤੇ ਹਨ। ਜ਼ਿਮਨੀ ਚੋਣਾਂ ਦੇ ਹਾਲੀਆ ਨਤੀਜਿਆਂ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੇ ਜੋਟੀਦਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਵੰਡ-ਪਾਊ ਸਿਆਸਤ ਉਤੇ ਵੱਡੇ ਪੱਧਰ 'ਤੇ ਸਵਾਲ ਉਠਣੇ ਆਰੰਭ ਹੋ ਗਏ ਹਨ। ਸਭ ਤੋਂ ਵੱਡੀ ਗੱਲ, ਇਨ੍ਹਾਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਦਾ ਆਮ ਲੋਕਾਂ ਅੰਦਰ ਜਿਹੜਾ ਅਹਿਮ ਸੁਨੇਹਾ ਗਿਆ ਹੈ, ਉਹ ਇਹ ਹੈ ਕਿ ਅੱਜ ਕੱਲ੍ਹ ਅਜਿੱਤ ਪ੍ਰਚਾਰੀ ਜਾ ਰਹੀ ਭਾਰਤੀ ਜਨਤਾ ਪਾਰਟੀ ਅਤੇ ਹੈਂਕੜ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਰਾਇਆ ਜਾ ਸਕਦਾ ਹੈ।

ਇਨ੍ਹਾਂ ਜ਼ਿਮਨੀ ਚੋਣਾਂ ਤੋਂ ਮੁਲਕ ਦੀ ਸਿਆਸਤ ਅਤੇ ਸੰਘਰਸ਼ ਦੇ ਪਿੜਾਂ ਅੰਦਰ ਨਵੀਂ ਸਿਆਸਤ ਆਰੰਭ ਹੋਣ ਦੇ ਅਵਸਰ ਬਣ ਰਹੇ ਹਨ। ਮੁਲਕ ਅੰਦਰ ਜਿਸ ਢੰਗ ਨਾਲ ਮਹਿੰਗਾਈ ਵਧ ਰਹੀ ਹੈ, ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ। ਪੈਟਰੋਲ-ਡੀਜ਼ਲ ਦੀਆਂ ਵਧ ਰਹੀਆਂ ਕੀਮਤਾਂ ਤੋਂ ਲੋਕ ਔਖੇ ਹੀ ਨਹੀਂ, ਹੈਰਾਨ ਵੀ ਹਨ। ਤੇਲ ਕੀਮਤਾਂ ਵਿਚ ਵਾਧੇ ਨਾਲ ਰੋਜ਼ਮੱਰਾ ਦੀਆਂ ਸਾਰੀਆਂ ਦੀਆਂ ਸਾਰੀਆਂ ਵਸਤਾਂ ਉਤੇ ਸਿੱਧਾ ਅਸਰ ਪੈਂਦਾ ਹੈ ਪਰ ਸਰਕਾਰ ਨੇ ਇਨ੍ਹਾਂ ਕੀਮਤਾਂ ਨੂੰ ਠੱਲ੍ਹਣ ਲਈ ਕੋਈ ਵੀ ਯਤਨ ਨਹੀਂ ਕੀਤਾ ਹੈ। ਮੁਲਕ ਅੰਦਰ ਬੇਰੁਜ਼ਗਾਰੀ ਜਿਸ ਢੰਗ ਨਾਲ ਪੈਰ ਪਸਾਰ ਰਹੀ ਹੈ, ਉਸ ਉਤੇ ਕਾਬੂ ਪਾਉਣ ਲਈ ਵੀ ਮੋਦੀ ਸਰਕਾਰ ਕੋਈ ਹੀਲਾ-ਵਸੀਲਾ ਨਹੀਂ ਕਰ ਰਹੀ ਹੈ। ਅਸਲ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਭਾਰਤੀ ਜਨਤਾ ਪਾਰਟੀ ਦਾ ਸਾਰਾ ਧਿਆਨ ਚੋਣਾਂ ਲੜਨ ਅਤੇ ਜਿੱਤਣ 'ਤੇ ਹੀ ਲੱਗਿਆ ਹੋਇਆ ਸੀ ਅਤੇ ਬਹੁਤ ਵਾਰ ਇਸ ਨੂੰ ਜਿੱਤਾਂ ਹਾਸਲ ਵੀ ਹੋਈਆਂ ਪਰ ਮੁਲਕ ਵਿਚ ਹੁਣ ਜਿਸ ਤਰ੍ਹਾਂ ਦਾ ਮਾਹੌਲ ਹੈ, ਉਹ ਹੁਣ ਇਸ ਪਾਰਟੀ ਨੂੰ ਸਿੱਧੀ ਚੁਣੌਤੀ ਬਣ ਕੇ ਟੱਕਰਿਆ ਹੈ। ਦਰਅਸਲ, ਸਿਆਸੀ ਵਿਸ਼ਲੇਸ਼ਣਕਾਰ ਪਹਿਲਾਂ ਵੀ ਇਹੀ ਰਾਏ ਰੱਖਦੇ ਆ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਦੀਆਂ ਜਿੱਤਾਂ ਵਿਚ ਕਮਜ਼ੋਰ ਵਿਰੋਧੀ ਧਿਰ ਦਾ ਵੱਡਾ ਯੋਗਦਾਨ ਹੈ। ਜਦੋਂ-ਜਦੋਂ ਵੀ ਇਸ ਨੂੰ ਵਿਰੋਧੀ ਧਿਰ ਵੱਲੋਂ ਤਿੱਖੀ ਟੱਕਰ ਮਿਲੀ ਹੈ, ਇਹ ਹਾਰ ਜਾਂਦੀ ਰਹੀ ਹੈ। ਪੱਛਮੀ ਬੰਗਾਲ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਇਸ ਦੀ ਸਭ ਤੋਂ ਉਘੜਵੀਂ ਮਿਸਾਲ ਹੈ।

ਜ਼ਿਮਨੀ ਚੋਣ ਨਤੀਜਿਆਂ ਨੇ ਸਿਆਸਤ ਤਾਂ ਭਖਾਈ ਹੀ ਹੈ, ਇਸ ਨੇ ਸੰਘਰਸ਼ੀ ਪਿੜਾਂ ਅੰਦਰ ਵੀ ਨਵੀਂ ਰੂਹ ਫੂਕ ਦਿੱਤੀ ਹੈ। ਪਿਛਲੇ 11 ਮਹੀਨਿਆਂ ਤੋਂ ਦਿੱਲੀ ਦੇ ਬਾਰਡਰਾਂ ਉਤੇ ਚੱਲ ਰਿਹਾ ਕਿਸਾਨ ਅੰਦੋਲਨ ਮੋਦੀ ਸਰਕਾਰ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਹੰਕਾਰੀ ਹੋਈ ਮੋਦੀ ਸਰਕਾਰ ਨੂੰ ਇਹ ਚਿਤ-ਚੇਤੇ ਵੀ ਨਹੀਂ ਸੀ ਕਿ ਕਿਸਾਨ ਇਸ ਤਰ੍ਹਾਂ ਉਸ ਦੀ ਸਿਆਸਤ ਨੂੰ ਘੇਰਾ ਘੱਤ ਲੈਣਗੇ। ਤਿੰਨ ਖੇਤੀ ਕਾਨੂੰਨਾਂ ਦੇ ਮਾਮਲੇ ਵਿਚ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਨੇ ਭਾਰਤੀ ਜਨਤਾ ਪਾਰਟੀ ਤੇ ਕੇਂਦਰ ਸਰਕਾਰ ਨੂੰ ਨਿਰ-ਉਤਰ ਹੀ ਨਹੀਂ ਕੀਤਾ ਸਗੋਂ ਸਿਆਸੀ ਪਿੜ ਅੰਦਰ ਵੀ ਨਵੀਂ ਸਫਬੰਦੀ ਕੀਤੀ ਹੈ। ਭਾਰਤੀ ਜਨਤਾ ਪਾਰਟੀ ਦੀ ਜ਼ਹਿਰੀਲੀ ਸਿਆਸਤ ਨੂੰ ਜੇਕਰ ਕਿਸੇ ਨੇ ਨੱਕਾ ਲਾਇਆ ਹੈ ਤਾਂ ਇਹ ਸਿਰਫ ਕਿਸਾਨ ਅੰਦੋਲਨ ਹੀ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ, ਕੱਟੜ ਜਥੇਬੰਦੀ ਆਰ.ਐਸ.ਐਸ. ਦੀ ਇਹ ਧਾਰਨਾ ਹੈ ਕਿ ਭਾਰਤ ਦੇ ਹਿੰਦੂਆਂ ਨੂੰ ਜੇ ਆਪਣੇ ਵੱਲ ਕਰ ਲਿਆ ਜਾਵੇ ਤਾਂ ਚੋਣਾਂ ਲਗਾਤਾਰ ਜਿੱਤੀਆਂ ਜਾ ਸਕਦੀਆਂ ਹਨ। ਪਿਛਲੇ ਸੱਤ ਸਾਲਾਂ ਦੌਰਾਨ ਇਸ ਪਾਰਟੀ ਨੇ ਮੁਲਕ ਨੇ ਜਿਸ ਤਰ੍ਹਾਂ ਦਾ ਮਾਹੌਲ ਬਣਾਇਆ ਹੈ, ਉਸ ਹਿਸਾਬ ਨਾਲ ਇਹ ਆਪਣੇ ਟੀਚੇ ਵਿਚ ਕਾਮਯਾਬ ਹੁੰਦੀ ਵੀ ਨਜ਼ਰੀ ਪੈਂਦੀ ਹੈ। ਇਸ ਨੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਉਕਸਾ ਕੇ ਸਮਾਜ ਅੰਦਰ ਵੰਡੀਆਂ ਪਾਉਣ ਦਾ ਯਤਨ ਕੀਤਾ ਹੈ।

ਜਾਪਦਾ ਹੈ ਕਿ ਇਨ੍ਹਾਂ ਜ਼ਿਮਨੀ ਚੋਣਾਂ ਨੇ ਮੁਲਕ ਦੀ ਵਿਰੋਧੀ ਧਿਰ ਨੂੰ ਸ਼ਾਨਦਾਰ ਮੌਕਾ ਮੁਹੱਈਆ ਕੀਤਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਜ਼ਹਿਰੀਲੀ ਤਾਕਤ ਨੂੰ ਠੱਲ੍ਹਣ ਲਈ ਪੂਰੀ ਗੰਭੀਰਤਾ ਨਾਲ ਤਰੱਦਦ ਕੀਤਾ ਜਾਵੇ ਪਰ ਇਸ ਸਿਆਸੀ ਪਿੜ ਅੰਦਰ ਕੈਪਟਨ ਅਮਰਿੰਦਰ ਸਿੰਘ ਵਰਗੇ ਸਿਆਸੀ ਆਗੂ ਵੀ ਹਨ ਜਿਹੜੇ ਅਜਿਹੀ ਜ਼ਹਿਰ ਫੈਲਾਉਣ ਵਾਲੀਆਂ ਤਾਕਤਾਂ ਨੂੰ ਸਾਹ ਦਿਵਾਉਣ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਪੰਜਾਬ ਵਿਚ ਪੂਰੇ ਢਾਈ ਦਹਾਕੇ ਇਹੀ ਕੰਮ ਸ਼੍ਰੋਮਣੀ ਅਕਾਲੀ ਦਲ ਕਰ ਚੁੱਕਿਆ ਹੈ। ਅਕਾਲੀ ਦਲ ਦੇ ਆਗੂਆਂ ਨੇ ਪੰਜਾਬ ਵਿਚ ਆਪਣੇ ਸਿਆਸੀ ਅਤੇ ਨਿੱਜੀ ਮੁਫਾਦਾਂ ਲਈ ਭਾਰਤੀ ਜਨਤਾ ਪਾਰਟੀ ਦੀ ਅੰਨ੍ਹੇ ਹੋ ਕੇ ਹਮਾਇਤ ਕੀਤੀ। ਇਹ ਤੱਥ ਨਿਤਾਰਨਾ ਬਹੁਤ ਜ਼ਰੂਰੀ ਹੈ ਕਿ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦਾ ਮੂਲ ਧੁਰਾ ਘੱਟਗਿਣਤੀਆਂ ਪ੍ਰਤੀ ਨਫਰਤ ਅਤੇ ਮੁਲਕ ਦੇ ਫੈਡਰਲ ਢਾਂਚੇ ਨੂੰ ਤਹਿਸ-ਨਹਿਸ ਕਰਨਾ ਹੈ। ਮਿਸਾਲੀ ਕਿਸਾਨ ਅੰਦੋਲਨ ਨੇ ਆਪਣੀਆਂ ਹੱਕੀ ਮੰਗਾਂ ਦੇ ਨਾਲ-ਨਾਲ ਇਸ ਸਿਆਸਤ ਨੂੰ ਵੱਡੀ ਪੱਧਰ ਉਤੇ ਵੰਗਾਰਿਆ ਸੀ। ਇਸ ਵੰਗਾਰ ਨਾਲ ਮੁਲਕ ਭਰ ਅੰਦਰ ਭਾਰਤੀ ਜਨਤਾ ਪਾਰਟੀ ਦੀ ਜ਼ਹਿਰੀਲੀ ਸਿਆਸਤ ਨੂੰ ਵੰਗਾਰਨ ਦਾ ਮਾਹੌਲ ਪੈਦਾ ਹੋਇਆ ਹੈ। ਹੁਣ ਸੰਜੀਦਾ ਸਿਆਸਤਦਾਨਾਂ ਦੀ ਵਾਰੀ ਹੈ ਕਿ ਉਹ ਸਿਆਸਤ ਦੇ ਪਿੜ ਵਿਚੋਂ ਇਸ ਜ਼ਹਿਰੀਲੀ ਸਿਆਸਤ ਨੂੰ ਧੋਣ ਲਈ ਹੀਲਾ ਕਰਨ। ਇਸ ਦੇ ਲਈ ਸਭ ਤੋਂ ਪਹਿਲੀ ਸ਼ਰਤ ਆਪਸੀ ਤਾਲਮੇਲ ਦੀ ਹੈ ਜਿਸ ਦਾ ਹੋਕਾ ਤ੍ਰਿਣਮੂਲ ਕਾਂਗਰਸ ਦੀ ਮੁਖੀ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਇਕ ਵਾਰ ਨਹੀਂ ਸਗੋਂ ਵਾਰ-ਵਾਰ ਦਿੱਤਾ ਹੈ। ਏਕੇ ਨਾਲ ਹੀ ਭਾਰਤੀ ਜਨਤਾ ਪਾਰਟੀ ਦੀ ਕੋਝੀ ਅਤੇ ਮਾਰੂ ਸਿਆਸਤ ਨੂੰ ਹਰਾਇਆ ਜਾ ਸਕਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼


***ਇੱਕੋ ਨਿਸ਼ਾਨਾ-ਤਿੰਨ ਕਾਨੂੰਨ!***

ਫੁੱਟ ਪਾਉਣ ਵਾਲਿਆਂ ਨੇ ਟਿੱਲ ਲਾਇਆ ਏ, 'ਸੰਯੁਕਤ' ਚਾਹੁੰਦੇ ਨੇ ਹੋਣ ਭਿੰਨ-ਭਿੰਨ ਜੀ।
ਮੱਥੇ 'ਤੇ ਕਲੰਕ ਲਾਉਣਾ ਇਤਿਹਾਸ ਨੇ, ਮੱਕਾਰੀ ਤੇ ਗੱਦਾਰੀ ਕਰੀ ਜਿਨ-ਜਿਨ ਜੀ।
ਸਾਜ਼ਿਸ਼ਾਂ ਹਕੂਮਤੀ ਜਾਬਰ ਸਹਿੰਦਿਆਂ, ਦਿਲਾਂ 'ਚ ਵਸਾਓ ਜਿੱਤ ਵਾਲਾ ਚਿੰਨ੍ਹ ਜੀ।
ਨਕਲੀ 'ਹਮਾਇਤੀਆਂ' ਦੀ ਤੜ ਰੱਖਿਓ, ਪਲਦੇ ਨਾ ਰਹਿਣ ਧਾਣਾ ਨਾਲ ਧਿੰਨ ਜੀ।
ਜੋਸ਼-ਹੋਸ਼ ਨਾਲ ਸ਼ਾਂਤਮਈ ਵੀ ਹੋਵੇ ਜੇ, ਜਾਬਤਾ ਦਿਖਾਊਗਾ ਫਤਹਿ ਦਾ ਦਿਨ ਜੀ।
ਚਾਣਕਿਯ ਚਾਲਾਂ ਤੋਂ ਸਾਵਧਾਨ ਰਹਿੰਦਿਆਂ, ਰੱਖੀਏ 'ਨਿਸ਼ਾਨੇ' 'ਤੇ ਕਾਨੂੰਨ ਤਿੰਨ ਜੀ!

# ਕਿਸਾਨ ਖੁਦਕੁਸ਼ੀਆਂ: ਸਰਕਾਰ ਹੁਣ ਕੁਫਰ ਤੋਲਣ ਲੱਗੀ

***ਕਿਸਾਨਾਂ ਦੇ ਖੁਦਕੁਸ਼ੀ ਦੇ ਰਸਤੇ ਪੈਣ ਦੇ ਕਾਰਨ ਖੇਤੀ ਦਾ ਲਾਹੇਵੰਦ ਨਾ ਹੋਣਾ ਹੈ। ਖੇਤੀ ਦੀਆਂ ਲਾਗਤਾਂ ਵਧਣ ਅਤੇ ਇਸ ਦੇ ਮੁਕਾਬਲੇ ਫਸਲਾਂ ਦੀਆਂ ਕੀਮਤਾਂ ਵਿਚ ਘੱਟ ਵਾਧਾ ਹੋਣ ਕਾਰਨ ਆਮਦਨ ਅਤੇ ਖਰਚ ਦੇ ਪਾੜੇ ਦਾ ਲਗਾਤਾਰ ਵਧਣਾ ਹੀ ਕਿਸਾਨ ਪਰਿਵਾਰਾਂ ਨੂੰ ਆਰਥਕ ਸੰਕਟ ਵੱਲ ਧੱਕਦਾ ਹੈ। ਇਸ ਕਰਕੇ ਕਿਸਾਨ ਗੰਭੀਰ ਸੰਕਟ ਦੇ ਸ਼ਿਕਾਰ ਹਨ। ਛੋਟੀ ਅਤੇ ਮਧਲੀ ਕਿਸਾਨੀ ਖੇਤੀ ਛੱਡਣ ਲਈ ਮਜਬੂਰ ਹੈ। ਭਾਰਤ ਵਿਚ ਹਰ ਰੋਜ਼ 2500 ਕਿਸਾਨ ਖੇਤੀ ਛੱਡ ਜਾਂਦੇ ਹਨ। ਨਵੇਂ ਤਿੰਨ ਖੇਤੀ ਕਾਨੂੰਨਾਂ ਨਾਲ ਵੱਡੀ ਕਿਸਾਨੀ ਵੀ ਖੇਤੀ ਤੋਂ ਬਾਹਰ ਹੋ ਜਾਵੇਗੀ।***

ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਤਾਜ਼ੇ ਅੰਕੜਿਆਂ ਰਾਹੀਂ ਇਹ ਗੱਲ ਉਭਾਰੀ ਜਾ ਰਹੀ ਹੈ ਕਿ ਭਾਰਤ ਵਿਚ ਕਿਸਾਨ ਖੁਦਕੁਸ਼ੀਆਂ ਦੇ ਵਰਤਾਰੇ ਨੂੰ ਠੱਲ੍ਹ ਪਈ ਹੈ। ਮੀਡੀਆ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰ ਰਿਹਾ ਹੈ ਕਿ ਕਿਸਾਨਾਂ ਦੀਆਂ ਖੁਦਕੁਸ਼ੀਆਂ ਘਟ ਗਈਆਂ ਹਨ। ਉਨ੍ਹਾਂ ਮੁਤਾਬਿਕ ਕਿਸਾਨਾਂ ਨਾਲੋਂ ਤਾਂ ਮਜ਼ਦੂਰ ਅਤੇ ਹੋਰ ਤਬਕੇ ਵਧ ਖੁਦਕੁਸ਼ੀਆਂ ਕਰ ਰਹੇ ਹਨ। ਇਸ ਵਰਤਾਰੇ ਦੀ ਤਹਿ ਤੱਕ ਪਹੁੰਚਣ ਲਈ ਪੰਜਾਬ ਵਿਚ ਹੋਈਆਂ ਖੁਦਕੁਸ਼ੀਆਂ ਦੇ ਮਾਮਲੇ ਨੂੰ ਵਿਚਾਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਇੱਥੇ ਘਰ-ਘਰ ਸਰਵੇਖਣ ਕੀਤਾ ਗਿਆ ਸੀ। ਪੰਜਾਬ ਦੀਆਂ ਤਿੰਨ



**ਡਾ. ਸੁਖਪਾਲ ਸਿੰਘ**
**ਫੋਨ: +91-98760-63523**

ਯੂਨੀਵਰਸਿਟੀਆਂ (ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਦੀਆਂ ਰਿਪੋਰਟਾਂ ਤੋਂ ਸਾਫ ਹੋ ਜਾਂਦਾ ਹੈ ਕਿ ਖੁਦਕੁਸ਼ੀਆਂ ਕਿੰਨੀਆਂ ਹਨ ਅਤੇ ਇਨ੍ਹਾਂ ਦੇ ਕਾਰਨ ਕੀ ਹਨ।

ਐਨ.ਸੀ.ਆਰ.ਬੀ. ਅਨੁਸਾਰ, ਪੰਜਾਬ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ 2015 ਵਿਚ 124 ਖੁਦਕੁਸ਼ੀਆਂ ਹੋਈਆਂ ਜਦੋਂਕਿ ਤਿੰਨ ਯੂਨੀਵਰਸਿਟੀਆਂ ਦੇ ਸਰਵੇਖਣ ਅਨੁਸਾਰ ਇੱਥੇ 936 ਖੁਦਕੁਸ਼ੀਆਂ ਹੋਈਆਂ ਹਨ। ਇਸ ਤੋਂ ਬਾਅਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਨੇ ਛੇ ਜ਼ਿਲ੍ਹਿਆਂ- ਲੁਧਿਆਣਾ, ਮੋਗਾ, ਬਠਿੰਡਾ, ਸੰਗਰੂਰ, ਬਰਨਾਲਾ ਅਤੇ ਮਾਨਸਾ ਦਾ ਸਰਵੇਖਣ ਕੀਤਾ। ਇਸ ਤੋਂ ਪਤਾ ਲੱਗਿਆ ਕਿ 2016 ਵਿਚ ਸਰਕਾਰੀ ਰਿਪੋਰਟ ਮੁਤਾਬਿਕ 280 ਖੁਦਕੁਸ਼ੀਆਂ ਦੇ ਮੁਕਾਬਲੇ 518 ਖੁਦਕੁਸ਼ੀਆਂ, 2017 ਵਿਚ 291 ਦੇ ਮੁਕਾਬਲੇ 611 ਖੁਦਕੁਸ਼ੀਆਂ ਅਤੇ 2018 ਵਿਚ 323 ਦੇ ਮੁਕਾਬਲੇ 787 ਖੁਦਕੁਸ਼ੀਆਂ ਹੋਈਆਂ ਸਨ। ਪੀ.ਏ.ਯੂ. ਦਾ ਇਹ ਸਰਵੇਖਣ ਸਿਰਫ ਢਾਈ ਹਜ਼ਾਰ ਪਿੰਡਾਂ ਦਾ ਹੈ। ਜੇ ਪੰਜਾਬ ਦੇ ਬਾਕੀ ਦਸ ਹਜ਼ਾਰ ਪਿੰਡਾਂ ਦਾ ਸਰਵੇਖਣ ਵੀ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਹਕੀਕਤ ਕੀ ਹੈ। 2018 ਤੋਂ ਬਾਅਦ ਕਿਸੇ ਯੂਨੀਵਰਸਿਟੀ ਨੇ ਸਰਵੇਖਣ ਨਹੀਂ ਕੀਤਾ ਪਰ ਐਨ.ਸੀ.ਆਰ.ਬੀ. ਅਨੁਸਾਰ 2019 ਵਿਚ 302 ਅਤੇ 2020 ਵਿਚ 257 ਖੁਦਕੁਸ਼ੀਆਂ ਹੋਈਆਂ ਸਨ। ਅਸਲ ਵਿਚ ਪੰਜਾਬ ਵਿਚ ਹਰ ਸਾਲ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ 900 ਤੋਂ 1000 ਖੁਦਕੁਸ਼ੀਆਂ ਹੋ ਰਹੀਆਂ ਹਨ ਜਦੋਂਕਿ ਸਰਕਾਰੀ ਰਿਕਾਰਡ 200 ਤੋਂ 300 ਖੁਦਕੁਸ਼ੀਆਂ ਹੀ ਦਰਸਾ ਰਿਹਾ ਹੈ।

ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਇਹ ਕਿਹਾ ਜਾਂਦਾ ਰਿਹਾ ਹੈ ਕਿ ਇੱਥੇ ਪਿਛਲੇ 15 ਸਾਲਾਂ ਵਿਚ 2116 ਖੁਦਕੁਸ਼ੀਆਂ ਹੋਈਆਂ ਹਨ ਜਦੋਂਕਿ ਪੰਜਾਬ ਦੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਸਾਲ 2000 ਤੋਂ 2018 ਦੌਰਾਨ ਸੂਬੇ ਵਿਚ ਖੇਤੀ ਕਿੱਤੇ ਨਾਲ ਸੰਬੰਧਿਤ ਲਗਭਗ 16600 ਜਣੇ ਖੁਦਕੁਸ਼ੀ ਕਰ ਚੁੱਕੇ ਹਨ ਜਿਨ੍ਹਾਂ ਵਿਚ 9300 ਕਿਸਾਨ ਅਤੇ 7300 ਮਜ਼ਦੂਰ ਸਨ। ਹਰ ਰੋਜ਼ ਲਗਭਗ ਦੋ ਕਿਸਾਨ ਅਤੇ ਇਕ ਮਜ਼ਦੂਰ ਆਪਣੀ ਜੀਵਨ ਲੀਲ੍ਹਾ ਖਤਮ ਕਰ ਰਿਹਾ ਹੈ। ਇਨ੍ਹਾਂ ਵਿਚੋਂ ਵੱਡੀ ਗਿਣਤੀ ਲੋਕਾਂ ਨੇ ਕਰਜ਼ੇ ਕਰਕੇ ਖੁਦਕੁਸ਼ੀ ਕੀਤੀ ਹੈ। ਸਾਫ ਹੈ ਕਿ ਕਿਸਾਨੀ ਵਿਚ ਖੁਦਕੁਸ਼ੀਆਂ ਦਾ ਵਰਤਾਰਾ ਬਹੁਤ ਗੰਭੀਰ ਰੂਪ ਅਖਤਿਆਰ ਕਰ ਗਿਆ ਹੈ ਪਰ ਸਰਕਾਰੀ ਮੀਡੀਆ ਇਸ ਗੱਲ ਨੂੰ ਝੁਠਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਿਹਾ ਹੈ।

ਭਾਰਤ ਵਿਚ ਵੱਡੇ ਪੱਧਰ 'ਤੇ ਖੁਦਕੁਸ਼ੀਆਂ ਦਾ ਰੁਝਾਨ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਣ ਤੋਂ ਬਾਅਦ 1990ਵਿਆਂ ਦੇ ਅਖੀਰ ਵਿਚ ਹੀ ਦੇਖਣ ਨੂੰ ਮਿਲਦਾ ਹੈ। ਐਨ.ਸੀ.ਆਰ.ਬੀ. ਅਨੁਸਾਰ, ਭਾਰਤ ਵਿਚ 1997 ਤੋਂ 2006



ਦੌਰਾਨ 1095219 ਜਣਿਆਂ ਨੇ ਖੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿਚ 166304 ਕਿਸਾਨ ਸਨ। ਇਹ ਅੰਕੜਾ ਹੁਣ ਵਧ ਕੇ ਲਗਭਗ ਸਾਢੇ ਚਾਰ ਲੱਖ ਹੋ ਗਿਆ ਹੈ। ਪਿਛਲੇ ਸਾਲਾਂ ਦੀਆਂ ਰਿਪੋਰਟਾਂ ਅਨੁਸਾਰ ਕਿਸਾਨਾਂ ਵਿਚ ਖੁਦਕੁਸ਼ੀਆਂ ਦੀ ਦਰ ਬਾਕੀ ਵਸੋਂ ਨਾਲੋਂ ਕਿਤੇ ਵੱਧ ਹੈ। ਜਿੱਥੇ ਆਮ ਵਸੋਂ ਇੱਕ ਲੱਖ ਪਿੱਛੇ 10.6 ਜਣੇ ਖੁਦਕੁਸ਼ੀ ਕਰਦੇ ਹਨ, ਉੱਥੇ ਕਿਸਾਨਾਂ ਵਿਚ ਇਹ ਵਰਤਾਰਾ ਇੱਕ ਲੱਖ ਪਿੱਛੇ 15.8 ਖੁਦਕੁਸ਼ੀਆਂ ਦਾ ਹੈ। ਇਸ ਤੋਂ ਬਾਅਦ 'ਕਿਸਾਨ' ਦੀ ਪਰਿਭਾਸ਼ਾ ਬਦਲ ਕੇ ਖੁਦਕੁਸ਼ੀਆਂ ਦੀ ਗਿਣਤੀ ਘਟਾਉਣ ਦੀਆਂ ਕੋਸ਼ਿਸ਼ ਕੀਤੀ ਗਈ। ਅਸਲ ਵਿਚ ਐਨ.ਸੀ.ਆਰ.ਬੀ. ਦੀ ਰਿਪੋਰਟ ਮੁੱਖ ਤੌਰ ਤੇ ਪੁਲਿਸ ਰਿਕਾਰਡ ਉਪਰ ਆਧਾਰਿਤ ਹੁੰਦੀ ਹੈ। ਖੁਦਕੁਸ਼ੀਆਂ ਦੇ ਕੇਸਾਂ ਦੀ ਵੱਡੀ ਗਿਣਤੀ ਪੁਲਿਸ ਰਿਕਾਰਡ ਵਿਚ ਨਹੀਂ ਹੁੰਦੀ, ਕਿਉਂਕਿ ਇਸ ਦੀਆਂ ਕਾਨੂੰਨੀ ਉਲਝਣਾਂ ਤੋਂ ਬਚਣ ਲਈ ਲੋਕ ਪੋਸਟ-ਮਾਰਟਮ ਜਾਂ ਪੁਲਿਸ ਇਤਲਾਹ ਬਿਨਾ ਹੀ ਸਸਕਾਰ ਕਰ ਦਿੰਦੇ ਹਨ। ਇਸ ਕਰਕੇ ਖੁਦਕੁਸ਼ੀਆਂ ਦੀ ਗਿਣਤੀ ਅਸਲ ਨਾਲੋਂ ਕਿਤੇ ਘੱਟ ਦਿਖਾਈ ਜਾਂਦੀ ਹੈ। ਪ੍ਰਾਪਤ ਅੰਕੜਿਆਂ ਮੁਤਾਬਿਕ ਵੀ ਭਾਰਤ ਵਿਚ ਹਰ ਘੰਟੇ ਵਿਚ ਔਸਤਨ ਦੋ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਜੇ ਪੰਜਾਬ ਵਾਂਗ ਦੂਸਰੇ ਸੂਬਿਆਂ ਵਿਚ ਵੀ ਸਰਵੇਖਣ ਕੀਤੇ ਜਾਣ ਤਾਂ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ ਕਈ ਗੁਣਾ ਵੱਧ ਹੋਵੇਗੀ।

ਕਿਸਾਨਾਂ ਦੇ ਖੁਦਕੁਸ਼ੀਆਂ ਦੇ ਰਸਤੇ ਪੈਣ ਦੇ ਕਾਰਨ ਖੇਤੀ ਦਾ ਲਾਹੇਵੰਦ ਨਾ ਹੋਣਾ ਹੈ। ਖੇਤੀ ਦੀਆਂ ਲਾਗਤਾਂ ਵਧਣ ਅਤੇ ਇਸ ਦੇ ਮੁਕਾਬਲੇ ਫਸਲਾਂ ਦੀਆਂ ਕੀਮਤਾਂ ਵਿਚ ਘੱਟ ਵਾਧਾ ਹੋਣ ਕਾਰਨ ਆਮਦਨ ਅਤੇ ਖਰਚ ਦੇ ਪਾੜੇ ਦਾ ਲਗਾਤਾਰ ਵਧਣਾ ਹੀ ਕਿਸਾਨ ਪਰਿਵਾਰਾਂ ਨੂੰ ਆਰਥਿਕ ਸੰਕਟ ਵੱਲ ਧੱਕਦਾ ਹੈ। ਇਸ ਕਰਕੇ ਕਿਸਾਨ ਗੰਭੀਰ ਸੰਕਟ ਦੇ ਸ਼ਿਕਾਰ ਹਨ। ਛੋਟੀ ਅਤੇ ਮਧਲੀ ਕਿਸਾਨੀ ਖੇਤੀ ਛੱਡਣ ਲਈ ਮਜਬੂਰ ਹੈ। ਭਾਰਤ ਵਿਚ ਹਰ ਰੋਜ਼ 2500 ਕਿਸਾਨ ਖੇਤੀ ਛੱਡ ਜਾਂਦੇ ਹਨ। ਨਵੇਂ ਤਿੰਨ ਖੇਤੀ ਕਾਨੂੰਨਾਂ ਨਾਲ ਵੱਡੀ ਕਿਸਾਨੀ ਵੀ ਖੇਤੀ ਤੋਂ ਬਾਹਰ ਹੋ ਜਾਵੇਗੀ।

ਖੇਤੀ ਸੈਕਟਰ ਵਿਚ ਮਿਲਣ ਵਾਲਾ ਰੁਜ਼ਗਾਰ ਲਗਾਤਾਰ ਘਟ ਰਿਹਾ ਹੈ। ਮੁਲਕ ਵਿਚ ਜਿੱਥੇ 1972-73 ਵਿਚ ਇਹ ਸੈਕਟਰ 74 ਫੀਸਦ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ, ਉੱਥੇ 1993-94 ਵਿਚ 64 ਫੀਸਦ ਅਤੇ ਹੁਣ ਸਿਰਫ 54 ਫੀਸਦ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ। ਇਸੇ ਤਰ੍ਹਾਂ ਖੇਤੀਬਾੜੀ ਦਾ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ 1972-73 ਵਿਚ 41 ਫੀਸਦ, 1993-94 ਵਿਚ 30 ਫੀਸਦ ਅਤੇ ਹੁਣ ਘਟ ਕੇ ਸਿਰਫ 14 ਫੀਸਦ ਰਹਿ ਗਿਆ। ਇੱਥੇ ਹੀ ਬੱਸ ਨਹੀਂ, ਖੇਤੀ ਕਾਮਿਆਂ ਦੀ ਉਤਪਾਦਕਤਾ ਦੂਜੇ ਸੈਕਟਰਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫੀ ਘੱਟ ਹੈ। ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਨਿੱਜੀਕਰਨ ਅਤੇ ਹੋਰ ਜੀਵਨ ਹਾਲਾਤ ਦੀ ਮਹਿੰਗਾਈ ਨੇ ਕਿਸਾਨਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ। ਬੱਚਿਆਂ ਨੂੰ ਮਹਿੰਗੀ ਵਿੱਦਿਆ ਦੇਣ ਦੇ ਬਾਵਜੂਦ ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਲੋਕ ਬੇਵਸੀ ਦੀ ਹਾਲਤ ਵਿਚ ਧੱਕੇ ਗਏ। ਪਰਵਾਸ ਦਾ ਅਮਲ ਵੀ ਇਨ੍ਹਾਂ ਹਾਲਾਤ ਵਿਚੋਂ ਹੀ ਜਨਮ ਲੈਂਦਾ ਹੈ।

ਖੇਤੀ ਦੇ ਪੂੰਜੀਵਾਦੀ ਮਾਡਲ ਅਤੇ ਸਿਫਤੀ ਤੌਰ ਤੇ ਸੰਸਾਰੀਕਰਨ ਦੀਆਂ ਨੀਤੀਆਂ ਕਰ ਕੇ ਖੇਤੀ ਖੇਤਰ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ/ਰਿਆਇਤਾਂ ਦਾ ਵੀ ਖਾਤਮਾ ਹੋ ਗਿਆ ਅਤੇ ਕੌਮਾਂਤਰੀ ਮੰਡੀ ਦੇ ਪ੍ਰਭਾਵ ਕਰ ਕੇ ਫਸਲਾਂ ਦੇ ਵਾਜਬ ਭਾਅ ਵੀ ਮਿਲਣੇ ਬੰਦ ਹੋ ਗਏ। ਇਸ ਨਾਲ ਕਿਸਾਨੀ ਦੇ ਸ਼ੁੱਧ ਮੁਨਾਫੇ ਘਟ ਗਏ ਤੇ ਉਹ ਕਰਜ਼ੇ ਦੇ ਜਾਲ ਵਿਚ ਫਸ ਗਏ। ਕਰਜ਼ਾ ਵਧਣ ਦਾ ਮੁੱਖ ਕਾਰਨ ਕਿਸਾਨਾਂ ਦੀ ਅਸਲ ਆਮਦਨ ਦਾ ਘਟਣਾ ਹੀ ਹੈ। ਅੱਜ ਪੰਜਾਬ ਦੇ ਖੇਤੀ ਸੈਕਟਰ ਉਪਰ ਇੱਕ ਲੱਖ ਕਰੋੜ ਰੁਪਏ ਕਰਜ਼ਾ ਹੈ ਜੋ ਹਰ ਪਰਿਵਾਰ ਸਿਰ ਔਸਤਨ 10 ਲੱਖ ਰੁਪਏ ਬਣਦਾ ਹੈ। ਇਸ ਕਰਜ਼ੇ ਦਾ ਵਿਆਜ ਸਵਾ ਲੱਖ ਰੁਪਏ ਸਾਲਾਨਾ ਬਣਦਾ ਹੈ। ਆਮਦਨ ਤੋਂ ਕਰਜ਼ਾ ਦੋ ਤੋਂ ਢਾਈ ਗੁਣਾ ਹੈ। ਇਸ ਹਾਲਤ ਨੂੰ ਦਿਵਾਲੀਏਪਨ ਕਹਿੰਦੇ ਹਨ। ਛੋਟੀ ਕਿਸਾਨੀ ਦਾ ਵੱਡਾ ਹਿੱਸਾ ਤਾਂ ਵਿਆਜ ਵੀ ਮੋੜਨ ਦੇ ਸਮਰਥ ਨਹੀਂ। ਇਸੇ ਕਰਕੇ ਕਰਜ਼ਾ ਅਤੇ ਖੁਦਕੁਸ਼ੀਆਂ ਲਗਾਤਾਰ ਵਧ ਰਹੀਆਂ ਹਨ ਪਰ ਸਰਕਾਰੀ ਅੰਕੜੇ ਖੁਦਕੁਸ਼ੀਆਂ ਦੀ ਗਿਣਤੀ ਘੱਟ ਦਿਖਾਉਂਦੇ ਹਨ।

ਸਿਰਫ ਸਿਆਸੀ ਨਾਅਰਿਆਂ ਜਾਂ ਅੰਕੜਿਆਂ ਦੇ ਹੇਰ-ਫੇਰ ਨਾਲ ਕਿਸਾਨ ਖੁਦਕੁਸ਼ੀਆਂ ਦਾ ਮਸਲਾ ਹੱਲ ਨਹੀਂ ਹੋਵੇਗਾ। ਇਸ ਕਾਰਜ ਲਈ ਖੇਤੀ ਸੰਕਟ ਦੇ ਸਨਮੁੱਖ ਹੋਣਾ ਬੇਹੱਦ ਜ਼ਰੂਰੀ ਹੈ। ਸਭ ਤੋਂ ਪਹਿਲਾਂ ਕਰਜ਼ੇ ਦਾ ਨਿਬੇੜਾ ਕੀਤਾ ਜਾਵੇ। ਕਰਜ਼ੇ ਅਤੇ ਆਰਥਿਕ ਤੰਗੀ ਕਰਕੇ ਖੁਦਕੁਸ਼ੀ ਕਰਨ ਵਾਲੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਨਵੇਂ ਤਿੰਨ ਖੇਤੀ ਕਾਨੂੰਨ ਖਤਮ ਕੀਤੇ ਜਾਣ ਅਤੇ ਸਾਰੀਆਂ ਫਸਲਾਂ ਦੀ ਬਿਜਾਈ ਤੋਂ ਪਹਿਲਾਂ ਕਾਨੂੰਨੀ ਰੂਪ ਵਿਚ ਘੱਟੋ-ਘੱਟ ਸਹਾਇਕ ਕੀਮਤ ਦੀ ਹੀ ਨਹੀਂ ਸਗੋਂ 'ਲਾਹੇਵੰਦ ਕੀਮਤ' ਦੀ ਗਾਰੰਟੀ ਦਿੱਤੀ ਜਾਵੇ। ਮਿਆਰੀ ਵਿੱਦਿਆ ਅਤੇ ਸਿਹਤ ਸਹੂਲਤਾਂ ਸਰਕਾਰੀ ਸੰਸਥਾਵਾਂ ਵਿਚ ਮੁਹੱਈਆ ਕਰਵਾਈਆਂ ਜਾਣ। ਸਹਿਕਾਰੀ ਖੇਤੀ ਮਾਡਲ ਰਾਹੀਂ ਐਗਰੋ-ਜਲਵਾਯੂ ਜ਼ੋਨਾਂ ਅਨੁਸਾਰ ਤਰਜੀਹੀ ਫਸਲਾਂ ਦੀ ਖੇਤੀ ਅਤੇ ਸਹਾਇਕ ਧੰਦੇ ਪ੍ਰਫੁਲਤ ਕੀਤੇ ਜਾਣ ਅਤੇ ਜ਼ੋਨਾਂ ਅਨੁਸਾਰ ਹੀ ਐਗਰੋ-ਪ੍ਰਾਸੈਸਿੰਗ ਅਤੇ ਮਾਰਕਿਟਿੰਗ ਯੂਨਿਟ ਲਾਏ ਜਾਣ। ਨਵੇਂ ਖੇਤੀ ਕਾਨੂੰਨਾਂ ਖਿਲਾਫ ਲਗਭਗ ਇਕ ਸਾਲ ਤੋਂ ਲੜ ਰਹੀ ਕਿਸਾਨੀ ਦੀ ਹਾਲਤ ਅਤੇ ਰੋਹ ਨੂੰ ਸਮਝਣ ਦੀ ਜ਼ਰੂਰਤ ਹੈ। ਭਾਰਤ ਦੀ ਵੱਡੀ ਗਿਣਤੀ ਵਸੋਂ ਨੂੰ ਖੇਤੀ ਵਿਚ ਹੀ ਰੁਜ਼ਗਾਰ ਦਿੱਤਾ ਜਾ ਸਕਦਾ ਹੈ ਕਿਉਂਕਿ ਅਰਥਚਾਰੇ ਦੇ ਦੂਜੇ ਖੇਤਰਾਂ ਵਿਚ ਸਾਰੀ ਵਸੋਂ ਦਾ ਜਜ਼ਬ ਹੋਣਾ ਸੰਭਵ ਨਹੀਂ। ਲੋਕਾਂ ਨੂੰ ਪਿੰਡਾਂ ਵਿਚੋਂ ਉਜਾੜ ਕੇ ਸ਼ਹਿਰਾਂ ਵਿਚ ਲਿਆਉਣ ਦੀ ਥਾਂ ਪੇਂਡੂ ਖੇਤਰ ਵਿਚ ਹੀ ਐਗਰੋ-ਆਧਾਰਿਤ ਯੂਨਿਟ ਲਗਾਏ ਜਾਣ। ਹੁਣ ਖੇਤੀ ਸੈਕਟਰ ਨੂੰ ਲਾਹੇਵੰਦ ਬਣਾ ਕੇ ਕਿਰਤ ਸ਼ਕਤੀ ਨੂੰ ਬਿਹਤਰ ਰੁਜ਼ਗਾਰ ਦੇਣਾ ਅਤਿਅੰਤ ਜ਼ਰੂਰੀ ਹੈ। ਸੋ ਲੋੜ ਹੈ, ਖੁਦਕੁਸ਼ੀਆਂ ਦੀ ਗਿਣਤੀ ਸਿਰਫ ਕਾਗਜ਼ਾਂ ਵਿਚ ਹੀ ਨਹੀਂ ਬਲਕਿ ਹਕੀਕਤ ਵਿਚ ਇਸ ਕਲੰਕ ਦਾ ਖਾਤਮਾ ਕਰਕੇ ਸਮੂਹ ਲੋਕਾਈ ਨੂੰ ਪਾਏਦਾਰ ਜ਼ਿੰਦਗੀ ਮੁਹੱਈਆ ਕਰਵਾਈ ਜਾਵੇ।

# ਸਿੰਘੂ ਕਾਂਡ: ਪਿੰਡ ਵਾਸੀਆਂ ਨੇ ਮੁੱਖ ਮੁਲਜ਼ਮ ਪਛਾਣਿਆ

ਜਤਿੰਦਰ ਕੌਰ ਤੂੜ
ਅਨੁਵਾਦ: ਬੂਟਾ ਸਿੰਘ

ਲਖਬੀਰ ਸਿੰਘ ਜਿਸ ਨੂੰ ਦਿੱਲੀ ਦੇ ਸਿੰਘੂ ਬਾਰਡਰ 'ਤੇ ਕਤਲ ਕਰ ਦਿੱਤਾ ਗਿਆ ਸੀ, ਦੇ ਪਿੰਡ ਚੀਮਾ ਕਲਾਂ ਦੇ ਦੋ ਬੰਦਿਆਂ ਨੇ ਦੱਸਿਆ ਕਿ ਉਨ੍ਹਾਂ ਨੇ ਕਤਲ ਦੇ ਦੋਸ਼ੀ ਨਿਹੰਗ ਸਿੱਖ ਸਰਬਜੀਤ ਸਿੰਘ ਨੂੰ ਕਤਲ ਤੋਂ ਪਹਿਲੇ ਮਹੀਨਿਆਂ ਵਿਚ ਅਕਸਰ ਪਿੰਡ ਆਉਂਦੇ ਦੇਖਿਆ ਸੀ। ਇਕ ਵਸਨੀਕ ਜੋ ਆਪਣਾ ਨਾਂ ਗੁਪਤ ਰੱਖਣਾ ਚਾਹੁੰਦਾ ਸੀ, ਨੇ ਸਿੰਘੂ ਬਾਰਡਰ 'ਤੇ ਲਖਬੀਰ ਦੇ ਮਾਰੇ ਜਾਣ ਤੋਂ ਤਿੰਨ ਦਿਨ ਪਹਿਲਾਂ 12 ਅਕਤੂਬਰ ਨੂੰ ਉਸ ਦੀ ਆਮਦੋ-ਰਫਤ ਬਾਰੇ ਦੱਸਿਆ। ਉਸ ਨੇ ਦੱਸਿਆ ਕਿ ਉਸ ਨੂੰ ਉਸ ਦਿਨ ਦੋ ਨਿਹੰਗਾਂ ਦੇ ਨਾਲ ਬੋਲੈਰੋ ਕੈਂਪਰ ਗੱਡੀ ਵਿਚ ਦੇਖਿਆ ਗਿਆ ਸੀ। ਉਸ ਵਾਸੀ ਨੇ ਦੱਸਿਆ ਕਿ ਸਰਬਜੀਤ ਨੂੰ ਪਿਛਲੇ ਦੋ-ਤਿੰਨ ਮਹੀਨਿਆਂ ਵਿਚ ਕਈ ਮੌਕਿਆਂ 'ਤੇ ਪਿੰਡ ਵਿਚ ਬੋਲੇਰੋ ਕੈਂਪਰ ਲੈ ਕੇ ਇੱਧਰ-ਉਧਰ ਜਾਂਦੇ ਨੂੰ ਦੇਖਿਆ ਗਿਆ ਸੀ। ਜਿਵੇਂ 'ਦੀ ਕਾਰਵਾਂ' ਨੇ ਪਹਿਲਾਂ ਰਿਪੋਰਟ ਕੀਤੀ ਸੀ, ਲਖਬੀਰ ਦੀ ਭੈਣ ਰਾਜ ਕੌਰ ਨੇ ਵਾਰ-ਵਾਰ ਕਿਹਾ ਹੈ ਕਿ ਉਸ ਦਾ ਭਰਾ ਇਕੱਲਾ ਸਿੰਘੂ ਬਾਰਡਰ ਨਹੀਂ ਜਾ ਸਕਦਾ ਸੀ ਅਤੇ ਕੋਈ ਉਸ ਨੂੰ ਭਰਮਾ ਕੇ ਉਥੇ ਲੈ ਕੇ ਗਿਆ ਹੋਵੇਗਾ। ਰਾਜ ਕੌਰ ਸਮੇਤ ਪਿੰਡ ਦੇ ਜਿਨ੍ਹਾਂ ਲੋਕਾਂ ਨਾਲ ਮੈਂ ਗੱਲ ਕੀਤੀ, ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਜੋ ਦੋਸ਼ ਲਖਬੀਰ ਉਪਰ ਲਗਾਇਆ ਗਿਆ ਅਤੇ ਜਿਸ ਲਈ ਉਸ ਨੂੰ ਕਤਲ ਕੀਤਾ ਗਿਆ, ਉਹ ਬੇਅਦਬੀ ਨੂੰ ਅੰਜਾਮ ਦੇਣ ਜੋਗਾ ਨਹੀਂ ਸੀ।

ਸਰਬਜੀਤ ਨੇ ਕਤਲ ਦੀ ਜ਼ਿੰਮੇਵਾਰੀ ਲਈ ਅਤੇ 15 ਅਕਤੂਬਰ ਦੀ ਰਾਤ ਨੂੰ ਹਰਿਆਣਾ ਪੁਲਿਸ ਅੱਗੇ ਆਤਮ-ਸਮਰਪਣ ਕਰ ਦਿੱਤਾ। ਅਗਲੇ ਦਿਨ, ਇਕ ਹੋਰ ਨਿਹੰਗ ਸਿੱਖ ਨਰਾਇਣ ਸਿੰਘ ਨੂੰ ਪੁਲਿਸ ਨੇ ਆਤਮ-ਸਮਰਪਣ ਕਰਨ ਤੋਂ ਬਾਅਦ ਅੰਮ੍ਰਿਤਸਰ ਦੇ ਅਮਰਕੋਟ ਪਿੰਡ ਤੋਂ ਗ੍ਰਿਫਤਾਰ ਕਰ ਲਿਆ। ਨਰਾਇਣ ਨੂੰ ਗ੍ਰਿਫਤਾਰ ਕਰਨ ਵਾਲੇ ਅੰਮ੍ਰਿਤਸਰ ਦਿਹਾਤੀ ਦੇ ਸੀਨੀਅਰ ਸੁਪਰਡੈਂਟ ਰਾਕੇਸ਼ ਕੌਸ਼ਲ ਨੇ ਕਿਹਾ ਕਿ ਨਿਹੰਗ ਸਿੱਖ ਨੇ ਦਾਅਵਾ ਕੀਤਾ ਕਿ ਉਸ ਨੇ ਖੁਦ ਕੋਈ ਬੇਅਦਬੀ ਹੁੰਦੀ ਨਹੀਂ ਦੇਖੀ ਸੀ ਪਰ ਉਸ ਨੇ ਸਰਬਜੀਤ ਦੀ ਗੱਲ ਨੂੰ ਸੱਚ ਮੰਨ ਲਿਆ ਸੀ। ਕੌਸ਼ਲ ਨੇ ਦੱਸਿਆ ਕਿ 15 ਅਕਤੂਬਰ ਨੂੰ ਸਵੇਰੇ 5.30 ਵਜੇ ਦੇ ਕਰੀਬ, ਨਰਾਇਣ ਉਸ ਥਾਂ 'ਤੇ ਪਹੁੰਚ ਗਿਆ ਸੀ ਜਿੱਥੇ ਸਰਬਜੀਤ ਲਖਬੀਰ ਦੀ ਕੁੱਟਮਾਰ ਕਰ ਰਿਹਾ ਸੀ। ਕੌਸ਼ਲ ਨੇ ਕਿਹਾ ਕਿ ਸਰਬਜੀਤ ਅਤੇ ਇਕ ਹੋਰ ਮੁਲਜ਼ਮ ਨੇ ਪਹਿਲਾਂ ਨਰਾਇਣ ਨੂੰ ਫਤਹਿ ਬੁਲਾਈ ਅਤੇ ਫਿਰ ਕਥਿਤ ਬੇਅਦਬੀ ਬਾਰੇ ਦੱਸਿਆ। "ਨਰਾਇਣ ਸਿੰਘ ਨੇ ਸਾਨੂੰ ਦੱਸਿਆ ਕਿ ਉਦੋਂ ਤੱਕ ਸਰਬਜੀਤ ਨੇ ਲਖਬੀਰ ਦਾ ਗੁੱਟ ਵੱਢ ਦਿੱਤਾ ਸੀ ਅਤੇ ਫਿਰ ਨਾਰਾਇਣ ਨੇ ਉਸ ਦੀ ਸੱਜੀ ਲੱਤ ਵੱਢ ਦਿੱਤੀ।" ਕੌਸ਼ਲ ਅਨੁਸਾਰ ਨਾਰਾਇਣ ਨੇ ਦਾਅਵਾ ਕੀਤਾ ਕਿ ਬੇਅਦਬੀ ਸੁਣ ਕੇ ਉਹ ਸੁੱਧ-ਬੁੱਧ ਗੁਆ ਬੈਠਾ ਅਤੇ ਉਸ ਨੇ ਲਖਬੀਰ ਉਪਰ ਹਮਲਾ ਕਰ ਦਿੱਤਾ।

ਚੀਮਾ ਕਲਾਂ ਦੇ ਇਕ ਹੋਰ ਵਸਨੀਕ ਜੋ ਆਪਣੀ ਪਛਾਣ ਨਸ਼ਰ ਨਹੀਂ ਕਰਨਾ ਚਾਹੁੰਦਾ ਸੀ, ਨੇ ਦੱਸਿਆ ਕਿ ਉਨ੍ਹਾਂ ਨੇ ਸਰਬਜੀਤ ਨੂੰ ਪਿੰਡ ਵਿਚ ਪਹਿਲੀ ਵਾਰ ਤਕਰੀਬਨ ਤਿੰਨ ਮਹੀਨੇ ਪਹਿਲਾਂ ਸਰਾਏ ਅਮਾਨਤ ਖਾਂ ਥਾਣੇ ਦੇ ਨੇੜੇ ਦੇਖਿਆ ਸੀ। "ਇਹ ਬਾਬਾ ਜੀ ਸਰਬਜੀਤ ਸਿੰਘ ਜੋ ਗ੍ਰਿਫਤਾਰ ਹੋਏ, ਅਸੀਂ ਇਸ ਬੰਦੇ ਨੂੰ ਇੱਥੇ ਆਪਣੇ ਪਿੰਡ ਵਿਚ ਦੇਖਿਆ ਸੀ। ਉਹ ਕਿਸੇ ਦੀ ਕਾਰ ਚਲਾਉਂਦਾ ਸੀ।" ਨਿਵਾਸੀ ਨੇ ਕਿਹਾ ਕਿ ਉਸ ਨੂੰ ਸਰਬਜੀਤ ਨੂੰ ਦੇਖਦਿਆਂ ਹੀ ਯਾਦ ਆ ਗਿਆ ਕਿਉਂਕਿ ਨਿਹੰਗ ਨੇ ਉਸ ਕਾਰ ਵਿਚ ਉਨ੍ਹਾਂ ਦਾ ਪਿੱਛਾ ਕੀਤਾ ਸੀ ਜਿਸ ਨੂੰ ਉਹ ਚਲਾ ਰਿਹਾ ਸੀ।

"ਜਦੋਂ ਅਸੀਂ ਉਸ ਨੂੰ ਸਾਡਾ ਪਿੱਛਾ ਕਰਦੇ ਦੇਖਿਆ, ਅਸੀਂ ਥਾਣੇ ਤੋਂ ਕੁਝ ਦੂਰੀ 'ਤੇ ਰੁਕ ਗਏ। ਜਦੋਂ ਮੈਂ ਇਸ ਬੰਦੇ ਦਾ ਵੀਡੀਓ ਦੇਖ ਰਿਹਾ ਸੀ, ਉਦੋਂ ਹੀ ਮੈਨੂੰ ਲੱਗਿਆ ਕਿ ਮੈਂ ਇਸ ਆਦਮੀ ਨੂੰ ਆਪਣੇ ਪਿੰਡ ਵਿਚ ਕਿਸੇ ਦੀ ਗੱਡੀ ਚਲਾਉਂਦੇ ਹੋਏ ਦੇਖਿਆ ਹੈ, ਹਾਲਾਂਕਿ ਮੈਨੂੰ ਨਹੀਂ ਪਤਾ ਕਿ ਉਹ ਗੱਡੀ ਕਿਸ ਦੀ ਸੀ।"

ਇਕ ਹੋਰ ਵਸਨੀਕ ਨੇ ਮੈਨੂੰ ਦੱਸਿਆ ਕਿ ਉਸ ਨੇ ਅਤੇ ਕਈ ਹੋਰ ਪਿੰਡ ਵਾਸੀਆਂ ਨੇ ਸਰਬਜੀਤ ਨੂੰ ਚੀਮਾ ਕਲਾਂ ਵਿਚ ਕਈ ਮੌਕਿਆਂ 'ਤੇ ਦੇਖਿਆ ਸੀ ਅਤੇ ਉਹ ਆਮ ਤੌਰ' ਤੇ ਬੋਲੈਰੋ ਕੈਂਪਰ ਚਲਾ ਰਿਹਾ ਹੁੰਦਾ ਸੀ। ਵਸਨੀਕ ਨੇ ਇਹ ਵੀ ਕਿਹਾ ਕਿ ਬਹੁਤ ਸਾਰੇ ਪਿੰਡ ਵਾਸੀਆਂ ਨੇ ਸਰਬਜੀਤ ਨੂੰ ਕਈ ਵਾਰ ਪਿੰਡ ਦੇ ਬੱਸ ਅੱਡੇ ਲਾਗੇ ਬਣਾਏ ਜਾ ਰਹੇ ਲੰਗਰ ਹਾਲ ਦੇ ਨੇੜੇ ਦੇਖਿਆ ਸੀ। ਪਹਿਲੇ ਵਸਨੀਕ ਨੇ ਦੱਸਿਆ ਕਿ ਸਥਾਨਕ ਲੋਕਾਂ ਨੇ ਸਰਬਜੀਤ ਨੂੰ ਪਿੰਡ ਦੇ ਬਾਹਰਵਾਰ ਘਰਾਂ ਦੇ ਸਾਹਮਣੇ ਵਗਦੇ ਨਾਲੇ ਦੇ ਕੋਲ ਇਕ ਨਲਕੇ 'ਤੇ ਨਹਾਉਂਦੇ ਹੋਏ ਦੇਖਿਆ ਸੀ - ਸਰਬਜੀਤ ਕੁਝ ਹਫਤਿਆਂ ਤੋਂ ਇਨ੍ਹਾਂ ਵਿਚੋਂ ਘੱਟੋ-ਘੱਟ ਦੋ ਘਰਾਂ ਵਿਚ ਰਹਿ ਰਿਹਾ ਸੀ। ਕੁਝ ਪਿੰਡ ਵਾਸੀਆਂ ਨੇ ਮੈਨੂੰ ਦੱਸਿਆ ਕਿ ਸਰਬਜੀਤ ਨੇ ਉਨ੍ਹਾਂ ਦੇ ਪਿੰਡ ਆਉਣ ਤੋਂ ਬਾਅਦ ਆਪਣੇ ਵਾਲ ਵਧਾਉਣੇ ਸ਼ੁਰੂ ਕਰ ਦਿੱਤੇ ਸਨ



ਅਤੇ ਪਿੰਡ ਵਾਸੀਆਂ ਨੂੰ ਇਹ ਵੀ ਕਹਿੰਦਾ ਸੀ ਕਿ ਉਹ ਗੁਜਰਾਤੀ, ਮਰਾਠੀ ਅਤੇ ਕੁਝ ਹੋਰ ਭਾਸਾਵਾਂ ਜਾਣਦਾ ਹੈ।

12 ਅਕਤੂਬਰ ਦੀ ਘਟਨਾ ਨੂੰ ਯਾਦ ਕਰਦਿਆਂ ਪਹਿਲੇ ਪਿੰਡ ਵਾਸੀ ਨੇ ਮੈਨੂੰ ਦੱਸਿਆ ਕਿ ਉਸ ਦਿਨ ਲਖਬੀਰ ਨੇੜਲੀ ਅਨਾਜ ਮੰਡੀ ਵਿਚ ਕੰਮ ਲੱਭਣ ਗਿਆ ਸੀ। ਭੈਣ ਰਾਜ ਕੌਰ ਨੇ ਵੀ ਇਸ ਦੀ ਤਸਦੀਕ ਕੀਤੀ। ਵਾਸੀ ਅਨੁਸਾਰ ਇਕ ਕਿਸਾਨ ਜਿਸ ਨੂੰ ਉਸ ਨੇ ਗੁਰਸਿੱਖ ਦੱਸਿਆ, ਨੇ ਲਖਬੀਰ ਨੂੰ ਕੰਮ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉਹ ਨਸ਼ੇੜੀ ਸੀ। "ਲਖਬੀਰ ਮੰਡੀਓਂ ਨਿਕਲ ਗਿਆ ਅਤੇ ਪੈਦਲ ਤੁਰ ਪਿਆ। ਇਕ ਬਾਈਕ ਸਵਾਰ ਵਿਅਕਤੀ ਨੇ ਨੇੜਲੇ ਸ਼ਮਸ਼ਾਨ ਘਾਟ ਦੇ ਚੁਰਸਤੇ ਤੋਂ ਲਖਬੀਰ ਨੂੰ ਆਪਣੇ ਨਾਲ ਬਿਠਾਇਆ ਅਤੇ ਉਸ ਨੂੰ ਦੋ ਨਿਹੰਗਾਂ ਦੇ ਹਵਾਲੇ ਕਰ ਦਿੱਤਾ ਜਿਨ੍ਹਾਂ ਦੇ ਦੁਮਾਲੇ ਸਜਾਏ ਹੋਏ ਸਨ ਅਤੇ ਉਨ੍ਹਾਂ ਨੇ ਵੱਡੀਆਂ ਤਲਵਾਰਾਂ ਅਤੇ ਚੋਲੇ ਪਹਿਨੇ ਹੋਏ ਸਨ ਜੋ ਨਿਹੰਗਾਂ ਦਾ ਵਿਸ਼ੇਸ਼ ਪਹਿਰਾਵਾ ਹੈ। ਵਾਸੀ ਨੇ ਦੱਸਿਆ ਕਿ ਉਸ ਰਾਤ ਬਾਦ ਵਿਚ ਲਖਬੀਰ ਨੂੰ ਸਥਾਨਕ ਗਊਸ਼ਾਲਾ ਵਿਚ ਪਸ਼ੂਆਂ ਨੂੰ ਪੱਠੇ ਪਾਉਂਦੇ ਹੋਏ ਦੇਖਿਆ ਗਿਆ।

ਅਗਲੀ ਸਵੇਰ ਲਖਬੀਰ ਨੂੰ ਮੁੜ ਪਿੰਡ ਦੇ ਰਹਿਣ ਵਾਲੇ ਅੰਮ੍ਰਿਤਪਾਲ ਸਿੰਘ ਨੇ ਦੇਖਿਆ ਜੋ ਅਨਾਜ ਮੰਡੀ ਵਿਚ ਇਕ ਪ੍ਰਾਈਵੇਟ ਬੈਂਕ ਵਿਚ ਕੰਮ ਕਰਦਾ ਹੈ। ਅੰਮ੍ਰਿਤਪਾਲ ਨੇ ਮੈਨੂੰ ਦੱਸਿਆ, "ਮੈਂ ਉਸ ਨੂੰ ਦੂਰੋਂ ਦੇਖਿਆ।" ਇਹ ਆਖਰੀ ਵਾਰ ਸੀ ਜਦੋਂ ਪਿੰਡ ਦੇ ਕਿਸੇ ਬੰਦੇ ਨੇ ਲਖਬੀਰ ਨੂੰ ਦੇਖਿਆ ਸੀ ਅਤੇ ਕੋਈ ਨਹੀਂ ਜਾਣਦਾ ਸੀ ਕਿ ਉਹ 14 ਅਕਤੂਬਰ ਦੀ ਰਾਤ ਨੂੰ ਸਿੰਘੂ ਬਾਰਡਰ ਉਪਰ ਕਿਵੇਂ ਪਹੁੰਚਿਆ।

14 ਅਤੇ 15 ਅਕਤੂਬਰ ਦੀ ਦਰਮਿਆਨੀ ਰਾਤ ਨੂੰ ਸਰਬਜੀਤ ਅਤੇ ਹੋਰ ਨਿਹੰਗਾਂ ਦੇ ਟੋਲੇ ਨੇ ਲਖਬੀਰ ਨੂੰ ਕਤਲ ਕਰ ਦਿੱਤਾ। ਕੌਸ਼ਲ ਨੇ ਉਹ ਸਬੂਤ ਦੱਸੇ ਜੋ ਪੁਲਿਸ ਵੱਲੋਂ ਸੁਖਬੀਰ ਅਤੇ ਨਾਰਾਇਣ ਤੋਂ ਕਢਵਾਏ ਗਏ ਸਨ। ਕੌਸ਼ਲ ਨੇ ਦੱਸਿਆ ਕਿ ਜਦੋਂ ਲਖਬੀਰ 'ਤੇ ਹਮਲਾ ਕੀਤਾ ਜਾ ਰਿਹਾ ਸੀ, "ਸੜਕ ਤੋਂ ਕੁਝ ਮੀਟਰ ਦੀ ਦੂਰੀ' ਤੇ, ਨਿਹੰਗ ਸਰਬਜੀਤ ਸਿੰਘ ਨੇ ਮਿਸਲ ਸ਼ਹੀਦ ਬਾਬਾ ਬਾਜ ਸਿੰਘ ਸ਼੍ਰੋਮਣੀ ਪੰਥ ਅਕਾਲੀ ਤਰਨਾ ਦਲ ਦੇ ਮੁਖੀ ਨਰਾਇਣ ਸਿੰਘ ਤੱਕ ਪਹੁੰਚ ਕੀਤੀ ਅਤੇ ਉਚੀ ਆਵਾਜ਼ ਵਿਚ ਕਿਹਾ, 'ਬੇਅਦਬੀ ਕਰ ਦਿੱਤੀ, ਗੁਰੂ ਸਾਹਿਬ ਦੀ ਬੇਅਦਬੀ ਹੋ ਗਈ। ਅੰਗ ਵੱਢ 'ਤੇ, ਵੱਢੋ ਇਹਨੂੰ'।" ਕੌਸ਼ਲ ਅਨੁਸਾਰ ਨਰਾਇਣ ਸਿੰਘ ਨੇ ਉਸ ਨੂੰ ਦੱਸਿਆ ਕਿ "ਬੇਅਦਬੀ ਦੇ ਵਿਰਲਾਪ ਦਾ ਪ੍ਰਭਾਵ ਕਰੰਟ ਵਾਂਗ ਸੀ ਅਤੇ ਉਸ ਦਾ ਆਪਣੇ ਦਿਮਾਗ ਉਪਰ ਕਾਬੂ ਨਾ ਰਿਹਾ ਅਤੇ ਉਹ ਵੀ ਸਿੰਘੂ ਬਾਰਡਰ 'ਤੇ ਤਰਨਤਾਰਨ ਦੇ ਚੀਮਾ ਕਲਾਂ ਦੇ ਲਖਬੀਰ ਸਿੰਘ ਦੇ ਹਜੂਮੀ ਕਤਲ ਵਿਚ ਸਰਗਰਮੀ ਨਾਲ ਸ਼ਾਮਿਲ ਹੋ ਗਿਆ।"

ਕੌਸ਼ਲ ਅਨੁਸਾਰ, 13 ਅਕਤੂਬਰ ਦੀ ਰਾਤ ਨੂੰ, ਨਾਰਾਇਣ ਅਤੇ ਉਸ ਦਾ ਪੁੱਤਰ ਅਤੇ ਚਾਰ ਹੋਰ ਲੋਕ ਸਿੰਘੂ ਬਾਰਡਰ 'ਤੇ ਦੁਸਹਿਰਾ ਮਨਾਉਣ ਲਈ ਆਪਣੇ ਪਿੰਡੋਂ ਗਏ ਸਨ। ਕੌਸ਼ਲ ਨੇ ਦੱਸਿਆ ਕਿ ਨਿਹੰਗ 15 ਅਕਤੂਬਰ ਨੂੰ ਸਵੇਰੇ ਕਰੀਬ 5.30 ਵਜੇ ਸਿੰਘੂ 'ਤੇ ਪਹੁੰਚਿਆ, ਜਦੋਂ ਸਰਬਜੀਤ ਅਤੇ ਹੋਰ ਕਥਿਤ ਦੋਸ਼ੀਆਂ ਨੇ ਉਨ੍ਹਾਂ ਤੱਕ ਪਹੁੰਚ ਕੀਤੀ। ਕਥਿਤ ਬੇਅਦਬੀ ਦੀ ਗੱਲ ਸੁਣ ਕੇ ਉਸ ਨੂੰ ਗੁੱਸਾ ਆ ਗਿਆ - ਸਰਬਜੀਤ ਨੇ ਉਨ੍ਹਾਂ ਨੂੰ ਦੱਸਿਆ ਕਿ ਲਖਬੀਰ ਨੇ ਨਿਹੰਗਾਂ ਦੇ ਸਤਿਕਾਰਤ ਗ੍ਰੰਥ ਸਰਬਲੋਹ ਨੂੰ ਚੁੱਕ ਕੇ ਖੇਤਾਂ ਵਿਚ ਲਿਜਾ ਕੇ ਸੁੱਟ ਦਿੱਤਾ ਸੀ ਅਤੇ ਇਕ ਹੋਰ ਪਵਿੱਤਰ ਗ੍ਰੰਥ ਚੁੱਕਣ ਲਈ ਵਾਪਸ ਆਇਆ ਸੀ। ਕੌਸ਼ਲ ਅਨੁਸਾਰ, ਨਾਰਾਇਣ ਨੇ ਕਿਹਾ ਕਿ ਉਹ ਤੁਰੰਤ ਹਿੰਸਾ ਵਿਚ ਸ਼ਾਮਿਲ ਹੋ ਗਿਆ ਅਤੇ ਉਸ ਨੇ ਲਖਬੀਰ ਦੀ ਲੱਤ ਵੱਢ ਦਿੱਤੀ ਜੋ ਪਹਿਲਾਂ ਹੀ ਖੂਨ ਨਾਲ ਲੱਥਪੱਥ ਸੀ। ਨਾਰਾਇਣ ਨੇ ਫਿਰ ਲਖਬੀਰ ਉਪਰ ਤਲਵਾਰ ਨਾਲ ਤਿੰਨ ਵਾਰ ਕੀਤੇ। ਨਰਾਇਣ ਨੇ ਪੁਲਿਸ ਨੂੰ ਇਹ ਵੀ ਦੱਸਿਆ ਕਿ ਉਹ ਪਹਿਲਾਂ ਕਦੇ ਵੀ ਸਰਬਜੀਤ ਨੂੰ ਨਹੀਂ ਮਿਲਿਆ ਸੀ।

ਬਟਾਲਾ ਜ਼ਿਲ੍ਹੇ ਦੇ ਐਸ.ਐਸ.ਪੀ. ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ 35 ਸਾਲਾ ਸਰਬਜੀਤ ਪੰਜ ਜਾਂ ਛੇ ਸਾਲ ਦੀ ਉਮਰ ਤੋਂ ਖੁਜਾਲਾ ਪਿੰਡ ਵਿਚ ਆਪਣੇ ਮਾਮੇ ਕੋਲ ਰਹਿੰਦਾ ਸੀ। ਉਸ ਨੇ 10 ਵੀਂ ਜਮਾਤ ਸੰਨ 2000 'ਚ ਧੰਦੋਈ ਪਿੰਡ ਦੇ ਸਕੂਲ ਤੋਂ ਕੀਤੀ ਅਤੇ ਬਾਅਦ ਵਿਚ ਚਾਰ-ਪੰਜ ਸਾਲ ਦੁਬਈ ਵਿਚ ਲਾਏ। ਪੁਲਿਸ ਨੇ ਦੱਸਿਆ ਕਿ ਸਰਬਜੀਤ ਨੇ ਫਿਰ ਆਪਣੇ ਮਾਮੇ ਨਾਲ ਬਟਾਲਾ ਦੀ ਸੁਖਮਨੀ ਕਲੋਨੀ ਵਿਚ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ। ਉਸ ਨੇ 2007 ਵਿਚ ਵਿਆਹ ਕਰਵਾ ਲਿਆ ਅਤੇ 2017 ਵਿਚ ਉਸ ਦਾ ਤਲਾਕ ਹੋ ਗਿਆ। ਸਰਬਜੀਤ ਫਿਰ ਮਹਾਰਾਸਟਰ ਵਿਚ ਨਾਂਦੇੜ ਸਾਹਿਬ ਵਿਖੇ ਚਲਾ ਗਿਆ ਜੋ ਸਿੱਖਾਂ ਦੇ ਪੰਜਾਂ ਤਖਤਾਂ ਵਿਚੋਂ ਇਕ ਹੈ। ਉਹ ਨਿਹੰਗ ਸੱਜ ਗਿਆ ਅਤੇ ਨਿਹੰਗਾਂ ਦਾ ਰਵਾਇਤੀ ਬਾਣਾ ਪਹਿਨਣਾ ਸ਼ੁਰੂ ਕਰ ਦਿੱਤਾ। ਪੁਲਿਸ ਅਨੁਸਾਰ, ਉਸ ਨੂੰ ਆਖਰੀ ਵਾਰ ਦੋ ਸਾਲ ਪਹਿਲਾਂ ਬਟਾਲਾ ਵਿਚ ਦੇਖਿਆ ਗਿਆ ਸੀ।

ਕਤਲ ਨੂੰ ਲੈ ਕੇ ਵਿਵਾਦ ਵਧਣ ਨਾਲ 20 ਅਕਤੂਰ ਨੂੰ ਰਾਜ ਦੇ ਡੀ.ਜੀ.ਪੀ. ਇਕਬਾਲ ਪ੍ਰੀਤ ਸਿੰਘ ਸਹੋਤਾ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਆਦੇਸ਼ਾਂ 'ਤੇ ਵਿਸ਼ੇਸ਼ ਜਾਂਚ ਟੀਮ ਬਣਾਈ। ਸਿੱਟ ਨੂੰ ਲਖਬੀਰ ਦੀ ਭੈਣ ਰਾਜ ਕੌਰ ਵੱਲੋਂ ਲਗਾਏ ਦੋਸ਼ਾਂ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ। ਵਧੀਕ ਡੀ.ਜੀ.ਪੀ. ਅਤੇ ਜਾਂਚ ਬਿਊਰੋ ਪੰਜਾਬ ਦੇ ਨਿਰਦੇਸ਼ਕ ਵਰਿੰਦਰ ਕੁਮਾਰ ਸਿੱਟ ਦੇ ਮੁਖੀ ਹਨ। ਫਿਰੋਜ਼ਪੁਰ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਇੰਦਰਬੀਰ ਸਿੰਘ ਅਤੇ ਤਰਨ ਤਾਰਨ ਦੇ ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਇਸ ਦੇ ਮੈਂਬਰ ਹਨ।

ਇਸ ਦੌਰਾਨ, ਪਿੰਡ ਦੇ ਸਾਬਕਾ ਸਰਪੰਚ ਸੋਨੂੰ ਚੀਮਾ ਨੇ ਦੱਸਿਆ ਕਿ ਪਿੰਡ ਵਾਸੀਆਂ ਨੂੰ ਸਥਾਨਕ ਸਿਆਸੀ ਹਸਤੀਆਂ ਅਤੇ ਅਫਸਰਾਂ ਵੱਲੋਂ ਚੁੱਪ ਰਹਿਣ ਲਈ ਦਬਾਅ ਪਾਇਆ ਜਾ ਰਿਹਾ ਹੈ। ਚੀਮਾ ਨੇ ਕਿਹਾ, "ਪਿੰਡ ਵਾਸੀ ਸੱਚ ਦੱਸਣਗੇ ਬਸ਼ਰਤੇ ਕੋਈ ਉਨ੍ਹਾਂ ਨੂੰ ਸੁਰੱਖਿਆ ਤੇ ਨਿਆਂ ਦਾ ਭਰੋਸਾ ਦੇਵੇ।"

# ਪੰਜਾਬ ਦੇ ਮਾੜੇ ਵਿੱਤੀ ਹਾਲਾਤ

ਰਾਜੀਵ ਖੋਸਲਾ

ਆਜ਼ਾਦੀ ਤੋਂ ਬਾਅਦ ਨੀਤੀ ਨਿਰਮਾਤਾਵਾਂ ਨੇ ਅਜਿਹੀਆਂ ਨੀਤੀਆਂ ਬਣਾਉਣ ਦਾ ਫੈਸਲਾ ਕੀਤਾ ਜੋ ਭਾਰਤ ਦੇ ਲੋਕਾਂ ਦੀ ਵਧ ਤੋਂ ਵਧ ਭਲਾਈ ਕਰ ਸਕਣ। ਵੱਖ-ਵੱਖ ਸਰਕਾਰਾਂ ਨੇ ਲੋਕਾਂ ਦੀ ਭਲਾਈ ਖਾਤਰ ਲੋੜੀਂਦੀਆਂ ਯੋਜਨਾਵਾਂ ਬਣਾਈਆਂ ਅਤੇ ਬਜਟ ਵਿਚ ਇਨ੍ਹਾਂ ਲਈ ਪੈਸੇ ਦੀ ਵੰਡ ਕੀਤੀ ਪਰ ਭ੍ਰਿਸ਼ਟਾਚਾਰ, ਕੇਂਦਰ ਤੇ ਰਾਜ ਸਰਕਾਰਾਂ ਦੇ ਕੁਪ੍ਰਬੰਧ ਅਤੇ ਲਾਗੂ ਕਰਨ ਵਿਚ ਅਸਫਲ ਰਹਿਣ ਦੇ ਕਾਰਨ ਅਸਲ ਲਾਭਪਾਤਰੀਆਂ ਤਕ ਇਨ੍ਹਾਂ ਦੀ ਪਹੁੰਚ ਘੱਟ ਹੀ ਰਹੀ। ਅੰਕੜਾ ਮੰਤਰਾਲੇ ਦੀ ਰਿਪੋਰਟ ਉਜਾਗਰ ਕਰਦੀ ਹੈ ਕਿ ਕਿਵੇਂ 2016-17 ਦੌਰਾਨ ਕੇਂਦਰ ਸਰਕਾਰ ਦੀਆਂ 12 ਗਰੀਬ ਪੱਖੀ ਯੋਜਨਾਵਾਂ ਆਪਣੇ ਮਿਥੇ ਟੀਚੇ ਪ੍ਰਾਪਤ ਕਰਨ ਵਿਚ ਅਸਫਲ ਰਹੀਆਂ। ਇਨ੍ਹਾਂ ਵਿਚ ਮੁੱਖ ਤੌਰ ਸ਼ਾਮਲ ਹਨ- ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਜੋ 14 ਰਾਜਾਂ ਵਿਚ ਟੀਚਾ ਪੂਰਾ ਕਰਨ ਵਿਚ ਅਸਫਲ ਰਹੀ, ਪ੍ਰਧਾਨ ਮੰਤਰੀ ਗ੍ਰਾਮੀਣ ਆਵਾਸ ਯੋਜਨਾ ਜੋ 27 ਰਾਜਾਂ ਵਿਚ ਟੀਚੇ ਤਕ ਨਹੀਂ ਪਹੁੰਚ ਸਕੀ, ਹੁਨਰ ਵਿਕਾਸ ਪ੍ਰੋਗਰਾਮ ਤੇ ਰਾਸ਼ਟਰੀ ਪੇਂਡੂ ਆਜੀਵਿਕਾ ਮਿਸ਼ਨ ਜੋ ਕੇਵਲ ਕੇਰਲ ਤੇ ਤਾਮਿਲਨਾਡੂ ਵਿਚ ਟੀਚਾ ਪੂਰਾ ਕਰ ਸਕੀਆਂ ਹਨ। ਜੇ ਸਰਕਾਰਾਂ ਨੂੰ ਇਸ ਨਿਰਾਸ਼ ਕਾਰਗੁਜ਼ਾਰੀ ਦੇ ਕਾਰਨਾਂ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਹ ਸਾਰਾ ਦੋਸ਼ ਪਿਛਲੀਆਂ ਸਰਕਾਰਾਂ 'ਤੇ ਮੜ੍ਹ ਦਿੰਦੀਆਂ ਹਨ।

ਪੰਜਾਬ ਵਿਚ ਕੁੱਲ ਮਾਲੀਏ 'ਚ ਕਰਾਂ ਤੇ ਗੈਰ-ਕਰਾਂ ਤੋਂ ਆਮਦਨ ਜੋ 2010-11 ਵਿਚ ਕ੍ਰਮਵਾਰ 76% ਤੇ 24% ਸੀ, 2016-17 (ਜਦੋਂ ਅਕਾਲੀ ਸਰਕਾਰ ਬਦਲੀ) ਵਿਚ 83% ਤੇ 17% ਹੋ ਗਈ; 2020-21 ਆਉਂਦੇ ਇਹ 87% ਤੇ 13% ਹੋ ਗਈ। ਸਪਸ਼ਟ ਹੈ, ਸਰਕਾਰ ਦੀ ਆਮਦਨ ਸਕੂਲਾਂ, ਹਸਪਤਾਲਾਂ, ਮਾਰਕਫੈੱਡ, ਰੋਡਵੇਜ਼, ਜ਼ਮੀਨ ਤੇ ਵਾਹਨਾਂ ਦੀ ਰਜਿਸਟਰੇਸ਼ਨ ਆਦਿ ਤੋਂ ਘਟੀ ਹੈ। ਦੋਵੇਂ ਸਰਕਾਰਾਂ ਦਾ ਧਿਆਨ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਕੇ ਉਨ੍ਹਾਂ ਦੀ ਵਧੀ ਆਮਦਨ ਤੇ ਟੈਕਸ ਲਾਉਣ ਦੀ ਬਜਾਇ, ਲੋਕਾਂ ਦੀ ਵਿਗੜਦੀ ਵਿੱਤੀ ਹਾਲਤ ਦੌਰਾਨ ਹੀ ਉਨ੍ਹਾਂ ਉੱਤੇ ਵਧ ਟੈਕਸਾਂ ਅਤੇ ਮਹਿੰਗਾਈ ਦਾ ਬੋਝ ਲੱਦ ਕੇ ਆਪਣੇ ਖਜ਼ਾਨੇ ਭਰਨ ਵਲ ਜ਼ਿਆਦਾ ਰਿਹਾ ਹੈ।

ਕਰਾਂ ਵਾਲਾ ਪੱਖ ਦਰਸਾਉਂਦਾ ਹੈ ਕਿ ਸਰਕਾਰਾਂ ਇਨ੍ਹਾਂ ਤੋਂ ਵੀ ਆਮਦਨ ਹਾਸਲ ਕਰਨ ਵਿਚ ਅਸਫਲ ਰਹੀਆਂ। 2010-11 ਵਿਚ ਸਰਕਾਰ ਦੁਆਰਾ ਆਪ ਲਾਏ ਗਏ ਕਰਾਂ ਤੋਂ ਕੁੱਲ ਕਮਾਈ ਦਾ 85% ਭਾਗ ਆਉਂਦਾ ਸੀ (2016-17 ਵਿਚ 74%), ਉਹ 2020-21 ਵਿਚ 72% ਰਹਿ ਗਿਆ। ਇਸ ਦਾ ਅਰਥ ਹੈ, ਸੂਬਾ ਸਰਕਾਰ ਦੀ ਕੇਂਦਰ ਸਰਕਾਰ ਉੱਤੇ ਵਧਦੀ ਨਿਰਭਰਤਾ, ਕਿਉਂਕਿ ਹੁਣ ਪੰਜਾਬ ਸਰਕਾਰ ਦੀ ਕੁਲ ਟੈਕਸਾਂ ਤੋਂ ਹੋਣ ਵਾਲੀ ਕਮਾਈ ਦਾ ਇਕ ਚੌਥਾਈ ਤੋਂ ਵੀ ਵਧ ਭਾਗ (28%) ਕੇਂਦਰੀ ਟੈਕਸਾਂ ਵਿਚ ਪੰਜਾਬ ਦੇ ਹਿੱਸੇ ਤੋਂ ਆਉਂਦਾ ਹੈ।

ਜੀ.ਐਸ.ਟੀ. ਜਿਸ ਨੂੰ ਮੁਲਕ ਦੇ ਟੈਕਸ ਇਤਿਹਾਸ ਵਿਚ ਮੀਲ ਦਾ ਪੱਥਰ ਕਿਹਾ ਗਿਆ, ਅਸਲ ਵਿਚ ਰਾਜ ਸਰਕਾਰਾਂ ਦੀ ਟੈਕਸ ਖੁਦਮੁਖਤਾਰੀ ਖੋਹਣ ਵਾਲਾ ਸਾਬਤ ਹੋ ਰਿਹਾ ਹੈ। ਨਾ ਤਾਂ ਜੀ.ਐਸ.ਟੀ. ਆਉਣ ਬਾਅਦ ਖਪਤਕਾਰਾਂ ਨੂੰ ਵਸਤਾਂ ਦੀਆਂ ਕੀਮਤਾਂ ਵਿਚ ਕਮੀ ਦਾ ਲਾਭ ਮਿਲਿਆ, ਨਾ ਹੀ ਪੰਜਾਬ ਸਰਕਾਰ ਦੇ ਮਾਲੀਏ ਵਿਚ ਇਸ ਨਾਲ ਕੋਈ ਖਾਸ ਫ਼ਰਕ ਪਿਆ। ਜਿੱਥੇ 2010-11 ਵਿਚ ਸਰਕਾਰ ਦੀ ਕੁੱਲ ਟੈਕਸ ਪ੍ਰਾਪਤੀਆਂ ਵਿਚ ਵੈਟ ਅਤੇ ਵਿਕਰੀ ਕਰ ਦਾ ਹਿੱਸਾ 59% ਸੀ (2016-17 ਵਿਚ 63%), ਉੱਥੇ 2020-21 ਦੌਰਾਨ ਵੈਟ ਤੇ ਜੀ.ਐਸ.ਟੀ. ਤੋਂ ਪੰਜਾਬ ਸਰਕਾਰ ਨੂੰ ਕੁੱਲ ਟੈਕਸਾਂ ਦਾ 59.5% ਭਾਗ ਆਇਆ ਹੈ। ਜੀ.ਐਸ.ਟੀ. ਨੇ ਕੇਵਲ ਪੰਜਾਬ ਸਰਕਾਰ ਦੀ ਨਿਰਭਰਤਾ ਕੇਂਦਰ ਸਰਕਾਰ ਤੇ ਵਧਾਈ ਹੈ।

ਇਸ ਪੱਖ ਦੀ ਚਰਚਾ ਨਾਲ ਸਭ ਤੋਂ ਪਹਿਲਾਂ ਨਜ਼ਰ ਪੰਜਾਬ ਸਰਕਾਰ ਦੇ ਵਿਆਜ ਦੇ ਭੁਗਤਾਨ ਵਲ ਜਾਂਦੀ ਹੈ ਜੋ ਨਿੱਤ ਦਿਨ ਵਧ ਰਿਹਾ ਹੈ। 2010-11 ਵਿਚ ਪ੍ਰਤੀ 100 ਰੁਪਏ ਖਰਚੇ ਵਿਚੋਂ 16.75 ਰੁਪਏ ਵਿਆਜ ਦੇ ਭੁਗਤਾਨ ਲਈ ਸਨ (2016-17 ਵਿਚ 21 ਰੁਪਏ) ਪਰ 2020-21 ਵਿਚ ਇਹ 20.20 ਰੁਪਏ ਹੋ ਗਏ। ਕਾਂਗਰਸ ਸਰਕਾਰ ਦੁਆਰਾ 2017 ਵਿਚ ਪੇਸ਼ ਵ੍ਹਾਈਟ ਪੇਪਰ ਵਿਚ ਦਰਸਾਇਆ ਗਿਆ ਕਿ ਅਕਾਲੀ ਸਰਕਾਰ ਦੇ ਰਾਜ ਦੌਰਾਨ ਕੇਂਦਰ ਸਰਕਾਰ ਲਈ ਅਨਾਜ ਖਰੀਦਣ ਤੇ ਕੇਂਦਰੀ ਖਰੀਦ ਏਜੰਸੀਆਂ ਨੂੰ ਭੁਗਤਾਨ ਕਰਨ ਵਿਚ 29920 ਕਰੋੜ ਰੁਪਏ ਦਾ ਘੁਟਾਲਾ ਹੋਇਆ। ਫਿਰ ਸਟਾਕ ਵਿਚ ਗੜਬੜੀ ਨੂੰ ਬੜੀ ਚਲਾਕੀ ਨਾਲ 2017 ਦੀਆਂ ਚੋਣਾਂ ਤੋਂ ਪਹਿਲਾਂ 31000 ਕਰੋੜ ਰੁਪਏ ਦੇ ਨਵੇਂ ਕਰਜ਼ੇ ਲੈ ਕੇ ਲੁਕੋਣ ਦੀ ਕੋਸ਼ਿਸ਼ ਕੀਤੀ ਅਤੇ ਇਨ੍ਹਾਂ ਕਰਜ਼ਿਆਂ ਦਾ ਭਾਰ ਰਾਜ ਦੇ ਖਜ਼ਾਨੇ ਉੱਤੇ ਪਾ ਦਿੱਤਾ ਗਿਆ। ਇਸ ਕਰਜ਼ੇ ਦੀ ਅਦਾਇਗੀ ਲਈ ਹਰ ਸਾਲ 3240 ਕਰੋੜ ਰੁਪਏ (270 ਕਰੋੜ ਰੁਪਏ ਪ੍ਰਤੀ ਮਹੀਨਾ) ਅਗਲੇ 20 ਸਾਲਾਂ ਤਕ (ਕੁਲ 64800 ਕਰੋੜ ਰੁਪਏ) ਸਰਕਾਰ ਦੇ ਖਜ਼ਾਨੇ ਵਿਚੋਂ ਦਿੱਤੇ ਜਾ ਰਹੇ ਹਨ। ਵੱਡਾ ਸਵਾਲ ਇਹ ਹੈ ਕਿ ਕਰਜ਼ੇ ਲੈ ਕੇ ਵੀ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਦਿੱਤਾ ਗਿਆ? ਅਕਾਲੀ ਸਰਕਾਰ ਨੇ ਆਪਣੇ ਰਾਜ ਦੇ ਆਖਰੀ ਸਾਲ ਦੌਰਾਨ ਲੋਕਾਂ ਨੂੰ ਆਪਣੇ ਵਲ ਖਿੱਚਣ ਲਈ ਸਿਹਤ ਤੇ ਖੇਤੀਬਾੜੀ ਖੇਤਰ ਵਿਚ ਕੁਝ ਰਕਮ ਜ਼ਰੂਰ ਖਰਚ ਕੀਤੀ ਪਰ ਵੱਡੇ ਪੱਧਰ ਤੇ ਸਿੱਖਿਆ, ਸਿਹਤ, ਪਰਿਵਾਰ ਭਲਾਈ, ਸਿੰਜਾਈ, ਖੇਤੀਬਾੜੀ ਅਤੇ ਪੈਨਸ਼ਨ ਧਾਰਕਾਂ ਨੂੰ ਨਿਰਾਸ਼ਾ ਹੀ ਹੱਥ ਲੱਗੀ ਹੈ।

ਕਾਂਗਰਸ ਰਾਜ ਦੇ ਅੰਕੜਿਆਂ ਅਨੁਸਾਰ, ਕਾਂਗਰਸ ਨੇ ਕਰਜ਼ਿਆਂ ਦੀ ਅਦਾਇਗੀ ਖਾਤਰ ਸਮਾਜਕ ਅਤੇ ਆਰਥਕ ਖਰਚ ਵਿਚ ਤਬਾਹਕੁਨ ਕਟੌਤੀ ਕੀਤੀ। ਦੋ ਬਹੁਤ ਹੀ ਦਿਲਚਸਪ ਪਹਿਲੂ ਸਾਹਮਣੇ ਆਏ। ਪਹਿਲਾ ਤਾਂ ਕਾਂਗਰਸ ਸਰਕਾਰ ਨੇ ਆਪਣੇ ਪਿਛਲੇ 4.5 ਸਾਲਾਂ ਦੌਰਾਨ ਨਵੇਂ ਕਰਜ਼ੇ ਲੈ ਕੇ ਆਪਣੇ ਤੇ ਹੋਣ ਵਾਲੇ ਖਰਚਿਆਂ ਨੂੰ ਜਾਰੀ ਰੱਖਿਆ ਅਤੇ ਨਾਲ ਹੀ ਸਟੇਟ ਬੈਂਕ, ਐਲ.ਆਈ.ਸੀ. ਅਤੇ ਰਾਸ਼ਟਰੀ ਛੋਟੀ ਬੱਚਤ ਸੰਸਥਾ ਤੋਂ ਪਿਛਲੇ ਸਾਲਾਂ ਵਿਚ ਲਏ ਕਰਜ਼ਿਆਂ ਦੀ ਅਦਾਇਗੀ ਵੀ ਕੀਤੀ। ਦੂਜਾ, 2017 ਤੋਂ ਪੰਜਾਬ ਸਰਕਾਰ ਨੇ ਆਪਣੇ ਪ੍ਰਸ਼ਾਸਕੀ ਖਰਚਿਆਂ ਨੂੰ ਪਾਰਦਰਸ਼ੀ ਨਹੀਂ ਬਣਾਇਆ ਅਤੇ ਇਨ੍ਹਾਂ ਨੂੰ ਸਰਕਾਰ ਦੇ ਆਰਥਿਕ ਖਰਚਿਆਂ ਵਿਚ ਸ਼ਾਮਲ ਕੀਤਾ।

ਪੰਜਾਬ ਦੀ ਆਰਥਕ ਕਾਰਗੁਜ਼ਾਰੀ ਦੀ ਤੁਲਨਾ ਹੋਰ ਰਾਜਾਂ ਨਾਲ ਕਰਕੇ ਦੋਵੇਂ ਸਰਕਾਰਾਂ ਦੀਆਂ ਲੋਕ ਹਿਤ ਕੰਮਾਂ ਵਲ ਕੋਸ਼ਿਸ਼ਾਂ ਬਾਰੇ ਜਾਣਨ ਦਾ ਉਪਰਾਲਾ ਕੀਤਾ ਗਿਆ ਹੈ ਪਰ ਨਤੀਜਿਆਂ ਵਿਚ ਭਿਆਨਕ ਅਤੇ ਨਿਰਾਸ਼ਾਜਨਕ ਤਸਵੀਰ ਹੀ ਦਿਖਾਈ ਦਿੱਤੀ ਹੈ। ਮਾਲੀਆ ਪ੍ਰਾਪਤੀਆਂ (ਘਰੇਲੂ ਉਤਪਾਦ ਦੇ ਅਨੁਪਾਤ ਅਨੁਸਾਰ) ਵਿਚ 2012-13 ਤੇ 2016-17 ਵਿਚ ਪੰਜਾਬ 30 ਰਾਜਾਂ ਵਿਚੋਂ 27ਵੇਂ ਸਥਾਨ ਤੇ ਰਿਹਾ ਅਤੇ 2020-21 ਵਿਚ 22ਵੇਂ ਸਥਾਨ 'ਤੇ ਪਹੁੰਚ ਗਿਆ। ਇਹ ਉਛਾਲ ਕੋਈ ਟੈਕਸਾਂ ਜਾਂ ਗੈਰ-ਟੈਕਸ ਸਰੋਤਾਂ ਵਿਚ ਵਾਧੇ ਕਾਰਨ ਨਹੀਂ ਆਇਆ, ਬਲਕਿ ਮਾਲੀਆ ਪ੍ਰਾਪਤੀਆਂ ਵਿਚ ਕੇਂਦਰ ਸਰਕਾਰ ਦੁਆਰਾ ਕੀਤੇ ਜਾਣ ਵਾਲੇ ਭੁਗਤਾਨਾਂ ਦੇ ਹਿੱਸੇ ਵਧਣ ਕਾਰਨ ਆਇਆ ਹੈ; ਭਾਵ ਪੰਜਾਬ ਦੀ ਵਿੱਤੀ ਨਿਰਭਰਤਾ ਕੇਂਦਰ ਉਤੇ ਲਗਾਤਾਰ ਵਧ ਰਹੀ ਹੈ।

ਇਸੇ ਤਰ੍ਹਾਂ ਵਿਕਾਸਸ਼ੀਲ ਕੰਮਾਂ ਉੱਤੇ ਹੋਣ ਵਾਲੇ ਖਰਚਿਆਂ (ਘਰੇਲੂ ਉਤਪਾਦ ਦੇ ਅਨੁਪਾਤ ਅਨੁਸਾਰ) ਵਿਚ ਵੀ ਪੰਜਾਬ ਦੀ ਵਿੱਤੀ ਸਾਖ ਨੂੰ ਵੱਖ ਵੱਖ ਰਾਜਾਂ ਦੇ ਮੁਕਾਬਲੇ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਤਾ ਲੱਗਾ ਕਿ 2012-13 ਵਿਚ ਵਿਕਾਸਸ਼ੀਲ ਕੰਮਾਂ ਉੱਤੇ ਹੋਣ ਵਾਲੇ ਖਰਚਿਆਂ, ਸਮਾਜਿਕ ਖੇਤਰ ਤੇ ਹੋਣ ਵਾਲੇ ਖਰਚਿਆਂ ਅਤੇ ਪੂੰਜੀਗਤ ਖਰਚਿਆਂ ਵਿਚ ਪੰਜਾਬ ਦਾ ਸਥਾਨ 30 ਸੂਬਿਆਂ ਵਿਚ 28ਵੇਂ ਤੋਂ 30ਵੇਂ ਤਕ ਸੀ। 2016-17 ਵਿਚ ਭਾਵੇਂ ਪੰਜਾਬ ਦੀ ਹਾਲਤ ਵਿਚ ਕੁਝ ਸੁਧਾਰ ਹੋਇਆ ਪਰ ਇਹ ਅਸਥਾਈ ਸੁਧਾਰ ਸੀ ਜੋ ਮੁਖ ਤੌਰ ਤੇ ਚੋਣਾਂ ਦੇ ਮੱਦੇਨਜ਼ਰ ਅਕਾਲੀ ਸਰਕਾਰ ਦੇ ਵਿਕਾਸ ਅਤੇ ਸਮਾਜਿਕ ਖੇਤਰ ਦੇ ਕੁਝ ਕੰਮਾਂ ਉੱਤੇ ਪੈਸਾ ਖਰਚ ਕਰਨ ਹੋਇਆ ਸੀ।

ਸਰਕਾਰ ਭਾਵੇਂ ਕੋਈ ਹੋਵੇ, ਇਕ ਦਹਾਕੇ ਦੌਰਾਨ ਤਰਕਹੀਣ ਟੈਕਸਾਂ ਦੇ ਉੱਚੇ ਪੱਧਰ, ਜਨਤਕ ਨਿਵੇਸ਼ ਦੀ ਘਾਟ ਅਤੇ ਸਰਕਾਰਾਂ ਦੇ ਆਪਣੇ ਉਤੇ ਕੀਤੇ ਵੱਧ ਖਰਚਿਆਂ ਨੇ ਆਮ ਲੋਕਾਂ ਨੂੰ ਔਖੇ ਕੀਤਾ ਹੈ। ਸਮੇਂ ਦੀ ਮੰਗ ਹੈ ਕਿ ਅਸੀਂ ਪਾਰਟੀਆਂ ਤੋਂ ਪੁਛੀਏ ਕਿ ਆਪਣੀ ਸਰਕਾਰ ਵਾਲੇ ਕਾਰਜਕਾਲ ਦੌਰਾਨ ਲੋਕਾਂ ਕੋਲੋਂ ਟੈਕਸਾਂ ਦੇ ਰੂਪ 'ਚ ਲਏ ਪੈਸੇ ਦੀ ਵਰਤੋਂ ਕਿੱਥੇ ਹੋਈ? ਕਿਉਂ ਜਨਤਕ ਖੇਤਰ ਦੇ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ, ਹਸਪਤਾਲਾਂ, ਸਰਕਾਰੀ ਤੇ ਨਿਜੀ ਕਰਮਚਾਰੀਆਂ ਦੀਆਂ ਤਨਖਾਹਾਂ, ਪੈਨਸ਼ਨਾਂ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ, ਨਵੀਆਂ ਭਰਤੀਆਂ ਆਦਿ ਨਹੀਂ ਸੁਧਰ ਸਕੀਆਂ, ਜਦੋਂਕਿ ਚੋਣ ਅਫਸਰ ਕੋਲ 2022 ਦੀਆਂ ਚੋਣਾਂ ਲਈ ਪਰਚਾ ਭਰਨ ਵਾਲੇ ਹਰ ਉਮੀਦਵਾਰ ਦੀ ਆਮਦਨ ਪਿਛਲੀ ਚੋਣ ਦੇ ਮੁਕਾਬਲੇ ਵਧ ਦਰਜ ਹੋਵੇਗੀ?

ਸਿਆਸਤ ਦਾ ਪਿੜ

# ਅਸਲੋਂ ਬਦਲੇ ਹੋਏ ਹਾਲਾਤ ਵਿੱਚ ਹੋਣ ਵਾਲੀਆਂ ਹਨ ਪੰਜਾਬ ਅਸੈਂਬਲੀ ਚੋਣਾਂ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਇਸ ਵਕਤ ਚੋਣਾਂ ਵਾਲੇ ਉਸ ਚੌਕ ਵਿੱਚ ਪੁੱਜਣ ਵਾਲਾ ਹੈ, ਜਿੱਥੇ ਜਾ ਕੇ ਉਸ ਨੂੰ ਸੋਚਣਾ ਪੈਣਾ ਹੈ ਕਿ ਉਸ ਨੂੰ ਕਿੰਨੇ ਸਾਰੇ ਸਿਆਸੀ ਰਾਹਾਂ ਵਿੱਚੋਂ ਕਿਹੜੇ ਇੱਕ ਉੱਤੇ ਚੱਲਣਾ ਚਾਹੀਦਾ ਹੈ। ਇਹ ਚੋਣਾਂ ਵੀ ਉਸ ਲਈ ਜੂਏ ਵਾਂਗ ਹੋਣ ਤਾਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਪਿਛਲੀਆਂ ਚੋਣਾਂ ਵਿੱਚ ਕੋਈ ਸੁਖਾਵੀਂ ਸਰਕਾਰ ਪੱਲੇ ਨਹੀਂ ਸੀ ਪੈ ਸਕੀ ਅਤੇ ਇਸ ਵਾਰ ਫਿਰ ਜਿੱਦਾਂ ਦਾ ਘਚੋਲਾ ਪਈ ਜਾਂਦਾ ਹੈ, ਹਾਲ ਦੀ ਘੜੀ ਕੋਈ ਸੁਖਾਵਾਂ ਸਬੱਬ ਬਣਦਾ ਨਜ਼ਰ ਨਹੀਂ ਆਉਂਦਾ ਤੇ ਸੰਕੇਤ ਇੱਦਾਂ ਦੇ ਹਨ ਕਿ ਇਹ ਘਚੋਲਾ ਹੋਰ ਵਧ ਸਕਦਾ ਹੈ।

ਪੁਰਾਣੀਆਂ ਸਿਆਸੀ ਧਿਰਾਂ ਵਿੱਚੋਂ ਕਾਂਗਰਸ ਦੇ ਕੁਰਸੀ-ਯੁੱਧ ਨੇ ਇਸ ਵਾਰ ਨਵੀਂ ਸਿਆਸੀ ਧਿਰ ਸਾਹਮਣੇ ਆ ਖੜੋਣ ਦੇ ਹਾਲਾਤ ਬਣਾ ਦਿੱਤੇ ਹਨ ਅਤੇ ਇਸ ਨਵੀਂ ਧਿਰ ਦੀ ਅਗਵਾਈ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹਿਲ ਕਰ ਚੁੱਕਾ ਹੈ। ਅਕਾਲੀ ਦਲ ਵੀ ਇਸ ਵਾਰ ਪਿਛਲੀ ਵਾਰੀ ਵਾਲਾ ਨਹੀਂ ਹੋਣਾ, ਉਸ ਵਿੱਚੋਂ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਵਰਗੇ ਟਕਸਾਲੀ ਅਕਾਲੀ ਆਗੂ ਪਾਸੇ ਹੋ ਚੁੱਕੇ ਹਨ ਅਤੇ ਉਨ੍ਹਾਂ ਦੀ ਥਾਂ ਉਹ ਲੋਕ ਅਕਾਲੀ ਦਲ ਵਿੱਚ ਵਧ ਚੁੱਕੇ ਹਨ, ਜਿਹੜੇ ਨਾ ਸ਼ਕਲੋਂ ਅਕਾਲੀ ਨਜ਼ਰ ਆਉਂਦੇ ਹਨ ਤੇ ਨਾ ਅਕਲੋਂ ਅਕਾਲੀਪੁਣੇ ਵਾਲੀ ਕੋਈ ਗੱਲ ਉਨ੍ਹਾਂ ਵਿੱਚ ਲੱਭਦੀ ਹੈ। ਆਮ ਆਦਮੀ ਪਾਰਟੀ ਵਿੱਚ ਵੀ ਪਿਛਲੀ ਵਾਰ ਤੋਂ ਬਾਅਦ ਫਰਕ ਪਿਆ ਹੈ। ਇਸ ਦਾ ਉਸ ਵਕਤ ਦਾ ਉੱਭਰਵਾਂ ਆਗੂ ਅਤੇ ਪੰਜਾਬ ਦੀ ਵਿਧਾਨ ਸਭਾ ਵਿੱਚ ਪਹਿਲੀ ਵਾਰ ਅਗਵਾਈ ਕਰਨ ਵਾਲਾ ਹਰਵਿੰਦਰ ਸਿੰਘ ਫੂਲਕਾ ਪਾਰਟੀ ਨੂੰ ਛੱਡ ਕੇ ਸੁਪਰੀਮ ਕੋਰਟ ਦੇ ਕੇਸ ਲੜਨ ਵਾਲੇ ਕੰਮ 'ਚ ਰੁੱਝ ਚੁੱਕਾ ਹੈ। ਉਸ ਦੀ ਥਾਂ ਆਗੂ ਬਣਾਇਆ ਗਿਆ ਸੁਖਪਾਲ ਸਿੰਘ ਖਹਿਰਾ ਵੀ ਇਸ ਪਾਰਟੀ ਦਾ ਖਹਿੜਾ ਛੱਡਣ ਪਿੱਛੋਂ ਪਹਿਲਾਂ 'ਪੰਜਾਬ ਏਕਤਾ ਪਾਰਟੀ' ਬਣਾ ਕੇ ਪਾਰਲੀਮੈਂਟ ਚੋਣ ਲੜਿਆ ਅਤੇ ਫਿਰ ਕਈ ਚਿਰ ਸੜਕਾਂ ਉੱਤੇ ਘੁੰਮਣ ਦੇ ਬਾਅਦ ਓਸੇ ਕਾਂਗਰਸ ਵਿੱਚ ਜਾ ਵੜਿਆ ਹੈ, ਜਿਸ ਨੂੰ ਛੱਡ ਕੇ ਏਧਰ ਆਇਆ ਸੀ। ਐਤਕੀਂ ਵਿਧਾਨ ਸਭਾ ਚੋਣਾਂ ਦੌਰਾਨ ਅਗਵਾਈ ਕਰਨ ਵਾਲੇ ਇਸ ਪਾਰਟੀ ਦੇ ਆਗੂ ਨੂੰ ਕਈ ਮੁਸ਼ਕਲਾਂ ਹੋ ਸਕਦੀਆਂ ਹਨ।

ਇਨ੍ਹਾਂ ਸਾਰਿਆਂ ਤੋਂ ਅਲੋਕਾਰ ਗੱਲ ਇਹ ਹੈ ਕਿ ਇਸ ਵਾਰ ਕੇਂਦਰ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਪੰਜਾਬ ਵਿੱਚ ਵੀ ਪੱਛਮੀ ਬੰਗਾਲ ਵਰਗੀ ਲੜਾਈ ਬਣਾਉਣ ਦੇ ਮੂਡ ਵਿੱਚ ਜਾਪਦੀ ਹੈ। ਪਿਛਲੇ ਸਾਲ ਤੋਂ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਇਹ ਪਾਰਟੀ ਇੱਕ ਤਰ੍ਹਾਂ ਖੂੰਜੇ ਲੱਗੀ ਰਹੀ ਸੀ ਤੇ ਇਸ ਦੇ ਲੀਡਰਾਂ ਨੂੰ ਮੀਟਿੰਗਾਂ ਕਰਨ ਤੋਂ ਲੈ ਕੇ ਕਿਸੇ ਦੇ ਵਿਆਹ-ਸ਼ਾਦੀ ਜਾਂ ਮਰਨੇ-ਪਰਨੇ ਦਾ ਅਫਸੋਸ ਕਰਨ ਲਈ ਜਾਂਦਿਆਂ ਨੂੰ ਵੀ ਘੇਰ ਕੇ ਜਿਵੇਂ ਜ਼ਲੀਲ ਕੀਤਾ ਜਾ ਰਿਹਾ ਸੀ, ਅਸੀਂ ਇਹ ਕਹਿੰਦੇ ਸਾਂ ਕਿ ਹਰ ਗੱਲ ਦੀ ਹੱਦ ਹੁੰਦੀ ਹੈ, ਕਿਸਾਨਾਂ ਨੂੰ ਹੱਦ ਨਹੀਂ ਟੱਪਣੀ ਚਾਹੀਦੀ ਤੇ ਏਦਾਂ ਰਾਹਾਂ ਵਿੱਚ ਕਿਸੇ ਨੂੰ ਜ਼ਲੀਲ ਨਹੀਂ ਕਰਨਾ ਚਾਹੀਦਾ, ਪਰ ਕੋਈ ਸੁਣਦਾ ਨਹੀਂ ਸੀ, ਜਿਸ ਕਾਰਨ ਭਾਜਪਾ ਲੀਡਰਸ਼ਿਪ ਵੀ ਹੋਰ ਤੋਂ ਹੋਰ ਕੌੜ ਖਾਂਦੀ ਗਈ ਅਤੇ ਇਨ੍ਹਾਂ ਚੋਣਾਂ ਮੌਕੇ ਕੌੜ ਕੱਢਣ ਦੇ ਮੂਡ ਵਿੱਚ ਹੈ। ਪਾਰਟੀ ਲੀਡਰਸ਼ਿਪ ਨੇ ਪਹਿਲਾਂ ਕੁਝ ਸਿੱਖ ਲੀਡਰਾਂ ਨੂੰ ਆਪਣੇ ਵੱਲ ਖਿੱਚਿਆ, ਫਿਰ ਕੁਝ ਲੀਹੋਂ ਲੱਥੇ 'ਸਿੱਖ ਵਿਦਵਾਨ' ਕਹਾਉਂਦੇ ਸੱਜਣ ਗੰਢ ਕੇ ਉਨ੍ਹਾਂ ਨੂੰ ਪਾਰਟੀ ਅਹੁਦੇ ਦੇ ਕੇ ਨਾਲ ਤੋਰ ਲਿਆ ਤੇ ਪਿੱਛੋਂ ਕਾਂਗਰਸ ਦਾ ਕਬਾੜਾ ਕਰ ਕੇ ਉਸ ਨੂੰ ਛੱਡ ਕੇ ਆਏ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਤਾਰ ਜੋੜ ਲਈ ਕਿ ਅਗਲੀਆਂ ਚੋਣਾਂ ਮਿਲ ਕੇ ਲੜਾਂਗੇ।

ਕੈਪਟਨ ਅਮਰਿੰਦਰ ਸਿੰਘ ਕੋਲ ਇਸ ਵਕਤ ਇੱਕੋ-ਇੱਕ ਨਿਸ਼ਾਨਾ ਉਸ ਪਾਰਟੀ ਦੇ ਤੱਪੜ ਰੋਲਣ ਦਾ ਹੈ, ਜਿਸ ਨਾਲ ਮਾਂ-ਬਾਪ ਦੇ ਵਕਤ ਤੋਂ ਸਾਂਝ ਸੀ ਤੇ ਜਿਸ ਨੇ ਭਾਵੇਂ ਦੋ ਵਾਰੀ ਮੁੱਖ ਮੰਤਰੀ ਵੀ ਬਣਾਇਆ ਸੀ, ਅੰਤ ਵਿੱਚ ਬੇਆਬਰੂ ਕਰ ਕੇ ਕੂਚੇ ਤੋਂ ਕੱਢ ਦਿੱਤ। ਉਸ ਨੂੰ ਭਾਜਪਾ ਦੇ ਜਿੱਤਣ ਜਾਂ ਕਿਸੇ ਹੋਰ ਦੇ ਪੈਰ ਹੇਠ ਬਟੇਰਾ ਆਉਣ ਨਾਲ ਕੋਈ ਫਰਕ ਨਹੀਂ ਪੈਂਦਾ, ਸਿਰਫ ਦੋ ਖਾਹਿਸ਼ਾਂ ਹਨ, ਇੱਕ ਪੰਜਾਬ ਵਿੱਚ ਕਾਂਗਰਸ ਨਹੀਂ ਜਿੱਤਣੀ ਚਾਹੀਦੀ ਤੇ ਦੂਸਰੀ ਇਹ ਕਿ ਹਰ ਹਾਲਤ ਨਵਜੋਤ ਸਿੰਘ ਸਿੱਧੂ ਨੂੰ ਜਿੱਤਣ ਤੋਂ ਰੋਕਣਾ ਹੈ। ਇਸ ਮਕਸਦ ਲਈ ਉਹ ਭਾਜਪਾ ਲੀਡਰਸ਼ਿਪ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਕਰਨ ਲਈ ਤਿਆਰ ਹੈ ਅਤੇ ਅੱਗੋਂ ਭਾਜਪਾ ਲੀਡਰਸ਼ਿਪ ਉਸ ਨੂੰ ਪੰਜਾਬ ਦਾ ਸੂਵੇਂਦੂ ਅਧਿਕਾਰੀ ਬਣਾ ਕੇ ਵਰਤਣ ਲਈ ਤਿਆਰ ਬੈਠੀ ਹੈ।

ਅਜੇ ਉਹ ਸਮਾਂ ਨਹੀਂ ਆਇਆ ਕਿ ਕੋਈ ਇਹ ਭਵਿੱਖਬਾਣੀ ਕਰ ਸਕੇ ਕਿ ਅਗਲੀ ਵਾਰ ਪੰਜਾਬ ਵਿੱਚ ਫਲਾਣੀ ਪਾਰਟੀ ਜਿੱਤੇਗੀ, ਪਰ ਕਈ ਲੋਕ ਇਹ ਕਹਿੰਦੇ ਹਨ ਕਿ ਭਾਜਪਾ ਐਤਕੀਂ ਪੰਜਾਬ ਦਾ ਚੋਣ ਮੈਦਾਨ ਏਨਾ ਕੁ ਤੱਤਾ ਕਰਨ ਤੱਕ ਜਾਵੇਗੀ, ਜਿੰਨਾ ਅੱਜ ਤੱਕ ਕਦੀ ਹੋਇਆ ਨਹੀਂ। ਅਸੀਂ ਪੱਛਮੀ ਬੰਗਾਲ ਦੀਆਂ ਚੋਣਾਂ ਵੇਲੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਨੂੰ ਉਥੇ ਚੱਲਦੀ ਚੋਣ ਦੌਰਾਨ ਵੀ ਕੇਸਾਂ ਦੀ ਜਾਂਚ ਕਰਨ ਬਹਾਨੇ ਚੋਣਵੇਂ ਸਿਆਸੀ ਲੀਡਰਾਂ ਦੇ ਪਿੱਛੇ ਲੱਗੀਆਂ ਅਤੇ ਉਨ੍ਹਾਂ ਨੂੰ ਤੋੜ ਕੇ ਭਾਜਪਾ ਨਾਲ ਜੋੜਦੀਆਂ ਵੇਖ ਚੁੱਕੇ ਹਾਂ। ਪੰਜਾਬ ਵਿੱਚ ਉਸ ਤੋਂ ਵੱਧ ਇਹ ਖੇਡ ਹੋਣ ਦਾ ਮਾਹੌਲ ਬਣ ਚੁੱਕਾ ਹੈ। ਉਥੇ ਜਿੰਨੀਆਂ ਏਜੰਸੀਆਂ ਵਰਤੀਆਂ ਗਈਆਂ ਸਨ, ਪੰਜਾਬ ਵਿੱਚ ਉਨ੍ਹਾਂ ਤੋਂ ਇੱਕ ਵੱਧ ਵਰਤਣ ਵਾਸਤੇ ਰਾਹ ਇਸ ਲਈ ਖੁੱਲ੍ਹ ਗਿਆ ਹੈ ਕਿ ਬਾਰਡਰ ਸਕਿਉਰਿਟੀ ਫੋਰਸ ਦਾ ਅਧਿਕਾਰ ਖੇਤਰ ਫਾਜ਼ਿਲਕਾ, ਫਿਰੋਜ਼ਪੁਰ, ਝਬਾਲ, ਅਜਨਾਲਾ, ਡੇਰਾ ਬਾਬਾ ਨਾਨਕ ਜਾਂ ਦੀਨਾ ਨਗਰ ਤੋਂ ਵਧਾ ਕੇ ਮੁਕਤਸਰ ਸਾਹਿਬ, ਕੋਟ ਕਪੂਰਾ ਤੋਂ ਹੁੰਦਾ ਹੋਇਆ ਬਿਆਸ ਦਰਿਆ ਨਾਲ ਕਦੇ ਲਹਿੰਦੇ ਪਾਸੇ ਤੇ ਕਦੀ ਟੱਪ ਕੇ ਚੜ੍ਹਦੇ ਪਾਸੇ ਤੱਕ ਜਾਣ ਲੱਗ ਪਿਆ ਹੈ। ਇਹ ਫੋਰਸ ਚੱਲਦੀ ਚੋਣ ਦੌਰਾਨ ਦੇਸ਼ ਦੀ ਸੁਰੱਖਿਆ ਦੇ ਨਾਂਅ ਉੱਤੇ ਪਾਕਿਸਤਾਨ ਨਾਲ ਸਾਂਝ ਦੇ ਬਹਾਨੇ ਲੋਕਾਂ ਦੀ ਪੈੜ ਦੱਬਣ ਲਈ ਕਿਸ ਵੇਲੇ ਕਿਸ ਪਿੰਡ ਜਾਂ ਸ਼ਹਿਰ ਦੇ ਕਿਸ ਆਗੂ ਦੀ ਖੱਬੀ-ਸੱਜੀ ਬਾਂਹ ਗਿਣੇ ਜਾਂਦੇ ਲੋਕਾਂ ਨੂੰ ਅੱਧੀ ਰਾਤ ਘੇਰਨ ਤੁਰ ਪਵੇਗੀ, ਇਸ ਦਾ ਕਿਸੇ ਨੂੰ ਹਾਲ ਦੀ ਘੜੀ ਕੋਈ ਅੰਦਾਜ਼ਾ ਨਹੀਂ ਹੋ ਸਕਦਾ। ਜਦੋਂ ਪੰਜਾਬ ਵਿੱਚ ਫੌਜ ਲੱਗੀ ਹੁੰਦੀ ਸੀ, ਉਦੋਂ ਕਾਂਗਰਸੀ ਆਗੂ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਫੌਜੀ ਅਫਸਰਾਂ ਤੋਂ ਏਦਾਂ ਦੇ ਕੰਮ ਕਰਵਾਉਣ ਤੋਂ ਨਹੀਂ ਸਨ ਝਿਜਕਦੇ ਹੁੰਦੇ ਤੇ ਅਗਲੀ ਵਿਧਾਨ ਸਭਾ ਚੋਣ ਮੌਕੇ ਇਹੋ ਕੁਝ ਕੋਈ ਦੂਸਰੀ ਧਿਰ ਕਰਵਾ ਸਕਦੀ ਹੈ। ਇਸ ਨਾਲ ਪੰਜਾਬ ਦਾ ਸਿਆਸੀ ਨਕਸ਼ਾ ਬਦਲਿਆ ਨਜ਼ਰ ਆ ਸਕਦਾ ਹੈ ਤੇ ਉਸ ਨਕਸ਼ੇ ਵਿੱਚੋਂ ਜਦੋਂ ਅਗਲੇ ਸਾਲ ਦੀ ਵਿਧਾਨ ਸਭਾ ਚੋਣਾਂ ਦੀ ਪ੍ਰਕਿਰਿਆ ਵੱਲ ਵੇਖੀਦਾ ਹੈ ਤਾਂ ਉਹ ਨਜ਼ਾਰੇ ਨਜ਼ਰ ਪੈਂਦੇ ਹਨ, ਜਿਨ੍ਹਾਂ ਬਾਰੇ ਪਹਿਲਾਂ ਕਦੀ ਸੋਚਿਆ ਨਹੀਂ ਸੀ ਗਿਆ।

ਕੁਝ ਲੋਕ ਕਹਿੰਦੇ ਹਨ ਕਿ ਬੀਐੱਸਐੱਫ ਦਾ ਅਧਿਕਾਰ ਖੇਤਰ ਵਧਾਉਣ ਦਾ ਫੈਸਲਾ ਅਜੇ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਤਾਂ ਉਹ ਇਹ ਭੁੱਲ ਜਾਂਦੇ ਹਨ ਕਿ ਜੰਮੂ-ਕਸ਼ਮੀਰ ਵਿੱਚੋਂ ਜਦੋਂ ਧਾਰਾ 370 ਤੋੜੀ ਗਈ ਸੀ, ਉਹ ਮਤਾ ਸਵੇਰੇ ਪਾਰਲੀਮੈਂਟ ਦੇ ਹੇਠਲੇ ਹਾਊਸ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਤੇ ਸ਼ਾਮ ਨੂੰ ਪਾਸ ਕਰਵਾ ਲਿਆ ਗਿਆ ਸੀ। ਭਾਜਪਾ ਕੋਲ ਦੋਵਾਂ ਹਾਊਸਾਂ ਵਿੱਚ ਏਨੀ ਬਹੁ-ਗਿਣਤੀ ਮੌਜੂਦ ਹੈ ਕਿ ਉਸ ਦੇ ਅੱਗੇ ਅੜਿੱਕਾ ਬਣਨ ਦੀ ਕਿਸੇ ਦੀ ਸਮਰੱਥਾ ਹੀ ਨਹੀਂ ਤੇ ਇਹ ਕੰਮ ਅਗਲੇ ਮਹੀਨੇ ਹੋਣ ਵਾਲੇ ਸਰਦ ਰੁੱਤ ਦੇ ਸੈਸ਼ਨ ਵਿੱਚ ਵੀ ਕਰਵਾਇਆ ਜਾ ਸਕਦਾ ਹੈ। ਪੰਜਾਬ ਵਿੱਚ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਇਹ ਕੰਮ ਭਾਜਪਾ ਆਰਾਮ ਨਾਲ ਕਰਵਾ ਲਵੇਗੀ ਤੇ ਫਿਰ ਹਾਲਾਤ ਵੀ ਬਦਲ ਜਾਣਗੇ।

ਅਜਿਹੇ ਹਾਲਾਤ ਵਿੱਚ ਸਵਾਲ ਸਿਰਫ ਪੰਜਾਬ ਸੂਬੇ ਦਾ ਹੀ ਨਹੀਂ, ਇਸ ਨਾਲ ਦੇਸ਼ ਵਿੱਚ ਪੈਣ ਵਾਲੇ ਪ੍ਰਭਾਵ ਦਾ ਵੀ ਹੈ। ਜਿਹੜਾ ਭਾਜਪਾ ਦੀ ਚੜ੍ਹਤ ਦਾ ਰੱਥ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਅਗਵਾਈ ਨੇ ਰੋਕ ਦਿੱਤਾ ਸੀ, ਪੰਜਾਬ ਦੀਆਂ ਚੋਣਾਂ ਦਾ ਨਤੀਜਾ ਉਸ ਪ੍ਰਭਾਵ ਦਾ ਭਵਿੱਖ ਤੈਅ ਕਰਨ ਵਾਲਾ ਹੋ ਸਕਦਾ ਹੈ। ਇਸ ਲਈ ਜਿਹੜੇ ਆਗੂ ਇਸ ਵੇਲੇ ਇਨ੍ਹਾਂ ਚੋਣਾਂ ਨੂੰ ਸਿਰਫ ਪੰਜਾਬ ਦੀਆਂ ਸਮਝ ਕੇ ਡੰਗ-ਟਪਾਊ ਫਾਰਮੂਲੇ ਤੇ ਫਾਰਮੂਲੀਆਂ ਸੋਚਣ ਅਤੇ ਮੋਰਚੇ ਗੁੰਦਣ ਤੱਕ ਦੀ ਗੱਲ ਸੋਚਦੇ ਹਨ, ਉਨ੍ਹਾਂ ਨੂੰ ਅੱਗੇ ਤੱਕ ਸੋਚਣਾ ਪਵੇਗਾ। ਇਹ ਚੋਣਾਂ ਬਹੁਤ ਖਾਸ ਹੋ ਸਕਦੀਆਂ ਹਨ। ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਚੋਣਾਂ ਅਤੇ ਇਨ੍ਹਾਂ ਨਾਲ ਜੁੜੇ ਹਾਲਾਤ ਬਾਰੇ ਦੱਸਣ ਦੀ ਜ਼ਿੰਮੇਵਾਰੀ ਵੀ ਪੰਜਾਬ ਦੀ ਲੀਡਰਸ਼ਿਪ ਦੀ ਹੈ।

# ਕਿਸਾਨ ਅੰਦੋਲਨ ਦਾ ਜਲੌਅ ਤੇ ਜਮਹੂਰੀਅਤ

ਸੁੱਚਾ ਸਿੰਘ ਗਿੱਲ
ਫੋਨ 98550-82857

ਲਖੀਮਪੁਰ ਖੀਰੀ ਵਿਚ ਹਾਕਮ ਪਾਰਟੀ ਦੇ ਕਾਰਾਂ ਦੇ ਕਾਫ਼ਲੇ ਵੱਲੋਂ ਕਿਸਾਨ ਅੰਦੋਲਨਕਾਰੀਆਂ ਨੂੰ ਕੁਚਲਣ ਦੀ ਘਟਨਾ ਨੇ ਮੁਲਕ ਵਿਚ ਜਮਹੂਰੀਅਤ ਲਈ ਨਵੀਂ ਚੁਣੌਤੀ ਅਤੇ ਬਹਿਸ ਸ਼ੁਰੂ ਕਰ ਦਿੱਤੀ ਹੈ। ਇਹ ਬਹਿਸ ਮੌਜੂਦਾ ਸਮੇਂ ਲੋਕਾਂ ਦੇ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨ ਅਤੇ ਸਰਕਾਰ ਨਾਲੋਂ ਵਖਰੇ ਖਿਆਲ ਜਾਂ ਮਤਭੇਦ ਰੱਖਣ ਦੇ ਹੱਕ ਬਾਰੇ ਹੈ। ਮੁਲਕ ਦਾ ਸੰਵਿਧਾਨ ਆਮ ਸ਼ਹਿਰੀਆਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਹੱਕ ਦਿੰਦਾ ਹੈ। ਇਹ ਸੰਵਿਧਾਨ ਲੋਕਾਂ ਨੂੰ ਸਰਕਾਰ ਨਾਲੋਂ ਵੱਖਰੇ ਖਿਆਲ ਰੱਖਣ ਅਤੇ ਉਨ੍ਹਾਂ ਨੂੰ ਪ੍ਰਗਟ ਕਰਨ ਦਾ ਅਧਿਕਾਰ ਵੀ ਦਿੰਦਾ ਹੈ। ਲਖੀਮਪੁਰ ਖੀਰੀ ਦੀ ਘਟਨਾ ਤੋਂ ਪਹਿਲਾਂ ਅਤੇ ਬਾਅਦ ਦੀਆਂ ਘਟਨਾਵਾਂ ਨੇ ਆਮ ਸ਼ਹਿਰੀਆਂ, ਖਾਸ ਕਰਕੇ ਕਿਸਾਨਾਂ ਦੇ ਅਧਿਕਾਰ ਖਤਮ ਕਰਨ ਦਾ ਖ਼ਦਸ਼ਾ ਪੈਦਾ ਕਰ ਦਿੱਤਾ ਹੈ।

ਕਰਨਾਲ ਵਿਚ ਸ਼ਾਂਤਮਈ ਕਿਸਾਨ ਅੰਦੋਲਨ ਦੌਰਾਨ ਇੱਕ ਅਫਸਰ ਵੱਲੋਂ ਪੁਲੀਸ ਨੂੰ ਕਿਸਾਨਾਂ ਦੇ ਸਿਰਾਂ 'ਤੇ ਡਾਂਗਾਂ ਮਾਰਨ ਦਾ ਹੁਕਮ ਦੇਣਾ ਅਤੇ ਹਰਿਆਣਾ ਸਰਕਾਰ ਵਲੋਂ ਉਸ ਅਫਸਰ ਦੀ ਤਰਫਦਾਰੀ ਕਰਨਾ ਸੰਕੇਤ ਦਿੰਦਾ ਹੈ ਕਿ ਸਰਕਾਰ ਸ਼ਾਂਤਮਈ ਪ੍ਰਦਰਸ਼ਨ ਸਹਿਣ ਲਈ ਤਿਆਰ ਨਹੀਂ ਹੈ। ਇਸ ਤੋਂ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਵਲੋਂ ਆਪਣੀ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਇਹ ਕਹਿਣਾ ਕਿ ਹਰ ਪਿੰਡ ਵਿਚ ਕਿਸਾਨ ਅੰਦੋਲਨ ਨਾਲ ਨਜਿੱਠਣ ਲਈ ਲੱਠਮਾਰਾਂ ਦੀਆਂ ਟੀਮਾਂ ਤਿਆਰ ਕੀਤੀਆਂ ਜਾਣ, ਇਸ ਨਾਲ ਉਨ੍ਹਾਂ ਵਰਕਰਾਂ ਦਾ ਸਿਆਸੀ ਵੱਕਾਰ ਵਧੇਗਾ ਅਤੇ ਉਹ ਲੀਡਰੀ ਦੀ ਇਕ ਹੋਰ ਪੌੜੀ ਵਿਚ ਉਪਰ ਜਾਣਗੇ, ਇਹ ਸ਼ਾਂਤਮਈ ਅੰਦੋਲਨਕਾਰੀਆਂ ਵਿਰੁੱਧ ਹਾਕਮ ਪਾਰਟੀ ਵੱਲੋਂ ਹਿੰਸਾ ਉਕਸਾਉਣ ਵਾਲਾ ਨਜ਼ਰੀਆ ਪੇਸ਼ ਕਰਦਾ ਹੈ। ਇਸ ਦੇ ਵਿਰੋਧ ਵਿਚ ਕਿਸਾਨਾਂ ਦੇ ਦਬਾਅ ਕਾਰਨ ਭਾਵੇਂ ਮੁੱਖ ਮੰਤਰੀ ਨੇ ਇਸ ਬਿਆਨ ਤੋਂ ਕਿਨਾਰਾ ਕਰ ਲਿਆ ਸੀ ਪਰ ਇਹ ਬਿਆਨ ਹਾਕਮ ਪਾਰਟੀ ਦੇ ਸ਼ਾਂਤਮਈ ਅੰਦੋਲਨਕਾਰੀਆਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਕਰਦਾ ਹੈ।

ਇਸੇ ਤਰ੍ਹਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੇ ਲਖੀਮਪੁਰ ਖੀਰੀ ਦੀ ਘਟਨਾ ਤੋਂ ਪਹਿਲਾਂ ਕਿਸਾਨ ਅੰਦੋਲਨ ਵਿਰੁੱਧ ਜਨਤਕ ਜਲਸੇ ਵਿਚ ਇਸ ਨੂੰ ਹਿੰਸਾ ਕਰ ਕੇ ਖਤਮ ਕਰਨ ਦੀ ਧਮਕੀ ਦਿੱਤੀ ਸੀ। ਲਖੀਮਪੁਰ ਖੀਰੀ ਦੀ ਬਹੁਤ ਭਿਆਨਕ ਅਤੇ ਦਿਲ ਕੰਬਾਊ ਘਟਨਾ ਵਿਚ ਸ਼ਾਮਲ ਅਜੈ ਮਿਸ਼ਰਾ ਦੇ ਪੁੱਤ ਦਾ ਨਾਮ ਸਾਹਮਣੇ ਆਇਆ ਹੈ ਅਤੇ ਇਸ ਕੇਸ ਵਿਚ ਉਸ ਦੀ ਗ੍ਰਿਫਤਾਰੀ ਵੀ ਹੋਈ ਹੈ। ਇਸ ਘਟਨਾ ਨੇ ਸਾਰੇ ਮੁਲਕ ਵਿਚ ਰੋਸ ਪੈਦਾ ਕੀਤਾ। ਯੂਪੀ ਸਰਕਾਰ ਦੇ ਵਤੀਰੇ ਤੋਂ ਦੁਖੀ ਹੋ ਕੇ ਸੁਪਰੀਮ ਕੋਰਟ ਨੇ ਇਸ ਕੇਸ ਵਿਚ ਦਖ਼ਲ ਦਿੱਤਾ ਅਤੇ ਸਰਕਾਰ ਦੇ ਢਿੱਲੇ ਰਵੱਈਏ 'ਤੇ ਖਿਚਾਈ ਵੀ ਕੀਤੀ ਹੈ। ਇਸ



ਘਟਨਾ ਤੋਂ ਬਾਅਦ ਸਿੰਘੂ ਬਾਰਡਰ 'ਤੇ ਲਖਬੀਰ ਸਿੰਘ ਦੇ ਕਤਲ ਦੀ ਜੋ ਕਹਾਣੀ ਸਾਹਮਣੇ ਆਈ ਹੈ, ਉਸ ਵਿਚ ਹਾਕਮ ਪਾਰਟੀ ਦੇ ਲੀਡਰਾਂ ਦੇ ਨਾਮ ਇਸ ਕਤਲ ਕੇਸ ਨਾਲ ਜੁੜੇ ਨਿਹੰਗਾਂ ਦੇ ਮੁਖੀ ਨਾਲ ਨੇੜਤਾ ਬਾਰੇ ਜੱਗ ਜ਼ਾਹਰ ਹੋ ਚੁੱਕੇ ਹਨ। ਇਸ ਰਾਹੀਂ ਭਾਜਪਾ ਲੀਡਰਾਂ ਨੇ ਕਿਸਾਨ ਅੰਦੋਲਨ ਨੂੰ ਹਿੰਸਕ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਸ ਪਾਰਟੀ ਦੇ ਲੀਡਰਾਂ ਅਤੇ ਕੇਂਦਰੀ ਖੇਤੀ ਮੰਤਰੀ ਦੀਆਂ ਫੋਟੋਆਂ ਨਿਹੰਗਾਂ ਦੇ ਗਰੁੱਪ ਨਾਲ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈਆਂ ਤਾਂ ਉਹ ਬਿਲਕੁਲ ਚੁੱਪ ਧਾਰ ਗਏ।

ਸਿਰੇ ਦੀ ਗੱਲ ਇਹ ਕਿ ਜਦੋਂ ਹਾਕਮ ਕਿਸਾਨ ਅੰਦੋਲਨ ਦਾ ਅਕਸ ਵਿਗਾੜਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ ਅਤੇ ਇਸ ਨੂੰ ਖਦੇੜਨ ਵਾਸਤੇ ਧਮਕੀਆਂ ਦੇ ਰਹੇ ਹਨ, ਇਸ ਪਾਰਟੀ ਦੇ ਸੀਨੀਅਰ ਆਗੂ ਚੁੱਪ ਸਨ। ਜੇ ਵਿਰੋਧੀ ਪਾਰਟੀਆਂ ਕਿਸਾਨਾਂ ਦੀ ਹਮਾਇਤ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਮੁਲਕ ਵਿਰੋਧੀ ਹੋਣ ਦਾ ਬਿੱਲਾ ਲਗਾ ਦਿੱਤਾ ਜਾਂਦਾ ਹੈ ਅਤੇ ਵਾਰਦਾਤ ਵਾਲੀ ਜਗ੍ਹਾ 'ਤੇ ਜਾਣ ਤੋਂ ਰੋਕਿਆ ਜਾਂਦਾ ਹੈ।

ਕੇਂਦਰ ਸਰਕਾਰ ਅਤੇ ਭਾਜਪਾ ਦਾ ਕਿਸਾਨਾਂ ਪ੍ਰਤੀ ਵਤੀਰਾ ਨਫ਼ਰਤ ਵਾਲਾ ਹੈ। ਕਿਸਾਨਾਂ ਖਿਲਾਫ ਹਿੰਸਾ ਭੜਕਾਉਣ ਅਤੇ ਅੰਦੋਲਨਕਾਰੀਆਂ 'ਤੇ ਕੀਤੀ ਗਈ ਹਿੰਸਾ ਬਾਰੇ ਸਰਕਾਰ ਜਾਂ ਹਾਕਮ ਪਾਰਟੀ ਵੱਲੋਂ ਪਛਤਾਵੇ ਦਾ ਪ੍ਰਗਟਾਵਾ ਤੱਕ ਨਹੀਂ ਕੀਤਾ ਜਾ ਰਿਹਾ। ਹਾਕਮ ਧਿਰ ਅਤੇ ਸਰਕਾਰ ਦਾ ਹੰਕਾਰ ਤੇ ਬੇਕਿਰਕੀ ਇਨ੍ਹਾਂ ਦੇ ਅੰਦੋਲਨਕਾਰੀਆਂ ਨਾਲ ਨਜਿੱਠਣ ਦੀ ਨੀਤੀ ਨੂੰ ਜ਼ਾਹਿਰ ਕਰਦੇ ਹਨ। ਇਸ ਦੇ ਤਿੰਨ ਪੱਖ ਹਨ, ਪਹਿਲਾ, ਅੰਦੋਲਨਕਾਰੀਆਂ ਪ੍ਰਤੀ ਸਰਕਾਰ ਅਤੇ ਹਾਕਮ ਪਾਰਟੀ ਦੀ ਸਮਝ ਹੈ ਕਿ ਹਿੰਸਾ ਦੇ ਸ਼ਿਕਾਰ ਅੰਦੋਲਨ ਵਿਚ ਸ਼ਾਮਲ ਵਿਅਕਤੀ ਉਪਰ ਹਿੰਸਾ ਜਾਇਜ਼ ਹੈ ਅਤੇ ਉਨ੍ਹਾਂ ਨਾਲ ਇਹੋ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਸਰਕਾਰ ਖ਼ਿਲਾਫ਼ ਲੰਮੇ ਸਮੇਂ ਤੱਕ ਚਲਾਇਆ ਅੰਦੋਲਨ ਗ਼ਲਤ ਹੈ ਅਤੇ ਐਸੇ ਸ਼ਾਂਤਮਈ ਅੰਦੋਲਨਕਾਰੀਆਂ ਖਿਲਾਫ਼ ਹਿੰਸਾ ਨਾਲ ਪੇਸ਼ ਆਉਣਾ ਚਾਹੀਦਾ ਹੈ। ਦੂਜਾ, ਅੰਦੋਲਨਕਾਰੀਆਂ ਖਿਲਾਫ਼ ਹਿੰਸਾ ਦਾ ਸੁਭਾਅ ਬਹੁਤ ਪ੍ਰਤੱਖ ਅਤੇ ਬੇਰਹਿਮੀ ਵਾਲਾ ਹੈ। ਇਸ ਦੀ ਨਿਸ਼ਾਨਦੇਹੀ ਪੁਰਾਤਨ ਜਗੀਰੂ ਮਾਨਸਿਕਤਾ ਤੋਂ ਲਗਾਈ ਜਾ ਸਕਦੀ ਹੈ, ਜਿਸ ਅਨੁਸਾਰ ਕਿਸੇ ਵੀ ਵਿਰੋਧ ਨੂੰ ਬੇਰਹਿਮੀ ਨਾਲ ਕੁਚਲਿਆ ਜਾਂਦਾ ਹੈ। ਇਸ ਹਿੰਸਾ ਦਾ ਤੀਜਾ ਪਹਿਲੂ ਇਹ ਹੈ ਕਿ ਅੰਦੋਲਨਕਾਰੀਆਂ ਵਿਚ ਡਰ ਦੀ ਭਾਵਨਾ ਪੈਦਾ ਕਰ ਕੇ ਮਿਸਾਲ ਪੈਦਾ ਕਰਨਾ ਤਾਂ ਕਿ ਅੱਗੇ ਤੋਂ ਉਹ ਯਾਦ ਰੱਖਣ ਕਿ ਮੁੜ ਅੰਦੋਲਨ ਕਰਨ 'ਤੇ ਇਹੀ ਹਸ਼ਰ ਹੋਵੇਗਾ।

ਇਹ ਵਰਤਾਰਾ ਦਰਸਾਉਂਦਾ ਹੈ ਕਿ ਹਾਕਮ ਪਾਰਟੀ ਦੇ ਮੈਂਬਰਾਂ ਅਤੇ ਕਾਰਕੁਨਾਂ ਵਿਚ ਕਿਸਾਨ ਅੰਦੋਲਨ ਨੂੰ ਲੈ ਕੇ ਬਹੁਤ ਨਿਰਾਸ਼ਾ, ਮਾਯੂਸੀ ਅਤੇ ਨਫ਼ਰਤ ਹੈ। ਇਹ ਕਿਸਾਨ ਅੰਦੋਲਨ ਖਿਲਾਫ ਨਫ਼ਰਤ ਫੈਲਾਉਣ ਤੋਂ ਲੈ ਕੇ ਅੰਦੋਲਨਕਾਰੀਆਂ ਨੂੰ ਤਰ੍ਹਾਂ-ਤਰ੍ਹਾਂ ਦੇ ਨਾਵਾਂ ਨਾਲ ਸੰਬੋਧਿਤ ਹੋਣ (ਜਿਵੇਂ ਦੇਸ਼ ਵਿਰੋਧੀ, ਖਾਲਿਸਤਾਨੀ, ਪਰਜੀਵੀ, ਵੱਖਵਾਦੀ ਆਦਿ) ਤੋਂ ਜ਼ਾਹਿਰ ਹੈ। ਇਸ ਤੋਂ ਇਲਾਵਾ 26 ਜਨਵਰੀ ਦੀ ਘਟਨਾ ਤੋਂ ਬਾਅਦ ਗਾਜ਼ੀਪੁਰ ਬਾਰਡਰ 'ਤੇ ਧਰਨਾ ਚੁਕਵਾਉਣ ਲਈ ਭਾਜਪਾ ਵਿਧਾਇਕ ਦੀ ਅਗਵਾਈ ਵਿਚ ਪਾਰਟੀ ਵਰਕਰਾਂ ਵੱਲੋਂ ਧਾਵਾ ਬੋਲਣਾ, ਸਿੰਘੂ ਬਾਰਡਰ 'ਤੇ ਲੋਕਲ ਵਾਸੀਆਂ ਨੂੰ ਕਿਸਾਨਾਂ ਖਿਲਾਫ ਉਕਸਾ ਕੇ ਧਰਨਾਕਾਰੀਆਂ 'ਤੇ ਪਥਰਾਓ ਕਰਵਾਉਣਾ, ਕਰਨਾਲ ਵਿਚ ਸ਼ਾਂਤਮਈ ਅੰਦੋਲਨਕਾਰੀਆਂ 'ਤੇ ਲਾਠੀਚਾਰਜ ਕਰ ਕੇ ਇੱਕ ਕਿਸਾਨ ਨੂੰ ਜਾਨੋਂ ਮਾਰ ਦੇਣਾ ਅਤੇ ਲਖੀਮਪੁਰ ਖੀਰੀ ਵਿਚ ਅੰਦੋਲਨਕਾਰੀਆਂ ਨੂੰ ਕੁਚਲਣਾ ਆਦਿ ਸ਼ਾਮਲ ਹਨ।

ਅੰਦੋਲਨਕਾਰੀਆਂ ਖਿਲਾਫ ਭੜਕਾਊ ਭਾਸ਼ਣ ਤੇ ਲਗਾਤਾਰ ਬਿਆਨਬਾਜ਼ੀ, ਸੋਸ਼ਲ ਮੀਡੀਆ ਤੇ ਟੈਲੀਵਿਜ਼ਨ ਵਿਚ ਭੰਡੀ ਪ੍ਰਚਾਰ, ਅੰਦੋਲਨਕਾਰੀਆਂ ਖਿਲਾਫ ਸਾਜ਼ਿਸ਼ਾਂ ਕਰਕੇ ਅੰਦੋਲਨ ਨੂੰ ਸ਼ਾਂਤਮਈ ਪ੍ਰਦਰਸ਼ਨ ਤੋਂ ਹਿੰਸਾ ਵੱਲ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਦੀ ਤਾਜ਼ਾ ਮਿਸਾਲ ਨਿਹੰਗਾਂ ਦੇ ਇਕ ਗਰੁੱਪ ਵਲੋਂ ਸਿੰਘੂ ਬਾਰਡਰ 'ਤੇ ਹੋਏ ਕਤਲ ਨੂੰ ਗਲਤ ਰੰਗਤ ਦੇਣੀ ਅਤੇ ਸਾਜ਼ਿਸ਼ ਦੇ ਬੇਨਕਾਬ ਹੋਣ 'ਤੇ ਚੁੱਪ ਧਾਰ ਲੈਣਾ ਹੈ। ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਅੰਦੋਲਨ ਦਾ ਗਿਆਰਾਂ ਮਹੀਨਿਆਂ ਤੋਂ ਜਾਰੀ ਰਹਿਣਾ ਅਤੇ ਅੰਦੋਲਨ ਨੂੰ ਆਮ ਲੋਕਾਂ ਦੀ ਵਧ ਰਹੀ ਹਮਾਇਤ ਤੇ ਹਮਦਰਦੀ ਹਾਕਮਾਂ ਨੂੰ ਅੰਦਰੋ-ਅੰਦਰ ਖਾ ਰਹੀ ਹੈ ਅਤੇ ਹਾਕਮ ਪਾਰਟੀ ਦੇ ਕਾਰਕੂਨਾਂ ਤੇ ਵਰਕਰਾਂ ਵਿਚ ਨਿਰਾਸ਼ਾ ਪੈਦਾ ਕਰ ਰਹੀ ਹੈ। ਇਸ ਦਾ ਪ੍ਰਗਟਾਵਾ ਇਨ੍ਹਾਂ ਦੀਆਂ ਕਰਤੂਤਾਂ ਰਾਹੀਂ ਹੋ ਰਿਹਾ ਹੈ।

ਉਪਰੋਕਤ ਘਟਨਾਵਾਂ ਸਰਕਾਰ ਅਤੇ ਹਾਕਮ ਪਾਰਟੀ ਦੀ ਜਮਹੂਰੀਅਤ ਬਾਰੇ ਵਚਨਬੱਧਤਾ ਦਾ ਪਰਦਾਫਾਸ਼ ਕਰਦੀਆਂ ਹਨ। ਮੁਲਕ ਵਿਚ ਇਸ ਸਮੇਂ ਵਧ ਰਹੀ ਬੇਰੁਜ਼ਗਾਰੀ ਅਤੇ ਕੀਮਤਾਂ ਵਿਚ ਬੇਹਿਸਾਬ ਵਾਧੇ ਨੇ ਵੀ ਹਾਕਮ ਪਾਰਟੀ ਦੇ ਜੁਮਲਿਆਂ ਨੂੰ ਬੇਅਸਰ ਤੇ ਬੇਨਕਾਬ ਕਰ ਦਿੱਤਾ ਹੈ। ਇਸੇ ਕਰਕੇ ਸਰਕਾਰ ਹਰ ਵਿਰੋਧ ਮਸਲਣ ਵੱਲ ਤੁਰੀ ਹੋਈ ਹੈ। ਇਸ ਵਰਤਾਰੇ ਨਾਲ ਮੁਲਕ ਵਿਚ ਜਮਹੂਰੀਅਤ ਨੂੰ ਖ਼ਤਰਾ ਵਧ ਗਿਆ ਹੈ। ਇਹ ਸਰਕਾਰ ਸ਼ਾਂਤਮਈ ਪ੍ਰਦਰਸ਼ਨਾਂ ਅਤੇ ਵਿਚਾਰਾਂ ਦੇ ਮਤਭੇਦ ਰੱਖਣ ਨੂੰ ਸਹਿਣ ਨਹੀਂ ਕਰ ਰਹੀ। ਵਿਰੋਧੀਆਂ ਖਿਲਾਫ਼ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰ ਕੇ ਉਨ੍ਹਾਂ ਉਪਰ ਗੈਰਕਾਨੂੰਨੀ ਕੇਸ ਦਰਜ ਕੀਤੇ ਜਾ ਰਹੇ ਹਨ। ਇਸ ਹਾਲਾਤ ਵਿਚ ਲੋਕਾਂ ਦੇ ਜਮਹੂਰੀ ਹੱਕਾਂ ਤੇ ਸ਼ਹਿਰੀ ਆਜ਼ਾਦੀਆਂ ਨੂੰ ਬਚਾਉਣਾ ਦੇਸ਼ ਹਿੱਤ ਹੈ।

ਸੋ, ਸਮਾਂ ਮੰਗ ਕਰਦਾ ਹੈ ਕਿ ਆਮ ਲੋਕ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਹੋਰ ਜ਼ੋਰ-ਸ਼ੋਰ ਨਾਲ ਅੱਗੇ ਆਉਣ ਅਤੇ ਇਸ ਦੀ ਕਾਮਯਾਬੀ ਵਿਚ ਹਿੱਸਾ ਪਾਉਣ। ਅਜਿਹੇ ਅੰਦੋਲਨਾਂ ਨਾਲ ਹੀ ਕਿਸਾਨੀ ਨੂੰ ਬਚਾਇਆ ਜਾ ਸਕਦਾ ਹੈ ਅਤੇ ਮੁਲਕ ਵਿਚ ਜਮਹੂਰੀਅਤ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਨੂੰ ਨੱਥ ਪਾਈ ਜਾ ਸਕਦੀ ਹੈ। ਇਹ ਗੱਲ ਸੰਜੀਦਗੀ ਨਾਲ ਸਮਝਣ ਦੀ ਜ਼ਰੂਰਤ ਹੈ ਕਿ ਸਰਕਾਰ ਲੋਕਾਂ ਦੀਆਂ ਭਾਵਨਾਵਾਂ ਤੇ ਲੋੜਾਂ ਪੂਰੀਆਂ ਕਰਨ ਦੇ ਅਸਮਰੱਥ ਹੈ ਅਤੇ ਜਮਹੂਰੀਅਤ ਨੂੰ ਢਾਹ ਲਾਉਣ ਵਿਚ ਮਸਰੂਫ਼ ਹੈ।

ਲੋਕਾਂ ਦੀ ਏਕਤਾ ਅਤੇ ਭਾਈਚਾਰਕ ਸਾਂਝ ਵਾਲਾ ਅੰਦੋਲਨ ਹੀ ਟਿਕਾਊ ਵਿਕਾਸ, ਖੁਸ਼ਹਾਲੀ ਅਤੇ ਜਮਹੂਰੀਅਤ ਨੂੰ ਮਜ਼ਬੂਤੀ ਵੱਲ ਲਿਜਾ ਸਕਦਾ ਹੈ। ਅੰਦੋਲਨ ਜਿੰਨਾ ਵਿਸ਼ਾਲ ਤੇ ਸ਼ਾਂਤਮਈ ਹੋਵੇਗਾ, ਇਹ ਉਦੇਸ਼ਾਂ ਦੀ ਪ੍ਰਾਪਤੀ ਨਿਸ਼ਚਿਤ ਕਰੇਗਾ। ਇਸ ਕਰਕੇ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਹਾਕਮਾਂ ਦੀ ਭੜਕਾਊ ਬਿਆਨਬਾਜ਼ੀ ਅਤੇ ਸਾਜ਼ਿਸ਼ਾਂ ਤੋਂ ਖ਼ਬਰਦਾਰ ਰਹਿੰਦਿਆਂ ਏਕਾ ਬਣਾਈ ਰੱਖਣ ਅਤੇ ਸ਼ਾਂਤਮਈ ਪ੍ਰਦਰਸ਼ਨ ਦੇ ਰਸਤੇ 'ਤੇ ਕਾਇਮ ਰਹਿਣ। ਇਹ ਪਹੁੰਚ ਅੰਦੋਲਨ ਨੂੰ ਕਾਮਯਾਬੀ ਵੱਲ ਲਿਜਾਵੇਗੀ।

# ਸਾਰੇ ਧਰਮਾਂ ਦੀ ਇਕ-ਦੂਜੇ ਨਾਲ ਸਾਂਝ

**ਧਰਮ ਦਾ ਬੁਨਿਆਦੀ ਮਸਲਾ ਮਨੁੱਖ ਨਾਲ ਜੁੜਿਆ ਹੋਇਆ ਹੈ ਪਰ ਜਦੋਂ ਦੀ ਧਰਮ ਉਤੇ ਸਿਆਸਤ ਭਾਰੂ ਪੈਣ ਲੱਗੀ ਹੈ, ਧਰਮ ਦੀ ਵਿਆਖਿਆ ਬਿਲਕੁਲ ਹੋਰ ਢੰਗ ਨਾਲ ਹੋਣ ਲੱਗ ਪਈ ਹੈ। ਸ. ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਧਰਮ ਦੇ ਉਥਾਨ ਦੇ ਮੁਢਲੇ ਦੌਰ ਵਾਲੀਆਂ ਗੱਲਾਂ ਨਿੱਠ ਕੇ ਵਿਚਾਰੀਆਂ ਹਨ ਅਤੇ ਦੱਸਿਆ ਹੈ ਕਿ ਰੱਬ ਦੀ ਹੋਂਦ ਦਾ ਸਵਾਲ ਕਿਵੇਂ ਪੈਦਾ ਹੋਇਆ। ਇਸ ਦੇ ਨਾਲ ਹੀ ਉਨ੍ਹਾਂ ਵੱਖ-ਵੱਖ ਧਰਮਾਂ ਦੀਆਂ ਆਪਸੀ ਸਾਂਝਾ ਬਾਰੇ ਵੀ ਵਿਸਥਾਰ ਸਹਿਤ ਚਰਚਾ ਕੀਤੀ ਹੈ।**

ਪੱਛਮੀ ਚਿੰਤਨ ਦਾ ਮੁਢ ਹਜਰਤ ਮੂਸਾ ਦੇ ਯਹੂਦੀ ਧਰਮ ਨਾਲ ਬਝਦਾ ਹੈ ਜਿਨ੍ਹਾਂ ਯਹੂਦੀ ਧਰਮ ਨੂੰ ਅਪਾਰ ਸ਼ਕਤੀ ਦੇ ਮਾਲਕ ਰੱਬ ਦੁਆਲੇ ਕੇਂਦਰਤ ਕੀਤਾ। ਯਹੂਦੀ ਧਰਮ ਆਪਣੀ ਧਰਮ ਪੁਸਤਕ ਅਖਰ ਬ੍ਰਹਮ ਅਤੇ ਪ੍ਰਾਚੀਨ ਸ਼ਾਸਤਰਾਂ ਨੂੰ ਮੰਨਣ ਵਾਲਾ ਹੈ। ਯੇਰੂਸ਼ਲਮ ਇਸ ਚਿੰਤਨ ਦਾ ਮੁਖ ਕੇਂਦਰ ਸੀ। ਦੋ ਹਜ਼ਾਰ ਸਾਲ ਪਹਿਲਾਂ (ਹਜਰਤ) ਈਸਾ ਮਸੀਹ ਨੇ ਯਹੂਦੀ ਚਿੰਤਨ ਵਿਚ ਯੂਨਾਨੀ ਫਿਲਾਸਫੀ ਸਮੇਤ ਫਿਲਾਸਫੀ ਦੇ ਖੇਤਰ ਵਿਚ ਹੋਏ ਵਿਕਾਸ ਨੂੰ ਆਤਮਸਾਤ ਕਰਕੇ ਇਸ ਨੂੰ ਦੂਰ ਪੱਛਮ ਤਕ ਪਹੁੰਚਾ ਦਿਤਾ। ਪਹਿਲੀਆਂ ਯੂਰਪੀ ਸਭਿਅਤਾਵਾਂ (ਗਰੀਕ ਤੇ ਰੋਮਨ) ਕੁਦਰਤੀ ਦੇਵਤਿਆਂ ਨੂੰ ਪੂਜਦੀਆਂ ਸਨ ਅਤੇ ਅਚੇਤ ਰੂਪ ਵਿਚ ਕੁਦਰਤ ਅਨੁਸਾਰ ਚੱਲਣ ਦਾ ਯਤਨ ਕਰਦੀਆ ਸਨ। ਮਨੁੱਖੀ ਸਮਾਜ ਦੇ ਮੁਢਲੇ ਦੌਰ ਵਿਚ ਦਿਸ਼ਾਹੀਣ ਅਤੇ ਕੁਦਰਤੀ ਸ਼ਕਤੀਆਂ ਤੋਂ ਡਰੇ ਮਨੁੱਖ ਨੂੰ ਸਮਾਜੀ ਦਿਸ਼ਾ ਦੇਣ ਅਤੇ ਉਸ ਦੇ ਮਨ




ਗੁਰਬਚਨ ਸਿੰਘ
ਫੋਨ: +91-98156-98451

ਵਿਚੋਂ ਡਰ ਤੇ ਹੀਣ ਭਾਵਨਾ ਖਤਮ ਕਰਨ ਲਈ ਅਪਾਰ ਸ਼ਕਤੀ ਦੇ ਮਾਲਕ 'ਰੱਬ' ਦੀ ਹੋਂਦ ਦੀ ਕਲਪਨਾ ਜ਼ਰੂਰੀ ਸੀ; ਹਜਰਤ ਮੂਸਾ ਦੀ ਇਹੀ ਕਲਪਨਾ ਭਾਵੇਂ ਬਾਅਦ ਵਿਚ ਮਨੁੱਖ ਜਾਤੀ ਨੂੰ ਹਕੀਕੀ ਕੁਦਰਤ ਤੋਂ ਦੂਰ ਲੈ ਗਈ। ਦਿਲਚਸਪ ਗੱਲ ਇਹ ਕਿ ਕਿਸੇ ਹੋਰ ਰੂਪ ਵਿਚ ਇਸੇ ਕਿਸਮ ਦੇ ਵਰਤਾਰੇ ਨੇ ਪੂਰਬ ਵਿਚ ਵੀ ਲੋਕਾਂ ਨੂੰ ਕੁਦਰਤ ਤੋਂ ਦੂਰ ਕਰ ਦਿਤਾ। ਪੂਰਬ ਦੇ ਆਦਿ ਮਾਨਵ ਮਨੂੰ ਨੇ ਅਸੀਮ ਕੁਦਰਤ ਲਈ ਵਰਤੇ ਜਾਂਦੇ ਸ਼ਬਦ ਬ੍ਰਹਮ ਦੇ ਵਿਅਕਤੀ ਰੂਪ ਬ੍ਰਹਮਾ ਨੂੰ ਮਨੁੱਖ ਜਾਤੀ ਦਾ ਸਿਰਜਕ ਕਰਾਰ ਦੇ ਕੇ ਨਾ ਸਿਰਫ ਵਰਣ ਆਸ਼ਰਮ ਤੇ ਜਾਤਪਾਤ ਦਾ ਮੁੱਢ ਬੰਨ੍ਹਿਆ ਬਲਕਿ ਮਨੁੱਖ ਜਾਤੀ ਨੂੰ ਕੁਦਰਤ ਤੋਂ ਵੀ ਦੂਰ ਕਰ ਦਿਤਾ।

ਯਕੀਨਨ ਸਾਰੇ ਹੀ ਧਰਮ ਲੋਕਾਂ ਨੂੰ ਸਮਾਜੀ ਰੂਪ ਵਿਚ ਇਕ-ਦੂਜੇ ਨਾਲ ਜੋੜਨ ਦੇ ਮੰਤਵ ਨਾਲ ਹੋਂਦ ਵਿਚ ਆਏ ਹਨ। ਪੱਛਮ ਵਿਚਲੇ ਤਿੰਨ ਵਡੇ ਧਰਮਾਂ- ਯਹੂਦੀਅਤ, ਇਸਾਈਅਤ ਤੇ ਇਸਲਾਮ, ਦੀ ਸ਼ੁਰੂਆਤ ਭਾਵੇਂ ਆਦਿ ਪੁਰਖ ਬਾਬਾ ਆਦਮ ਤੋਂ ਹੋਈ ਮੰਨੀ ਜਾਂਦੀ ਹੈ ਅਤੇ ਹਜ਼ਰਤ ਅਬਰਾਹਮ (ਇਬਰਾਹੀਮ) ਪਹਿਲੇ ਪੈਗੰਬਰ ਮੰਨੇ ਜਾਂਦੇ ਹਨ ਪਰ ਇਨ੍ਹਾਂ ਤਿੰਨਾਂ ਧਰਮਾਂ ਦਾ ਅਸਲ ਆਰੰਭ ਪੈਗੰਬਰ ਮੂਸਾ ਨੂੰ ਮਿਲੇ 10 ਖੁਦਾਈ ਹੁਕਮਾਂ (ਆਦੇਸ਼ਾਂ) ਤੋਂ ਹੋਇਆ ਮੰਨਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ 'ਮਹਾਨ ਕੋਸ਼' ਵਿਚ ਹਜ਼ਰਤ ਮੂਸਾ ਬਾਰੇ ਇਹ ਜਾਣਕਾਰੀ ਦਿਤੀ ਹੈ: "ਬਾਈਬਲ ਤੇ ਕੁਰਾਨ ਵਿਚ ਲਿਖਿਆ ਹੈ ਕਿ ਮੂਸਾ ਨੂੰ ਖੁਦਾ ਵਲੋਂ ਹੁਕਮ ਆਇਆ ਕਰਦਾ ਸੀ, ਅਰ ਤੂਰ (ਸਿਨਾਈ) ਪਹਾੜ ਪੁਰ ਖੁਦਾ ਨਾਲ ਉਸ ਦੀਆਂ ਗੱਲਾਂ ਭੀ ਹੋਈਆਂ ਸਨ। ਬਲਕਿ ਖੁਦਾ ਨੇ ਆਪਣੀਆਂ ਉਂਗਲਾਂ ਨਾਲ ਲਿਖੀਆਂ ਹੋਈਆਂ ਸਲੇਟਾਂ ਮੂਸਾ ਨੂੰ ਦਿਤੀਆਂ ਸਨ। ਯਹੂਦੀਆਂ ਦਾ ਧਰਮ ਗੁਰੂ ਅਤੇ ਤੌਰੇਤ ਦੇ ਪ੍ਰਗਟ ਕਰਨ ਵਾਲਾ ਇਹੀ ਪੈਗੰਬਰ ਹੈ। ਬਾਈਬਲ (ਅਤੇ ਕੁਰਾਨ) ਵਿਚ ਖੁਦਾ ਦੇ ਦਸ ਹੁਕਮ ਜੋ ਲਿਖੇ ਹਨ, ਉਹ ਮੂਸਾ ਨੂੰ ਹੀ ਪ੍ਰਾਪਤ ਹੋਏ ਸਨ। ਇਹ ਦਸ ਹੁਕਮ ਹਨ, (ੳ) ਮੇਰੇ ਮੁਕਾਬਲੇ ਤੇਰੇ ਤਾਈਂ ਦੂਜਾ ਖੁਦਾ ਨਾ ਹੋਵੇ। (ਅ) ਮੂਰਤੀ ਪੂਜਾ ਨਾ ਕਰੀਂ। (ੲ) ਖੁਦਾ ਦਾ ਨਾਮ ਅਕਾਰਥ ਨਾ ਲਈਂ। (ਸ) ਸਨੀਚਰ ਦਾ ਦਿਨ ਪਵਿਤਰ ਜਾਣ ਕੇ ਕੋਈ ਕੰਮ ਨਾ ਕਰੀਂ, ਕਿਉਂਕਿ ਇਸ ਦਿਨ ਦੁਨੀਆ ਰਚ ਕੇ ਮੈਂ ਆਰਾਮ ਕੀਤਾ ਹੈ। (ਹ) ਮਾਂ-ਪਿਉ ਦਾ ਆਦਰ ਕਰੀਂ। (ਕ) ਖੂਨ ਨਾ ਕਰੀਂ। (ਖ) ਯਾਰ ਮਾਰੀ ਨਾ ਕਰੀਂ। (ਗ) ਚੋਰੀ ਨਾ ਕਰੀਂ। (ਘ) ਗਵਾਂਢੀ ਪੁਰ ਝੂਠੀ ਗਵਾਹੀ ਨਾ ਦੇਵੀਂ। (ਙ) ਗਵਾਂਢੀ ਦੀ ਕਿਸੇ ਚੀਜ਼ ਦਾ ਲਾਲਚ ਨਾ ਕਰੀਂ।"

ਇਹ 10 ਆਦੇਸ਼ ਆਦਮ ਜਾਤੀ ਦੀ ਸਮਾਜੀ ਚੇਤਨਾ ਅਤੇ ਮਨੁੱਖੀ ਸਦਾਚਾਰ ਦੀ ਇਤਿਹਾਸਕ ਸ਼ੁਰੂਆਤ ਮੰਨੇ ਜਾ ਸਕਦੇ ਹਨ। ਮੁਢਲੀ ਸਮਾਜੀ ਜਥੇਬੰਦੀ ਅਤੇ ਸਵੈ-ਜ਼ਾਬਤੇ ਦੇ ਕੁਝ ਬੁਨਿਆਦੀ ਨਿਯਮ ਹਨ। ਜੇ ਇਨ੍ਹਾਂ ਨਿਯਮਾਂ ਵਿਚੋਂ ਰੱਬ ਦੀ ਹੋਂਦ ਨੂੰ ਪਾਸੇ ਕਰ ਦਿਤਾ ਜਾਵੇ ਤਾਂ ਸਮਝ ਆਉਂਦਾ ਹੈ ਕਿ ਬਾਕੀ ਦੇ ਸਾਰੇ ਆਦੇਸ਼ ਸਮਾਜੀ ਚੇਤਨਾ ਅਤੇ ਮਨੁੱਖੀ ਸਦਾਚਾਰ ਨਾਲ ਸਬੰਧਤ ਹਨ। ਨਰੋਏ ਮਨੁੱਖੀ ਸਮਾਜ ਦੀ ਹੋਂਦ ਲਈ ਇਹ ਨੇਮ ਹੁਣ ਵੀ ਓਨੇ ਹੀ ਜ਼ਰੂਰੀ ਹਨ ਜਿੰਨੇ ਉਸ ਵੇਲੇ ਸਨ। ਕੀ ਇਨ੍ਹਾਂ ਨੇਮਾਂ ਵਿਚ ਪ੍ਰਗਟ ਹੋਈ ਸਮਾਜੀ ਚੇਤਨਾ ਅਤੇ ਮਨੁੱਖੀ ਸਦਾਚਾਰ ਨੂੰ ਹੁਣ ਵੀ ਅਣਗੌਲਿਆ ਕੀਤਾ ਜਾ ਸਕਦਾ ਹੈ?

ਜ਼ਰਾ ਆਪਣੀ ਸੋਚ ਤਿੰਨ ਹਜ਼ਾਰ ਸਾਲ ਤੋਂ ਵਧ ਸਮਾਂ ਪਿਛੇ ਲੈ ਕੇ ਜਾਓ ਤੇ ਅੰਦਾਜ਼ਾ ਲਾਓ, ਜਦੋਂ ਮਨੁੱਖ ਪਸ਼ੂ ਜਗਤ ਦੇ 'ਜੰਗਲ ਰਾਜ' ਨਾਲੋਂ ਅਜੇ ਆਪਣਾ ਸਪਸ਼ਟ ਨਿਖੇੜਾ ਹੀ ਕਰ ਰਿਹਾ ਸੀ ਅਤੇ ਸਮਾਜੀ ਤੌਰ 'ਤੇ ਮੁਢਲੇ ਕਬੀਲਿਆਂ ਵਿਚ ਜਥੇਬੰਦ ਹੋ ਰਿਹਾ ਸੀ, ਉਦੋਂ ਇਨ੍ਹਾਂ ਸਮਾਜੀ ਨੇਮਾਂ ਅਤੇ ਸਦਾਚਾਰ ਦੀ ਕਿੰਨੀ ਕੁ ਅਹਿਮੀਅਤ ਹੋਵੇਗੀ? ਇਨ੍ਹਾਂ ਨੇਮਾਂ ਨੇ ਹੀ ਮੁਢਲੇ ਮਨੁੱਖੀ ਸਮਾਜ ਦੀ ਬੁਨਿਆਦ ਰੱਖੀ। ਮਨੁੱਖੀ ਸਮਾਜ ਨੂੰ ਸਵੈ-ਜ਼ਾਬਤੇ ਵਿਚ ਬੰਨ੍ਹਿਆ। ਕਿਸੇ ਕਲਪਿਤ ਰੱਬ ਦੀ ਹੋਂਦ ਅਤੇ ਉਸ ਦਾ ਡਰ, ਇਨ੍ਹਾਂ ਨੇਮਾਂ ਨੂੰ ਸੁਤੇ-ਸਿਧ ਲਾਗੂ ਕਰਵਾਉਣ ਦਾ ਸਾਧਨ ਸੀ।



ਇਨ੍ਹਾਂ ਨੇਮਾਂ ਦੀ 'ਰੱਬੀ' ਆਮਦ ਦੀ ਦਿਤੀ ਜਾਣਕਾਰੀ ਵੀ ਬੜੀ ਨਾਟਕੀ ਅਤੇ ਦਿਲਚਸਪ ਹੈ। ਇਨ੍ਹਾਂ ਆਦੇਸ਼ਾਂ ਦੇ ਇਲਹਾਮ ਵਜੋਂ ਪ੍ਰਗਟ ਹੋਣ ਦੀ ਦਿਤੀ ਜਾਣਕਾਰੀ ਅਨੁਸਾਰ, ਆਪਣੇ ਮਨਾਂ ਵਿਚ ਆਜ਼ਾਦੀ ਦੀ ਤਾਂਘ ਲਈ ਗੁਲਾਮਾਂ ਦੇ ਵਡੇ ਸਮੂਹ ਨਾਲ ਹਜ਼ਰਤ ਮੂਸਾ ਮਿਸਰ ਵਿਚੋਂ ਹਿਜਰਤ ਕਰਕੇ ਇਜ਼ਰਾਈਲ ਪਹੁੰਚੇ ਸਨ। ਤਿੰਨ ਮਹੀਨੇ ਇਧਰ-ਉਧਰ ਭਟਕਣ ਤੋਂ ਬਾਅਦ ਉਹ ਸਿਨਾਈ (ਤੂਰ) ਪਹਾੜ ਦੇ ਪੈਰਾਂ ਹੇਠ ਪੜਾਅ ਕਰਕੇ ਠਹਿਰੇ ਹੋਏ ਸਨ ਕਿ ਬੱਦਲਾਂ ਦੇ ਗਰਜਣ, ਬਿਜਲੀ ਦੇ ਗੜਕਣ ਅਤੇ ਲਿਸ਼ਕਣ ਨੇ ਸਿਨਾਈ ਪਹਾੜ ਨੂੰ ਢਕ ਲਿਆ।

ਲੋਕ ਬੱਦਲ ਗਰਜਣ, ਬਿਜਲੀ ਗੜਕਣ ਤੇ ਲਿਸ਼ਕਣ ਤੋਂ ਸਹਿਮੇ ਹੋਏ ਸਨ। ਹਜ਼ਰਤ ਮੂਸਾ ਨੇ ਕਬੀਲੇ ਦੇ ਲੋਕਾਂ ਨੂੰ ਇਕੱਠਾ ਕਰਕੇ ਉਨ੍ਹਾਂ ਨੂੰ ਦੱਸਿਆ ਕਿ ਪਹਾੜ ਉਤੋਂ ਉਸ ਨੂੰ ਸਾਰਿਆਂ ਦੇ ਮਾਲਕ, ਭਾਵ ਰੱਬ ਦੇ ਦਰਸ਼ਨ ਹੋਏ ਹਨ ਅਤੇ ਉਸ ਨੇ ਮੂਸਾ ਨੂੰ ਆਪਣੇ ਕੋਲ ਬੁਲਾਇਆ ਹੈ। ਸਹਿਮੇ ਹੋਏ ਲੋਕ ਤੀਜੇ ਦਿਨ ਸਿਨਾਈ ਪਹਾੜ ਦੇ ਪੈਰਾਂ ਹੇਠ ਇਕੱਠੇ ਹੋ ਗਏ ਅਤੇ ਹਜ਼ਰਤ ਮੂਸਾ ਬੱਦਲਾਂ ਵਿਚ ਘਿਰੇ ਪਹਾੜ ਉਤੇ ਚਲੇ ਗਏ। ਕੁਝ ਚਿਰ ਬਾਅਦ ਵਾਪਸ ਆ ਕੇ ਹਜ਼ਰਤ ਮੂਸਾ ਨੇ ਲੋਕਾਂ ਨੂੰ ਦਸਿਆ ਕਿ ਸਾਰਿਆਂ ਦੇ ਮਾਲਕ, ਭਾਵ ਰੱਬ ਨੇ ਉਸ ਨੂੰ ਪੱਥਰ ਦੀਆਂ ਸਲੇਟਾਂ ਉਤੇ ਉਕਰੇ ਹੋਏ ਦਸ ਆਦੇਸ਼ ਦਿਤੇ ਹਨ ਜਿਨ੍ਹਾਂ ਨੂੰ ਅਸੀਂ ਸਾਰਿਆਂ ਨੇ ਜ਼ਿੰਦਗੀ ਭਰ 'ਰੱਬੀ' ਨੇਮਾਂ (ਹੁਕਮਾਂ) ਦੇ ਤੌਰ 'ਤੇ ਮੰਨਣਾ ਹੈ। ਦਿਲਚਸਪ ਗੱਲ ਇਹ ਹੈ ਕਿ ਉਸ ਵੇਲੇ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਰੱਬ ਦਾ ਸੰਕਲਪ ਵੀ ਮਾਲਕ ਦੇ ਰੂਪ ਵਿਚ ਹੀ ਸੀ। ਉਨ੍ਹਾਂ ਨੇ ਆਪਣੇ ਦੁਨਿਆਵੀ ਮਾਲਕਾਂ ਤੋਂ ਆਜ਼ਾਦ ਹੋਣ ਲਈ ਹਿਜਰਤ ਕੀਤੀ ਸੀ, ਇਸ ਲਈ ਉਨ੍ਹਾਂ ਦੇ ਮਨਾਂ ਨੂੰ ਇਨ੍ਹਾਂ ਦੁਨਿਆਵੀ ਮਾਲਕਾਂ ਦੇ ਡਰ ਤੋਂ ਮੁਕਤੀ ਪਾਉਣ ਲਈ ਕਿਸੇ ਵੱਡੇ ਮਾਲਕ ਦੀ ਭਾਲ ਸੀ ਜਿਸ ਨੂੰ ਉਨ੍ਹਾਂ ਨੇ ਆਪਣੇ ਇਸ ਰੱਬ ਦੇ ਰੂਪ ਵਿਚ ਪ੍ਰਾਪਤ ਕਰ ਲਿਆ।

ਹੁਣ ਇਹ ਗੱਲ ਅੱਜ ਤਿੰਨ ਹਜ਼ਾਰ ਸਾਲ ਬਾਅਦ ਵੀ ਚਿਤਾਰੀ ਜਾ ਸਕਦੀ ਹੈ ਕਿ ਹਜ਼ਰਤ ਮੂਸਾ ਨੂੰ ਰੱਬ ਦੇ ਦਰਸ਼ਨ ਹੋਏ ਜਾਂ ਨਹੀਂ ਪਰ ਉਨ੍ਹਾਂ ਦੇ ਦੱਸੇ ਇਹ ਸਾਰੇ ਸਮਾਜੀ ਤੇ ਸਦਾਚਾਰਕ ਨੇਮ ਅੱਜ ਵੀ ਓਨੇ ਹੀ ਮੰਨਣਯੋਗ ਹਨ ਜਿੰਨੇ ਮਨੁੱਖੀ ਸਮਾਜ ਦੇ ਮੁਢ ਵਿਚ ਸਨ। ਹੁਣ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਹਜ਼ਰਤ ਮੂਸਾ ਮਨੁੱਖ ਜਾਤੀ ਦੇ ਸੱਚੀਮੁੱਚੀ ਮਸੀਹਾ ਹਨ ਜਿਨ੍ਹਾਂ ਨੇ ਅੱਜ ਤੋਂ ਬੱਤੀ-ਤੇਤੀ ਸੌ ਸਾਲ ਪਹਿਲਾਂ ਹਰ ਤਕੜੇ ਦੇ ਆਪਣੇ ਤੋਂ ਹਰ ਮਾੜੇ ਨੂੰ ਨਿਗਲੀ ਜਾਣ ਦੇ ਜੰਗਲ ਰਾਜ ਦੇ ਕਾਨੂੰਨ ਦੀ ਥਾਂ, ਮਨੁੱਖੀ ਸਮਾਜ ਨੂੰ ਅਜਿਹੇ ਸਦੀਵੀ ਨੇਮ ਦਿੱਤੇ ਅਤੇ ਅਜਿਹੇ ਮਨੁੱਖੀ ਸਮਾਜ ਦੀ ਨੀਂਹ ਰੱਖੀ ਜਿਹੜਾ ਵਿਕਾਸ ਕਰਦਾ ਹੋਇਆ ਅਜੋਕੀ ਹਾਲਤ ਵਿਚ ਪਹੁੰਚਿਆ ਹੈ। ਇਹ ਸਾਰੇ ਸਮਾਜੀ ਨੇਮ ਅਤੇ ਸਦਾਚਾਰ, ਹਰ ਤਕੜੇ ਤੋਂ ਹਰ ਮਾੜੇ ਦੀ ਸੁਰੱਖਿਆ ਨੂੰ ਸਮਾਜੀ ਤੇ ਸਦਾਚਾਰਕ ਤਾਕਤ ਨਾਲ ਯਕੀਨੀ ਬਣਾਉਂਦੇ ਸਨ।

ਹਜ਼ਰਤ ਮੂਸਾ ਨੇ ਹਰ ਸੱਤਵੇਂ ਦਿਨ 'ਰੱਬੀ' ਛੁਟੀ ਦਾ ਐਲਾਨ ਕਰਕੇ ਉਨ੍ਹਾਂ ਲੋਕਾਂ ਨੂੰ ਪਹਿਲੀ ਵਾਰੀ ਵਿਹਲ ਦਾ ਸਮਾਂ ਦਿੱਤਾ ਜਿਹੜੇ ਗੁਲਾਮੀ ਦੀ ਹਾਲਤ ਵਿਚ ਜਾਨਵਰਾਂ ਵਾਂਗ ਹਫਤੇ ਦੇ ਸੱਤੇ ਦਿਨ ਆਪਣੇ ਮਾਲਕਾਂ ਦੇ ਡਰੋਂ ਲਗਾਤਾਰ ਕੰਮ ਕਰਦੇ ਸਨ; ਜਿਨ੍ਹਾਂ ਨੇ ਵਿਹਲ ਦਾ ਸਮਾਂ ਕਦੇ ਆਪਣੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਹਫਤੇ ਦੇ ਇਕ ਦਿਨ ਨੂੰ ਰੱਬੀ ਛੁਟੀ ਐਲਾਨ ਕੇ ਇਸ ਨੂੰ ਸਦੀਵੀ ਨੇਮ ਵਜੋਂ ਮਾਨਤਾ ਦੇਣ ਦਾ ਆਧਾਰ ਤਿਆਰ ਕਰ ਦੇਣਾ, ਉਸ ਵੇਲੇ ਕਿੰਨੇ ਕਮਾਲ ਦੀ ਸੋਚ ਸੀ। ਇਹੀ ਰੱਬੀ ਨੇਮ ਹੁਣ ਦੁਨੀਆ ਭਰ ਵਿਚ ਲਾਗੂ ਹੈ। ਅਜੋਕੇ ਸਾਮਰਾਜੀ ਜੰਗਲ ਰਾਜ ਨੇ ਭਾਵੇਂ ਮਨੁੱਖ ਜਾਤੀ ਦੇ ਇਕ ਹਿਸੇ ਨੂੰ ਬਿਲਕੁਲ ਵਿਹਲੇ ਕਰ ਦਿਤਾ ਹੈ ਅਤੇ ਬਾਕੀ ਦੇ ਹਿਸੇ ਨੂੰ ਹੋਰ-ਹੋਰ ਪੈਸੇ ਕਮਾਉਣ ਦੀ ਦੌੜ ਵਿਚ ਪਾ ਕੇ ਅਤੇ ਉਸ ਦੀ ਹੋਂਦ ਨੂੰ ਪੈਸੇ ਨਾਲ ਬੰਨ੍ਹ ਕੇ, ਉਸ ਦੀ ਸਾਰੀ ਵਿਹਲ ਨੂੰ ਹੀ ਖਤਮ ਕਰਨ ਦਾ ਬੀੜਾ ਚੁਕਿਆ ਹੋਇਆ ਹੈ।

ਇਸਾਈ ਧਰਮ ਵਿਚ ਇਨ੍ਹਾਂ ਨੇਮਾਂ ਵਿਚ ਕੁਝ ਹੋਰ ਨੇਮ ਜੋੜ ਕੇ ਇਸੇ ਸਮਾਜੀ ਚੇਤਨਾ ਤੇ ਸਦਾਚਾਰ ਨੂੰ ਹੋਰ ਵਿਕਸਿਤ ਕਰਕੇ ਅਗੇ ਤੋਰਿਆ ਗਿਆ। ਫਰਕ ਸਿਰਫ ਏਨਾ ਪਿਆ ਕਿ ਪੈਗੰਬਰ ਮੂਸਾ ਦੇ ਰੱਬ ਅਖਰ ਵਿਚਲੇ ਸੰਕਲਪ ਨੂੰ ਹੋਰ ਵਸੀਹ ਤੇ ਵਿਕਸਿਤ ਕਰਕੇ ਉਸ ਨੂੰ ਹੋਰ ਵਿਆਪਕ ਬਣਾ ਦਿਤਾ ਗਿਆ। ਹੁਣ ਇਹ ਰੱਬ ਸਾਰਿਆਂ ਦਾ ਸਾਂਝਾ ਪਿਤਾ ਅਤੇ ਸਾਰੇ ਪਾਪੀਆਂ ਦੇ ਕੀਤੇ ਪਾਪਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਉਤੇ ਲੈਣ ਵਾਲਾ ਉਨ੍ਹਾਂ ਦਾ ਹਮਦਰਦ ਬਣ ਗਿਆ। ਹੁਣ ਇਹ ਰੱਬ ਦੁਖੀ ਲੋਕਾਂ ਨੂੰ ਇਸ ਰੂਪ ਵਿਚ ਢਾਰਸ ਦੇਣ ਵਾਲਾ ਬਣ ਗਿਆ ਕਿ ਜਿਨ੍ਹਾਂ ਲੋਕਾਂ ਨੂੰ ਇਸ ਸੰਸਾਰ ਵਿਚ ਕਦੇ ਸੁਖ ਨਸੀਬ ਨਹੀਂ ਸਨ ਹੋਏ ਜਾਂ ਜਿਹੜੇ ਲੋਕ ਇਸ ਸੰਸਾਰ ਵਿਚ ਲੋੜੀਂਦੀਆਂ ਇਛਤ ਵਸਤੂਆਂ ਤੋਂ ਵਿਰਵੇ ਰਹਿਣ ਕਰਕੇ ਉਦਾਸੇ ਰਹਿੰਦੇ ਸਨ, ਇਹ ਰੱਬ ਉਨ੍ਹਾਂ ਨੂੰ ਇਹ ਸਾਰਾ ਕੁਝ ਹੁਣ ਮਰਨ ਤੋਂ ਬਾਅਦ ਸਵਰਗ ਵਿਚ ਦੇਣ ਦਾ ਭਰੋਸਾ ਦਿੰਦਾ ਸੀ। ਹਜ਼ਰਤ ਈਸਾ ਨੇ ਇਸ ਸੱਚ ਲਈ ਸੂਲੀ ਉਤੇ ਲਟਕ ਕੇ ਆਪਣੇ ਰੱਬ ਦੇ ਪੁੱਤਰ ਹੋਣ ਦਾ ਯਕੀਨ ਲੋਕਾਂ ਨੂੰ ਦਿਵਾਇਆ।

ਇਹ ਵੱਖਰੀ ਗੱਲ ਹੈ ਕਿ ਸਮਾਂ ਪਾ ਕੇ ਇਸ ਰੱਬ ਦੀ ਹੋਂਦ ਬਾਰੇ ਬੁਣਿਆ ਕਲਪਿਤ ਭਰਮਜਾਲ ਹੋਰ ਗੁੰਝਲਦਾਰ ਬਣਦਾ ਗਿਆ। ਇਸ ਨਾਲ ਔਡ-ਔਡ ਤਰ੍ਹਾਂ ਦਾ ਕਰਮਕਾਂਡ ਜੁੜਦਾ ਗਿਆ ਅਤੇ ਇਸ ਕਰਮਕਾਂਡ ਤੇ ਕਲਪਨਾ ਨੇ ਮਨੁੱਖ ਜਾਤੀ ਨੂੰ ਅਸਲੀ ਕੁਦਰਤ ਤੋਂ ਹੋਰ ਦੂਰ ਧੱਕ ਦਿਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਆਪਣੀ ਕੁਦਰਤੀ ਹੋਂਦ ਤੋਂ ਇਨਕਾਰੀ ਹੋ ਕੇ ਇਸ ਕਲਪਿਤ ਰੱਬ ਨੂੰ ਸ੍ਰਿਸ਼ਟੀ ਅਤੇ ਮਨੁੱਖ ਜਾਤੀ ਦਾ ਸਿਰਜਕ ਮੰਨ ਲਿਆ ਗਿਆ ਜਿਸ ਕਾਰਨ ਮਨੁੱਖ ਜਾਤੀ ਅੰਤਹੀਣ ਭਟਕਣਾ ਦਾ ਸ਼ਿਕਾਰ ਹੋ ਗਈ। ਹਉਮੈ, ਤ੍ਰਿਸ਼ਨਾ ਅਤੇ ਬੇਲੋੜੀ ਨਿਜੀ ਜਾਇਦਾਦ ਇਕੱਠੀ ਕਰਨ ਦੀ ਹਵਸ ਇਸੇ ਭਟਕਣਾ ਦੇ ਲਛਣ ਹਨ।

ਇਕ ਹੋਰ ਦਿਲਚਸਪ ਤੱਥ ਇਹ ਹੈ ਕਿ ਜੇ ਯਹੂਦੀ ਧਰਮ ਵਿਚ ਹਫਤਾਵਾਰੀ ਛੁਟੀ ਸ਼ਨਿਚਰਵਾਰ ਨੂੰ ਹੁੰਦੀ ਸੀ, ਤਾਂ ਇਸਾਈ ਧਰਮ ਵਿਚ ਇਹ ਛੁਟੀ ਐਤਵਾਰ ਨੂੰ ਨੀਯਤ ਕੀਤੀ ਗਈ। ਇਸਲਾਮ ਵਿਚ ਆ ਕੇ ਇਹ ਛੁਟੀ ਸ਼ੁਕਰਵਾਰ ਨੂੰ ਹੋਣੀ ਨਿਸ਼ਚਿਤ ਹੋਈ। ਦਲੀਲ ਵਜੋਂ ਯਹੂਦੀ ਧਰਮ ਵਿਚ ਜੇ ਇਹ ਕਿਹਾ ਗਿਆ ਸੀ ਕਿ ਰਬ ਨੇ ਛੇ ਦਿਨ ਵਿਚ ਦੁਨੀਆ ਸਾਜ ਕੇ ਸਤਵੇਂ ਦਿਨ ਸ਼ਨਿਚਰਵਾਰ ਛੁਟੀ ਕੀਤੀ ਸੀ, ਤਾਂ ਇਸਾਈ ਧਰਮ ਵਿਚ ਇਹ ਮੰਨਿਆ ਗਿਆ ਕਿ ਰਬ ਨੇ ਇਹ ਛੁਟੀ ਐਤਵਾਰ ਕੀਤੀ ਸੀ। ਇਸਲਾਮ ਨੇ ਇਹ ਮੰਨਿਆ ਕਿ ਛੇ ਦਿਨ ਵਿਚ ਦੁਨੀਆ ਸਾਜ ਕੇ ਅੱਲ੍ਹਾ ਨੇ ਸਤਵੇਂ ਦਿਨ ਸ਼ੁਕਰਵਾਰ ਛੁਟੀ ਕੀਤੀ ਸੀ। ਤਿੰਨਾਂ ਧਰਮਾਂ ਵਿਚ ਅੰਤਰ ਦਰਸਾਉਣ ਲਈ ਹਫਤਾਵਾਰੀ ਛੁਟੀ ਦਾ ਦਿਨ ਬਦਲ ਦਿਤਾ ਗਿਆ ਪਰ ਇਸ ਦੇ ਬਾਵਜੂਦ ਇਸਲਾਮ ਦੇ ਪਵਿਤਰ ਗ੍ਰੰਥ ਕੁਰਾਨ ਦੀ ਸ਼ੁਰੂਆਤ ਆਪਣੇ ਤੋਂ ਪਹਿਲੇ ਸਾਰੇ ਪੈਗੰਬਰਾਂ ਦੇ ਆਦੇਸ਼ਾਂ ਨੂੰ ਬੁਲੰਦ ਕਰਨ ਦੇ ਐਲਾਨ ਨਾਲ ਹੁੰਦੀ ਹੈ। ਇਨ੍ਹਾਂ ਪੈਗੰਬਰਾਂ ਦਾ ਨਾਂ ਲੈ ਕੇ ਇਨ੍ਹਾਂ ਦੇ ਨੇਮਾਂ ਦੀ ਪੁਸ਼ਟੀ ਕੀਤੀ ਗਈ ਹੈ।

ਦਿਲਚਸਪ ਗੱਲ ਇਹ ਹੈ ਕਿ ਮਾਰਕਸ ਨੇ ਪੱਛਮੀ ਫਿਲਾਸਫੀ ਦੀ ਇਸੇ ਘਾਟ, ਭਾਵ ਕੁਦਰਤ ਅਤੇ ਮਨੁੱਖ ਦੇ ਸਿਧੇ ਅਨੁਭਵੀ ਰਿਸ਼ਤੇ ਦੀ ਨਿਸ਼ਾਨਦੇਹੀ ਕੀਤੀ ਸੀ ਪਰ ਖੱਬੀ ਧਿਰ ਨੇ ਮਾਰਕਸ ਦੀ ਇਸ ਖੋਜ ਨੂੰ ਅਣਗੌਲਿਆ ਕਰ ਦਿਤਾ। ਮਾਰਕਸ ਦੀ ਫਿਲਾਸਫੀ ਨੂੰ ਅਣਗੌਲਿਆ ਕਰਕੇ ਮਾਰਕਸ ਦੀ ਸਿਆਸੀ ਆਰਥਿਕਤਾ ਆਪਣੇ ਤੱਤ ਤੋਂ ਦੂਰ ਚਲੀ ਗਈ ਜਿਸ ਕਾਰਨ ਉਸ ਦੀ ਸਿਆਸੀ ਆਰਥਿਕਤਾ ਦਾ ਇਕ ਪੱਖ 'ਪ੍ਰੋਲਤਾਰੀ ਦੀ ਡਿਕਟੇਟਰਸ਼ਿਪ' ਮਹਿਜ਼ ਹਵਾਈ ਸੰਕਲਪ ਬਣ ਕੇ ਰਹਿ ਗਿਆ। ਦਰਅਸਲ ਆਪਣੀ ਜੜ੍ਹ (ਕੁਦਰਤ ਅਤੇ ਮਨੁੱਖ ਦੇ ਸਿਧੇ ਅਨੁਭਵੀ ਰਿਸ਼ਤੇ) ਤੋਂ ਟੁਟ ਕੇ ਮਾਰਕਸਵਾਦ ਲਾਗੂ ਹੋਣ ਯੋਗ ਹੀ ਨਾ ਰਿਹਾ। ਖੱਬੀ ਲਹਿਰ ਦੀ ਇਹੀ ਕਮਜ਼ੋਰੀ ਅਜੇ ਤਕ ਉਸ ਦੀ ਭਟਕਣਾ ਦਾ ਕਾਰਨ ਬਣੀ ਹੋਈ ਹੈ।

ਧਰਮ ਬਾਰੇ ਪੂਰਬੀ ਚਿੰਤਨ ਕੁਦਰਤ ਨਾਲ ਸਾਂਝ ਪਾ ਕੇ ਜਿਉਣਾ ਹੈ। ਵੈਦਿਕ ਫਿਲਾਸਫੀ ਤੇ ਪੂਰਬੀ ਚਿੰਤਨ ਦੀ ਡੂੰਘਾਈ ਵਿਚ ਜਾ ਕੇ ਹੀ ਇਹ ਰਿਸ਼ਤਾ ਸਮਝ ਆਉਂਦਾ ਹੈ। ਮਾਰਕਸਵਾਦ ਖੁਦ ਇਹ ਮੰਨਦਾ ਹੈ ਕਿ ਹਿੰਦ-ਯੂਰਪੀ ਦੇਸ਼ਾਂ ਦੇ ਸਾਰੇ ਲੋਕਾਂ ਦੇ ਧਰਮਾਂ ਦਾ ਮੁਢ ਵੇਦ ਹਨ। ਫ੍ਰੈਡਰਿਕ ਏਂਗਲਜ ਨੇ ਵੈਦਿਕ ਫਿਲਾਸਫੀ ਬਾਰੇ ਲਿਖਿਆ ਹੈ, "ਤੁਲਨਾਤਮਿਕ ਮਿਥਿਹਾਸ ਦੀ ਮੁਢਲੀ ਖੋਜ ਨੇ ਹਿੰਦ-ਯੂਰਪੀ ਲੋਕਾਂ ਦੇ ਸਮੁਚੇ ਧਾਰਮਿਕ ਵਰਤਾਰੇ ਤਥਾ ਫਿਲਾਸਫੀ ਦਾ ਮੁਢ ਭਾਰਤੀ ਵੇਦਾਂ ਵਿਚ ਲਭਿਆ ਹੈ। ਇਹ ਸਪਸ਼ਟ ਹੋ ਗਿਆ ਹੈ ਕਿ ਭਾਰਤੀ, ਇਰਾਨੀ, ਯੂਨਾਨੀ, ਰੋਮਨ, ਜਰਮਨ ਅਤੇ ਜਿਥੋਂ ਤਕ ਤੱਥ ਲਭੇ ਹਨ- ਕੇਂਦਰੀ ਯੂਰਪ, ਲਿਥੂਨੀਅਨ ਤੇ ਸਲਾਵ, ਸਾਰੇ ਇਨ੍ਹਾਂ ਹਿੰਦ-ਯੂਰਪੀ ਲੋਕਾਂ ਵਿਚ ਸ਼ਾਮਿਲ ਹਨ।"

ਇਸ ਲਈ ਵੈਦਿਕ ਫਿਲਾਸਫੀ ਤੋਂ ਇਨਕਾਰੀ ਹੋ ਕੇ ਸੰਸਾਰ ਦੇ ਕਿਸੇ ਵੀ ਧਰਮ ਦੀ ਵਿਆਖਿਆ ਨਹੀਂ ਹੋ ਸਕਦੀ ਪਰ ਸਮਝਣ ਵਾਲਾ ਨੁਕਤਾ ਇਹ ਹੈ ਕਿ ਅਜੋਕੇ ਦੌਰ ਵਿਚ ਆ ਕੇ ਵੈਦਿਕ ਫਿਲਾਸਫੀ ਦਾ ਹਸ਼ਰ ਪੱਛਮੀ ਧਰਮਾਂ ਨਾਲੋਂ ਵੀ ਮਾੜਾ ਕਿਉਂ ਹੋ ਰਿਹਾ ਹੈ। ਜੇ ਪੱਛਮੀ ਧਰਮ 'ਅਪਾਰ ਸ਼ਕਤੀ ਵਾਲੇ ਰੱਬ' ਦੀ ਕਲਪਨਾ ਕਰਕੇ ਸਰਬਸ਼ਕਤੀਮਾਨ ਕੁਦਰਤ ਤੇ ਕੁਦਰਤੀ ਨੇਮਾਂ ਤੋਂ ਦੂਰ ਹੋ ਗਏ, ਤਾਂ ਵੈਦਿਕ ਫਿਲਾਸਫੀ ਦੇ ਪੈਰੋਕਾਰ 'ਬ੍ਰਹਮ' ਦੇ ਵਿਅਕਤੀ ਰੂਪ ਬ੍ਰਹਮਾ ਦੀ ਹੋਂਦ ਨੂੰ ਅਸਲੀਅਤ ਮੰਨ ਕੇ ਐਸੀ ਉਲਝਣ ਵਿਚ ਫਸੇ ਹੋਏ ਹਨ ਕਿ ਅਜੇ ਤਕ ਉਹ ਬ੍ਰਹਮ, ਭਾਵ ਅੰਤਹੀਣ ਬ੍ਰਹਿਮੰਡੀ ਆਕਾਰ ਤੇ ਇਸ ਦੇ ਪ੍ਰਗਟ ਰੂਪ ਸਗਲ ਕੁਦਰਤ ਨੂੰ ਪੂਜਣ ਤੇ ਇਸ ਦੇ ਨਿਯਮਾਂ ਭਾਵ 'ਹੁਕਮ' ਵਿਚ ਰਹਿ ਕੇ ਜਿਉਣ ਦੀ ਬਜਾਇ, 'ਪਿਪਲ, ਜੰਡ ਬਿਲ ਪਤਰ, ਕੇਲਾ, ਤੁਲਸੀ, ਧਤੂਰਾ ਅੱਕ, ਕਰੀਰ, ਸੱਪ, ਮਗਰਮੱਛ, ਬਿੱਲੀ, ਗਊ,ਬੈਲ, ਗਧਾ, ਕੁੱਤਾ, ਕੱਛੂ, ਗਰੁੜ, ਮੋਰ ਆਦਿ ਦੀ ਪੂਜਾ ਹੀ ਕਰੀ ਜਾਂਦੇ ਹਨ। ਉਹ ਕਿਸੇ ਕਲਪਿਤ ਬ੍ਰਹਮਾ ਵਲੋਂ ਮਨੁੱਖ ਜਾਤੀ ਦੀ ਕੀਤੀ ਵਰਣ ਵੰਡ ਅਤੇ ਜਾਤਪਾਤ ਨੂੰ ਹੀ ਸੱਚ ਮੰਨੀ ਬੈਠੇ ਹਨ। ਉਹ ਔਰਤ ਮਰਦ ਦੀ ਸਮੂਹੀ ਹੋਂਦ ਨੂੰ ਮਾਨਤਾ ਦੇਣ ਦੀ ਬਜਾਇ ਉਨ੍ਹਾਂ ਦੇ ਲਿੰਗ ਨੂੰ ਹੀ ਪੂਜੀ ਜਾਂਦੇ ਹਨ ਜਦੋਂ ਕਿ ਵੇਦਾਂਤ (ਉਪਨਿਸ਼ਦਾਂ) ਵਿਚ ਹੀ ਬ੍ਰਹਮਾ ਦੀ ਹੋਂਦ ਤੋਂ ਸਪਸ਼ਟ ਇਨਕਾਰ ਕੀਤਾ ਗਿਆ ਹੈ।

ਕੇਨ ਉਪਨਿਸ਼ਦ ਵਿਚ ਇਹ ਜਾਣਕਾਰੀ ਦਿਤੀ ਗਈ ਹੈ ਕਿ ਬ੍ਰਹਮ ਨੂੰ ਬਾਣੀ ਵੀ ਜਾਣ ਨਹੀਂ ਸਕਦੀ ਸਗੋਂ ਬਾਣੀ ਸਾਰਾ ਕੁਝ ਉਸ ਤੋਂ ਜਾਣਦੀ ਹੈ। 'ਬ੍ਰਹਮ' ਉਹ ਨਹੀਂ ਹੈ ਜਿਸ ਦੀ ਲੋਕ (ਬ੍ਰਹਮਾਂ ਦੇ ਰੂਪ ਵਿਚ) ਪੂਜਾ ਕਰਦੇ ਹਨ; ਭਾਵ ਬ੍ਰਹਮ ਮਨੁੱਖ ਦੀ ਸੋਚ ਦੀ ਸੀਮਾ ਤੋਂ ਪਾਰ ਹੈ ਜਿਸ ਦਾ ਅੰਤ ਜਾਣਿਆ ਨਹੀਂ ਜਾ ਸਕਦਾ ਤੇ ਬਾਣੀ ਸਾਰਾ ਕੁਝ ਉਸ ਤੋਂ ਜਾਣਦੀ ਹੈ (ਕੇਨ ਉਪਨਿਸ਼ਦ, ਸਫਾ 31)। ਇਸ ਬ੍ਰਹਮ ਦਾ ਮਨ ਤੋਂ ਮਨਨ ਨਹੀਂ ਹੋ ਸਕਦਾ। ਅਸੀਮ 'ਬ੍ਰਹਮ' ਮਨੁੱਖ ਦੇ ਆਪਣੇ ਸਰੀਰੀ ਮਨ ਦੀ ਅਨੁਭਵੀ ਪਕੜ ਵਿਚ ਨਹੀਂ ਆ ਸਕਦਾ ਬਲਕਿ ਮਨ ਸਾਰਾ ਕੁਝ ਉਸ ਬ੍ਰਹਮ ਤੋਂ ਜਾਣਦਾ ਹੈ। ਇਹ ਬ੍ਰਹਮ ਉਹ ਨਹੀਂ ਹੈ ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ (ਕੇਨ ਉਪਨਿਸ਼ਦ, ਸਫਾ 31)। ਇਹ ਬ੍ਰਹਮ ਮਨੁੱਖ ਵਾਂਗ ਪ੍ਰਾਣਾਂ ਰਾਹੀਂ ਜੀਵਨ ਨਹੀਂ ਪਾਉਂਦਾ ਸਗੋਂ ਪ੍ਰਾਣ ਇਸ ਬ੍ਰਹਮ ਤੋਂ ਜੀਵਨ ਪਾਉਂਦੇ ਹਨ। ਬ੍ਰਹਮ ਉਹ ਨਹੀਂ ਹੈ ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ ਸਗੋਂ ਇਹ

(ਬਾਕੀ ਸਫਾ 17'ਤੇ)



**ਵੈਦਿਕ ਫਿਲਾਸਫੀ ਤੋਂ ਇਨਕਾਰੀ ਹੋ ਕੇ ਸੰਸਾਰ ਦੇ ਕਿਸੇ ਵੀ ਧਰਮ ਦੀ ਵਿਆਖਿਆ ਨਹੀਂ ਹੋ ਸਕਦੀ ਪਰ ਸਮਝਣ ਵਾਲਾ ਨੁਕਤਾ ਇਹ ਹੈ ਕਿ ਅਜੋਕੇ ਦੌਰ ਵਿਚ ਆ ਕੇ ਵੈਦਿਕ ਫਿਲਾਸਫੀ ਦਾ ਹਸ਼ਰ ਪੱਛਮੀ ਧਰਮਾਂ ਨਾਲੋਂ ਵੀ ਮਾੜਾ ਕਿਉਂ ਹੋ ਰਿਹਾ ਹੈ।... ਵੇਦਾਂਤ (ਉਪਨਿਸ਼ਦਾਂ) ਵਿਚ ਬ੍ਰਹਮਾ ਦੀ ਹੋਂਦ ਤੋਂ ਸਪਸ਼ਟ ਇਨਕਾਰ ਕੀਤਾ ਗਿਆ ਹੈ।**

# ਬੇਅਦਬੀਆਂ ਦਾ ਮੰਦਭਾਗਾ ਵਰਤਾਰਾ ਅਤੇ ਸਿੱਖ ਚਿੰਤਕ

## ਸਿੰਘੂ ਬਾਰਡਰ 'ਤੇ ਚੱਲ ਰਹੇ ਵਿਵਾਦ ਦੇ ਪ੍ਰਸੰਗ ਵਿਚ

*ਸਿੰਘੂ ਬਾਰਡਰ 'ਤੇ ਲਖਬੀਰ ਸਿੰਘ ਦਾ ਕਤਲ ਜਿਸ ਢੰਗ ਨਾਲ ਕੀਤਾ ਗਿਆ, ਉਸ ਨੇ ਹਰ ਸੰਵੇਦਨਸ਼ੀਲ ਮਨੁੱਖ ਨੂੰ ਬੁਰੀ ਤਰ੍ਹਾਂ ਝੰਜੋੜ ਸੁੱਟਿਆ ਪਰ ਕੁਝ ਕੁ ਸਿੱਖ ਵਿਦਵਾਨਾਂ ਨੇ ਇਸ ਕਤਲ ਨੂੰ ਵਡਿਆਇਆ ਹੀ ਨਹੀਂ ਸਗੋਂ ਇਸ ਨੂੰ ਸਿੱਖੀ ਸਿਧਾਂਤਾਂ ਅਨੁਸਾਰ ਹੋਈ ਕਾਰਵਾਈ ਤੱਕ ਆਖ ਦਿੱਤਾ। ਸ. ਹਰਚਰਨ ਸਿੰਘ ਪਰਹਾਰ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਸਿੱਖ ਵਿਦਵਾਨਾਂ ਨੂੰ ਬੜੇ ਤਿੱਖੇ ਸਵਾਲ ਕੀਤੇ ਹਨ।*

"15 ਅਕਤੂਬਰ 2021 ਨੂੰ ਸਿੰਘੂ ਬਾਰਡਰ 'ਤੇ ਹੋਇਆ ਕਤਲ ਕਰੂਰ ਹੱਤਿਆ ਹੈ ਜਿਸ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਏ, ਘੱਟ ਹੈ। ਇਸ ਘਟਨਾ ਨੇ ਪੰਜਾਬ ਤੇ ਪੰਜਾਬੀਆਂ ਨੂੰ ਸ਼ਰਮਸਾਰ ਕੀਤਾ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਮੋਰਚੇ ਦਾ ਇਹ ਭਿਅੰਕਰ ਕਾਰਾ ਕਰਨ ਵਾਲਿਆਂ ਨਾਲ ਨਾ ਤਾਂ ਕੋਈ ਸਬੰਧ ਹੈ ਤੇ ਨਾ ਹੀ ਆਪਣੇ ਆਪ ਨੂੰ ਧਾਰਮਿਕ ਅਖਵਾਉਣ ਵਾਲੀ ਨਿਹੰਗ ਜਥੇਬੰਦੀ ਸੰਯੁਕਤ ਮੋਰਚੇ ਦਾ ਹਿੱਸਾ ਹੈ। ਧਰਮ 'ਦਇਆ' 'ਤੇ ਆਧਾਰਿਤ ਹੁੰਦਾ ਹੈ। ਜਿਹੜੇ ਬੰਦੇ ਧਰਮ 'ਚੋਂ ਦਇਆ ਜਾਂ ਰਹਿਮ ਮਨਫੀ ਕਰ ਦਿੰਦੇ ਹਨ, ਉਹ ਉਸ ਧਰਮ ਦੇ ਪੈਰੋਕਾਰ ਨਹੀਂ, ਵਿਰੋਧੀ ਹੁੰਦੇ ਹਨ। ਜਿਹੜੇ ਲੋਕ ਧਰਮ ਦੇ ਨਾਂ 'ਤੇ ਕਰੂਰ ਹੱਤਿਆਵਾਂ ਕਰਦੇ ਹਨ, ਉਨ੍ਹਾਂ ਦੀ ਤੁਲਨਾ ਤਾਲਿਬਾਨ ਅਤੇ ਹੋਰ ਕੱਟੜਪੰਥੀ ਜਥੇਬੰਦੀਆਂ ਨਾਲ ਹੀ ਹੋ ਸਕਦੀ ਹੈ। ਕਰੂਰਤਾ ਚਾਹੇ ਉਹ ਧਰਮ ਦੇ ਨਾਂ 'ਤੇ ਕੀਤੀ ਗਈ ਹੋਵੇ ਜਾਂ ਕਿਸੇ ਵਿਚਾਰਧਾਰਾ ਦੇ ਨਾਂ 'ਤੇ, ਨੂੰ ਸਭਿਅਕ ਸਮਾਜ ਵਿਚ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਜਿਹੜੇ ਲੋਕਾਂ ਨੇ ਇਹ ਹੱਤਿਆ ਕੀਤੀ ਹੈ, ਉਹ ਸਮੁੱਚੀ ਮਨੁੱਖਤਾ ਦੇ ਨਾਲ-ਨਾਲ ਕਿਸਾਨ ਸੰਘਰਸ਼ ਦੇ ਵੀ ਗੁਨਾਹਗਾਰ ਹਨ,



**ਹਰਚਰਨ ਸਿੰਘ ਪਰਹਾਰ**
**ਮੁੱਖ ਸੰਪਾਦਕ 'ਸਿੱਖ ਵਿਰਸਾ'**
**ਫੋਨ:** 403-681-8689
**ਈਮੇਲ:** hp8689@gmail.com

ਕਿਉਂਕਿ ਕਿਸਾਨ ਅੰਦੋਲਨ ਨੇ ਸ਼ਾਂਤਮਈ ਲੀਹਾਂ 'ਤੇ ਸੰਘਰਸ਼ ਕਰਕੇ ਉਚੇ ਨੈਤਿਕ ਮਿਆਰ ਕਾਇਮ ਕੀਤੇ ਹਨ ਜਦਕਿ ਇਹ ਘਟਨਾ ਅਨੈਤਿਕ, ਅਧਾਰਮਿਕ ਅਤੇ ਜ਼ਾਲਮਾਨਾ ਹੈ। ਇਸ ਘਟਨਾ ਦੇ ਜਿਸ ਪੱਖ ਤੋਂ ਪੰਜਾਬੀ ਭਾਈਚਾਰਾ ਜ਼ਿਆਦਾ ਉਦਾਸ ਤੇ ਸ਼ਰਮਸਾਰ ਹੋਇਆ ਹੈ, ਉਹ ਇਸ ਕਾਰੇ ਨੂੰ ਕਰਨ ਵਾਲੇ ਵਿਅਕਤੀਆਂ ਦਾ ਸਿੰਘੂ ਬਾਰਡਰ ਤੇ ਕਿਸਾਨ ਮੋਰਚੇ ਦੇ ਨਜ਼ਦੀਕ ਹੀ ਬੈਠੇ ਹੋਣਾ ਹੈ ਅਤੇ ਉਹ ਆਪਣੇ ਆਪ ਨੂੰ ਕਿਸਾਨ ਮੋਰਚੇ ਦੇ ਹਮਾਇਤੀ ਦੱਸਦੇ ਰਹੇ ਹਨ। ਪੰਜਾਬੀਆਂ ਨੂੰ ਚਿੰਤਾ ਹੈ ਕਿ ਕਿਤੇ ਅਜਿਹੀ ਕਰੂਰ ਘਟਨਾ ਦਾ ਪ੍ਰਛਾਵਾਂ ਲਗਾਤਾਰ ਸ਼ਾਂਤਮਈ ਢੰਗ ਨਾਲ ਚਲਾਏ ਜਾ ਰਹੇ ਕਿਸਾਨ ਅੰਦੋਲਨ 'ਤੇ ਨਾ ਪੈ ਜਾਵੇ ...। ਦੋਸ਼ ਲਗਾਇਆ ਜਾ ਰਿਹਾ ਹੈ ਕਿ ਮਾਰੇ ਗਏ ਵਿਅਕਤੀ ਨੇ ਧਾਰਮਿਕ ਗ੍ਰੰਥ ਦੀ ਬੇਅਦਬੀ ਕੀਤੀ ਸੀ। ਕਿਸੇ ਵੀ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨਾ ਮੰਦਭਾਗੀ ਘਟਨਾ ਹੈ ਜਿਸ ਦੀ ਹਰ ਇੱਕ ਨੂੰ ਨਿੰਦਾ ਕਰਨੀ ਚਾਹੀਦੀ ਹੈ। ਅਜਿਹਾ ਕਰਨ ਵਾਲੇ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਜਿਸ ਲਈ ਦੇਸ਼ ਵਿਚ ਪੁਲਿਸ, ਤਫਤੀਸ਼ੀ ਏਜੰਸੀਆਂ ਅਤੇ ਨਿਆਂ ਪ੍ਰਣਾਲੀ ਮੌਜੂਦ ਹੈ। ਇਹੀ ਨਹੀਂ, ਧਾਰਮਿਕ ਸੰਸਥਾਵਾਂ ਕੋਲ਼ ਵੀ ਅਜਿਹੇ ਗਲਤ ਕੰਮ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੇ ਢੰਗ-ਤਰੀਕੇ ਅਤੇ ਰਵਾਇਤਾਂ ਮੌਜੂਦ ਹਨ। ਕਤਲ ਕਰਨ ਨਾਲ ਬੇਅਦਬੀ ਦੂਰ ਨਹੀਂ ਹੁੰਦੀ ਸਗੋਂ ਕਤਲ ਖੁਦ ਧਾਰਮਿਕ ਅਕੀਦਿਆਂ ਅਤੇ ਰਵਾਇਤਾਂ ਦੀ ਬੇਅਦਬੀ ਹੈ। ਧਾਰਮਿਕ ਸੰਸਥਾਵਾਂ ਨੂੰ ਕਾਨੂੰਨ ਹੱਥ ਵਿਚ ਲੈਣ ਵਾਲੇ ਅਜਿਹੇ ਵਿਅਕਤੀਆਂ ਅਤੇ ਗਰੁੱਪਾਂ ਵਿਰੁਧ ਸਖਤ ਸਟੈਂਡ ਲੈਣਾ ਚਾਹੀਦਾ ਹੈ।" ਇਹ ਵਿਚਾਰ ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਅਖਬਾਰ ਦੇ ਸੰਪਾਦਕ ਸਵਰਾਜਬੀਰ ਨੇ 16 ਅਕਤੂਬਰ ਦੀ ਸੰਪਾਦਕੀ 'ਸਿੰਘੂ ਬਾਰਡਰ ਤੇ ਕਤਲ: ਕਰੂਰ ਤੇ ਕਾਇਰਾਨਾ ਕਾਰਾ' ਵਿਚ ਪ੍ਰਗਟ ਕੀਤੇ ਹਨ।

ਇਸ ਸੰਪਾਦਕੀ ਦੇ ਜਵਾਬ ਵਿਚ ਲੰਮਾ ਸਮਾਂ ਇਸੇ ਅਖਬਾਰ ਦੇ ਸਾਬਕਾ ਅਸਿਸਟੈਂਟ ਐਡੀਟਰ ਰਹੇ ਕਰਮਜੀਤ ਸਿੰਘ ਨੇ ਇੱਕ ਚਿੱਠੀ 'ਪੰਜਾਬੀ ਟ੍ਰਿਬਿਊਨ' ਨੂੰ ਲਿਖੀ ਹੈ ਜਿਸ ਵਿਚ ਉਹ ਸਿੰਘੂ ਬਾਰਡਰ 'ਤੇ ਹੋਏ ਕਤਲ ਬਾਰੇ ਇਵੇਂ ਲਿਖਦੇ ਹਨ: "ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਜਿਉਂਦੀ ਜਾਗਦੀ ਪਰਮ ਹਕੀਕਤ ਹੈ। ਸੁਪਰੀਮ ਕੋਰਟ ਦਾ ਵੀ ਫੈਸਲਾ ਇਹੋ ਹੀ ਹੈ। ਸਿੱਖ ਉਸ ਨੂੰ ਆਪਣਾ ਪਿਓ ਮੰਨਦੇ ਹਨ। ਜਦੋਂ ਇਸ ਰੂਹਾਨੀ ਬਾਪੂ ਦੇ ਅੰਗਾਂ ਨੂੰ ਗਲੀਆਂ ਵਿਚ ਰੋਲਿਆ ਗਿਆ, ਗੰਦੇ ਨਾਲਿਆਂ ਵਿਚ ਸੁੱਟਿਆ ਗਿਆ, ਜਦੋਂ ਕੋਈ ਉਸ ਅਸਥਾਨ ਤੇ ਸ਼ਰ੍ਹੇਆਮ ਸਿਗਰਟ ਦਾ ਧੂੰਆਂ ਛੱਡ ਰਿਹਾ ਹੈ ਜਿਸ ਥਾਂ ਤੇ ਖਾਲਸਾ ਪੰਥ ਦੀ ਸਿਰਜਣਾ ਹੋਈ ਤਾਂ ਫਿਰ ਇਸ ਭਿਆਨਕ ਗੁਨਾਹ ਦਾ ਹਿਸਾਬ ਕਿਤਾਬ ਲੈਣ ਲਈ 'ਸਿੱਧਾ' ਟੱਕਰਿਆ ਜਾਵੇ, ਜਾਂ ਉਸ ਥਾਂ ਵੱਲ ਰੁਖ ਕੀਤਾ ਜਾਵੇ ਜਿਸ ਨੂੰ ਸੰਪਾਦਕੀ ਵਿਚ 'ਪੁਲਿਸ, ਤਫਤੀਸ਼ੀ ਏਜੰਸੀਆਂ ਅਤੇ ਨਿਆਂ ਪ੍ਰਣਾਲੀ' ਕਿਹਾ ਗਿਆ ਹੈ ਪਰ ਨੈਤਿਕਤਾ ਦੀਆਂ ਇਹ ਖੋਜੀ ਸੰਸਥਾਵਾਂ ਕਿਤੇ ਵੀ ਤਾਂ ਨਹੀਂ ਲੱਭ ਰਹੀਆਂ ਅਤੇ ਮੀਡੀਏ ਦਾ ਵੱਡਾ ਹਿੱਸਾ ਵੀ ਇਨ੍ਹਾਂ ਸੰਸਥਾਵਾਂ ਦੀ ਪੁੱਛ-ਗਿੱਛ ਕਰਨ ਵਿਚ ਦਿਲਚਸਪੀ ਨਹੀਂ ਲੈ ਰਿਹਾ। ਸਮੁੱਚੀ ਸੰਪਾਦਕੀ ਵਿਚ ਸਵਰਾਜਬੀਰ ਆਪਣੇ ਗੁੱਸੇ ਦੇ ਇੱਕੋ ਪੱਖ ਉੱਤੇ ਜ਼ੋਰ ਦਿੰਦੇ ਹੋਏ ਗੁੱਸੇ ਦੇ ਨਵੇਂ ਨਿਯਮ ਕਾਇਮ ਕਰ ਰਹੇ ਜਾਪਦੇ ਹਨ।"

ਸ. ਕਰਮਜੀਤ ਸਿੰਘ 1984 ਵਾਲੇ ਸਿੱਖ ਸੰਘਰਸ਼ ਨਾਲ ਬੜੇ ਨੇੜਿਓਂ ਜੁੜੇ ਰਹੇ ਹਨ ਤੇ ਪਿਛਲੇ ਦਿਨੀਂ ਆਪਣੀ ਇੱਕ ਇੰਟਰਵਿਊ ਵਿਚ ਉਨ੍ਹਾਂ ਮੰਨਿਆ ਸੀ ਕਿ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਵੈਦਿਆ ਨੂੰ ਮਾਰਨ ਵਾਲੇ ਜਿੰਦਾ ਅਤੇ ਸੁੱਖਾ ਵਲੋਂ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਅਸਲ ਵਿਚ ਉਨ੍ਹਾਂ ਹੀ ਡਰਾਫਟ ਕੀਤੀ ਸੀ। ਕਰਮਜੀਤ ਸਿੰਘ ਖਾੜਕੂ ਧਿਰਾਂ ਦੀ ਤਰਜਮਾਨੀ ਕਰਨ ਵਾਲੀ ਡਾ. ਸੋਹਣ ਸਿੰਘ ਵਾਲ਼ੀ ਪੰਥਕ ਕਮੇਟੀ ਨੇੜਲੇ ਸਹਿਯੋਗੀ ਰਹੇ ਹਨ। ਸਾਡੇ ਸਿੱਖ ਵਿਦਵਾਨਾਂ ਨੂੰ ਇੱਕ ਪਾਸੇ ਲਗਦਾ ਹੈ ਕਿ 'ਪੰਜਾਬੀ ਟ੍ਰਿਬਿਊਨ' ਉਤੇ ਸਿੱਖ ਵਿਰੋਧੀ ਮਹਾਸ਼ਾ ਸੋਚ ਹਾਵੀ ਹੈ ਤਾਂ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਕਰਮਜੀਤ ਸਿੰਘ ਵਰਗੇ ਕਈ ਖਾੜਕੂ ਸਮਰਥਕ ਉਥੇ ਸਾਰੀ ਉਮਰ ਪੱਤਰਕਾਰੀ ਕਿਵੇਂ ਕਰਦੇ ਰਹੇ?

1984 ਦੇ ਸਿੱਖ ਸੰਘਰਸ਼ ਦੇ ਆਪਣੇ-ਆਪ ਨੂੰ ਇੱਕੋ-ਇੱਕ ਸਿਧਾਂਤਕ ਵਿਆਖਿਆਕਾਰ ਵਜੋਂ ਸਥਾਪਿਤ ਕਰ ਰਹੇ ਸਿੱਖ ਵਿਦਵਾਨ ਸ. ਅਜਮੇਰ ਸਿੰਘ ਨੇ ਸਿੰਘੂ ਬਾਰਡਰ ਦੀ ਘਟਨਾ ਬਾਰੇ ਯੂਟਿਊਬ ਵੀਡੀਓ 'ਜੈਕਾਰੁ ਕੀਓ ਧਰਮੀਆ ਕਾ ਪਾਪੀ ਕੋ ਡੰਡ ਦੀਓਇ...' ਦੇ ਸਿਰਲੇਖ ਹੇਠ ਪਾਈ ਹੈ ਜਿਸ ਵਿਚ ਉਹ ਕਹਿੰਦੇ ਹਨ: 'ਨਿਹੰਗਾਂ ਨੇ ਸਿੰਘੂ ਬਾਰਡਰ 'ਤੇ ਬੇਅਦਬੀ ਕਰਨ ਵਾਲੇ ਲਖਬੀਰ ਸਿੰਘ ਦਾ ਕਤਲ ਕਰਕੇ 'ਮਿਸਾਲੀ ਸਜ਼ਾ' ਦਿੱਤੀ ਹੈ ਅਤੇ ਭਵਿੱਖ ਵਿਚ ਅਜਿਹੀਆਂ ਹੋਰ 'ਮਿਸਾਲੀ ਸਜ਼ਾਵਾਂ' ਦਿੱਤੀਆਂ ਜਾਣ ਤਾਂ ਬੇਅਦਬੀਆਂ ਨੂੰ ਠੱਲ੍ਹ ਪੈ ਸਕਦੀ ਹੈ?' ਉਸ ਅਨੁਸਾਰ ਸਿੱਖਾਂ ਵਿਚ ਬੇਅਦਬੀਆਂ ਕਰਕੇ ਜੋ ਬੇਚੈਨੀ ਪਾਈ ਜਾ ਰਹੀ ਸੀ, ਇਸ ਘਟਨਾ ਨਾਲ ਸਿੱਖ ਪੰਥ ਨੇ ਤਸੱਲੀ ਨਾਲ਼ ਸੁੱਖ ਦਾ ਸਾਹ ਲਿਆ ਹੈ।'

ਅਜਮੇਰ ਸਿੰਘ ਅਨੁਸਾਰ ਸਿੱਖਾਂ ਦੇ ਇੱਕ ਸੈਕਸ਼ਨ ਨਾਲ ਲੰਮੇ ਸਮੇਂ ਤੋਂ ਅਸਹਿਣਸ਼ੀਲਤਾ ਤੇ ਜਬਰ ਹੋ ਰਿਹਾ ਹੈ, ਇਸ ਘਟਨਾ ਨੂੰ ਉਸੇ ਪ੍ਰਸੰਗ ਵਿਚ ਦੇਖਣ ਦੀ ਲੋੜ ਹੈ। ਇਸੇ ਵੀਡੀਓ ਵਿਚ ਅਜਮੇਰ ਸਿੰਘ ਕਿਸਾਨ ਆਗੂਆਂ ਨੂੰ ਸਿੱਖੀ ਦੇ ਦੁਸ਼ਮਣ ਗਰਦਾਨਦਾ ਹੋਇਆ ਪੇਸ਼ਗਨੋਈ ਕਰਦਾ ਕਹਿੰਦਾ ਹੈ: "ਕਿਸਾਨ ਅੰਦੋਲਨ ਵਾਲੀ ਥਾਂ ਇਹ ਘਟਨਾ ਵਾਪਰੀ ਹੈ ਅਤੇ ਕਿਸਾਨ ਆਗੂਆਂ ਦਾ ਪ੍ਰਤੀਕਰਮ ਸਿੱਖਾਂ ਲਈ ਖਤਰੇ ਦੀ ਘੰਟੀ ਹੈ। ਅਲਟੀਮੇਟਲੀ ... ਜਿਵੇਂ ਲੈਫਟ 84 ਦੇ ਸੰਘਰਸ਼ ਦੌਰਾਨ ਸਿੱਖਾਂ ਖਿਲਾਫ ਸਟੇਟ ਦਾ ਦਸਤਾ ਬਣਿਆ, ਕਿਸਾਨ ਆਗੂ ਉਸ ਰੋਲ ਲਈ ਤਿਆਰੀ ਕਰ ਰਹੇ ਹਨ। ਉਨ੍ਹਾਂ ਦਾ ਕਿਸਾਨੀ ਸੰਘਰਸ਼ ਨਾਲ ਆਧਾਰ ਤੇ ਸਮਰਥਨ ਵਧਿਆ ਹੈ। ਉਹ ਸਿੱਖਾਂ ਦੀ ਮਦਦ ਨਾਲ ਤਾਕਤ ਬਣ ਚੁੱਕੇ ਹਨ। ਜੋ ਉਹ ਗੱਲਾਂ ਕਰ ਰਹੇ ਹਨ ... ਦੱਸਦਾ ਹੈ ਕਿ ਉਨ੍ਹਾਂ ਨੇ ਵਿਕਟਮ (ਨਿਹੰਗਾਂ) ਨਾਲ ਨਹੀਂ ਸਗੋਂ ਉਹ ਵਿਕਟੇਮਾਈਜ਼ ਕਰਨ ਵਾਲੇ (ਇੰਡੀਅਨ ਸਟੇਟ) ਨਾਲ ਖੜ੍ਹਨਗੇ।" ਉਹ ਨਿਹੰਗ ਆਗੂ ਬਾਬਾ ਅਮਨ ਸਿੰਘ ਕਹਿੰਦਾ ਹੈ: "ਨਿਹੰਗਾਂ ਨੇ ਇਹ ਕਾਰਵਾਈ ਕਿਸੇ ਤੈਸ਼ ਜਾਂ ਰੋਹ ਵਿਚ ਆ ਕੇ ਨਹੀਂ ਕੀਤੀ, ਇਹ ਗੁੱਸਾ ਜਮ੍ਹਾਂ ਹੋਇਆ ਪਿਆ ਸੀ ... ਬੇਅਦਬੀ ਦੀਆਂ ਘਟਨਾਵਾਂ ਤਾਂ 1947 ਤੋਂ ਹੀ ਹੋ ਰਹੀਆਂ ਹਨ। ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਰਹੀ ਸੀ ਅਤੇ ਸਿੱਖਾਂ ਵਿਚ ਚਿੰਤਾ ਸੀ ਕਿ ਕੀ ਕਰੀਏ? ਹੁਣ ਇੱਕ ਆਸ ਜਾਗੀ ਹੈ ਕਿ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਠੱਲ੍ਹ ਪਾਈ ਜਾਵੇਗੀ?" ਉਹ ਅੱਗੇ ਇਸ ਬੇਰਹਿਮ ਕਤਲ ਨੂੰ ਜਾਇਜ਼ ਠਹਿਰਾਉਣ ਲਈ ਗੁਰਬਾਣੀ ਤੇ ਇਤਿਹਾਸ ਦਾ ਸਹਾਰਾ ਲੈਂਦਾ ਹੋਇਆ ਕਹਿੰਦਾ ਹੈ: "ਸਿੱਖਾਂ ਦੀ ਰਵਾਇਤ ਹੈ, ਪਾਪੀ ਕੋ ਡੰਡ ਦਿਓ। ਸਿੱਖਾਂ ਨੇ ਇਸ ਘਟਨਾ ਰਾਹੀਂ ਆਪਣੇ ਵਿਰਸੇ ਦੀ ਲਾਜ਼ ਰੱਖੀ ਹੈ...। ਸਿੱਖ ਬਹੁਤ ਘੱਟ ਗਿਣਤੀ ਵਿਚ ਹਨ। 18ਵੀਂ ਸਦੀ ਵਿਚ ਵੀ ਸਨ ਪਰ ਕਦੇ ਡਰੇ ਨਹੀਂ, ਨਾ ਡਰਨਗੇ। ਘੱਟ ਗਿਣਤੀ ਦੇ ਡਰਾਵੇ ਦੇਣੇ, ਸਿੱਖਾਂ ਤੇ ਨਾ ਕਾਰਗਰ ਹੋਏ ਹਨ, ਨਾ ਹੋਣਗੇ। ਸਵਾ ਲਾਖ ਸੇ ਇੱਕ ਲੜਾਊਂ ਦੀ ਸਪਿਰਟ ਜੋ ਦਸਮ ਗੁਰੂ ਭਰ ਗਏ ਹਨ, ਉਹ ਸਦਾ ਰਹੇਗੀ।"



*ਉਹ ਥਾਂ ਜਿੱਥੇ ਲਖਬੀਰ ਸਿੰਘ ਨੂੰ ਕੁੱਟ-ਮਾਰ ਕੇ ਲਟਕਾਇਆ ਗਿਆ।*

ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ 2015 ਤੋਂ ਵਾਪਰ ਰਹੀਆਂ ਹਨ ਜਿਸ ਦੀ ਹਰ ਹੋਸ਼ਮੰਦ ਵਿਅਕਤੀ ਨਿੰਦਾ ਕਰਦਾ ਹੈ, ਬੇਸ਼ਕ ਉਸ ਦਾ ਕਿਸੇ ਵੀ ਧਰਮ ਵਿਚ ਯਕੀਨ ਹੋਵੇ ਜਾਂ ਨਾ ਹੋਵੇ। ਜਦੋਂ 2015 ਵਿਚ ਬੁਰਜ ਜਵਾਹਰ ਸਿੰਘ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਪਾੜ ਕੇ ਗਲੀਆਂ ਵਿਚ ਖਿਲਾਰੇ ਗਏ ਤਾਂ ਉਸ ਤੋਂ ਬਾਅਦ ਦੇਸ਼-ਵਿਦੇਸ਼ ਵਿਚ ਸਿੱਖ ਜਗਤ ਅੰਦਰ ਵਿਆਪਕ ਰੋਸ ਦੇਖਣ ਨੂੰ ਮਿਲ਼ਿਆ ਸੀ। ਇਸ ਤੋਂ ਬਾਅਦ ਕੁਝ ਪੰਥਕ ਜਥੇਬੰਦੀਆਂ ਨੇ ਇਨਸਾਫ ਲਈ ਮੋਰਚਾ ਵੀ ਲਗਾਇਆ ਜਿਸ ਵਿਚ ਪੁਲਿਸ ਗੋਲੀ ਨਾਲ ਬਰਗਾੜੀ ਵਿਚ ਦੋ ਨੌਜਵਾਨ ਵੀ ਮਾਰੇ ਗਏ ਸਨ।

ਇਸ ਤੋਂ ਬਾਅਦ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਬੇਅਦਬੀਆਂ ਦੇ ਦੋਸ਼ੀਆਂ ਜਾਂ ਉਸ ਦੇ ਸਾਜ਼ਿਸ਼ਕਾਰ ਲੱਭਣ ਲਈ ਕਮਿਸ਼ਨ ਬਿਠਾਏ, ਫਿਰ 2017 ਵਿਚ ਸਰਕਾਰ ਬਦਲ ਗਈ ਤਾਂ ਨਵੀਂ ਕਾਂਗਰਸ ਸਰਕਾਰ ਨੇ ਵੀ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਕਮਿਸ਼ਨ ਬਿਠਾਏ ਪਰ ਅਜੇ ਤੱਕ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਜਿਸ ਨਾਲ ਸਿੱਖਾਂ ਦੇ ਇੱਕ ਖਾਸ ਵਰਗ ਵਲੋਂ ਅਕਸਰ ਸਰਕਾਰਾਂ ਪ੍ਰਤੀ ਰੋਸ ਪ੍ਰਗਟ ਕੀਤਾ ਜਾਂਦਾ ਹੈ। ਪਿਛ਼ਲੇ 6 ਸਾਲਾਂ ਵਿਚ ਇਨ੍ਹਾਂ ਧਿਰਾਂ ਨੇ ਕਈ ਵਾਰ ਮੋਰਚੇ ਲਾਏ ਤੇ ਕਈ ਵਾਰ ਉਠਾਏ ਜਿਸ ਨਾਲ ਉਨ੍ਹਾਂ ਪ੍ਰਤੀ ਲੋਕਾਂ ਵਿਚ ਬੇਭਰੋਸਗੀ ਵਧੀ ਹੈ ਪਰ ਇਸ ਵਰਤਾਰੇ ਬਾਰੇ ਸਿੱਖ ਜਥੇਬੰਦੀਆਂ ਜਾਂ ਲੀਡਰਸ਼ਿਪ ਨੇ ਕਦੇ ਵੀ ਗੰਭੀਰਤਾ ਨਾਲ ਵਿਚਾਰ ਨਹੀਂ ਕੀਤੀ ਕਿ ਆਖਿਰ ਅਜਿਹੀਆਂ ਘਟਨਾਵਾਂ ਸਿੱਖਾਂ ਨਾਲ ਹੀ ਕਿਉਂ ਵਾਪਰ ਰਹੀਆਂ ਹਨ? ਹਰ ਕੋਈ ਜਜ਼ਬਾਤੀ ਰੌਅ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਜਾਂ ਇਨ੍ਹਾਂ ਘਟਨਾਵਾਂ ਪਿਛੇ ਜੇ ਕੋਈ ਸਾਜ਼ਿਸ਼ ਹੈ ਤਾਂ ਉਨ੍ਹਾਂ ਸਾਜ਼ਿਸ਼ਕਾਰਾਂ ਨੂੰ ਸਾਹਮਣੇ ਲਿਆਉਣ ਲਈ ਸਿਰਫ ਬਿਆਨਬਾਜੀ ਕਰਦਾ ਨਜ਼ਰ ਆਉਂਦਾ ਹੈ। ਇਨ੍ਹਾਂ ਘਟਨਾਵਾਂ ਪਿਛਲੇ ਕਾਰਨ ਲੱਭਣ ਲਈ ਕੋਈ ਸੁਹਿਰਦ ਯਤਨ ਹੁੰਦਾ ਨਜ਼ਰ ਨਹੀਂ ਆਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਨੇ ਵੀ ਆਪਣੇ ਤੌਰ 'ਤੇ ਇਨ੍ਹਾਂ ਘਟਨਾਵਾਂ ਦੀ ਨਿਰਪੱਖ ਜਾਂਚ ਕਰਨ, ਘਟਨਾਵਾਂ ਦੇ ਕਾਰਨ ਲੱਭਣ, ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਲਈ ਗੁਰਦੁਆਰਿਆਂ ਨੂੰ ਹਦਾਇਤਾਂ ਦੇਣ ਆਦਿ ਬਾਰੇ ਕੋਈ ਕਾਰਵਾਈ ਕੀਤੀ ਨਜ਼ਰ ਨਹੀਂ ਆਉਂਦੀ।

ਕੀ ਸਵਰਾਜਬੀਰ ਦੇ ਉਠਾਏ ਇਤਰਾਜ਼ ਜਾਇਜ਼ ਨਹੀਂ ਕਿ ਜੇ ਸਿੰਘੂ ਬਾਰਡਰ 'ਤੇ ਬੇਅਦਬੀ ਹੋਈ ਸੀ ਤਾਂ ਉਸ ਦੀ ਪਹਿਲਾਂ ਜਾਂਚ ਹੋਣੀ ਚਾਹੀਦੀ ਸੀ? ਸ਼ੱਕ ਦੇ ਆਧਾਰ 'ਤੇ ਕਿਸੇ ਬੰਦੇ ਨੂੰ ਕੋਹ-ਕੋਹ ਕੇ ਮਾਰਨਾ ਸਿੱਖੀ ਦੀ ਪ੍ਰੰਪਰਾ ਨਹੀਂ ਹੋ ਸਕਦੀ। ਕੀ ਉਨ੍ਹਾਂ ਦਾ ਇਹ ਕਹਿਣਾ ਵਾਜਿਬ ਨਹੀਂ ਲਗਦਾ ਕਿ ਕਤਲ ਨਾਲ ਬੇਅਦਬੀ ਦੂਰ ਨਹੀਂ ਹੁੰਦੀ ਸਗੋਂ ਕਤਲ ਖੁਦ ਧਾਰਮਿਕ ਅਕੀਦਿਆਂ ਅਤੇ ਰਵਾਇਤਾਂ ਦੀ ਬੇਅਦਬੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰਾਂ ਜਾਂ ਜਾਂਚ ਏਜੰਸੀਆਂ ਦੋਸ਼ੀਆਂ ਨੂੰ ਫੜਨ ਜਾਂ ਸਜ਼ਾ ਦੇਣ ਵਿਚ ਨਾਕਾਮ ਰਹੀਆਂ ਹਨ ਪਰ ਜੇ ਕਿਸੇ ਨੂੰ ਸਮੇਂ ਸਿਰ ਇਨਸਾਫ ਨਾ ਮਿਲੇ ਤਾਂ ਕੀ ਇਸ ਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਸ਼ੱਕ ਦੇ ਆਧਾਰ 'ਤੇ ਕਿਸੇ ਨੂੰ ਵੀ ਦੋਸ਼ੀ ਗਰਦਾਨ ਕੇ ਲੋਕ ਕਤਲ ਕਰਨ ਲੱਗ ਜਾਣ? ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਆਧੁਨਿਕ ਯੁੱਗ ਵਿਚ ਸਾਰੀ ਦੁਨੀਆ ਦੇ ਕਾਨੂੰਨ ਇਹ ਕਹਿੰਦੇ ਹਨ ਕਿ 99 ਦੋਸ਼ੀ ਬੇਸ਼ਕ ਬਚ ਜਾਣ ਪਰ ਕਿਸੇ ਇੱਕ ਵੀ ਬੇਗੁਨਾਹ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ। ਦੂਜਾ ਅੱਜ ਦੁਨੀਆ ਦੇ ਤਕਰੀਬਨ ਤਿੰਨ ਚੌਥਾਈ ਮੁਲਕਾਂ ਵਿਚ ਕਾਨੂੰਨੀ ਤੌਰ 'ਤੇ ਦੋਸ਼ੀ ਵਿਅਕਤੀਆਂ ਨੂੰ ਫਾਂਸੀ ਲਗਾਉਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ ਤੇ ਬਾਕੀ ਮੁਲਕ ਵੀ ਇਸੇ ਦਿਸ਼ਾ ਵੱਲ ਵਧ ਰਹੇ ਹਨ ਤਾਂ ਕਿ ਜੇ ਕਿਸੇ ਬੇਗੁਨਾਹ ਨੂੰ ਕੋਰਟਾਂ ਦੀ ਗਲਤੀ ਜਾਂ ਗਲਤ ਸਬੂਤਾਂ ਦੇ ਆਧਾਰ 'ਤੇ ਸਜ਼ਾ ਦੇ ਦਿੱਤੀ ਜਾਵੇ ਤਾਂ ਜੇਲ੍ਹ ਵਿਚ ਬੈਠਾ ਬੰਦਾ ਆਪਣਾ ਕੇਸ ਦੁਬਾਰਾ ਲੜ ਕੇ ਬਰੀ ਹੋ ਸਕੇ ਪਰ ਜੇ ਮੌਤ ਦੀ ਸਜ਼ਾ ਹੀ ਦੇ ਦਿੱਤੀ ਜਾਵੇ ਤਾਂ ਬੰਦੇ ਕੋਲ ਆਪਣਾ ਪੱਖ ਰੱਖਣ ਦਾ ਹੱਕ ਨਹੀਂ ਰਹੇਗਾ। ਦੁਨੀਆ ਵਿਚ ਅਜਿਹੇ ਅਨੇਕਾਂ ਕੇਸ ਸਾਹਮਣੇ ਆ ਚੁੱਕੇ ਹਨ ਜਦੋਂ ਅਦਾਲਤਾਂ ਨੇ ਉਮਰ ਕੈਦ ਜਾਂ ਫਾਂਸੀ ਦੀ ਸਜ਼ਾ ਵਾਲੇ ਕੈਦੀ ਜਿਹੜੇ ਕਈ ਸਾਲਾਂ ਬਾਅਦ ਬੇਕਸੂਰ ਸਾਬਤ ਹੋਏ ਤਾਂ ਉਨ੍ਹਾਂ ਨੂੰ ਮੁਆਵਜ਼ੇ ਸਹਿਤ ਬਰੀ ਕੀਤਾ। ਸਾਨੂੰ ਆਪਣੀ ਧਾਰਮਿਕ ਜਾਂ ਮਧਯੁਗੀ ਕਬੀਲਾ ਪ੍ਰੰਪਰਾ ਤੋਂ ਬਾਹਰ ਨਿਕਲ ਕੇ ਇਹ ਵਿਚਾਰਨ ਦੀ ਲੋੜ ਹੈ ਕਿ ਸਾਰੀ ਦੁਨੀਆ ਵਿਚ ਇਹ ਵਿਧਾਨ ਹੈ ਕਿ ਜਦੋਂ ਪੁਲਿਸ ਕਿਸੇ ਕਥਿਤ ਦੋਸ਼ੀ ਨੂੰ ਫੜਦੀ ਹੈ ਤਾਂ ਉਸ ਨੂੰ ਆਪਣੀ ਪੈਰਵੀ ਲਈ ਵਕੀਲ ਕਰਨ ਦਾ ਪੂਰਾ ਅਧਿਕਾਰ ਦਿੱਤਾ ਜਾਂਦਾ ਹੈ ਅਤੇ ਜੇ ਕੋਈ ਆਰਥਿਕ ਕਾਰਨਾਂ ਕਰਕੇ ਵਕੀਲ ਨਾ ਕਰ ਸਕੇ ਤਾਂ ਸਰਕਾਰਾਂ ਉਸ ਨੂੰ ਮੁਫਤ ਵਕੀਲ ਮਹੱਈਆ ਕਰਾਉਂਦੀਆਂ ਹਨ ਤਾਂ ਕਿ ਕਿਸੇ ਬੇਗੁਨਾਹ ਨੂੰ ਕੋਈ ਝੂਠੇ ਕੇਸਾਂ ਵਿਚ ਫਸਾ ਕੇ ਦੋਸ਼ੀ ਨਾ ਬਣਾ ਦੇਵੇ।





*ਸਿੰਘੂ ਬਾਰਡਰ 'ਤੇ ਲਖਬੀਰ ਸਿੰਘ ਦੇ ਬੇਰਹਿਮ ਕਤਲ ਨੂੰ ਵਡਿਆਉਣ ਵਾਲੇ ਸਿੱਖ ਬੁੱਧੀਜੀਵੀ ਕਰਮਜੀਤ ਸਿੰਘ ਅਤੇ (ਸੱਜੇ) ਅਜਮੇਰ ਸਿੰਘ।*

ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਸਾਡੀ ਕਮਿਉਨਿਟੀ ਵਿਚ ਇੱਕ ਅਜਿਹਾ ਵਰਗ ਮੌਜੂਦਾ ਹੈ ਜੋ ਆਪਣੇ ਨਾਲ ਹੋਏ ਹਰ ਧੱਕੇ, ਜਬਰ-ਜ਼ੁਲਮ ਲਈ ਇਨਸਾਫ ਦੀ ਗੁਹਾਰ ਲਗਾਉਂਦਾ ਹੈ, ਉਸ ਲਈ ਮੁਲਕਾਂ ਦੇ ਕਾਨੂੰਨਾਂ ਅਨੁਸਾਰ ਪੁਲਿਸ ਜਾਂ ਅਦਾਲਤਾਂ ਦਾ ਲਾਭ ਵੀ ਉਠਾਉਂਦਾ ਹੈ ਪਰ ਸਿੰਘੂ ਬਾਰਡਰ 'ਤੇ ਹੋਈ ਘਟਨਾ ਨੂੰ ਪਤਾ ਨਹੀਂ ਕਿਸ ਆਧਾਰ 'ਤੇ ਜਾਇਜ਼ ਠਹਿਰਾ ਰਿਹਾ ਹੈ? ਜਿੱਥੇ ਕਥਿਤ ਦੋਸ਼ੀ ਨੂੰ ਕੁਝ ਲੋਕਾਂ ਨੇ ਹਨੇਰੇ ਦੀ ਆੜ ਵਿਚ ਆਪੇ ਦੋਸ਼ ਲਗਾ ਕੇ ਕਤਲ ਕਰ ਦਿੱਤਾ। ਉਹ ਵੀ ਉਸ ਪੋਥੀ ਦੀ ਬੇਅਦਬੀ ਦੇ ਦੋਸ਼ਾਂ ਵਿਚ ਜਿਸ ਬਾਰੇ ਦੁਨੀਆ ਤਾਂ ਕੀ, 70-80% ਸਿੱਖਾਂ ਨੇ ਇਸ ਪੋਥੀ ਦਾ ਨਾਮ ਪਹਿਲੀ ਵਾਰ ਇਸ ਘਟਨਾ ਤੋਂ ਬਾਅਦ ਸੁਣਿਆ ਹੈ।

ਕਈ ਕਹਿੰਦੇ ਹਨ ਕਿ ਨਿਹੰਗਾਂ ਦੀ ਉਸ ਪੋਥੀ ਵਿਚ ਸ਼ਰਧਾ ਹੈ, ਫਿਰ ਇਸ ਤਰ੍ਹਾਂ ਤਾਂ ਕੋਈ ਵੀ ਆਪਣੀ ਕਿਸੇ ਕਿਤਾਬ ਵਿਚ ਸ਼ਰਧਾ ਦੱਸ ਕੇ ਕਿਸੇ ਨੂੰ ਵੀ ਕਤਲ ਨੂੰ ਜਾਇਜ਼ ਠਹਿਰਾ ਸਕਦਾ ਹੈ! ਹੁਣ ਤਾਂ ਦੁਨੀਆ ਦੇ ਜਿਨ੍ਹਾਂ ਮੁਲਕਾਂ ਵਿਚ ਦੋਸ਼ੀਆਂ ਨੂੰ ਫਾਂਸੀ ਵੀ ਦਿੱਤੀ ਜਾਂਦੀ ਹੈ, ਉਥੇ ਇਸ ਗੱਲ ਦਾ ਖਿਆਲ ਰੱਖਿਆ ਜਾਂਦਾ ਹੈ ਕਿ ਫਾਂਸੀ ਲੱਗਣ ਵਾਲੇ ਨੂੰ ਮਰਨ ਵਕਤ ਜ਼ਿਆਦਾ ਦਰਦ ਨਾ ਹੋਵੇ ਤੇ ਝੱਟ-ਪੱਟ ਮੌਤ ਹੋ ਜਾਵੇ। ਇਥੋਂ ਤੱਕ ਕਿ ਵਿਕਸਤ ਮੁਲਕਾਂ ਵਿਚ ਪਸ਼ੂਆਂ ਦੇ ਮੀਟ ਪਲਾਂਟਾਂ ਵਿਚ ਵੀ ਅਜਿਹੇ ਪ੍ਰਬੰਧ ਕੀਤੇ ਹੋਏ ਹਨ ਕਿ ਮਰਨ ਵਾਲੇ ਪਸ਼ੂ ਨੂੰ ਕੋਈ ਤਕਲੀਫ ਨਾ ਹੋਵੇ ਪਰ ਜਿਹੜੇ ਲੋਕ ਅਜਿਹੇ ਕਤਲਾਂ ਦੀ ਵਕਾਲਤ ਕਰ ਰਹੇ ਹਨ, ਕੀ ਉਨ੍ਹਾਂ ਅੰਦਰ ਮਨੁੱਖਤਾ ਲਈ ਕੋਈ ਦਰਦ ਨਹੀਂ? ਸੋਚੋ, ਜਿਸ ਬੰਦੇ ਦੀ ਇੱਕ ਬਾਂਹ ਅਤੇ ਇੱਕ ਲੱਤ ਵੱਢ ਕੇ ਟੰਗ ਦਿੱਤਾ ਗਿਆ ਤੇ ਕਈ ਘੰਟੇ ਉਸ ਦੇ ਸਰੀਰ ਦੇ ਖੂਨ ਦੀ ਇੱਕ-ਇੱਕ ਬੂੰਦ ਨਿਕਲਦੀ ਰਹੀ, ਉਹ ਕਿੰਨੇ ਦਰਦ ਵਿਚ ਮਰਿਆ ਹੋਵੇਗਾ?

ਜੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਜਾਣ ਤੋਂ ਬਾਅਦ ਦੇ 150 ਸਾਲਾਂ ਦਾ ਨਿਹੰਗਾਂ ਦਾ ਇਤਿਹਾਸ ਦੇਖੋ ਤਾਂ ਤੁਹਾਨੂੰ ਕੁਝ ਵੀ ਅਜਿਹਾ ਨਹੀਂ ਮਿਲਦਾ ਜਿਸ 'ਤੇ ਮਾਣ ਕੀਤਾ ਜਾ ਸਕੇ। ਅੰਗਰੇਜ਼ਾਂ ਖਿਲਾਫ ਆਜ਼ਾਦੀ ਦੀ ਲੜਾਈ, ਗੁਰਦੁਆਰਾ ਸੁਧਾਰ ਲਹਿਰ ਤੇ ਉਸ ਤੋਂ ਬਾਅਦ ਅਕਾਲੀਆਂ ਦੇ ਮੋਰਚਿਆਂ ਵਿਚ ਕਿਤੇ ਵੀ ਇਨ੍ਹਾਂ ਦੀ ਭੂਮਿਕਾ ਬਹੁਤੀ ਨਜ਼ਰ ਨਹੀਂ ਆਉਂਦੀ। ਜੇ ਜ਼ਿਆਦਾ ਪਿੱਛੇ ਨਾ ਵੀ ਜਾਈਏ ਤਾਂ 1984 ਦੇ ਘੱਲੂਘਾਰੇ ਮੌਕੇ ਢਾਹੇ ਗਏ ਅਕਾਲ ਤਖਤ ਦੀ ਇਮਾਰਤ ਦੀ ਮੁਰੰਮਤ ਦਾ ਕੰਮ ਕਾਂਗਰਸ ਸਰਕਾਰ ਦੀ ਹਦਾਇਤ 'ਤੇ ਵੱਡੀ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਸੰਤਾ ਸਿੰਘ ਨੇ ਸ਼ੁਰੂ ਕਰਾਇਆ ਸੀ। ਇਸੇ ਤਰ੍ਹਾਂ ਨਿਹੰਗਾਂ ਦੇ ਦੂਜੇ ਵੱਡੇ ਗਰੁਪ ਤਰਨਾ ਦਲ ਦੇ ਮੁਖੀ ਬਾਬਾ ਕਾਹਨ ਸਿੰਘ ਦੇ 'ਫਰਜ਼ੰਦ' ਨਿਹੰਗ ਅਜੀਤ ਸਿੰਘ ਪੂਹਲਾ ਨੇ ਖਾੜਕੂ ਲਹਿਰ ਨੂੰ ਖਤਮ ਕਰਨ ਲਈ ਪੁਲਿਸ ਨਾਲ ਰਲ ਕੇ ਜੋ ਗੁਲ ਖਿਲਾਏ, ਉਹ ਕਿਸੇ ਤੋਂ ਲੁਕੇ ਨਹੀਂ।

(ਬਾਕੀ ਸਗਲੇ ਸਫੇ 'ਤੇ)

ਹੈਰਾਨੀ ਉਨ੍ਹਾਂ ਲੋਕਾਂ 'ਤੇ ਹੈ ਜੋ ਆਪਣੇ ਆਪ ਨੂੰ ਸਿੱਖਾਂ ਦੇ ਰਾਹ ਦਸੇਰਾ ਬਣੇ ਹੋਏ ਹਨ ਅਤੇ ਉਹ ਕਿਵੇਂ ਇਨ੍ਹਾਂ ਨਿਹੰਗਾਂ ਦਲਾਂ 'ਤੇ ਆਪਣੀ ਸੌੜੀ ਸਿਆਸਤ ਲਈ ਯਕੀਨ ਕਰ ਰਹੇ ਹਨ!

ਇਸ ਸਬੰਧੀ ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਛਪੇ ਕੁਝ ਲੇਖਾਂ ਦਾ ਜ਼ਿਕਰ ਵਾਜਬ ਹੋਵੇਗਾ। ਦੋ ਦਹਾਕਿਆਂ ਤੋਂ ਟੋਰਾਂਟੋ ਏਰੀਏ ਤੋਂ ਹਫਤਾਵਾਰੀ ਅਖਬਾਰ 'ਖਬਰਨਾਮਾ' ਦੇ ਸੰਪਾਦਕ ਬਲਰਾਜ ਦਿਓਲ ਆਪਣੇ ਇੱਕ ਲੇਖ 'ਬਚ ਸਕਦੇ ਹੋ ਤਾਂ ਬਚ ਜਾਓ!! ਤੀਲਾਂ ਦੀ ਡੱਬੀ ਅਤੇ ਪੈਟਰੋਲ ਚੁੱਕੀ ਫਿਰਦੇ ਸਿੱਖ ਵਿਦਵਾਨ ਅਜਮੇਰ ਸਿੰਘ!' ਵਿਚ ਲਿਖਦੇ ਹਨ: 'ਦੇਸ਼-ਵਿਦੇਸ਼ ਵਿਚ ਕਈ ਅਜਿਹੇ ਸਿੱਖ ਬੈਠੇ ਹਨ ਜੋ ਇਸ ਕਤਲ ਨੂੰ ਜਾਇਜ਼ ਠਹਿਰਾ ਰਹੇ ਹਨ। ਇੱਕ ਸਿੱਖ ਵਿਦਵਾਨ ਅਜਮੇਰ ਸਿੰਘ ਧਰਮ ਦੇ ਨਾਮ ਉਤੇ ਐਸੀ ਮਿੱਠੀ ਚਾਸ਼ਨੀ ਬਣਾਉਂਦਾ ਹੈ ਕਿ ਇਸ ਵਿਚ ਵਲੇਟੀ ਜ਼ਹਿਰ ਖਾਣ ਵਾਲੇ ਨੂੰ ਕੁੜੱਤਣ ਦਾ ਅਹਿਸਾਸ ਤੱਕ ਨਹੀਂ ਹੁੰਦਾ। ਕਦੇ ਖੱਬੀ ਅਤੇ ਨਕਸਲੀ ਸੋਚ ਦਾ ਧਾਰਨੀ ਰਿਹਾ ਅਜਮੇਰ ਸਿੰਘ ਅੱਜ ਖਾਲਿਸਤਾਨੀ ਧਿਰਾਂ ਦਾ ਰਾਹ-ਦਸੇਰਾ ਅਤੇ ਫਿਲਾਸਫਰ ਬਣਿਆ ਹੋਇਆ ਹੈ। ਨਿਹੰਗਾਂ ਵਲੋਂ ਬੇਰਹਿਮੀ ਨਾਲ ਕਤਲ ਕੀਤਾ ਗਿਆ, ਗਰੀਬ ਲਖਬੀਰ ਸਿੰਘ ਜੋ ਤਿੰਨ ਬੱਚੀਆਂ ਦਾ ਬਾਪ ਅਤੇ ਨਸ਼ੇ ਦਾ ਆਦੀ ਸੀ, ਉਸ ਦੇ ਜਾਣਕਾਰ ਦੱਸਦੇ ਹਨ ਕਿ ਉਹ ਐਸਾ ਕੰਮ ਕਰਨ ਵਾਲਾ ਬੰਦਾ ਨਹੀਂ ਸੀ ਪਰ ਸਿੱਖ ਫਿਲਾਸਫਰ ਅਜਮੇਰ ਸਿੰਘ ਨੇ ਆਪਣੀ ਆਦਤ ਮੁਤਾਬਿਕ ਲੱਗਦੇ ਹੱਥ ਵੀਡੀਓ ਸੰਦੇਸ਼ ਜਾਰੀ ਕਰਕੇ ਕਿਹਾ ਹੈ ਕਿ ਸਿੰਘਾਂ ਨੇ "ਮਿਸਾਲੀ ਸਜ਼ਾ ਦਿੱਤੀ ਹੈ।" ਅਜਮੇਰ ਸਿੰਘ ਇਸ ਨੰਗੇ ਚਿੱਟੇ ਕਤਲ ਨੂੰ 'ਮਿਸਾਲੀ ਸਜ਼ਾ' ਦੱਸਦਾ ਹੈ। ਉਸ ਅਨੁਸਾਰ ਨਿਹੰਗਾਂ ਨੇ ਲਖਬੀਰ ਸਿੰਘ ਨੂੰ 'ਸਿੱਖ ਵਿਰਸੇ' ਮੁਤਾਬਿਕ ਸਜ਼ਾ ਦਿੱਤੀ ਹੈ। ਕੀ ਅਜਮੇਰ ਸਿੰਘ ਦੱਸੇਗਾ ਕਿ ਇਹ ਕਿਹੜਾ ਸਿੱਖ ਵਿਰਸਾ ਹੈ ਜੋ ਅਜਿਹੇ ਕਾਰੇ ਕਰਨ ਲਈ ਪ੍ਰੇਰਦਾ ਹੈ?'

ਉਘੇ ਥੀਏਟਰ ਕਲਾਕਾਰ, ਫਿਲਮੀ ਐਕਟਰ, ਡਾਇਰੈਕਟਰ ਤੇ ਨਾਟਕਕਾਰ ਸਾਹਿਬ ਸਿੰਘ ਨੇ ਵੀ ਆਪਣੇ ਵਿਚਾਰ ਸੋਸ਼ਲ ਮੀਡੀਆ 'ਤੇ ਦਿੱਤੇ ਹਨ ਜਿਸ ਵਿਚ ਉਹ ਅਜਮੇਰ ਸਿੰਘ ਤੇ ਦੀਪ ਸਿੱਧੂ ਨੂੰ ਸੰਬੋਧਨ ਹੋ ਕੇ ਲਿਖਦੇ ਹਨ: 'ਅਜਮੇਰ ਸਿੰਘ ਜੀ, ਹਾਰ ਮੰਨ ਲਈਦੀ ਹੁੰਦੀ ਐ... ਜ਼ਿੰਦਗੀ ਵਿਚ ਕਿੰਨੀ ਵਾਰ ਤੁਸੀਂ ਗੇਮ ਖੇਡਣ ਦੀ ਕੋਸ਼ਿਸ਼ ਕੀਤੀ, ਕਦੀ ਵੀ ਕਾਮਯਾਬ ਨਹੀਂ ਹੋਈ... ਹੁਣ ਵੀ ਨਹੀਂ ਹੋ ਰਹੀ... ਅੱਗੇ ਵੀ ਨਹੀਂ ਹੋਣੀ... ਲੋਕ ਹੁਣ ਐਨੇ ਬੇਵਕੂਫ ਰਹੇ ਨਹੀਂ ਜਿੰਨੇ ਤੁਸੀਂ ਸਮਝਦੇ ਹੋ... ਪੰਜਾਬੀ ਜਜ਼ਬਾਤੀ ਜ਼ਰੂਰ ਹਨ... ਸਿੱਖ ਧਰਮ ਨੂੰ ਲੈ ਕੇ ਭਾਵੁਕ ਹਨ... ਪਰ ਅੱਖਾਂ ਤੋਂ ਅੰਨ੍ਹੇ ਨਹੀਂ... ਉਹ ਸਭ ਦੇਖ ਰਹੇ ਹਨ ਕਿ ਕੌਣ ਕੀ ਕਰ ਰਿਹਾ ਹੈ... ਉਹ ਅੱਕੇ ਹੋਏ ਹਨ, ਅਜੇ ਥੋੜ੍ਹਾ ਉਲਝੇ ਹੋਏ ਹਨ... ਉਲਝਾਉਣ ਵਾਲੀਆਂ ਤਾਕਤਾਂ ਵੱਡੀਆਂ ਹਨ... ਉਨ੍ਹਾਂ ਕੋਲ ਤਾਕਤ ਵੱਡੀ ਹੈ... ਪਰ ਜਿਸ ਦਿਨ ਪੂਰੀ ਤਰ੍ਹਾਂ ਸੁਲਝ ਗਏ, ਫੇਰ... ...? ਮੈਂ ਸਤਰ ਪੂਰੀ ਨਹੀਂ ਕਰਨੀ... ਸਮਝ ਗਏ ਹੋਵੋਗੇ! ਤੁਹਾਡੇ ਅੱਗੇ ਹੱਥ ਜੋੜ ਕੇ ਬੇਨਤੀ ਹੈ... ਤੁਸੀਂ ਮੇਰੇ ਸਾਹਿਤਕ ਪਰਿਵਾਰ ਦੇ ਇੱਕ ਵੱਡੇ ਮੈਂਬਰ ਹੋ... ਪੰਜਾਬ ਨੂੰ, ਪੰਜਾਬੀਆਂ ਨੂੰ, ਖਾਸ ਕਰਕੇ ਸਿੱਖਾਂ ਨੂੰ ਹੋਰ ਨਾ ਉਲਝਾਓ! ਜਿਉਣ ਦਿਓ ਪੰਜਾਬੀਆਂ ਨੂੰ! ਆਪਣੀ ਕਿਰਤ ਲਈ ਉਹ ਜੋ ਸੰਘਰਸ਼ ਕਰਨਾ ਚਾਹੁੰਦੇ ਨੇ, ਉਨ੍ਹਾਂ ਨੂੰ ਕਰਨ ਦਿਓ! ਨਾ ਉਲਝਾਓ! ਇਤਿਹਾਸ ਕਲੰਕ ਆਪਣੇ ਮੱਥੇ 'ਤੇ ਲੱਗਣ ਤੋਂ ਬਚਾ ਲਓ... ਸੰਭਲ ਜਾਓ! ਤੇ ਆਪਣੇ ਉਸ ਨਾਇਕ ਨੂੰ ਵੀ ਸਮਝਾਓ ਕਿ ਆਪਣੀ ਲਕੀਰ ਵੱਡੀ ਕਰਨ ਲਈ ਜ਼ਰੂਰੀ ਨਹੀਂ ਹੁੰਦਾ ਕਿ ਕਿਸੇ ਵੱਡੀ ਲਕੀਰ ਨੂੰ ਮੇਟਣ ਦੀ ਅਸਫਲ ਕੋਸ਼ਿਸ਼ ਕਰੋ... ਆਪਣੀ ਲਕੀਰ ਖੁਦ ਖਿੱਚੋ!'

ਹੁਣ ਇਹ ਘਟਨਾ ਹੋਰ ਵੀ ਮਹੱਤਵਪੂਰਨ ਬਣ ਗਈ ਹੈ, ਜਦੋਂ ਪ੍ਰਸਿੱਧ ਅਤੇ ਨਿਰਪੱਖ ਮੈਗਜ਼ੀਨ 'ਕਾਰਵਾਂ' ਦੀ ਪੱਤਰਕਾਰ ਜਤਿੰਦਰ ਕੌਰ ਤੁੜ ਦੀ ਰਿਪੋਰਟ 'ਸਿੰਘੂ ਲਿੰਚਿੰਗ: ਪੀੜਤ ਦੇ ਪਿੰਡ ਚੀਮਾ ਕਲਾਂ ਦੇ ਵਸਨੀਕਾਂ ਨੇ ਮੁੱਖ ਦੋਸ਼ੀ ਪਛਾਣਿਆ' ਛਪੀ ਹੈ। ਇਹ ਰਿਪੋਰਟ ਜਤਿੰਦਰ ਕੌਰ ਨੇ ਮਰਨ ਵਾਲੇ ਲਖਬੀਰ ਸਿੰਘ ਦੇ ਪਿੰਡ ਚੀਮਾ ਕਲਾਂ ਵਿਚ ਜਾ ਕੇ ਪਿੰਡ ਦੇ ਲੋਕਾਂ ਨਾਲ ਮੁਲਾਕਾਤਾਂ ਕਰਕੇ ਤਿਆਰ ਕੀਤੀ ਹੈ। ਇਸ ਵਿਚ ਉਹ ਸਪਸ਼ਟ ਲਿਖਦੀ ਹੈ ਕਿ ਮਰਨ ਵਾਲੇ ਲਖਬੀਰ ਸਿੰਘ ਦੇ ਪਿੰਡ ਵਿਚ ਕਤਲ ਦੀ ਜ਼ਿੰਮੇਵਾਰੀ ਲੈਣ ਵਾਲਾ ਨਿਹੰਗ ਸਰਬਜੀਤ ਸਿੰਘ ਪਿਛਲੇ ਕੁਝ ਮਹੀਨਿਆਂ ਤੋਂ ਕਈ ਵਾਰ ਬਲੈਰੋ ਕੈਂਪਰ ਗੱਡੀ ਵਿਚ ਘੁੰਮਦਾ ਦੇਖਿਆ ਗਿਆ ਸੀ।

ਇਸ ਰਿਪੋਰਟ ਅਨੁਸਾਰ ਕਈ ਸਿਆਸਤਦਾਨ ਅਤੇ ਧਾਰਮਿਕ ਲੋਕ ਪਿੰਡ ਦੇ ਲੋਕਾਂ 'ਤੇ ਗਵਾਹੀ ਨਾ ਦੇਣ ਲਈ ਦਬਾਅ ਪਾ ਰਹੇ ਹਨ। ਸਿਰਫ ਸਰਬਜੀਤ ਸਿੰਘ ਨੇ ਹੀ ਲਖਬੀਰ ਸਿੰਘ 'ਤੇ ਬੇਅਦਬੀ ਦੇ ਦੋਸ਼ ਲਗਾਏ ਸਨ ਤੇ ਉਸ ਨੇ ਹੀ ਸਭ ਤੋਂ ਪਹਿਲਾਂ ਉਸ ਦਾ ਗੁੱਟ ਵੱਢ ਕੇ ਮਾਰਨ ਦੀ ਸ਼ੁਰੂਆਤ ਕੀਤੀ ਸੀ ਤੇ ਬਾਕੀਆਂ ਨੂੰ ਅਜਿਹਾ ਕਰਨ ਲਈ ਉਕਸਾਇਆ ਸੀ ਜਿਸ ਤੋਂ ਬਾਅਦ ਨਿਹੰਗ ਨਰਾਇਣ ਸਿੰਘ ਨੇ ਉਸ ਦੀ ਇੱਕ ਲੱਤ ਕਿਰਪਾਨ ਮਾਰ ਕੇ ਵੱਢ ਦਿੱਤੀ।

ਇਸ ਰਿਪੋਰਟ ਤੋਂ ਇਹ ਸ਼ੱਕ ਹੋਰ ਪੱਕਾ ਹੁੰਦਾ ਹੈ ਕਿ ਸਰਬਜੀਤ ਸਿੰਘ ਹੀ ਲਖਬੀਰ ਸਿੰਘ ਨੂੰ ਕੋਈ ਲਾਲਚ ਦੇ ਕੇ ਸਿੰਘੂ ਬਾਰਡਰ ਲੈ ਕੇ ਗਿਆ ਹੋ ਸਕਦਾ ਹੈ, ਕਿਉਂਕਿ ਪਿੰਡ ਵਾਸੀਆਂ ਅਨੁਸਾਰ, ਉਹ ਆਪਣੇ ਤੌਰ 'ਤੇ ਦਿੱਲੀ ਜਾਣ ਦੇ ਸਮਰੱਥ ਨਹੀਂ ਸੀ। ਇਸ ਸਾਜ਼ਿਸ਼ ਦਾ ਪਰਦਾ ਉਦੋਂ ਹੋਰ ਚੁੱਕਿਆ ਗਿਆ, ਜਦੋਂ 2-3 ਦਿਨ ਬਾਅਦ ਇਸੇ ਨਿਹੰਗ ਜਥੇ ਦੇ ਮੁਖੀ ਦੀਆਂ ਫੋਟੋਆਂ ਕੇਂਦਰੀ ਖੇਤੀਬਾੜੀ ਮੰਤਰੀ ਤੋਮਰ ਅਤੇ ਸਾਬਕਾ ਪੁਲਿਸ ਅਫਸਰ ਗੁਰਮੀਤ ਪਿੰਕੀ (ਉਰਫ ਪਿੰਕੀ ਕੈਟ) ਤੇ ਭਾਜਪਾ ਨੇਤਾਵਾਂ ਨਾਲ ਨਸ਼ਰ ਹੋ ਗਈਆਂ। ਹੁਣ ਇਹ ਤੱਥ ਵੀ ਸਾਹਮਣੇ ਆ ਰਹੇ ਹਨ ਕਿ ਮਰਨ ਵਾਲੇ ਨੂੰ ਜਿਸ 'ਸੰਧੂ ਸਾਹਿਬ' ਦੇ ਫੋਨ ਆਉਂਦੇ ਸਨ, ਉਹ ਕੋਈ ਹੋਰ ਨਹੀਂ, ਗੁਰਮੀਤ ਸਿੰਘ ਸੰਧੂ ਉਰਫ ਗੁਰਮੀਤ ਪਿੰਕੀ ਹੀ ਸੀ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਜੋ ਵਿਵਾਦ ਸਿੱਖਾਂ ਵਿਚ ਪਿਛਲੇ ਕੁਝ ਸਾਲਾਂ ਤੋਂ ਚੱਲ ਰਿਹਾ ਹੈ ਤੇ ਜਿਸ ਤਰ੍ਹਾਂ ਉਸ ਦਾ ਸਿਆਸੀਕਰਨ ਕੀਤਾ ਗਿਆ ਹੈ, ਉਸ ਨੂੰ ਸਮਝਣ ਲਈ 100 ਕੁ ਸਾਲ ਪਹਿਲਾਂ ਦੀਆਂ ਹਿੰਦੂ-ਮੁਸਲਿਮ ਪਾੜੇ ਦੀਆਂ ਘਟਨਾਵਾਂ ਨੂੰ ਸਮਝਣਾ ਲਾਹੇਵੰਦ ਰਹੇਗਾ ਕਿ ਕਿਵੇਂ ਹਿੰਦੂ-ਮੁਸਲਿਮ ਪਾੜਾ ਪਾਇਆ ਗਿਆ ਜੋ ਅਖੀਰ ਮੁਲਕ ਦੀ ਵੰਡ ਅਤੇ ਲੱਖਾਂ ਲੋਕਾਂ ਦੇ ਕਤਲੇਆਮ ਨਾਲ ਵੀ ਖਤਮ ਨਹੀਂ ਹੋਇਆ ਅਤੇ ਅੱਜ ਵੀ ਬਦਸਤੂਰ ਜਾਰੀ ਹੈ। 1920 ਵਿਚ ਬੇਨਾਮ ਲੇਖਕਾਂ ਦੀਆਂ ਤਿੰਨ ਕਿਤਾਬਾਂ 'ਕ੍ਰਿਸ਼ਨਾ ਤੇਰੀ ਗੀਤਾ ਜਲਾਨੀ ਪੜੇਗੀ', 'ਉਨੀਸੀਵੀਂ ਸਦੀ ਕਾ ਲੰਪਟ ਮਹਾਂਰਿਸ਼ੀ' (ਸਵਾਮੀ ਦਇਆਨੰਦ ਬਾਰੇ) ਅਤੇ 'ਸੀਤਾ ਕਾ ਛਿਨਾਲਾ' (ਭਾਵ ਸੀਤਾ ਦਾ ਵਿਭਚਾਰ) ਵੱਡੀ ਪੱਧਰ 'ਤੇ ਛਾਪੀਆਂ ਗਈਆਂ ਜਿਨ੍ਹਾਂ ਨੂੰ ਕੱਟੜਪੰਥੀ ਮੁਸਲਮਾਨਾਂ ਵਲੋਂ ਮਸਜਿਦਾਂ ਤੇ ਮਦਰੱਸਿਆਂ ਵਿਚ ਵੰਡਿਆ ਗਿਆ। ਇਸ ਤੋਂ ਬਾਅਦ ਹਿੰਦੂਆਂ ਦੇ ਇੱਕ ਵਰਗ ਵਲੋਂ ਸਖਤ ਵਿਰੋਧ ਕੀਤਾ ਗਿਆ ਕਿ ਉਨ੍ਹਾਂ ਦੇ ਦੇਵੀ-ਦੇਵਤਿਆਂ ਜਾਂ ਧਾਰਮਿਕ ਸ਼ਖਸੀਅਤਾਂ ਦਾ ਅਪਮਾਨ ਕੀਤਾ ਗਿਆ ਹੈ ਪਰ ਉਸ ਸਮੇਂ ਦੀ ਹਿੰਦੂ ਲੀਡਰਸ਼ਿਪ, ਖਾਸਕਰ ਮਹਾਤਮਾ ਗਾਂਧੀ ਨੇ ਆਪਣੇ ਅਖਬਾਰ 'ਯੰਗ ਇੰਡੀਆ' ਵਿਚ ਲੇਖ ਲਿਖ ਕੇ ਇਸ ਨੂੰ 'ਵਿਚਾਰਾਂ ਦੀ ਆਜ਼ਾਦੀ' ਕਹਿ ਕੇ ਟਾਲਣ ਦੀ ਕੋਸ਼ਿਸ਼ ਕੀਤੀ। ਇਸ ਤੋਂ 3 ਸਾਲ ਬਾਅਦ ਹਿੰਦੂਆਂ ਦੇ ਕੁਝ ਕੱਟੜਪੰਥੀ ਧੜਿਆਂ ਵਲੋਂ ਬੇਨਾਮ ਲੇਖਕਾਂ ਦੇ ਨਾਮ 'ਤੇ ਦੋ ਕਿਤਾਬਾਂ 'ਸ਼ੈਤਾਨ' (ਪੈਗੰਬਰ ਮੁਹੰਮਦ ਸਾਹਿਬ ਬਾਰੇ) ਅਤੇ 'ਰੰਗੀਲਾ ਰਸੂਲ' (ਮੁਹੰਮਦ ਸਾਹਿਬ ਵਲੋਂ ਸਵਰਗਾਂ ਆਦਿ ਦੇ ਵਾਅਦਿਆਂ ਬਾਰੇ) ਲਿਖ ਕੇ ਵੱਡੀ ਗਿਣਤੀ ਵਿਚ ਵੰਡਣੀਆਂ ਸ਼ੁਰੂ ਕਰ ਦਿੱਤੀਆਂ। 'ਰੰਗੀਲਾ ਰਸੂਲ' ਲਾਹੌਰ ਦੀ ਮਹਾਸ਼ਾ ਪ੍ਰੈਸ 'ਰਾਜਪਾਲ ਪਬਲਸ਼ਿਰ' ਦੇ ਬੈਨਰ ਹੇਠ ਛਾਪੀ ਗਈ। ਇਸ ਤੋਂ ਬਾਅਦ ਮੁਸਲਿਮ ਜਗਤ ਭੜਕ ਉਠਿਆ। ਇਸ ਤੋਂ ਬਾਅਦ ਮੁਸਲਮਾਨਾਂ ਨੂੰ ਸ਼ਾਂਤ ਕਰਨ ਲਈ ਗਾਂਧੀ ਨੇ 'ਯੰਗ ਇੰਡੀਆ' ਵਿਚ ਇਨ੍ਹਾਂ ਕਿਤਾਬਾਂ ਦੀ ਸਖਤ ਨਿੰਦਾ ਕਰਦੇ ਹੋਏ ਸਖਤ ਸਜ਼ਾਵਾਂ ਦੇਣ ਦੀ ਗੱਲ ਕੀਤੀ। ਇਸ ਨਾਲ ਮੁਹੰਮਦ ਅਲੀ ਜਿਨਾਹ ਵਰਗੇ ਵੱਡੇ ਮੁਸਲਿਮ ਲੀਡਰਾਂ ਨੇ ਇਸ ਮਸਲੇ ਨੂੰ ਹੋਰ ਤੂਲ ਦਿੱਤਾ। ਮਹਾਤਮਾ ਗਾਂਧੀ ਨੇ 3 ਅਗਸਤ, 1924 ਨੂੰ ਆਪਣੇ ਅਖਬਾਰ 'ਯੰਗ ਇੰਡੀਆ' ਵਿਚ ਸਿੱਖ ਵਿਦਵਾਨ ਅਜਮੇਰ ਸਿੰਘ ਤੇ ਕਰਮਜੀਤ ਸਿੰਘ ਵਾਂਗ ਦੋ ਕਦਮ ਅੱਗੇ ਵਧਦੇ ਹੋਏ ਲੇਖ ਲਿਖਿਆ ਜਿਸ ਵਿਚ ਉਸ ਨੇ ਕਿਹਾ: ਜਦੋਂ ਲੋਕਾਂ ਨੂੰ ਅਦਾਲਤਾਂ ਵਿਚੋਂ ਇਨਸਾਫ ਨਾ ਮਿਲੇ ਤਾਂ ਉਸ ਨੂੰ ਆਪ ਜੱਜ ਬਣ ਕੇ ਫੈਸਲੇ ਕਰਨੇ ਚਾਹੀਦੇ ਹਨ।' ਜਿਸ ਤੋਂ ਬਾਅਦ ਬ੍ਰਿਟਿਸ਼ ਸਰਕਾਰ ਵਲੋਂ ਭਾਰੀ ਦਬਾਅ ਅਧੀਨ 1927 ਵਿਚ 'ਹੇਟ ਸਪੀਚ ਲਾਅ ਸੈਕਸ਼ਨ 295 ਏ' ਲਿਆਂਦਾ ਜਿਸ ਅਧੀਨ 'ਈਸ਼ਵਰ ਜਾਂ ਪੈਗੰਬਰ ਨਿੰਦਾ' ਨੂੰ ਅਪਰਾਧਿਕ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਗਿਆ (ਯਾਦ ਰਹੇ, 2018 ਵਿਚ ਇਸੇ ਕਾਨੂੰਨ ਵਿਚ ਸੋਧ ਕਰਕੇ ਪੰਜਾਬ ਸਰਕਾਰ ਨੇ 295 ਏ.ਏ. ਨਵਾਂ ਕਾਨੂੰਨ ਬਣਾਇਆ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਸਮੇਤ ਗੀਤਾ, ਕੁਰਾਨ, ਬਾਈਬਲ ਆਦਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲੇ ਨੂੰ ਉਮਰ ਕੈਦ ਅਤੇ ਕਿਸੇ ਧਾਰਮਿਕ ਅਸਥਾਨ ਦੀ ਬੇਅਦਬੀ ਕਰਨ ਵਾਲੇ ਨੂੰ 10 ਸਾਲ ਦੀ ਸਜ਼ਾ ਰੱਖੀ ਗਈ)।

ਇਸ ਤੋਂ ਬਾਅਦ ਰਾਜਪਾਲ ਮਹਾਸ਼ਾ ਅਤੇ ਉਸ ਦੀ ਪ੍ਰੈਸ 'ਤੇ 4 ਵਾਰ ਹਮਲੇ ਕੀਤੇ ਗਏ। ਲਾਹੌਰ ਦੀ ਅਦਾਲਤ ਵਿਚ ਇਸ ਬਾਰੇ 'ਹੇਟ ਸਪੀਚ ਐਕਟ' ਅਧੀਨ ਕੇਸ ਚੱਲਿਆ ਜਿਸ ਵਿਚ ਚਾਰ ਮੁਸਲਿਮ ਸਕਾਲਰ ਅਤੇ ਵਕੀਲ 'ਰੰਗੀਲਾ ਰਸੂਲ' ਕਿਤਾਬ ਵਿਚੋਂ ਕੁਝ ਅਜਿਹਾ ਸਾਬਿਤ ਨਹੀਂ ਕਰ ਸਕੇ ਜੋ ਪਹਿਲਾਂ ਹੀ ਅਨੇਕਾਂ ਇਸਲਾਮਿਕ ਸਕਾਲਰਾਂ ਵਲੋਂ ਪੈਗੰਬਰ ਮੁਹੰਮਦ ਸਾਹਿਬ ਦੇ ਜੀਵਨ ਬਾਰੇ ਇਕੱਠੀਆਂ ਕੀਤੀਆਂ ਹਦੀਸਾਂ ਵਿਚ ਦਰਜ ਨਾ ਹੋਵੇ ਅਤੇ ਅਦਾਲਤ ਨੇ 1929 ਵਿਚ ਮਹਾਸ਼ਾ ਰਾਜਪਾਲ ਨੂੰ ਬਰੀ ਕਰ ਦਿੱਤਾ ਪਰ ਮੁਸਲਿਮ ਲੀਡਰਾਂ ਤੇ ਸਕਾਲਰਾਂ ਨੇ ਲੋਕਾਂ ਨੂੰ ਧਰਮ ਦੇ ਨਾਮ 'ਤੇ ਭੜਕਾਉਣਾ ਜਾਰੀ ਰੱਖਿਆ ਜਿਸ ਦੇ ਨਤੀਜੇ ਵਜੋਂ ਉਸੇ ਸਾਲ ਪੰਜਵੇਂ ਹਮਲੇ ਵਿਚ 20-21 ਸਾਲਾ ਨੌਜਵਾਨ ਮੁਹੰਮਦ ਇਲਮੂਦੀਨ ਨੇ ਮਹਾਸ਼ਾ ਰਾਜਪਾਲ ਨੂੰ ਛੁਰੇ ਮਾਰ ਕੇ ਕਤਲ ਕਰ ਦਿੱਤਾ। ਮੁਸਲਿਮ ਲੀਡਰ ਜਿਨਾਹ ਨੇ ਇਲਾਮਾ ਇਕਬਾਲ ਦੇ ਕਹਿਣ 'ਤੇ ਇਸਲਾਮ ਦੇ ਇਸ ਰਾਖੇ ਦਾ ਕੇਸ ਕੋਰਟ ਵਿਚ ਲੜਿਆ ਪਰ ਕੋਰਟ ਨੇ ਹਿੰਦੂਆਂ ਦੇ ਭਾਰੀ ਦਬਾਅ ਅਧੀਨ ਮੁਹੰਮਦ ਇਲਮੂਦੀਨ ਨੂੰ 31 ਅਕਤੂਬਰ, 1929 ਨੂੰ ਫਾਂਸੀ ਦੇ ਦਿੱਤੀ। ਮੁਸਲਮਾਨਾਂ ਨੇ ਉਸ ਨੂੰ 'ਹਜ਼ਰਤ ਗਾਜ਼ੀ', 'ਸ਼ਹੀਦ' ਆਦਿ ਦੇ ਖਿਤਾਬ ਦਿੱਤੇ ਅਤੇ ਉਸ ਦੇ ਜਨਾਜ਼ੇ ਵਿਚ ਲੱਖਾਂ ਲੋਕ ਸ਼ਾਮਿਲ ਹੋਏ ਜਿਨ੍ਹਾਂ ਵਿਚ ਜਿਨਾਹ ਅਤੇ ਇਲਾਮਾ ਇਕਬਾਲ ਵੀ ਸ਼ਾਮਿਲ ਸਨ। ਉਦੋਂ ਇਕਬਾਲ ਨੇ ਭਰੀ ਸਭਾ ਵਿਚ ਇਹ ਸ਼ਬਦ ਕਹੇ: 'ਅਸੀਂ ਦੇਖਦੇ ਰਹਿ ਗਏ ਤੇ ਇਹ ਤਰਖਾਣਾਂ ਦਾ ਮੁੰਡਾ ਬਾਜ਼ੀ ਲੈ ਗਿਆ।'

ਇਹੀ ਉਹ ਸਮਾਂ ਸੀ, ਜਦੋਂ ਲੀਡਰਾਂ ਤੇ ਸਕਾਲਰਾਂ ਵਲੋਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਧਾਰਮਿਕ ਕੱਟੜਤਾ ਤੇ ਨਫਰਤ ਦੇ ਫਿਰਕੂ ਬੀਜ ਬੀਜੇ ਗਏ। ਇਹੀ ਉਹ ਨਫਰਤ ਸੀ ਜਿਸ ਨੇ ਮੁਲਕ ਦੀ ਵੰਡ ਅਤੇ 1947 ਦੇ ਲੱਖਾਂ ਲੋਕਾਂ ਦੇ ਕਤਲੇਆਮ ਦੀ ਨੀਂਹ ਰੱਖੀ। ਮੁਹੰਮਦ ਇਲਮੂਦੀਨ ਨੂੰ ਅੱਜ ਵੀ ਪਾਕਿਸਤਾਨ ਵਿਚ ਕੌਮੀ ਸ਼ਹੀਦ ਮੰਨਿਆ ਜਾਂਦਾ ਹੈ ਅਤੇ ਇਸ ਦੇ ਜੀਵਨ ਦੇ ਆਧਾਰ 'ਤੇ 1978 ਵਿਚ 'ਗਾਜ਼ੀ ਇਲਮੂਦੀਨ' ਨਾਮ ਦੀ ਫਿਲਮ ਵੀ ਪਾਕਿਸਤਾਨ ਵਿਚ ਬਣੀ। ਪਾਕਿਸਤਾਨ ਵਿਚ ਉਸ ਦੇ ਨਾਮ 'ਤੇ ਮਸਜਿਦ ਵੀ ਬਣੀ ਹੋਈ ਹੈ। 2013 ਵਿਚ ਲਾਹੌਰ ਦੀ ਹਾਈਕੋਰਟ ਵਿਚ ਇਹ ਕੇਸ ਦੁਬਾਰਾ ਖੋਲ੍ਹਣ ਲਈ ਇੱਕ ਪਟੀਸ਼ਨ 'ਤੇ ਸੁਣਵਾਈ ਹੋਈ ਤਾਂ ਕਿ ਮੁਹੰਮਦ ਇਲਮੂਦੀਨ 'ਤੇ ਲੱਗੇ ਕਤਲ ਦੇ ਕੇਸਾਂ ਨੂੰ ਰੱਦ ਕਰਕੇ ਉਸ ਨੂੰ ਇਸਲਾਮ ਦੇ ਰਾਖੇ ਦੀ ਮਾਨਤਾ ਮਿਲ ਸਕੇ। ਉਸੇ ਸਾਲ ਉਸ ਦੀ ਕਬਰ 'ਤੇ ਹਜ਼ਾਰਾਂ ਲੋਕ ਹਾਜ਼ਰ ਹੋਏ (ਇਹ ਜਾਣਕਾਰੀ 'ਆਊਟ ਲੁੱਕ' ਮੈਗਜ਼ੀਨ ਦੇ ਜੂਨ, 2020 ਦੇ ਅੰਕ ਅਤੇ ਲਾਹੌਰ ਹਾਈਕੋਰਟ ਦੇ ਆਰਕਾਈਵਜ਼ ਵਿਚੋਂ ਲਈ ਗਈ ਹੈ)।

ਅੱਜ ਦੇ ਦੌਰ ਵਿਚ ਜਦੋਂ ਸਿੱਖ ਵਿਦਵਾਨਾਂ ਦੇ ਸਿੰਘੂ ਬਾਰਡਰ ਜਾਂ ਬੇਅਦਬੀਆਂ ਦੇ ਮਸਲੇ 'ਤੇ ਵਿਚਾਰ ਦੇਖਦੇ ਹਾਂ ਤਾਂ ਲਗਦਾ ਹੈ ਕਿ ਉਹ ਬੀਤੇ ਤੋਂ ਕੁਝ ਸਿੱਖਣ ਦੀ ਥਾਂ ਬਲਦੀ 'ਤੇ ਤੇਲ ਪਾਉਣ ਦੇ ਆਹਰ ਵਿਚ ਹਨ। ਸੋਸ਼ਲ ਮੀਡੀਆ 'ਤੇ ਕੁਝ ਸਿੱਖ ਵਿਦਵਾਨਾਂ ਦੀ ਪੋਸਟ ਘੁਮਾਈ ਜਾ ਰਹੀ ਹੈ ਜਿਸ ਵਿਚ ਕਿਹਾ ਗਿਆ ਹੈ: 'ਸਵਰਾਜਬੀਰ ਦੀ ਸੰਪਾਦਕੀ ਪੜ੍ਹ ਕੇ ਹੁਣ ਸਮਝ ਪੈਂਦੀ ਹੈ ਕਿ 80ਵਿਆਂ ਵਿਚ ਸਿੰਘਾਂ ਨੇ ਲਾਲਾ ਜਗਤ ਨਰਾਇਣ ਗੱਡੀ ਕਿਉਂ ਚਾੜ੍ਹਿਆ ਸੀ?' ਇਹ ਉਹੀ ਬਿਆਨ ਹਨ ਜੋ ਕਦੇ ਪਾਕਿਸਤਾਨ ਦੇ ਕੌਮੀ ਕਵੀ ਇਲਾਮਾ ਇਕਬਾਲ ਵਰਗਿਆਂ ਨੇ ਦਿੱਤੇ ਸਨ, ਜਿਸ ਨੇ ਮੁਹੰਮਦ ਇਲਮੂਦੀਨ ਵਰਗੇ ਗਾਜ਼ੀ ਪੈਦਾ ਕੀਤੇ। ਕੀ ਸਾਡੇ ਵਿਦਵਾਨ ਵੀ ਕੁਝ ਅਜਿਹਾ ਨਹੀਂ ਕਰ ਰਹੇ? ਜਿਸ ਤਰ੍ਹਾਂ ਬਹੁਤ ਲੋਕਾਂ ਦਾ ਮੰਨਣਾ ਹੈ ਕਿ 84 ਦੀ ਖਾੜਕੂ ਲਹਿਰ ਵਿਚ ਵੀ ਇਸ ਤਰ੍ਹਾਂ ਦੇ ਵਿਦਵਾਨ ਖਾੜਕੂਆਂ ਦੇ ਮਨਾਂ ਵਿਚ ਚੰਗਿਆੜੀ ਸੁੱਟ ਦਿੰਦੇ ਸਨ ਜਿਸ ਨਾਲ ਅਨੇਕਾਂ ਮਹਾਸ਼ਾ ਰਾਜਪਾਲ ਵਰਗੇ ਲੋਕ ਕਤਲ ਹੋਏ।

ਇਸ ਸਾਰੀ ਜਾਣਕਾਰੀ ਦੇਣ ਦਾ ਮਕਸਦ ਇਹ ਹੈ ਕਿ ਸਿਆਸੀ ਤੇ ਧਾਰਮਿਕ ਜਨੂੰਨੀ ਲੋਕ ਆਪਣੇ ਹਿੱਤਾਂ ਅਤੇ ਧਾਰਮਿਕ ਕੱਟੜਤਾ ਅਧੀਨ ਅਜਿਹਾ ਕੁਝ ਕਰਦੇ ਹਨ ਜਿਸ ਨਾਲ ਮੁਹੰਮਦ ਇਲਮੂਦੀਨ ਵਰਗੇ ਭਾਵੁਕ ਨੌਜਵਾਨ ਕਤਲਾਂ ਤੱਕ ਪਹੁੰਚ ਜਾਂਦੇ ਹਨ। ਅਜਿਹੇ ਹਾਲਾਤ ਵਿਚੋਂ ਹੀ ਸਿੰਘੂ ਬਾਰਡਰ ਵਰਗੇ ਕਤਲ ਨਿਕਲਦੇ ਹਨ। ਸਾਡਾ ਸਿੱਖ ਲੀਡਰਾਂ ਅਤੇ ਵਿਦਵਾਨਾਂ ਨੂੰ ਸਵਾਲ ਹੈ ਕਿ ਕੀ ਅਸੀਂ ਇਤਿਹਾਸ ਦੇ ਕਾਲੇ ਦੌਰਾਂ ਤੋਂ ਕੋਈ ਸਬਕ ਲਵਾਂਗੇ?

ਕਿਸਾਨੀ ਸੰਘਰਸ਼ ਚਲਾ ਰਹੀਆਂ ਜਥੇਬੰਦੀਆਂ ਪਹਿਲੇ ਦਿਨ ਤੋਂ ਕਹਿ ਰਹੀਆਂ ਹਨ ਕਿ ਇਹ ਸੰਘਰਸ਼ ਕਿਸੇ ਧਰਮ, ਕੌਮ, ਜਾਤ, ਫਿਰਕੇ, ਇਲਾਕੇ ਵਿਸ਼ੇਸ਼ ਦਾ ਨਹੀਂ, ਇਹ ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਲੋਕ ਸੰਘਰਸ਼ ਹੈ। ਇਹ ਉਹ ਸੰਘਰਸ਼ ਹੈ ਜਿਸ ਨੂੰ ਦੁਨੀਆ ਭਰ ਵਿਚੋਂ ਸਹਿਯੋਗ ਮਿਲ ਰਿਹਾ ਹੈ। ਇਸ ਸੰਘਰਸ਼ ਵਿਚ ਸਿੱਖਾਂ ਦੇ ਲਾਏ ਲੰਗਰਾਂ ਅਤੇ ਸੇਵਾ ਕਰਕੇ ਦੁਨੀਆ ਭਰ ਵਿਚ ਸਿੱਖਾਂ ਦਾ ਚੰਗਾ ਨਾਮ ਬਣਿਆ ਹੈ ਪਰ ਅਜਿਹੀਆਂ ਘਟਨਾਵਾਂ ਨਾਲ ਸਿੱਖਾਂ ਦਾ ਅਕਸ ਖਰਾਬ ਹੁੰਦਾ ਹੈ, ਖਾਸਕਰ ਉਨ੍ਹਾਂ ਵਿਕਸਤ ਮੁਲਕਾਂ ਵਿਚ ਜਿੱਥੇ ਅਸੀਂ ਵਿਦੇਸ਼ਾਂ ਵਿਚ ਵਸਦੇ ਹਾਂ।

ਇਸ ਸੰਘਰਸ਼ ਨੇ ਦੁਨੀਆ ਭਰ ਵਿਚ ਆਪਣੀ ਵੱਖਰੀ ਛਾਪ ਛੱਡੀ ਹੈ। ਇਸ ਕਰਕੇ ਸੰਘਰਸ਼ 'ਤੇ ਟਿੱਪਣੀ ਕਰਦੇ ਹੋਏ ਸੰਸਾਰ ਪ੍ਰਸਿੱਧ ਚਿੰਤਕ, ਫਿਲਾਸਫਰ, ਲੋਕ ਪੱਖੀ ਲੇਖਕ ਨੌਮ ਚੌਮਸਕੀ ਨੇ ਕਿਹਾ ਸੀ: 'ਇਹ ਸੰਘਰਸ਼ ਹਨੇਰੇ ਸਮਿਆਂ ਵਿਚ ਰੌਸ਼ਨੀ ਦੀ ਕਿਰਨ ਹੈ। ਕਿਸਾਨਾਂ ਦਾ ਇਹ ਸੰਘਰਸ਼ ਸਿਰਫ ਉਨ੍ਹਾਂ ਦੇ ਆਪਣੇ ਹਿੱਤਾਂ ਲਈ ਹੀ ਨਹੀਂ ਸਗੋਂ ਸਮਾਜ ਵਿਚ ਦੱਬੇ-ਕੁਚਲੇ, ਲਤਾੜੇ ਲੋਕਾਂ ਲਈ ਆਸ ਦੀ ਕਿਰਨ ਹੈ। ਇਹ ਉਨ੍ਹਾਂ ਲੋਕਾਂ ਲਈ ਆਸ ਦੀ ਕਿਰਨ ਹੈ ਜਿਨ੍ਹਾਂ ਦਾ ਸਭ ਕੁਝ ਵੱਡੀਆਂ ਸਰਮਾਏਦਾਰ ਕਾਰਪੋਰੇਸ਼ਨਾਂ ਹੜੱਪਣਾ ਚਾਹੁੰਦੀਆਂ ਹਨ।'

ਪਰ ਸਾਡੇ ਇਹ ਸਕਾਲਰ ਪਤਾ ਨਹੀਂ ਕਿਉਂ, ਇਸ ਸਾਂਝੇ ਲੋਕ ਸੰਘਰਸ਼ ਵਿਚੋਂ ਆਪਣਾ ਧਾਰਮਿਕ ਏਜੰਡਾ ਕਿਉਂ ਕੱਢਣਾ ਚਾਹੁੰਦੇ ਹਨ?




ਮਨੁੱਖਤਾ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲੇ ਲੇਖਕ ਡਾ. ਸਵਰਾਜਬੀਰ ਅਤੇ (ਸੱਜੇ) ਡਾ. ਸਾਹਿਬ ਸਿੰਘ।

# ਦੂਜੇ ਧਰਮਾਂ ਦੀ ਇਕ-ਦੂਜੇ ਨਾਲ ਸਾਂਝ

*(ਸਫਾ 15ਦੀ ਬਾਕੀ)*

ਬ੍ਰਹਮ ਸਮੁਚੇ ਜੀਵਨ ਦਾ ਮੂਲ ਆਧਾਰ ਹੈ। ਉਪਨਿਸ਼ਦਾਂ ਦਾ ਗਿਆਨ ਇਸ ਸੱਚ ਬਾਰੇ ਸਪਸ਼ਟ ਹੈ ਕਿ 'ਬ੍ਰਹਮ' ਉਹ ਨਹੀਂ ਹੈ ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ ਸਗੋਂ ਬ੍ਰਹਮ ਉਹ ਹੈ ਜਿਹੜਾ ਅਸੀਮ ਬ੍ਰਹਿਮੰਡੀ ਪਸਾਰੇ ਭਾਵ ਬ੍ਰਹਮ ਦੇ ਆਕਾਰ ਰੂਪ ਵਿਚ ਮਨੁੱਖੀ ਸੋਚ ਦੀ ਸੀਮਾ ਤੋਂ ਪਾਰ ਹੈ; ਜਿਸ ਦਾ ਅੰਤ ਜਾਣਿਆ ਨਹੀਂ ਜਾ ਸਕਦਾ; ਜਿਹੜਾ ਮਨੁੱਖ ਦੇ ਆਪਣੇ ਸਰੀਰੀ ਮਨ ਦੇ ਅਨੁਭਵ ਦੀ ਪਕੜ ਵਿਚ ਨਹੀਂ ਆ ਸਕਦਾ ਅਤੇ ਜਿਸ ਨੂੰ ਸ਼ਬਦ ਬਿਆਨ ਨਹੀਂ ਕਰ ਸਕਦੇ; ਜਿਹੜਾ ਅਸੀਮ ਹੈ ਅਤੇ ਮਨੁੱਖੀ ਸੋਚ ਤੋਂ ਵੀ ਪਾਰ ਹੈ। ਇਸੇ ਲਈ ਇਸ ਨੂੰ ਪਾਰਬ੍ਰਹਮ ਵੀ ਕਿਹਾ ਜਾਂਦਾ ਹੈ। ਵੈਦਿਕ ਫਿਲਾਸਫੀ ਅਨੁਸਾਰ ਇਹ ਬ੍ਰਹਮ ਹੀ ਸਾਰੇ ਜੀਵਾਂ ਦੇ ਪ੍ਰਾਣਾਂ ਦਾ ਮੂਲ ਆਧਾਰ ਹੈ।

ਸ੍ਵੈਤਾਸ੍ਵਤਰ ਉਪਨਿਸ਼ਦ ਦਾ ਪਹਿਲਾ ਅਧਿਆਇ ਇਸ ਪ੍ਰਸ਼ਨ ਤੋਂ ਆਰੰਭ ਹੁੰਦਾ ਹੈ। ਬ੍ਰਹਮਵਾਦੀ ਕਹਿੰਦੇ ਹਨ- ਸਾਰੇ ਜਗ ਦਾ ਕੀ ਕਾਰਨ ਹੈ, ਹੋ ਸਕਦਾ ਹੈ ਬ੍ਰਹਮ ਉਹੀ ਹੈ। ਪੈਦਾ ਕਿਥੋਂ ਸਭ ਹੋਏ ਹਾਂ, ਕਿਸ ਦੇ ਰਾਹੀਂ ਜੀਵਨ ਵਿਚ ਹਾਂ, ਕਿਸ ਦੇ ਵਿਚ ਹੀ ਵਰਤ ਰਹੇ ਹਾਂ, ਕੌਣ ਧਾਰਦਾ ਸੁਖ-ਦੁਖ ਵਿਚ ਹੈ, ਕਿਵੇਂ ਲੋਕ ਵਿਚ ਵਰਤ ਰਹੇ ਹਾਂ? (ਸਫਾ 605)। ਇਸ ਸਾਰੇ ਜਗਤ ਦਾ ਮੂਲ ਕਾਰਨ ਕੀ ਹੈ? ਇਹ ਸੁਆਲ ਕਰਕੇ ਫਿਰ ਆਪ ਹੀ ਇਸ ਦਾ ਜੁਆਬ ਦਿਤਾ ਗਿਆ ਹੈ, ਹੋ ਸਕਦਾ ਹੈ ਕਿ ਇਹ ਬ੍ਰਹਮ ਹੀ ਇਸ ਦਾ ਕਾਰਨ ਹੋਵੇ। ਅਸੀਂ ਸਾਰੇ ਕਿਥੋਂ ਪੈਦਾ ਹੋਏ ਹਾਂ, ਸਾਨੂੰ ਇਹ ਜੀਵਨ ਕੌਣ ਦਿੰਦਾ ਹੈ, ਸਾਡੇ ਇਸ ਜੀਵਨ ਜਿਉਣ ਦਾ ਮੂਲ ਆਧਾਰ ਕੀ ਹੈ ਅਤੇ ਅਸੀਂ ਇਸ ਲੋਕ ਵਿਚ ਕਿਸ ਦਾ ਆਸਰੇ ਵਿਚਰ ਰਹੇ ਹਾਂ?


ਇਨ੍ਹਾਂ ਪ੍ਰਸ਼ਨਾਂ ਦੇ ਜੁਆਬ ਦੇਣ ਦੀ ਕੋਸ਼ਿਸ਼ ਕਰਦਿਆਂ ਹੋਇਆਂ ਸ੍ਵੈਤਾਸ੍ਵਤਰ ਉਪਨਿਸ਼ਦ ਵਿਚ ਕਿਹਾ ਗਿਆ ਹੈ- ਕੀ ਇਸ ਦਾ ਕਾਰਨ ਕਾਲ ਰੂਪ ਭਾਵ ਸਮਾਂ ਹੈ, ਜਾਂ ਸਾਰਾ ਕੁਝ ਆਪਣੇ ਆਪ (ਸ੍ਵੈ) ਤੋਂ ਹੋ ਰਿਹਾ ਹੈ। ਕੀ ਕੋਈ ਅਗਿਆਤ ਸ਼ਕਤੀ ਇਹ ਕਾਰਜ ਕਰ ਰਹੀ ਹੈ ਜਾਂ ਕੀ ਇਹ ਸਾਰਾ ਕੁਝ ਕੁਦਰਤ ਦਾ ਕਾਰਜ ਹੈ। ਉਕਤ ਧਾਰਨਾ ਇਹ ਪ੍ਰਭਾਵ ਵੀ ਦਿੰਦੀ ਹੈ ਕਿ ਮੁਢਲੇ ਕਾਲ ਦੀਆਂ ਅਨੇਕਾਂ ਬੌਧਿਕ ਉਲਝਣਾਂ ਦੇ ਬਾਵਜੂਦ ਰਿਸ਼ੀਆਂ ਨੇ ਇਸ 'ਬ੍ਰਹਮ' ਨੂੰ ਕੁਦਰਤ ਦੇ ਰੂਪ ਵਿਚ ਦੇਖਣ ਦਾ ਯਤਨ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਨੇ ਵੈਦਿਕ ਫਿਲਾਸਫੀ ਦੀ ਇਸ ਉਲਝਣ ਦਾ ਹੱਲ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਬ੍ਰਹਮ ਸੱਚ ਹੈ ਪਰ ਮਨ-ਕਲਪਿਤ ਬ੍ਰਹਮਾ ਦੀ ਕੋਈ ਹੋਂਦ ਨਹੀਂ ਹੈ। ਜੋ ਬ੍ਰਹਮੰਡਿ ਪਿੰਡਿ ਸੋ ਜਾਣੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 1162) ਭਾਵ ਜੋ ਬ੍ਰਹਿਮੰਡ ਵਿਚ ਹੈ, ਉਹੀ ਮਨੁੱਖ ਦੇ ਸਰੀਰ ਵਿਚ ਹੈ। ਗੁਰਮਤਿ ਨੇ ਵੈਦਿਕ ਫਿਲਾਸਫੀ ਦੇ ਆਤਮਿਕ ਗਿਆਨ ਨੂੰ ਆਪਣੇ ਆਤਮ ਵਿਚ ਸਮੇਟਦਿਆਂ ਹੋਇਆਂ, ਉਸ ਨਾਲ ਜੁੜੇ ਸਾਰੇ ਕਰਮਕਾਂਡ, ਯੰਤਰ-ਮੰਤਰ-ਤੰਤਰ ਤੇ ਉਪਾਸਨਾ ਦੇ ਸਾਰੇ ਢੰਗਾਂ ਨੂੰ ਨਕਾਰ ਦਿਤਾ। ਗੁਰਮਤਿ ਨੇ ਬ੍ਰਹਮ ਦੀ ਹੋਂਦ ਨੂੰ ਸਦੀਵੀ ਸੱਚ ਮੰਨਦਿਆਂ ਹੋਇਆਂ ਮਨੂੰਵਾਦ ਦੇ ਬੌਧਿਕ ਆਧਾਰ ਬ੍ਰਹਮਾ ਨੂੰ ਤਿਲਾਂਜਲੀ ਦੇ ਦਿਤੀ। ਬ੍ਰਹਮੇ ਨਹੀ ਜਾਨਹਿ ਭੇਦੁ॥ (ਪੰਨਾ 894) ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ॥ (ਪੰਨਾ 1032) ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ (ਪੰਨਾ 559) ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ॥ (ਪੰਨਾ 1279) ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥ (ਪੰਨਾ 1386) ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ ਕਉ ਮਹਲੁ ਦੁਲਭਾਵਉ॥ (ਪੰਨਾ 401) ਬ੍ਰਹਮਾ ਬਡਾ ਕਿ ਜਾਸੁ ਉਪਾਇਆ॥ (ਪੰਨਾ 331)

ਗੁਰਮਤਿ ਸਪਸ਼ਟ ਕਰਦੀ ਹੈ ਕਿ ਮਨੂੰਵਾਦ ਵੱਲੋਂ ਪ੍ਰਚਾਰਿਆ ਹੋਇਆ ਇਸ ਸੰਸਾਰ ਦਾ ਸਿਰਜਣਹਾਰ ਬ੍ਰਹਮਾ ਖੁਦ ਵੀ ਇਸ ਅਸਲੀ ਸਿਰਜਣਹਾਰ ਬ੍ਰਹਮ ਦਾ ਭੇਦ ਨਹੀਂ ਜਾਣਦਾ। ਬ੍ਰਹਮਾ ਇੰਦ੍ਰ ਤੇ ਮਹੇਸ ਇਸ ਸਿਰਜਣਹਾਰ ਬ੍ਰਹਮ ਬਾਰੇ ਕੁਝ ਵੀ ਨਹੀਂ ਜਾਣਦੇ। ਬ੍ਰਹਮਾ ਦੇ ਨਾਂ ਉਤੇ ਪ੍ਰਚਾਰੀ ਜਾਂਦੀ ਸਾਰੀ ਵੇਦ ਬਾਣੀ ਮਾਇਆ ਭਾਵ ਮਨ ਦੀ ਕੋਰੀ ਕਲਪਨਾ ਹੈ। ਬ੍ਰਹਮਾ ਆਪਣੇ ਆਪ ਨੂੰ ਵੱਡਾ ਕਹਾਉਂਦਾ ਹੈ ਪਰ ਉਹ ਬ੍ਰਹਮ ਦਾ ਭੇਦ ਨਹੀਂ ਪਾ ਸਕਦਾ। ਬ੍ਰਹਮਾ ਤੇ ਉਸ ਦਾ ਪੁਤਰ ਸਨਕ ਆਦਿ ਅਤੇ ਕਹਿੰਦੇ ਕਹਾਉਂਦੇ ਸ਼ੇਖ ਵੀ ਇਸ ਬ੍ਰਹਮ ਦੇ ਗੁਣਾਂ ਦਾ ਭੇਦ ਨਹੀਂ ਪਾ ਸਕੇ। ਗੁਰਮਤਿ ਸੁਆਲ ਦੇ ਰੂਪ ਵਿਚ ਪੁੱਛਦੀ ਹੈ ਕਿ ਬ੍ਰਹਮਾ ਵੱਡਾ ਹੈ ਜਾਂ 'ਬ੍ਰਹਮ' ਵੱਡਾ ਹੈ ਜਿਸ ਤੋਂ ਸਾਰਾ ਕੁਝ ਪੈਦਾ ਹੋਇਆ ਹੈ।

ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜੇ ਮਨੁੱਖ ਜਾਤੀ ਦੇ ਸਮੂਚੇ ਦਰਸ਼ਨ ਉਤੇ ਪੜਚੋਲਵੀਂ ਝਾਤ ਮਾਰੀ ਜਾਏ ਤਾਂ ਬੜੇ ਦਿਲਚਸਪ ਸਿਟੇ ਨਿਕਲਦੇ ਹਨ। ਸਭ ਤੋਂ ਅਹਿਮ ਸਿਟਾ ਇਹ ਨਿਕਲਦਾ ਹੈ ਕਿ ਸਾਰੇ ਧਰਮਾਂ ਦੀ ਜੜ੍ਹ ਵੈਦਿਕ ਫਿਲਾਸਫੀ ਹੈ। ਸਾਰੇ ਧਰਮ ਇਕ-ਦੂਜੇ ਦੀ ਨਿਰੰਤਰਤਾ ਵਿਚ ਪ੍ਰਗਟ ਹੋਏ ਹਨ, ਇਕ-ਦੂਜੇ ਤੋਂ ਟੁੱਟ ਕੇ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ, ਭਾਵ ਗੁਰਮਤਿ ਸਾਰੇ ਧਰਮਾਂ ਦੀ ਫਿਲਾਸਫੀ ਸਮੇਤ, ਮਾਰਕਸ ਦੀ ਫਿਲਾਸਫੀ ਨੂੰ ਆਪਣੇ ਵਿਚ ਸਮੇਟਦੀ ਹੈ। ਗੁਰਮਤਿ ਅਤੇ ਮਾਰਕਸ ਦੀ ਸਮਾਜਵਾਦੀ ਰਾਜਨੀਤਕ ਆਰਥਿਕਤਾ ਦਾ ਸੁਮੇਲ ਕਰਨ ਦੀ ਲੋੜ ਹੈ। ਇਸ ਤੋਂ ਬਿਨਾ ਮਾਰਕਸਵਾਦ ਨੂੰ ਭਾਰਤੀ ਹਾਲਤਾਂ ਵਿਚ ਲਾਗੂ ਕਰਨ ਦੀ ਬਹਿਸ ਦਾ ਕੋਈ ਮੰਤਵ ਨਹੀਂ।

# ਕਲਾ ਦੀ ਕਿਣਮਿਣ



*ਡੀਏਗੋ ਰਿਵੈਰਾ ਦਾ ਬਣਾਇਆ ਮਿਊਰਲ ਪੈਨ ਅਮੈਰਿਕਨ ਯੂਨਿਟੀ।*

## ਕਲਾ ਪਰਿਕਰਮਾ

ਮਹੀਨਾ ਕੁ ਪਹਿਲਾਂ ਸੈਨ ਫਰਾਂਸਿਸਕੋ (ਅਮਰੀਕਾ) ਦੇ ਆਧੁਨਿਕ ਕਲਾ ਦੇ ਅਜਾਇਬਘਰ ਵਿਚਲੀਆਂ ਕਲਾਕ੍ਰਿਤਾਂ ਨੂੰ ਆਮ ਲੋਕਾਂ ਦੇ ਦੇਖਣ ਲਈ ਖੋਲ੍ਹਿਆ ਗਿਆ ਹੈ। ਕੋਈ ਕਹਿ ਸਕਦਾ ਹੈ ਕਿ ਅਜਾਇਬਘਰਾਂ ਵਿਚ ਅਕਸਰ ਕਲਾਕ੍ਰਿਤਾਂ ਲੋਕਾਂ ਦੇ ਦੇਖਣ ਲਈ ਹੀ ਹੁੰਦੀਆਂ ਹਨ ਪਰ ਅਸੀਂ ਜਿਸ ਦੀ ਗੱਲ ਕਰਨ ਲੱਗੇ ਹਾਂ, ਉਹ ਕੋਈ ਸਾਧਾਰਨ ਕ੍ਰਿਤ ਨਹੀਂ। ਇਹ ਬੇਮਿਸਾਲ ਮਿਊਰਲ 'ਪੈਨ ਅਮੈਰਿਕਨ ਯੂਨਿਟੀ' ਹੈ ਜਿਸ ਦਾ ਵਜ਼ਨ 30 ਟਨ ਅਤੇ

**ਬੀ.ਐਨ. ਗੋਸਵਾਮੀ**

ਆਕਾਰ 7422 ਫੁੱਟ ਹੈ। ਇਸ ਦੇ ਪੰਜ ਵਿਰਾਟ ਪੈਨਲ ਹਨ ਤੇ ਹਰ ਪੈਨਲ 'ਚੋਂ ਊਰਜਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਇਹ ਕ੍ਰਿਤ ਤਕਰੀਬਨ 80 ਸਾਲ ਪਹਿਲਾਂ ਮੈਕਸੀਕੋ ਦੇ ਸਭ ਤੋਂ ਅਜ਼ੀਮ ਚਿੱਤਰਕਾਰਾਂ 'ਚ ਸ਼ੁਮਾਰ ਡੀਏਗੋ ਰਿਵੈਰਾ (1886-1957) ਨੇ ਸਿਰਜੀ ਸੀ। ਇਹ ਵੀ ਨਹੀਂ ਕਿ ਇਹ ਮਿਊਰਲ ਅਜਾਇਬਘਰ ਨੇ ਖਰੀਦਿਆ ਹੈ, ਬਸ ਇਹ ਸ਼ਹਿਰ ਦੇ ਇਕ ਇਲਾਕੇ ਤੋਂ ਦੂਜੇ ਇਲਾਕੇ ਵਿਚ ਲਿਜਾਇਆ ਗਿਆ ਹੈ। ਇਹ ਮਿਊਰਲ 1940 ਤੋਂ ਸਿਟੀ ਕਾਲਜ ਆਫ ਫਾਈਨ ਆਰਟਸ ਵਿਚ ਪਿਆ ਸੀ ਜਿੱਥੇ ਰਿਵੈਰਾ ਨੇ ਇਹ ਬਣਾਇਆ ਸੀ। ਹੁਣ ਸ਼ਹਿਰ ਦੇ ਅਧਿਕਾਰੀਆਂ ਨੂੰ ਜਾਪਿਆ ਕਿ ਸਿਟੀ ਕਾਲਜ ਛੋਟੀ ਜਿਹੀ ਸੰਸਥਾ ਹੈ, ਇਹ ਮਿਊਰਲ ਕਿਸੇ ਅਜਿਹੀ ਥਾਂ ਹੋਣਾ ਚਾਹੀਦਾ ਹੈ ਜਿੱਥੇ ਵੱਧ ਤੋਂ ਵੱਧ ਲੋਕ ਇਸ ਨੂੰ ਦੇਖ ਸਕਣ। ਚਾਰ ਸਾਲ ਪਹਿਲਾਂ ਮਿਊਰਲ ਨੂੰ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਸੀ ਅਤੇ ਇਹ ਵੀ ਕਿ ਇਸ ਲਈ ਕਿੰਨਾ ਸਮਾਂ ਲੱਗੇਗਾ ਪਰ ਇਸ ਦੇ ਨਾਲ ਹੀ ਇਹ ਚਾਨਣ ਵੀ ਹੋਇਆ ਕਿ ਇਸ ਕੰਮ ਵਿਚ ਅਮਰੀਕਾ ਅਤੇ ਮੈਕਸੀਕੋ ਦੇ ਬਹੁਤ ਸਾਰੇ ਇੰਜਨੀਅਰਾਂ, ਆਰਕੀਟੈਕਟਾਂ, ਕਲਾ ਇਤਿਹਾਸਕਾਰਾਂ, ਕਲਾ ਮਾਹਿਰਾਂ ਆਦਿ ਦੀਆਂ ਸੇਵਾਵਾਂ ਲੈਣ ਲਈ ਸ਼ਹਿਰ ਦੇ ਪ੍ਰਸ਼ਾਸਨ ਨੂੰ ਲੱਖਾਂ ਡਾਲਰ ਖਰਚ ਕਰਨੇ ਪੈਣਗੇ।

ਜਦੋਂ ਇਹ ਰਚਨਾ ਪਹਿਲੀ ਵਾਰ ਬਣਾਈ ਗਈ ਸੀ ਤਾਂ ਸ਼ਹਿਰ ਵਿਚ ਖੁਸ਼ੀ ਦੀ ਲਹਿਰ ਫੈਲ ਗਈ ਸੀ। ਉਸ ਵੇਲੇ ਰਿਵੈਰਾ ਆਪਣੀ ਚੜ੍ਹਤ 'ਤੇ ਸੀ; ਸ਼ਹਿਰ ਲਈ ਇਹ ਅਜੂਬਾ ਸੀ ਕਿ ਤੱਤਮੂਲਕ ਕਰਤਾਰੀ ਬਲ ਵਾਲੇ ਸ਼ਖਸ ਨੇ ਉਹਦੇ ਲਈ ਅਜਿਹੀ ਸ਼ਾਹਕਾਰ ਰਚਨਾ ਸਿਰਜੀ ਸੀ। ਅੱਜ ਫਿਰ ਸ਼ਹਿਰ ਵਿਚ ਖੁਸ਼ੀ ਦੀ ਲਹਿਰ ਹੈ, ਨਾ ਸਿਰਫ ਇਸ ਲਈ ਕਿ ਬਹੁਤ ਪੁਰਾਣੀ ਕਲਾਕ੍ਰਿਤ ਮੰਨੇ ਪ੍ਰਮੰਨੇ ਅਜਾਇਬਘਰ ਵਿਚ ਲੋਕਾਂ ਦੇ ਦੇਖਣ ਲਈ ਰੱਖੀ ਗਈ ਹੈ ਸਗੋਂ ਇਸ ਲਈ ਕਿ ਇਸ ਰਚਨਾ ਨੂੰ ਤਬਦੀਲ ਕਰਨਾ ਵੀ ਮਾਅਰਕੇ ਤੋਂ ਘੱਟ ਨਹੀਂ ਹੈ।



*ਡੀਏਗੋ ਰਿਵੈਰਾ*

ਇਸ ਖੁਸ਼ੀ ਦਾ ਕਾਰਨ ਸਮਝ 'ਚ ਆਉਂਦਾ ਹੈ, ਇਹ ਵਾਕਈ ਬਾਕਮਾਲ ਕ੍ਰਿਤ ਹੈ: ਇਸ ਦੇ ਕਣ-ਕਣ 'ਚੋਂ ਊਰਜਾ ਉਗਮਦੀ ਹੈ, ਇਸ ਵਿਚ ਅਣਗਿਣਤ ਹਸਤੀਆਂ ਨਜ਼ਰ ਆਉਂਦੀਆਂ ਹਨ ਜੋ ਅਤੀਤ ਤੋਂ ਲੈ ਕੇ ਵਰਤਮਾਨ ਅਤੇ ਭਵਿਖ ਨਾਲ ਤਾਅਲੁਕ ਰੱਖਦੀਆਂ ਹਨ ਤੇ ਇਸ ਦੀਆਂ ਖਾਲੀ ਥਾਵਾਂ ਪੂਰਦੀਆਂ ਹਨ। ਇਹ ਕਲਾਕਾਰ ਦੇ ਸੰਗਮ ਦੇ ਮਹਾ-ਖਿਆਲ ਦੀ ਝਲਕ ਪੇਸ਼ ਕਰਦੀਆਂ ਹਨ। ਜੇ ਉਸ ਦੇ ਹੀ ਸ਼ਬਦਾਂ ਵਿਚ ਕਿਹਾ ਜਾਵੇ ਤਾਂ "ਇਸ ਵਿਚ ਦੱਖਣ ਦੇ ਕਿਸੇ ਸੱਪ ਦੀ ਤੋਰ ਅਤੇ ਉਤਰ ਦੀ ਵਿਸ਼ਾਲ ਪੱਟੀ ਦਾ ਸੰਗਮ ਹੋਇਆ ਪ੍ਰਤੀਤ ਹੁੰਦਾ ਹੈ।" ਇਸ ਵਿਚ ਇੰਨਾ ਕੁਝ ਹੈ ਕਿ ਇਸ ਸਭ ਕੁਝ ਨੂੰ ਨੰਗੀ ਅੱਖ ਨਾਲ ਨਿਹਾਰਨਾ ਮੁਸ਼ਕਿਲ ਹੈ। ਇਨ੍ਹਾਂ ਸਭ ਚੀਜ਼ਾਂ 'ਤੇ ਐਜ਼ਟੈਕ (ਮੈਕਸੀਕਨ ਮੂਲ) ਧਰਤੀ ਦੀ ਦੇਵੀ ਕੋਟਲੀਕਿਊ ਦੀ ਛਤਰ ਛਾਇਆ ਹੈ। ਇਕ ਹੋਰ ਖੰਡ ਵਿਚ ਲੋਕਾਂ ਦੀ ਭੀੜ ਆਪਣੀਆਂ ਗਰਦਨਾਂ ਕੱਢ ਕੇ ਉਪਰ ਅਜਿਹੇ ਵਿਰਾਟ ਜਾਨਵਰ ਦੀ ਤਸਵੀਰ ਵਾਹ ਰਹੇ ਕਲਾਕਾਰਾਂ ਵੱਲ ਤੱਕ ਰਹੀ ਹੈ ਜੋ ਹੁਣੇ-ਹੁਣੇ ਸਮੁੰਦਰ ਵਿਚੋਂ ਨਿਕਲ ਕੇ ਧਰਤੀ 'ਤੇ ਆਇਆ ਜਾਪਦਾ ਹੈ। ਅਤੀਤ ਤੇ ਵਰਤਮਾਨ ਦੇ ਨਾਇਕ ਤੇ ਖਲਨਾਇਕ- ਸਿਮੋਨ ਬੋਲੀਵਰ ਤੇ ਥੌਮਸ ਜੈਫਰਸਨ, ਹਿਟਲਰ ਤੇ ਸਟਾਲਿਨ, ਚਾਰਲੀ ਚੈਪਲਿਨ ਤੇ ਪੌਲੈਟ ਗੋਡਾਰਡ ਹੇਠਾਂ ਵੱਲ ਤੱਕ ਰਹੇ ਹਨ- ਤੇ ਫਿਰ ਉਨ੍ਹਾਂ ਦੇ ਨੇੜੇ ਖੁਦ ਡੀਏਗੋ ਰਿਵੈਰਾ, ਆਪਣੀ ਪਤਨੀ ਫਰੀਦਾ ਕਾਹਲੋ ਨਾਲ ਖੜ੍ਹਾ ਹੈ। ਜਿੱਧਰ ਵੀ ਨਿਗ੍ਹਾ ਜਾਂਦੀ ਹੈ, ਉਧਰ ਘੁਮਿਆਰ, ਬੁੱਤਸਾਜ਼, ਲੁਹਾਰ, ਘਾਹ ਖੋਤਣ ਵਾਲੇ, ਤਰਖਾਣ ਤੇ ਜੁਲਾਹੇ, ਕਿਸਾਨ ਅਤੇ ਟੋਕਰੀਆਂ ਬਣਾਉਣ ਵਾਲੇ ਨਜ਼ਰ ਆਉਂਦੇ ਹਨ। ਇਹ ਦੰਗ ਕਰ ਦੇਣ ਵਾਲੀ ਗੁਲਬੀਨ ਜਾਂ ਕਲੀਡੋਸਕੋਪ (ਜਿਸ ਯੰਤਰ ਵਿਚ ਬਹੁਤ ਸਾਰੇ ਚਿੱਤਰ ਦੇਖੇ ਜਾ ਸਕਦੇ ਹਨ) ਹੈ ਪਰ ਇਸ ਵਿਚਲੇ ਆਕਾਰ ਸਬਬੀਂ ਨਹੀਂ ਬਣੇ ਸਗੋਂ ਹਰ ਚੀਜ਼ ਦਾ ਮਾਇਨਾ ਹੈ, ਹਰ ਚੀਜ਼ ਮਘਦੀ ਕਲਪਨਾ ਦੀ ਬੁਝਾਰਤ ਦੇ ਹਰ ਅੰਗ ਵਾਂਗ ਥਾਂ ਸਿਰ ਹੈ।

ਬਹਰਹਾਲ, ਇਹ ਸਮੁੱਚੇ ਵਰਤਾਰੇ ਦਾ ਮਹਿਜ਼ ਇਕ ਪਾਸਾ ਹੈ, ਦੂਜਾ ਪਾਸਾ ਇਸ ਮਿਊਰਲ ਨੂੰ ਤਬਦੀਲ ਕਰਨ ਨਾਲ ਜੁੜਿਆ ਸੀ। ਇਸ ਤਬਾਦਲੇ ਦੀ ਤਿਆਰੀ ਅਤੇ ਇਸ ਦੇ ਹਕੀਕੀ ਅਮਲ ਦੇ ਸਬੰਧ ਵਿਚ ਆਮ ਲੋਕਾਂ ਲਈ ਵੀ ਬਹੁਤ ਲੰਮਾ ਚੌੜਾ ਪ੍ਰੋਗਰਾਮ ਸੀ। ਇਸ ਪ੍ਰਕਿਰਿਆ ਦੇ ਹਰ ਭਾਗ ਬਾਰੇ ਪਹਿਲਾਂ ਡੂੰਘੀ ਸੋਚ ਵਿਚਾਰ ਕੀਤੀ ਗਈ ਤਾਂ ਕਿ ਪੈਨਲ ਅਜਾਇਬਘਰ ਲਿਆਂਦੇ ਜਾ ਸਕਣ। ਪਹਿਲਾਂ ਨਕਲੀ ਪੈਨਲ ਵਾਲਾ ਵਿਸ਼ੇਸ਼ ਟਰੱਕ ਲਿਜਾਇਆ ਗਿਆ ਜਿਸ ਦੀ ਰਫਤਾਰ ਪੰਜ ਮੀਲ ਫੀ ਘੰਟਾ ਰੱਖੀ ਗਈ ਤੇ ਇਸ ਨਾਲ ਝਟਕਿਆਂ ਤੋਂ ਬਚਾਓ ਵਾਸਤੇ ਵਿਸ਼ੇਸ਼ ਸ਼ੌਕ ਐਬਜ਼ਰਬਰ ਲਗਾਏ ਗਏ। ਯੂਨੀਵਰਸਿਟੀ ਅਤੇ ਡਿਜ਼ਾਈਨ ਸੈਂਟਰ ਤੋਂ ਕਈ ਇੰਜਨੀਅਰ ਤੇ ਡਿਜ਼ਾਈਨਰ ਬੁਲਾਏ ਗਏ ਜਿਨ੍ਹਾਂ ਵਿਚ ਪ੍ਰੋਫੈਸਰ ਰੀਵਿਕ ਵੀ ਸ਼ਾਮਲ ਸਨ। ਉਹ ਜਾਣਦੇ ਸਨ ਕਿ ਇਹ ਮਿਊਰਲ ਸਿੱਧਾ ਕੰਧ 'ਤੇ ਨਹੀਂ ਸਗੋਂ ਪਲਾਸਟਰ ਕੀਤੇ ਪੈਨਲਾਂ 'ਤੇ ਬਣਾਇਆ ਗਿਆ ਹੈ ਤੇ ਇਸ ਨੂੰ ਬਹੁਤ ਸਾਵਧਾਨੀ ਨਾਲ ਹੀ ਤਬਦੀਲ ਕੀਤਾ ਜਾ ਸਕਦਾ ਹੈ। ਇਸ ਕਰਕੇ ਟੀਮ ਨੇ ਤਬਾਦਲੇ ਦੇ ਕਈ ਅਭਿਆਸ ਕਰ ਕੇ ਦੇਖੇ। ਜਿਹੜੀ ਸਮੱਗਰੀ ਰਿਵੈਰਾ ਨੇ ਵਰਤੀ ਸੀ, ਉਸੇ ਨਾਲ ਮਿਲਦੇ-ਜੁਲਦੇ ਦੋ ਪੈਨਲ ਤਿਆਰ ਕੀਤੇ ਗਏ; ਉਸੇ ਥਾਂ 'ਤੇ ਬੋਲਟ ਲਗਾ ਕੇ ਤੇ ਵੈਲਡਿੰਗ ਕਰ ਕੇ ਕੰਧ ਬਣਾਈ। ਪੈਨਲਾਂ ਨੂੰ ਬਿਨਾ ਕਿਸੇ ਨੁਕਸਾਨ ਤੋਂ ਉਤਾਰਨ ਲਈ ਔਜ਼ਾਰਾਂ ਦਾ ਵਾਰ-ਵਾਰ ਇਸਤੇਮਾਲ ਕਰ ਕੇ ਦੇਖਿਆ। ਡਾ. ਰੀਵਿਕ ਨੇ ਲਿਖਿਆ: 'ਫਿਰ ਉਨ੍ਹਾਂ ਨੂੰ ਹਲੂਣ, ਮੋੜ ਕੇ ਤੇ ਸੱਟਾਂ ਮਾਰ ਕੇ ਦੇਖਿਆ ਕਿ ਉਹ ਕਿੰਨਾ ਕੁ ਦਬਾਅ ਝੱਲ ਸਕਦੇ ਹਨ। ਕਾਲਜ ਦੀ ਚਾਰਦੀਵਾਰੀ ਵਿਚ ਬੇਹੱਦ ਸਫਾਈ ਨਾਲ 18 ਇੰਚੀ ਸੁਰਾਖ ਕੀਤੇ। ਇਮਾਰਤ ਦੇ ਅੰਦਰ ਤੇ ਬਾਹਰ ਮੌਜੂਦ ਤਬਾਦਲਾ ਮਾਹਿਰਾਂ ਦੀਆਂ ਟੀਮਾਂ ਨੇ ਮਿਊਰਲ ਦੇ ਉਪਰ ਅਤੇ ਹੇਠਾਂ ਹੌਲੀ-ਹੌਲੀ ਘੁਮਾਉਦਾਰ ਰਾਡਾਂ ਲੰਘਾਈਆਂ; ਇਸ ਦੌਰਾਨ ਉਹ ਹੈੱਡਸੈੱਟਾਂ ਜ਼ਰੀਏ ਇਕ ਦੂਜੇ ਨਾਲ ਸੰਪਰਕ ਵਿਚ ਰਹੇ ਤਾਂ ਕਿ ਕੋਈ ਗਲਤੀ ਨਾ ਹੋਵੇ। ਇਕੋ ਸਮੇਂ ਇੰਚ ਦਾ ਸਿਰਫ ਸੋਲ੍ਹਵਾਂ ਹਿੱਸਾ ਰਾਡ ਹੀ ਅੰਦਰ ਧੱਕੀ ਜਾਂਦੀ ਸੀ। ਇਕ ਪੈਨਲ ਨੂੰ ਛੇ ਇੰਚ ਹਿਲਾਉਣ ਲਈ ਦੋ ਘੰਟੇ ਲੱਗੇ।

### ਡੀਏਗੋ ਰਿਵੈਰਾ ਪੈਨ ਅਮੈਰਿਕਨ ਯੂਨਿਟੀ ਬਾਰੇ...

*ਮੇਰਾ (1940 ਦਾ) ਮਿਊਰਲ ਲਾਤੀਨੀ ਅਮਰੀਕੀ ਭੂ-ਖੰਡ ਅਤੇ ਅਮਰੀਕਾ ਦੇ ਉਚ ਮਕੈਨਕੀ ਵਿਕਾਸ ਦੇ ਸੰਗਮ ਦੇ ਮਹਾਨ ਅਤੀਤ ਨੂੰ ਚਿਤਰੇਗਾ ਕਿਉਂਕਿ ਇਸ ਦੀਆਂ ਜੜ੍ਹਾਂ ਇਸ ਧਰਤੀ 'ਚ ਗਹਿਰੀਆਂ ਉਤਰੀਆਂ ਹੋਈਆਂ ਹਨ... ਮੈਂ ਜੋ ਹੁਣ ਚਿੱਤਰ ਰਿਹਾ ਹਾਂ: ਇਹ ਬਸ ਮਹਾਦੀਪ ਦੇ ਉਤਰੀ ਤੇ ਦਖਣੀ ਭੂ-ਖੰਡ ਦੇ ਕਲਾਤਮਿਕ ਪ੍ਰਗਟਾਵੇ ਦਾ ਸੰਗਮ ਹੈ। ਮੈਂ ਅਮਰੀਕੀ ਕਲਾ, ਦਰਅਸਲ ਹਕੀਕੀ ਅਮਰੀਕੀ ਕਲਾ ਬਣਾਉਣ ਖਾਤਰ ਇਸ ਗੱਲ ਵਿਚ ਯਕੀਨ ਰੱਖਦਾ ਹਾਂ ਕਿ (ਅਮਰੀਕੀ) ਇੰਡੀਅਨ, ਮੈਕਸੀਕਨ, ਐਸਕੀਮੋ ਕਲਾ ਦੇ ਸੁਮੇਲ ਤੋਂ ਬਿਨਾ ਕੰਮ ਨਹੀਂ ਚੱਲ ਸਕਦਾ।*



*ਡੀਏਗੋ ਰਿਵੈਰਾ ਦਾ ਖੁਦ ਦਾ ਬਣਾਇਆ ਚਿੱਤਰ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਨਵੰਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-507



**ਦਾਤਿਆਂ ਦੀ ਦਾਤ ਹੈ ਇਹ, ਕਿਰਤੀਆਂ ਦਾ ਰਾਗ ਹੈ।**
**ਪਸੀਨਿਆਂ ਨਾਲ ਸਿੰਜਿਆ ਇਹ, ਮਹਿਕਦਾ ਗੁਲਾਬ ਹੈ।**
**ਸਾਂਝ ਹੈ ਇਹ ਜਿਊੜਿਆਂ ਦੀ, ਜੱਗ ਸਾਂਝੀਵਾਲ ਹੈ,**
**ਰਿਜ਼ਕ ਦੇ ਜਸ਼ਨਾਂ ਦਾ ਵੇਲਾ, ਅੱਖੀਆਂ ਵਿਚ ਖਾਬ ਹੈ।**

## ਕੈਪਸ਼ਨ ਮੁਕਾਬਲਾ-505



ਬੂਟੀਆਂ ਵਾਲੀ ਫਰਾਕ ਪਾ ਲਈ,
ਸਿਰ 'ਤੇ ਫੁੱਲ ਸਜਾਏ।
ਆਪ ਤਾਂ ਤੁਰ ਗਏ ਸਾਰੇ ਮੇਲੇ
ਮੈਨੂੰ ਭੁੱਲ ਭੁਲਾਏ।
'ਹਾਏ ਮੈਂ ਮਰਜਾਂ, ਹੁਣ ਕੀ ਕਰੀਏ?'
ਭੋਰਾ ਸਮਝ ਨਾ ਆਏ।

**-ਜਗਮੀਤ ਸਿੰਘ ਪੰਧੇਰ**
**ਲੁਧਿਆਣਾ**
**ਫੋਨ: 91-98783-37222**

---

ਨੰਨ੍ਹੀ ਬੱਚੀ ਰੁੱਸ ਕੇ ਖੜ੍ਹ ਗਈ,
ਮੈਂ ਨਹੀਂ ਕਿਸੇ ਨਾਲ ਬੋਲਣਾ,
ਮੇਰੇ ਬੇਸ਼ੱਕ ਫੁੱਲ ਸਜਾਤਾ,
ਪਰ ਪਿਆਰ ਵੀਰੇ ਵੱਲ ਡੋਲਣਾ
ਪੁੱਤ ਵੰਡਾਉਣ ਜਾਇਦਾਦਾਂ ਲੋਕੋ
ਧੀਆਂ ਦੁੱਖ ਵੰਡਾਉਂਦੀਆਂ ਨੇ
ਮਾਪਿਆਂ ਨੂੰ ਆਵੇ ਆਂਚ ਜਦੋਂ,
ਭੱਜੀਆਂ ਆਉਂਦੀਆਂ ਨੇ।

**-ਜਗਜੀਤ ਕੌਰ ਤੂਰ**
**639 ਸੈਕਟਰ 40-ਏ,**
**ਚੰਡੀਗੜ੍ਹ।**

---

ਛੋਟੀ ਬੱਚੀ ਆਖੇ ਮੇਰੀ ਪਹਿਲ
ਠੰਢੇ ਬਸਤੇ ਵਿੱਚ ਪਾਈ।
ਮੇਰੇ ਹਿੱਸੇ ਦੀਆਂ ਚੀਜ਼ਾਂ,
ਲਾਡਲੇ ਪੁੱਤ ਨੂੰ ਜਾਵੇ ਫੜਾਈ।
ਵੱਡੀ ਹੋਈ ਨੂੰ ਸਮਝ ਹੈ ਆਉਣੀ,
ਸਬਰ ਹੀ ਜ਼ਿੰਦਗੀ ਦਾ ਗਹਿਣਾ,
ਬੇਗਾਨੇ ਘਰ ਜਾ ਕੇ ਰਹੂ,
ਸੁਖਾਲਾ ਭੱਠ ਖੇੜਿਆਂ ਦਾ ਸਹਿਣਾ।

**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ (ਪਟਿਆਲਾ)**
**91-98784-69639**

---

ਪਾ ਕੇ ਫਰਾਕ ਅਸਮਾਨੀ ਰੰਗੀ,
ਮੱਥੇ ਮਾਂ ਫੁੱਲ ਸਜਾਏ,
ਅਥਰਾ ਬਚਪਨ ਅਨਭੋਲ ਜਿਹਾ,
ਸ਼ਰਾਰਤੋਂ ਬਾਜ਼ ਨਾ ਆਏ।
ਮੰਮੀ ਨੇ ਜਦੋਂ ਚਪੇੜ ਦਿਖਾਈ,
ਸਹਿਮੀ-ਸਹਿਮੀ ਜਾਪੇ,
ਖੜ੍ਹੀ ਗੱਲ੍ਹਾਂ ਉੱਤੇ ਹੱਥ ਰੱਖ ਕੇ,
ਹੁਣ ਗੁੱਸਾ ਮਾਂ ਦਾ ਨਾਪੇ।

**-ਸੇਵਾ ਸਿੰਘ "ਨੂਰਪੁਰੀ"**

---

ਵਿੱਚ ਅਸਮਾਨਾਂ ਬਣ ਕੇ ਚਾਵਲਾ,
ਕੁੜੀ ਹੀ ਧਾਕ ਜਮਾਵੇ।
ਪੀ ਟੀ ਊਸ਼ਾ ਵਿੱਚ ਮੈਦਾਨਾਂ,
ਉੱਡਣ-ਪਰੀ ਬਣ ਜਾਵੇ।
ਲੋਕੀਂ ਸਾਨੂੰ ਕਿਉਂ ਪੱਥਰ ਕਹਿੰਦੇ?
ਮੈਨੂੰ ਸਮਝ ਨਾ ਆਵੇ।

**-ਗੁਰਦੇਵ ਸਿੰਘ ਢਪਾਲੀ, ਬਠਿੰਡਾ।**
**ਫੋਨ: 94176-49275**

---

ਮਾਂ ਪਿਆਰ ਕਰਦੀ ਰੱਜ ਕੇ
ਮੁੰਡਾ ਹੋਵੇ ਜਾਂ ਕੁੜੀ
ਚਾਅ-ਮਲਾਰ ਵਿੱਚ
ਕੋਈ ਕਸਰ ਨਾ ਛੱਡਦੀ
ਐਪਰ ਸਮਾਜ ਵਿੱਚ ਵਿਚਰਦਿਆਂ
ਘਰਵਾਲੇ, ਸੱਸ-ਸਹੁਰੇ ਦੀਆਂ ਚੋਭਾਂ,
ਕੁਝ ਅਸਰ ਕਰ ਹੀ ਜਾਂਦੀਆਂ,
ਕਿ ਮੁੰਡਾ ਹੀ ਹੈ ਆਪਣਾ
ਕੁੜੀ ਤਾਂ ਹੈ ਬੇਗਾਨਾ ਧਨ
ਜਾਣਦੀ-ਬੁੱਝਦੀ ਮਜਬੂਰੀ ਵੱਸ
ਮਾਂ ਕੁਝ ਘੇਸਲ ਵੱਟ ਹੀ ਜਾਂਦੀ।

**-ਦਰਸ਼ਨ ਪਾਲ ਦੋਸਾਂਝ।**

# ਰਾਜਿੰਦਰ ਸਿੰਘ ਦੀ ਕੋਚਿੰਗ ਅਤੇ ਲੇਖਣੀ

ਪੰਜਾਬੀ ਖੇਡ ਸਾਹਿਤ 65



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕ੍ਰਿਕਟ ਕੋਚ ਰਾਜਿੰਦਰ ਸਿੰਘ ਬਿਸ਼ਨ ਸਿੰਘ ਬੇਦੀ ਤੋਂ ਬਾਰਾਂ ਸਾਲ ਵੱਡਾ ਹੈ। ਨਵਜੋਤ ਸਿੱਧੂ ਨੂੰ ਉਹ ਅੱਲ੍ਹੜ ਅਵਸਥਾ ਤੋਂ ਪੰਜਾਬ ਦੀ ਕ੍ਰਿਕਟ ਟੀਮ ਵਿਚ ਚੁਣਦਾ ਰਿਹਾ। ਰਾਜਿੰਦਰ ਸਿੰਘ ਉਦੋਂ ਪੰਜਾਬ ਕ੍ਰਿਕਟ ਐਸੋਸੀਏਸ਼ਨ ਦਾ ਜਾਇੰਟ ਸਕੱਤਰ ਤੇ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਸੀ। ਉਹਨੇ ਅੰਮ੍ਰਿਤਸਰੋਂ ਬੀਏ ਕਰ ਕੇ ਕੁਝ ਸਮਾਂ ਭਿੱਖੀਵਿੰਡ ਦੇ ਬੈਂਕ ਵਿਚ ਨੌਕਰੀ ਕੀਤੀ। 1965 ਤੋਂ 1995 ਤਕ ਡੀਏਵੀ ਕਾਲਜ ਜਲੰਧਰ ਵਿਚ ਕ੍ਰਿਕਟ ਕੋਚ ਰਿਹਾ। ਕੋਚਿੰਗ ਦੇਣ ਦੇ ਨਾਲ ਜਲੰਧਰ ਰੇਡੀਓ ਤੇ ਦੂਰਦਰਸ਼ਨ ਤੋਂ ਖੇਡਾਂ ਦੀ ਕੁਮੈਂਟਰੀ ਕਰਦਾ ਰਿਹਾ ਅਤੇ ਅਖ਼ਬਾਰਾਂ 'ਚ ਖੇਡ ਲੇਖ ਲਿਖਦਾ ਰਿਹਾ। ਉਸ ਦੀਆਂ ਖੇਡ ਪੁਸਤਕਾਂ ਦੇ ਨਾਂ ਹਨ: ਕ੍ਰਿਕਟ ਕਿਵੇਂ ਖੇਡੀਏ, ਵਾਲੀਬਾਲ ਕਿਵੇਂ ਖੇਡੀਏ, ਪੰਜਾਬ ਕ੍ਰਿਕਟ ਦੇ ਝਰੋਖੇ 'ਚੋਂ, ਕੁਸ਼ਤੀ ਦਾ ਮਹਾਂਬਲੀ ਪਹਿਲਵਾਨ ਕਰਤਾਰ ਸਿੰਘ, ਪੰਜਾਬ ਦੇ ਤਰਾਸ਼ੇ ਹੀਰੇ ਤੇ ਧਰਤੀ ਦਾ ਲਾਲ ਪਹਿਲਵਾਨ ਕਰਤਾਰ ਸਿੰਘ।

ਕ੍ਰਿਕਟ ਕੋਚ ਰਾਜਿੰਦਰ ਸਿੰਘ ਨੱਬਿਆਂ ਨੂੰ ਢੁੱਕਿਆ ਨੌਜੁਆਨ ਖੇਡ ਲੇਖਕ ਹੈ। ਕਸੂਰ, ਜ਼ਿਲ੍ਹਾ ਲਾਹੌਰ ਦਾ ਜੰਮਪਲ ਤੇ ਸੰਤਾਲੀ ਦੇ ਉਜਾੜੇ ਪਿੱਛੋਂ ਜਲੰਧਰ ਦਾ ਪੱਕਾ ਵਸਨੀਕ। ਉਸ ਨੇ ਕੋਚਿੰਗ ਵੀ ਦਿੱਤੀ, ਕੁਮੈਂਟਰੀ ਵੀ ਕੀਤੀ ਤੇ ਖੇਡ ਪੱਤਰਕਾਰ ਵੀ ਹੈ। ਉਸ ਦੇ ਸੈਂਕੜੇ ਲੇਖ ਛਪੇ ਹਨ ਤੇ ਅੱਧੀ ਦਰਜਨ ਖੇਡ ਪੁਸਤਕਾਂ। ਵੇਖਣ ਨੂੰ ਸਮਧਰ ਲੱਗਦਾ ਹੈ ਪਰ ਹੈ ਕੱਦਾਵਰ ਸ਼ਖ਼ਸੀਅਤ। ਬੁੱਢੇਵਾਰੇ ਵੀ ਨੌਜੁਆਨ ਵਿਖਾਈ ਦਿੰਦਾ ਹੈ। ਕਸਰਤਾਂ ਨਾਲ ਸਰੀਰ ਅਜੇ ਵੀ ਫਿੱਟ ਰੱਖਿਆ ਹੋਇਐ। ਉਮਰੋਂ ਉਹ ਬਿਸ਼ਨ ਸਿੰਘ ਬੇਦੀ ਤੋਂ ਬਾਰਾਂ ਸਾਲ ਵੱਡਾ ਹੈ। ਨਵਜੋਤ ਸਿੱਧੂ ਨੂੰ ਉਹ ਅੱਲ੍ਹੜ ਅਵੱਸਥਾ ਤੋਂ ਪੰਜਾਬ ਦੀ ਕ੍ਰਿਕਟ ਟੀਮ ਵਿਚ ਚੁਣਦਾ ਰਿਹਾ। ਉਸ ਸਮੇਂ 'ਸ਼ੈਰੀ' ਜੂਨੀਅਰ ਖਿਡਾਰੀ ਹੁੰਦਾ ਸੀ। ਰਾਜਿੰਦਰ ਸਿੰਘ ਉਦੋਂ ਪੰਜਾਬ ਕ੍ਰਿਕਟ ਐਸੋਸੀਏਸ਼ਨ ਦਾ ਜਾਇੰਟ ਸਕੱਤਰ ਤੇ ਟੀਮ ਦੀ ਚੋਣ ਕਮੇਟੀ ਦਾ ਮੈਂਬਰ ਸੀ। ਉਸ ਦਾ ਜਨਮ 27 ਜੂਨ 1935 ਨੂੰ ਸਾਈਂ ਬੁੱਲ੍ਹੇ ਸ਼ਾਹ ਦੇ ਮਜ਼ਾਰ ਨੇੜੇ ਕੋਟ ਆਦਮ ਖਾਂ ਦੇ ਮਹੱਲੇ ਵਿਚ ਕਾਨੂੰਗੋ ਅਮਰ ਸਿੰਘ ਦੇ ਘਰ ਮਾਤਾ ਬਲਵੰਤ ਕੌਰ ਦੀ ਕੁੱਖੋਂ ਹੋਇਆ ਸੀ। ਉਹ ਜੌੜੇ ਭਰਾ ਸਨ ਜਿਨ੍ਹਾਂ ਦੇ ਮੁਹਾਂਦਰਿਆਂ ਦੇ ਭੁਲੇਖੇ ਕਈਆਂ ਨੂੰ ਹੁਣ ਤਕ ਪਈ ਜਾਂਦੇ ਹਨ।

ਕੁਝ ਸਾਲ ਪਹਿਲਾਂ ਪਾਕਿਸਤਾਨ ਦੀ ਕ੍ਰਿਕਟ ਟੀਮ ਜਲੰਧਰ ਮੈਚ ਖੇਡਣ ਆਈ। ਟੀਮ ਵਿਚ ਕ੍ਰਿਕਟ ਸਟਾਰ ਮੋਇਸਨ ਖ਼ਾਨ ਵੀ ਸੀ ਜਿਸ ਦੀ ਫਿਲਮੀ ਐਕਟਰੈੱਸ ਰੀਨਾ ਰਾਏ ਨਾਲ ਗੱਲਬਾਤ ਸੀ। ਰੀਨਾ ਰਾਏ ਬੰਬਈ ਤੋਂ ਜਲੰਧਰ ਆਈ ਜਿਸ ਨੂੰ ਰਾਜਿੰਦਰ ਸਿੰਘ ਦਾ ਜੌੜਾ ਭਰਾ ਮਹਿੰਦਰ ਸਿੰਘ ਟੈਕਸੀ ਵਿਚ ਲੈ ਕੇ ਹੋਟਲ ਪੁੱਜਾ। ਉਹਦੇ ਜ਼ਿੰਮੇ ਖ਼ਾਸ ਮਹਿਮਾਨਾਂ ਦੀ ਆਉ-ਭਗਤ ਕਰਨ ਦੀ ਡਿਊਟੀ ਸੀ। ਉਹੀ ਰੀਨਾ ਰਾਏ ਨੂੰ ਕ੍ਰਿਕਟ ਪਵੇਲੀਅਨ ਲੈ ਕੇ ਗਿਆ ਤੇ ਵੀਆਈਪੀ ਕੈਬਿਨ ਵਿਚ ਬਿਠਾਇਆ। ਮੈਚ ਮੁੱਕਿਆ ਤਾਂ ਉਹ ਮੁੜ ਹੋਟਲ ਜਾਣ ਲਈ ਮਹਿੰਦਰ ਸਿੰਘ ਦੀ ਉਡੀਕ ਕਰਨ ਲੱਗੀ। ਸਬੱਬੀਂ ਰਾਜਿੰਦਰ ਸਿੰਘ ਦਿਸਿਆ ਤਾਂ ਮਾਂ ਦੀ ਧੀ ਨੇ ਉਸ ਨੂੰ ਕੋਲ ਆਉਣ ਦਾ ਇਸ਼ਾਰਾ ਕੀਤਾ, ਅਖੇ ਮੈਨੂੰ ਹੋਟਲ ਲੈ ਚੱਲ। ਸੰਗਾਊ ਜਿਹਾ ਰਾਜਿੰਦਰ ਸਿੰਘ ਹੈਰਾਨ! ਕਿਥੇ ਫਿਲਮੀ ਐਕਟ੍ਰੈੱਸ, ਕਿਥੇ ਉਹ? ਏਨੇ ਨੂੰ ਮਹਿੰਦਰ ਸਿੰਘ ਵੀ ਆ ਗਿਆ। ਅਸਲੀਅਤ ਜਾਣ ਕੇ ਰੀਨਾ ਰਾਏ ਦਾ ਹਾਸਾ ਨਾ ਰੁਕੇ।

ਭਗਵਾਨ ਰਾਮ ਦੇ ਪੁੱਤਰ ਕੁਸ਼ ਦੇ ਵਸਾਏ ਕਸੂਰ ਨਾਲ ਜਿਥੇ ਬੁੱਲ੍ਹੇ ਸ਼ਾਹ ਦਾ ਨਾਂ ਜੁੜਿਆ ਆ ਰਿਹੈ ਉਥੇ ਕਸੂਰੀ ਮੇਥੀ ਤੇ ਕਸੂਰੀ ਜੁੱਤੀ ਵੀ ਜੁੜੀ ਹੋਈ ਹੈ: ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ, ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾਂ, ਓਨ੍ਹੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ...।


ਮੈਨੂੰ 1969 ਵਿਚ ਗੁਰੂ ਨਾਨਕ ਦੇਵ ਜੀ ਦੇ 500ਵੇਂ ਗੁਰਪੁਰਬ ਤੇ ਕਸੂਰ ਵਿਚ ਦੀ ਨਨਕਾਣਾ ਸਾਹਿਬ ਜਾਣ ਦਾ ਚੇਤਾ ਆ ਗਿਐ। ਹੁਸੈਨੀਵਾਲੇ ਬਾਰਡਰ ਤੋਂ ਅੱਧੇ ਕੁ ਘੰਟੇ ਵਿਚ ਅਸੀਂ ਕਸੂਰ ਪਹੁੰਚ ਗਏ ਸਾਂ। ਮੈਨੂੰ ਬੁੱਲ੍ਹੇ ਸ਼ਾਹ ਤੋਂ ਸੋਹਣ ਸਿੰਘ ਸੀਤਲ ਤਕ ਕਿੰਨੇ ਹੀ ਕਸੂਰੀਏ ਯਾਦ ਆਏ। ਸੀਤਲ ਏਥੋਂ ਦੇ ਲਾਗਲੇ ਪਿੰਡ ਕਾਦੀਵਿੰਡ 'ਚ ਹਲ ਵਾਹੁੰਦਾ ਢਾਡੀ ਬਣਿਆ ਸੀ। ਘਣੀਏ ਕੇ ਦੇ ਪਹਿਲਵਾਨ ਕਿੱਕਰ ਸਿੰਘ ਦਾ ਉਸਤਾਦ ਬੂਟਾ ਪਹਿਲਵਾਨ ਵੀ ਯਾਦ ਆਇਆ ਜੋ ਪਿਛੋਂ ਕਸੂਰ ਦਾ ਸੀ। ਜੁੱਤੀ ਕਸੂਰੀ... ਵਾਲਾ ਗੀਤ ਗਾਉਣ ਵਾਲੀ ਸੁਰਿੰਦਰ ਕੌਰ ਵੀ ਯਾਦ ਆਈ। ਮੈਂ ਦਿੱਲੀ ਪੜ੍ਹਦਿਆਂ ਪ੍ਰੋਫੈਸਰ ਜੋਗਿੰਦਰ ਸਿੰਘ ਸੋਢੀ ਦੇ ਘਰ ਜਾਂਦਾ ਤਾਂ ਉਸ ਦੀ ਪਤਨੀ ਸੁਰਿੰਦਰ ਕੌਰ ਦੀ ਬਣਾਈ ਚਾਹ ਪੀਂਦਾ। ਕਸੂਰ ਦੀ ਨਵੀਂ ਪੀੜ੍ਹੀ ਪੱਗ ਦਾੜ੍ਹੀਆਂ ਵਾਲੇ ਸਿੱਖ ਵੇਖ ਕੇ ਹੈਰਾਨ ਹੋ ਰਹੀ ਸੀ। ਜਦੋਂ ਅਸੀਂ ਉਨ੍ਹਾਂ ਨਾਲ ਪੰਜਾਬੀ ਵਿਚ ਗੱਲ ਬਾਤ ਕਰਦੇ ਤਾਂ ਉਹ ਹੈਰਾਨ ਹੋ ਕੇ ਆਂਹਦੇ, "ਇਹ 'ਤੇ ਸਾਡੇ ਵਾਂਗ ਈ ਬੋਲਦੇ ਨੇ!" ਅੱਗੋਂ ਅਸੀਂ ਵੀ ਆਖਦੇ, "ਤੁਸੀਂ ਵੀ ਤੇ ਸਾਡੇ ਵਾਂਗ ਈ ਬੋਲਦੇ ਜੇ।"


ਕਸੂਰ ਦੇ ਰੇਲਵੇ ਸਟੇਸ਼ਨ ਤੋਂ ਨਨਕਾਣਾ ਸਾਹਿਬ ਲਈ ਤਿੰਨ ਸਪੈਸ਼ਲ ਗੱਡੀਆਂ ਚੱਲਣੀਆਂ ਸਨ। ਇਕ ਖੂੰਜੇ ਰੇੜ੍ਹੀ ਵਾਲੇ ਨੇ ਮੱਛੀ ਤਲਣੀ ਸ਼ੁਰੂ ਕਰ ਲਈ ਸੀ। ਮੱਛੀ ਦੀ ਮਹਿਕ ਆਉਣ ਸਾਰ ਮਹਿਕਮੇ ਜੰਗਲਾਤ ਵਾਲਾ ਸਾਡਾ ਬੇਲੀ ਸਾਨੂੰ ਖਿੱਚ ਕੇ ਓਧਰ ਲੈ ਗਿਆ। ਅਸੀਂ ਮੱਛੀ ਦੇ ਪਕੌੜਿਆਂ ਦਾ ਸੁਆਦ ਚੱਖ ਰਹੇ ਸਾਂ ਕਿ ਇਕ ਮੁਸਾਫਿਰ ਰੇੜ੍ਹੀ ਵਾਲੇ ਤੋਂ ਕਿਸੇ ਲਾਗਲੇ ਪਿੰਡ ਦਾ ਰਾਹ ਪੁੱਛਣ ਆ ਗਿਆ। ਰੇੜ੍ਹੀ ਵਾਲਾ ਯੂਪੀ ਦਾ ਮਹਾਜਰ ਹੋਣ ਕਰਕੇ ਉਰਦੂ ਰਲੀ ਪੰਜਾਬੀ 'ਚ ਪਿੰਡ ਦਾ ਰਾਹ ਦੱਸਣ ਲੱਗਾ ਤਾਂ ਲਾਗੇ ਹੀ ਖੜ੍ਹਾ ਇਕ ਸਿੱਖ ਬਜ਼ੁਰਗ ਬੋਲਿਆ, "ਇਹ ਰਾਹ 'ਤੇ ਬੜਾ ਲੰਮਾ ਦੱਸਿਆ ਈ। ਮੈਂ ਤੈਨੂੰ ਸਿੱਧਾ ਰਾਹ ਦੱਸਦਾਂ। ਯੂਪੀ ਦੇ ਏਸ ਬੰਦੇ ਨੂੰ ਏਹਨਾਂ ਰਾਹਾਂ ਦਾ ਕੀ ਪਤਾ? ਮੈਂ ਦੱਸਦਾਂ ਸਿੱਧਾ ਰਾਹ। ਐਥੋਂ ਰੇਲ ਦੀ ਪਟੜੀ ਪਿਆ ਜਾਵੀਂ। ਜਿਥੇ ਪਹਿਲਾ ਫਾਟਕ ਆਇਆ ਓਥੋਂ ਸੱਜੇ ਹੱਥ ਮੁੜ ਪਈਂ। ਸਾਹਮਣੇ ਦੀਵੇ ਜਗਦੇ ਹੋਣਗੇ। ਓਹੀ ਪਿੰਡ ਐ ਜਿਥੇ ਤੂੰ ਜਾਣੈ। ਉਂਜ 'ਤੇ ਸਿੱਧੀ ਡੰਡੀ ਜਾਂਦੀ ਏ ਪਰ ਹਨ੍ਹੇਰੇ 'ਚ ਸੱਪ ਸਲੂਟੀ ਦਾ ਡਰ ਏ। ਮੈਂ ਏਥੇ ਡੰਗਰ ਚਾਰਦਾ ਰਿਹਾਂ, ਮੈਨੂੰ ਏਥੋਂ ਦੇ ਚੱਪੇ ਚੱਪੇ ਦਾ ਪਤੈ।"

ਕਮਾਲ ਸੀ! ਬਾਈ ਸਾਲਾਂ ਬਾਅਦ ਭਾਰਤ ਤੋਂ ਪਾਕਿਸਤਾਨ ਚੱਲਿਆ ਬਜ਼ੁਰਗ ਇਓਂ ਗੱਲਾਂ ਕਰ ਰਿਹਾ ਸੀ ਜਿਵੇਂ ਕਸੂਰ ਅਜੇ ਵੀ ਉਹਦਾ ਹੀ ਹੋਵੇ। ਬੜਾ ਹੰਮਾ ਸੀ ਉਸ ਨੂੰ ਆਪਣੇ ਕਸੂਰ ਦੇ ਇਲਾਕੇ ਉਤੇ। ਨਵੇਂ ਮਾਲਕਾਂ ਨੂੰ ਤਾਂ ਉਹ ਸਮਝਦਾ ਹੀ ਕੱਖ ਨਹੀਂ ਸੀ। ਰੇੜ੍ਹੀ ਵਾਲੇ ਕਸੂਰੀਏ ਨੂੰ ਉਹ ਅਜੇ ਵੀ ਯੂਪੀ ਦਾ ਬੰਦਾ ਕਹੀ ਜਾਂਦਾ ਸੀ।

ਰਾਜਿੰਦਰ ਸਿੰਘ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਤੋਂ ਕ੍ਰਿਕਟ ਤੇ ਵਾਲੀਬਾਲ ਦਾ ਟਰੇਂਡ ਕੋਚ ਹੈ। ਉਸ ਨੇ ਨਾਰਥ ਜ਼ੋਨ ਰਣਜੀ ਟਰਾਫੀ ਕ੍ਰਿਕਟ ਟੂਰਨਾਮੈਂਟ ਵਿਚ ਓਪਨਰ ਬੱਲੇਬਾਜ਼ ਵਜੋਂ ਚਾਰ ਸਾਲ ਪੰਜਾਬ ਦੀ ਨੁਮਾਇੰਦਗੀ ਕੀਤੀ। ਉਹ ਬਾਰਾਂ ਸਾਲ ਪੰਜਾਬ ਕ੍ਰਿਕਟ ਐਸੋਸੀਏਸ਼ਨ ਦਾ ਜਾਇੰਟ ਸਕੱਤਰ ਰਿਹਾ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਚੋਣ ਕਮੇਟੀ ਦਾ ਮੈਂਬਰ। ਪੈਂਤੀ ਸਾਲ ਰੇਡੀਓ ਤੇ ਦੂਰਦਰਸ਼ਨ ਜਲੰਧਰ ਤੋਂ ਕ੍ਰਿਕਟ, ਹਾਕੀ, ਕੁਸ਼ਤੀ, ਵਾਲੀਬਾਲ, ਫੁੱਟਬਾਲ ਅਤੇ ਕਬੱਡੀ ਮੈਚਾਂ ਦੀ ਕੁਮੈਂਟਰੀ ਕੀਤੀ। ਮੰਨਣਹਾਣੇ ਦੀਆਂ ਕੁਸ਼ਤੀਆਂ ਸਮੇਂ ਵੀ ਮਾਈਕ ਮੈਂ ਉਹਦੇ ਹੱਥ ਹੀ ਵੇਖਿਆ। ਉਸ ਨੇ ਲਿਖਿਆ: ਪੰਜਾਬ ਦੀ ਪਹਿਲਵਾਨੀ ਦੇ ਵਰਕੇ ਥੱਲੀਏ ਤਾਂ ਮੈਨੂੰ ਯਾਦ ਹੈ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਮੈਂ ਪਾਕਿਸਤਾਨ ਦੇ ਸ਼ਹਿਰ ਕਸੂਰ, ਗੌਰਮਿੰਟ ਹਾਈ ਸਕੂਲ ਵਿਚ ਛੇਵੀਂ ਜਮਾਤ ਵਿਚ ਪੜ੍ਹਦਾ ਸਾਂ। ਸਾਡੇ ਸਕੂਲ ਦੇ ਰਸਤੇ ਵਿਚ ਮੁਸਲਮਾਨ ਫਕੀਰਾਂ ਦਾ ਇੱਕ ਤਕੀਆ ਆਉਂਦਾ ਸੀ ਅਤੇ ਉਸ ਤਕੀਏ ਵਿਚ ਕੁਸ਼ਤੀ ਦਾ ਅਖਾੜਾ ਗੋਡਿਆ ਹੁੰਦਾ ਸੀ। ਅਕਸਰ ਇੱਥੇ ਮੱਸ-ਫੁੱਟ ਗੱਭਰੂ ਪਹਿਲਵਾਨੀ ਕਰਦੇ ਦਿਖਾਈ ਦਿੰਦੇ ਸਨ। ਪਹਿਲਵਾਨ ਇਨ੍ਹਾਂ ਅਖਾੜਿਆਂ ਦਾ ਧਰਮ ਸਥਾਨਾਂ ਵਾਂਗ ਸਤਿਕਾਰ ਕਰਿਆ ਕਰਦੇ ਸਨ।

ਰਾਜਿੰਦਰ ਸਿੰਘ ਨੇ ਅੰਮ੍ਰਿਤਸਰੋਂ ਬੀਏ ਕਰ ਕੇ ਕੁਝ ਸਮਾਂ ਭਿੱਖੀਵਿੰਡ ਦੇ ਬੈਂਕ ਵਿਚ ਨੌਕਰੀ ਕੀਤੀ। 1965 ਤੋਂ 1995 ਤਕ ਡੀਏਵੀ ਕਾਲਜ ਜਲੰਧਰ ਵਿਚ ਕ੍ਰਿਕਟ ਕੋਚ ਰਿਹਾ। ਕੋਚਿੰਗ ਦੇਣ ਦੇ ਨਾਲ ਜਲੰਧਰ ਰੇਡੀਓ ਤੇ ਦੂਰਦਰਸ਼ਨ ਤੋਂ ਖੇਡਾਂ ਦੀ ਕੁਮੈਂਟਰੀ ਕਰਦਾ ਰਿਹਾ ਅਤੇ ਅਖ਼ਬਾਰਾਂ 'ਚ ਖੇਡ ਲੇਖ ਲਿਖਦਾ ਰਿਹਾ। ਉਸ ਦੀਆਂ ਖੇਡ ਪੁਸਤਕਾਂ ਦੇ ਨਾਂ ਹਨ: ਕ੍ਰਿਕਟ ਕਿਵੇਂ ਖੇਡੀਏ, ਵਾਲੀਬਾਲ ਕਿਵੇਂ ਖੇਡੀਏ, ਪੰਜਾਬ ਕ੍ਰਿਕਟ ਦੇ ਝਰੋਖੇ 'ਚੋਂ, ਕੁਸ਼ਤੀ ਦਾ ਮਹਾਂਬਲੀ ਪਹਿਲਵਾਨ ਕਰਤਾਰ ਸਿੰਘ, ਪੰਜਾਬ ਦੇ ਤਰਾਸ਼ੇ ਹੀਰੇ ਤੇ ਧਰਤੀ ਦਾ ਲਾਲ ਪਹਿਲਵਾਨ ਕਰਤਾਰ ਸਿੰਘ।






ਰਾਜਿੰਦਰ ਸਿੰਘ (ਖੱਬੇ) ਦੀ ਕਿਤਾਬ 'ਪੰਜਾਬ ਦੇ ਤਰਾਸ਼ੇ ਹੀਰੇ' ਦਾ ਮੁਖੜਾ।

ਓਹ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਤੋਂ ਕ੍ਰਿਕਟ ਤੇ ਵਾਲੀਬਾਲ ਦਾ ਟਰੇਂਡ ਕੋਚ ਹੈ। ਉਸ ਨੇ ਨਾਰਥ ਜ਼ੋਨ ਰਣਜੀ ਟਰਾਫੀ ਕ੍ਰਿਕਟ ਟੂਰਨਾਮੈਂਟ ਵਿਚ ਓਪਨਰ ਬੱਲੇਬਾਜ਼ ਵਜੋਂ ਚਾਰ ਸਾਲ ਪੰਜਾਬ ਦੀ ਨੁਮਾਇੰਦਗੀ ਕੀਤੀ। ਉਹ ਬਾਰਾਂ ਸਾਲ ਪੰਜਾਬ ਕ੍ਰਿਕਟ ਐਸੋਸੀਏਸ਼ਨ ਦਾ ਜਾਇੰਟ ਸਕੱਤਰ ਰਿਹਾ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਚੋਣ ਕਮੇਟੀ ਦਾ ਮੈਂਬਰ। ਪੈਂਤੀ ਸਾਲ ਰੇਡੀਓ ਤੇ ਦੂਰਦਰਸ਼ਨ ਜਲੰਧਰ ਤੋਂ ਕ੍ਰਿਕਟ, ਹਾਕੀ, ਕੁਸ਼ਤੀ, ਵਾਲੀਬਾਲ, ਫੁੱਟਬਾਲ ਅਤੇ ਕਬੱਡੀ ਮੈਚਾਂ ਦੀ ਕੁਮੈਂਟਰੀ ਕੀਤੀ। ਮੰਨਣਹਾਣੇ ਦੀਆਂ ਕੁਸ਼ਤੀਆਂ ਸਮੇਂ ਵੀ ਮਾਈਕ ਮੈਂ ਉਹਦੇ ਹੱਥ ਹੀ ਵੇਖਿਆ। ਉਸ ਨੇ ਲਿਖਿਆ: ਪੰਜਾਬ ਦੀ ਪਹਿਲਵਾਨੀ ਦੇ ਵਰਕੇ ਥੱਲੀਏ ਤਾਂ ਮੈਨੂੰ ਯਾਦ ਹੈ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਮੈਂ ਪਾਕਿਸਤਾਨ ਦੇ ਸ਼ਹਿਰ ਕਸੂਰ, ਗੌਰਮਿੰਟ ਹਾਈ ਸਕੂਲ ਵਿਚ ਛੇਵੀਂ ਜਮਾਤ ਵਿਚ ਪੜ੍ਹਦਾ ਸਾਂ। ਸਾਡੇ ਸਕੂਲ ਦੇ ਰਸਤੇ ਵਿਚ ਮੁਸਲਮਾਨ ਫਕੀਰਾਂ ਦਾ ਇੱਕ ਤਕੀਆ ਆਉਂਦਾ ਸੀ ਅਤੇ ਉਸ ਤਕੀਏ ਵਿਚ ਕੁਸ਼ਤੀ ਦਾ ਅਖਾੜਾ ਗੋਡਿਆ ਹੁੰਦਾ ਸੀ। ਅਕਸਰ ਇੱਥੇ ਮੱਸ-ਫੁੱਟ ਗੱਭਰੂ ਪਹਿਲਵਾਨੀ ਕਰਦੇ ਦਿਖਾਈ ਦਿੰਦੇ ਸਨ। ਪਹਿਲਵਾਨ ਇਨ੍ਹਾਂ ਅਖਾੜਿਆਂ ਦਾ ਧਰਮ ਸਥਾਨਾਂ ਵਾਂਗ ਸਤਿਕਾਰ ਕਰਿਆ ਕਰਦੇ ਸਨ।

ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਕੁਸ਼ਤੀ ਦੇ ਅਜਿਹੇ ਅਖਾੜੇ ਮੁਸਲਮਾਨ ਫਕੀਰਾਂ ਦੇ ਤਕੀਆਂ, ਨਾਥਾਂ ਦੇ ਡੇਰਿਆਂ, ਮਹੰਤਾਂ ਦੀਆਂ ਬਗ਼ੀਚੀਆਂ ਵਿਚ ਆਮ ਹੋਇਆ ਕਰਦੇ ਸਨ। ਪਿੰਡਾਂ ਵਿਚ ਤਾਂ ਉਸ ਸਮੇਂ ਦੋ ਹੀ ਖੇਡਾਂ, ਕੁਸ਼ਤੀ ਤੇ ਕਬੱਡੀ ਹੋਇਆ ਕਰਦੀਆਂ ਸਨ। ਮੈਨੂੰ ਯਾਦ ਹੈ ਕਿ ਕਸੂਰ ਇਲਾਕੇ ਦਾ ਨਾਮੀ ਪਹਿਲਵਾਨ ਮੰਗਲ ਸਿੰਘ ਦੀਆਂ ਧੁੰਮਾਂ ਸਾਰੇ ਪੰਜਾਬ ਵਿਚ ਹੁੰਦੀਆਂ ਸਨ। ਉਸ ਦਾ ਪਿੰਡ ਤਰਗਾ ਕਸੂਰ ਸ਼ਹਿਰ ਦੇ ਨੇੜੇ ਹੀ ਪੈਂਦਾ ਸੀ ਅਤੇ ਉਸ ਦੇ ਪਿੰਡ ਦਾ ਰਾਹ ਸਾਡੇ ਮੁਹੱਲੇ ਕੋਟ ਆਜ਼ਮ ਖਾਨ ਵਿਚੋਂ ਦੀ ਜਾਂਦਾ ਸੀ। ਮੰਗਲ ਸਿੰਘ ਉੱਚਾ, ਲੰਮਾ, ਚੌੜੀ ਛਾਤੀ ਤੇ ਸੁਡੌਲ ਜਿਸਮ ਦਾ ਮਾਲਕ ਸੀ। ਉਹ ਤੇੜ ਚਿੱਟਾ ਚਾਦਰਾ, ਚਿੱਟਾ ਕੁੜਤਾ ਤੇ ਸ਼ਮਲੇ ਵਾਲੀ ਪੱਗ ਨਾਲ ਆਪਣੀ ਸ਼ਿੰਗਾਰੀ ਹੋਈ ਘੋੜੀ ਤੇ ਬੈਠ ਕੇ ਜਦੋਂ ਸਾਡੇ ਕੋਲੋਂ ਦੀ ਲੰਘਦਾ ਸੀ ਤਾਂ ਅਸੀਂ ਉੱਥੇ ਖੇਡ ਰਹੇ ਮੁੰਡੇ ਖੁਸ਼ੀ ਵਿਚ ਉਸ ਵੱਲ ਇਸ਼ਾਰਾ ਕਰ ਕੇ ਉੱਚੀ ਉੱਚੀ ਇੱਕ ਦੂਜੇ ਨੂੰ ਆਖਦੇ, "ਅਹੁ ਪਹਿਲਵਾਨ ਮੰਗਲ ਸਿੰਘ ਜਾ ਰਿਹਾ ਜੇ।" ਪੇਸ਼ ਹੈ ਉਸ ਦੀ ਪੁਸਤਕ 'ਪੰਜਾਬ ਦੇ ਤਰਾਸ਼ੇ ਹੀਰੇ' ਵਿਚੋਂ ਨਵਜੋਤ ਸਿੱਧੂ ਬਾਰੇ ਲੇਖ:

### ਨਵਜੋਤ ਸਿੰਘ ਸਿੱਧੂ ਉਰਫ ਸ਼ੈਰੀ

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਨਵਜੋਤ ਸਿੰਘ ਸਿੱਧੂ ਮੇਰੀ ਤਾਰੀਫ ਦੇ ਮੁਥਾਜ ਨਹੀਂ। ਪੰਜਾਬ ਦਾ ਹੀ ਨਹੀਂ ਸਗੋਂ ਭਾਰਤ ਦਾ ਬੱਚਾ ਬੱਚਾ ਜਾਣਦਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਕ੍ਰਿਕਟ ਦੇ ਖੇਤਰ ਵਿਚ ਭਾਰਤ ਲਈ ਬਹੁਤ ਕੁਝ ਕੀਤਾ ਹੈ। ਨਵਜੋਤ ਸਿੰਘ ਨੂੰ ਮੈਂ 1975 ਤੋਂ ਇਸ ਕਰਕੇ ਜਾਣਦਾ ਹਾਂ ਕਿ ਇਹਨਾਂ ਦੇ ਪਿਤਾ ਜੀ ਭਗਵੰਤ ਸਿੰਘ ਸਿੱਧੂ ਉਸ ਵੇਲੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸੀਨੀਅਰ ਵਾਈਸ ਪ੍ਰਧਾਨ ਸਨ ਜਦਕਿ ਮੈਂ ਐਸੋਸੀਏਸ਼ਨ ਦਾ ਜਾਇੰਟ ਸਕੱਤਰ ਅਤੇ ਚੋਣ ਕਮੇਟੀ ਦਾ ਮੈਂਬਰ ਸੀ। ਸ. ਭਗਵੰਤ ਸਿੰਘ ਸਿੱਧੂ ਦੀ ਇਹ ਤੀਬਰ ਇੱਛਾ ਸੀ ਕਿ ਮੇਰਾ ਬੇਟਾ ਕ੍ਰਿਕਟ ਦੇ ਮੈਦਾਨ ਵਿਚ ਚੰਗੇ ਬੱਲੇਬਾਜ਼ ਦੇ ਰੂਪ ਵਿਚ ਉਭਰ ਕੇ ਭਾਰਤ ਦੇ ਸਾਹਮਣੇ ਆਵੇ। ਇਸ ਆਸ਼ੇ ਨੂੰ ਪੂਰਾ ਕਰਨ ਲਈ ਜਿਥੇ ਨਵਜੋਤ ਸਿੰਘ ਸਿੱਧੂ ਨੇ ਬਾਰਾਂਦਰੀ ਪਟਿਆਲਾ ਦੇ ਕ੍ਰਿਕਟ ਮੈਦਾਨ ਵਿਚ ਅਣਥੱਕ ਮਿਹਨਤ ਕੀਤੀ ਉਥੇ ਭਗਵੰਤ ਸਿੰਘ ਸਿੱਧੂ ਨੇ ਨਵਜੋਤ ਦੀ ਖੇਡ ਵਿਚ ਨਿਖਾਰ ਲਿਆਉਣ ਲਈ ਕ੍ਰਿਕਟ ਦੀਆਂ ਸਾਰੀਆਂ ਸਹੂਲਤਾਂ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਇਸ ਤੋਂ ਇਲਾਵਾ ਪੰਜਾਬ ਵਿਚ ਜਿਥੇ ਵੀ ਨਵਜੋਤ ਸਿੰਘ ਮੈਚ ਖੇਡਣ ਜਾਂਦਾ, ਭਗਵੰਤ ਸਿੰਘ, ਨਵਜੋਤ ਦੀ ਬੱਲੇਬਾਜ਼ੀ ਦੇਖਣ ਲਈ ਉਚੇਚੇ ਤੌਰ ਤੇ ਉਥੇ ਪੁੱਜਦੇ। ਉਹ ਮੈਚ ਭਾਵੇਂ ਜ਼ਿਲ੍ਹਾ ਪੱਧਰ ਦੇ ਹੁੰਦੇ ਜਾਂ ਫਿਰ ਸਟੇਟ ਪੱਧਰ ਦੇ।

ਭਗਵੰਤ ਸਿੰਘ ਸਿੱਧੂ ਨਾਮਵਰ ਐਡਵੋਕੇਟ ਦੇ ਤੌਰ ਤੇ ਜਾਣੇ ਜਾਂਦੇ ਸਨ। ਇਸ ਗੱਲ ਦਾ ਸਬੂਤ ਇਸ ਤੱਥ ਤੋਂ ਮਿਲਦਾ ਹੈ ਕਿ ਪੰਜਾਬ ਸਰਕਾਰ ਨੇ 1980 ਵਿਚ ਭਗਵੰਤ ਸਿੰਘ ਸਿੱਧੂ ਨੂੰ ਐਡਵੋਕੇਟ ਜਨਰਲ ਦੇ ਅਹੁਦੇ ਤੇ ਨਿਯੁਕਤ ਕਰ ਦਿਤਾ ਸੀ। ਮੈਨੂੰ ਯਾਦ ਹੈ ਕਿ 1981 'ਚ ਪੰਜਾਬ ਰਣਜੀ ਟਰਾਫੀ ਟੀਮ ਦੀ ਚੋਣ ਲਈ ਬਾਰਾਂਦਰੀ ਗਰਾਊਂਡ ਪਟਿਆਲਾ ਵਿਖੇ ਖਿਡਾਰੀਆਂ ਦੇ ਟ੍ਰਾਇਲ ਰੱਖੇ ਗਏ ਸਨ। ਨਵਜੋਤ ਸਿੰਘ ਸਿੱਧੂ ਉਦੋਂ ਭੋਲਾ-ਭਾਲਾ, ਦੁਬਲਾ-ਪਤਲਾ 18 ਕੁ ਸਾਲ ਦਾ ਹੋਵੇਗਾ। ਉਹ ਵੀ ਟ੍ਰਾਇਲ ਦੇਣ ਲਈ ਆਇਆ ਸੀ। ਉਸ ਸਮੇਂ ਬਿਸ਼ਨ ਸਿੰਘ ਬੇਦੀ, ਵਾਚਸਪਤੀ ਸ਼ਰਮਾ, ਸੁਰਿੰਦਰ ਵੈਦਿਆਏ, ਚਮਨ ਲਾਲ ਮਲਹੋਤਰਾ ਅਤੇ ਮੈਂ ਰਣਜੀ ਟਰਾਫੀ ਚੋਣ ਕਮੇਟੀ ਦੇ ਮੈਂਬਰ ਸਾਂ।

ਜਦ ਟੀਮ ਚੁਣਨ ਲੱਗੇ ਤਾਂ ਬਿਸ਼ਨ ਸਿੰਘ ਬੇਦੀ ਵੱਲੋਂ ਪਹਿਲਾ ਨਾਮ ਨਵਜੋਤ ਸਿੰਘ ਸਿੱਧੂ ਦਾ ਲਿਆ ਗਿਆ ਜਿਸ ਉਪਰ ਵਾਚਸਪਤੀ ਸ਼ਰਮਾ ਨੇ ਇਤਰਾਜ਼ ਜਤਾਇਆ ਕਿ ਇਹ ਅਜੇ ਬਹੁਤ ਛੋਟਾ ਹੈ, ਟੀਮ ਵਿਚ ਸ਼ਾਮਲ ਨਹੀਂ ਕਰਨਾ ਚਾਹੀਦਾ। ਬਾਕੀ ਸਾਰੇ ਮੈਂਬਰਾਂ ਨੇ ਇਕ ਆਵਾਜ਼ 'ਚ ਕਿਹਾ ਕਿ ਸ਼ੈਰੀ ਭਾਵੇਂ ਉਮਰ ਦਾ ਛੋਟਾ ਹੈ ਪਰ ਬੱਲੇਬਾਜ਼ੀ ਦੇ ਪੱਖ ਤੋਂ ਬਹੁਤ ਵੱਡਾ ਹੈ। ਨਵਜੋਤ ਸਿੱਧੂ ਨੂੰ ਕ੍ਰਿਕਟ ਸਰਕਲ ਵਿਚ ਸਾਰੇ ਹੀ ਸ਼ੈਰੀ ਦੇ ਨਾਮ ਨਾਲ ਬਲਾਉਂਦੇ ਸਨ। ਉਸ ਨੇ ਰਣਜੀ ਟਰਾਫੀ ਮੁਕਾਬਲਿਆਂ ਵਿਚ ਬਤੌਰ ਅਰੰਭਕ ਬੱਲੇਬਾਜ਼ ਖੇਡਦਿਆਂ ਬਹੁਤ ਹੀ ਸ਼ਾਨਦਾਰ ਬੱਲੇਬਾਜ਼ੀ ਦਾ ਪ੍ਰਦਰਸ਼ਨ ਕੀਤਾ ਜਿਸ ਨੂੰ ਵੇਖ ਕੇ ਸ਼ੈਰੀ ਨੂੰ 1983 'ਚ ਨਾਰਥ ਜ਼ੋਨ ਦੀ ਕ੍ਰਿਕਟ ਵਿਚ ਸ਼ਾਮਲ ਕਰ ਲਿਆ ਗਿਆ ਸੀ।

1983 ਵਿਚ ਵੈਸਟ ਇੰਡੀਜ਼ ਦੀ ਕ੍ਰਿਕਟ ਟੀਮ ਟੈਸਟ ਮੈਚਾਂ ਦੀ ਲੜੀ ਖੇਡਣ ਲਈ ਭਾਰਤ ਦੇ ਦੌਰੇ ਤੇ ਪੁੱਜੀ ਹੋਈ ਸੀ। ਟੈਸਟ ਮੈਚ ਤੋਂ ਪਹਿਲਾਂ ਤਿੰਨ ਦਿਨਾਂ ਮੈਚ ਨਾਰਥ ਜ਼ੋਨ ਅਤੇ ਵੈਸਟ ਇੰਡੀਜ਼ ਦੀਆਂ ਟੀਮਾਂ ਵਿਚਾਲੇ ਗਾਂਧੀ ਗਰਾਊਂਡ ਅੰਮ੍ਰਿਤਸਰ ਵਿਚ ਖੇਡਿਆ ਗਿਆ ਸੀ। ਉਸ ਮੈਚ ਵਿਚ ਵੈਸਟ ਇੰਡੀਜ਼ ਦੇ ਤੇਜ਼ ਗੇਂਦਬਾਜ਼ ਮੈਲਕਮ ਮਾਰਸ਼ਲ, ਐਂਡੀ ਰਾਬਟ ਅਤੇ ਹੋਲਡਰ ਸ਼ਾਮਲ ਸਨ। ਇਸ ਮੈਚ ਵਿਚ ਵੈਸਟ ਇੰਡੀਜ਼ ਦੇ ਤੇਜ਼ ਗੇਂਦਬਾਜ਼ਾਂ ਦੇ ਸਾਹਮਣੇ ਸ਼ੈਰੀ ਨੇ ਬੜੀ ਦਲੇਰੀ ਨਾਲ ਬੱਲੇਬਾਜ਼ੀ ਕੀਤੀ। ਵਿਕਟਾਂ ਦੇ ਚਾਰੋਂ ਪਾਸੇ ਸ਼ਾਟ ਮਾਰ ਕੇ ਸ਼ਾਨਦਾਰ 100 ਦੌੜਾਂ ਬਣਾਈਆਂ। ਇਸ ਦੀ ਸ਼ਾਨਦਾਰ ਬੱਲੇਬਾਜ਼ੀ ਦੇਖ ਕੇ ਸ਼ੈਰੀ ਨੂੰ ਭਾਰਤ ਦੀ ਕ੍ਰਿਕਟ ਟੀਮ ਵਿਚ ਸ਼ਾਮਲ ਕਰ ਲਿਆ ਗਿਆ।

ਇਸ ਤਰ੍ਹਾਂ ਸ਼ੈਰੀ 1983 ਤੋਂ ਲੈ ਕੇ 1999 ਤਕ ਭਾਰਤ ਵਲੋਂ ਟੈਸਟ ਮੈਚ ਬੜੀ ਕਾਮਯਾਬੀ ਨਾਲ ਖੇਡ ਦਾ ਰਿਹਾ। ਸਿੱਧੂ ਨੇ ਕੁੱਲ ਮਿਲਾ ਕੇ 51 ਟੈਸਟ ਮੈਚ ਖੇਡੇ। ਇਹਨਾਂ ਟੈਸਟ ਮੈਚਾਂ ਵਿਚ ਸ਼ੈਰੀ ਨੇ 3000 ਦੇ ਕਰੀਬ ਦੌੜਾਂ ਬਣਾਈਆਂ ਜਿਨ੍ਹਾਂ ਵਿਚ 9 ਸੈਂਕੜੇ ਅਤੇ 15 ਅਰਧ ਸੈਂਕੜੇ ਬਣਾ ਕੇ ਕ੍ਰਿਕਟ ਪ੍ਰੇਮੀਆਂ ਦਾ ਮਨਜ਼ੂਰੇ-ਨਜ਼ਰ ਬਣ ਗਿਆ।

ਗਾਂਧੀ ਗਰਾਊਂਡ ਅੰਮ੍ਰਿਤਸਰ ਵਿਚ ਜਦ ਨਵਜੋਤ ਨੇ 100 ਦੌੜਾਂ ਬਣਾਈਆਂ ਤਾਂ ਭਗਵੰਤ ਸਿੰਘ ਸਿੱਧੂ ਵੀ ਉਥੇ ਮੌਜੂਦ ਸਨ। ਮੈਂ ਉਸ ਮੈਚ ਦੀ ਆਲ ਇੰਡੀਆ ਰੇਡੀਓ ਤੋਂ ਕੁਮੈਂਟਰੀ ਕਰ ਰਿਹਾ ਸਾਂ। ਨਵਜੋਤ ਨੂੰ ਰੇਡੀਓ ਤੇ ਕੁਝ ਕਹਿਣ ਲਈ ਮੈਂ ਪਵੇਲੀਅਨ ਵਿਚੋਂ ਉਸ ਨੂੰ ਲੈਣ ਲਈ ਗਿਆ ਤਾਂ ਭਗਵੰਤ ਸਿੰਘ ਪਵੇਲੀਅਨ ਦੇ ਬਾਹਰ ਖੜ੍ਹੇ ਸਨ। ਉਹਨਾਂ ਨਾਲ ਬਾਬਾ ਰਾਮ ਕਿਸ਼ਨ ਕ੍ਰਿਕਟ ਕੋਚ ਵੀ ਖੜ੍ਹੇ ਸਨ। ਮੈਂ ਸਰਦਾਰ ਜੀ ਨੂੰ ਮੁਬਾਰਕ ਦਿਤੀ ਤਾਂ ਖ਼ੁਸ਼ੀ ਵਿਚ ਉਹਨਾਂ ਦੀਆਂ ਅੱਖਾਂ ਭਰ ਆਈਆਂ ਅਤੇ ਉਹਨਾਂ ਨੇ ਮੈਨੂੰ ਗਲੇ ਨਾਲ ਲਾ ਲਿਆ। ਸਰਦਾਰ ਸਾਹਿਬ ਵੀ ਮੇਰੇ ਨਾਲ ਅੰਦਰ ਚਲੇ ਗਏ। ਜਦ ਮੈਂ ਨਵਜੋਤ ਨੂੰ ਕੁਮੈਂਟੇਟਰ ਬਾਕਸ ਵਿਚ ਆਉਣ ਲਈ ਕਿਹਾ ਤਾਂ ਉਹ ਕਹਿਣ ਲੱਗਾ, 'ਸਰ, ਮੇਰੇ ਕੋਲੋਂ ਬੋਲਿਆ ਨਹੀਂ ਜਾਣਾ।' ਸਰਦਾਰ ਸਾਹਿਬ ਦੇ ਕਹਿਣ ਤੇ ਵੀ ਉਹ ਮੇਰੇ ਨਾਲ ਕੁਮੈਂਟਰੀ ਬਾਕਸ ਵਿਚ ਨਾ ਆਇਆ। ਭਾਵ ਉਸ ਵੇਲੇ ਉਹ ਗੱਲ ਕਰਨ ਤੋਂ ਬਹੁਤ ਝਿਜਕ ਦਾ ਸੀ ਪਰ ਹੁਣ ਤਾਂ ਉਹ ਏਨਾ ਹਾਜ਼ਰ ਜਵਾਬ ਹੈ ਕਿ ਕਿਸੇ ਨੂੰ ਬੋਲਣ ਹੀ ਨਹੀਂ ਦਿੰਦਾ।

ਕ੍ਰਿਕਟ ਪ੍ਰੇਮੀਆਂ ਨੂੰ ਯਾਦ ਹੋਵੇਗਾ ਕਿ ਲਖਨਊ ਵਿਖੇ ਹਰ ਸਾਲ ਸ਼ੀਸ਼ ਮਹੱਲ ਕ੍ਰਿਕਟ ਟੂਰਨਾਮੈਂਟ ਕਰਵਾਇਆ ਜਾਂਦਾ ਸੀ। ਉਸ ਟੂਰਨਾਮੈਂਟ ਵਿਚ ਭਾਰਤ ਦੇ ਟੈਸਟ ਸਟਾਰ ਅਤੇ ਹੋਰ ਉਚ ਕੋਟੀ ਦੇ ਖਿਡਾਰੀ ਹਿੱਸਾ ਲੈਂਦੇ ਸਨ। ਉਸ ਟੂਰਨਾਮੈਂਟ ਵਿਚ ਨਵਜੋਤ ਸਿੰਘ ਸਿੱਧੂ ਵੀ ਦਿੱਲੀ ਦੀ ਕਿਸੇ ਕਲੱਬ ਵੱਲੋਂ ਖੇਡ ਦਾ ਸੀ। ਉਸ ਟੂਰਨਾਮੈਂਟ ਵਿਚ ਇਸ ਦੇ ਚੌਕੇ, ਛਿੱਕਿਆਂ ਦੀ ਬੁਛਾੜ ਦੇਖ ਕੇ ਕ੍ਰਿਕਟ ਕੰਟਰੋਲ ਬੋਰਡ ਆਫ ਇੰਡੀਆ ਦੀਆਂ ਨਜ਼ਰਾਂ ਸਿੱਧੂ ਤੇ ਪਈਆਂ ਅਤੇ ਉਸ ਨੂੰ1987 ਵਿਚ ਇੱਕ ਰੋਜ਼ਾ ਮੈਚਾਂ ਲਈ ਭਾਰਤ ਦੀ ਟੀਮ ਵਿਚ ਸ਼ਾਮਲ ਕਰ ਲਿਆ ਗਿਆ। ਉੱਚੇ ਲੰਬੇ ਸਿੱਧੂ ਨੇ ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਪਾਕਿਸਤਾਨ, ਸ੍ਰੀਲੰਕਾ ਆਦਿ ਦੇਸ਼ਾਂ ਵਿਰੁਧ ਖੇਡਦਿਆਂ ਬਹੁਤ ਹੀ ਸ਼ਾਨਦਾਰ ਬੱਲੇਬਾਜ਼ੀ ਦਾ ਪ੍ਰਦਰਸ਼ਨ ਕੀਤਾ। ਇਹਨਾਂ ਦੇਸ਼ਾਂ ਦੇ ਖਿਲਾਫ ਬੱਲੇਬਾਜ਼ੀ ਕਰਦਿਆਂ ਬੜੀ ਦਲੇਰੀ ਨਾਲ ਆਪਣੇ ਕਦਮਾਂ ਦਾ ਇਸਤੇਮਾਲ ਕਰਕੇ ਤੇ ਕਰੀਜ਼ ਚੋਂ ਬਾਹਰ ਨਿਕਲ ਕੇ ਉੱਚੇ ਲੰਬੇ ਛੱਕੇ ਮਾਰ ਕੇ ਦਰਸ਼ਕਾਂ ਦੀ ਸ਼ਲਾਘਾ ਦਾ ਕੇਂਦਰ ਬਣ ਦਾ ਰਿਹਾ।

ਬੱਲੇਬਾਜ਼ੀ ਦੇ ਨਾਲ ਸ਼ੈਰੀ ਦੀ ਫੀਲਡਿੰਗ ਵੀ ਦੇਖਣ ਵਾਲੀ ਸੀ। ਉਹ ਕਮਾਦੀ ਚਿੜੇ ਜਿੰਨੀ ਫੁਰਤੀ ਨਾਲ ਗੇਂਦ ਉਪਰ ਝਪਟ ਪੈਂਦਾ ਅਤੇ ਆਪਣੇ ਖੱਬੇ ਜਾਂ ਸੱਜੇ ਪਾਸੇ ਡਾਈਵ ਕਰਕੇ ਗੇਂਦ ਨੂੰ ਜਾਣ ਨਹੀਂ ਸੀ ਦਿੰਦਾ। ਉਸ ਦੀ ਫੀਲਡਿੰਗ ਨੂੰ ਦੇਖ ਕੇ ਸਿੱਧੂ ਨੂੰ ਦਰਸ਼ਕ ਜਾਊਂਟੀ ਸਿੰਘ ਕਹਿਣ ਲੱਗ ਪਏ ਸਨ। ਸ਼ੈਰੀ ਨੇ ਕੁਲ ਮਿਲਾ ਕੇ 136 ਇੱਕ ਰੋਜ਼ਾ ਮੈਚ ਖੇਡੇ ਤੇ 4413 ਦੌੜਾਂ ਬਣਾਈਆਂ। ਇਹਨਾਂ ਵਿਚ 6 ਸੈਂਚਰੀਆਂ ਤੇ 33 ਅਰਧ ਸੈਂਚਰੀਆਂ ਬਣਾ ਕੇ ਭਾਰਤ ਨੂੰ ਜਿੱਤ ਦੇ ਰਾਹ ਪਾਉਂਦਾ ਰਿਹਾ। ਟੈੱਸਟ ਮੈਚਾਂ ਵਿਚ ਵੱਧ ਤੋਂ ਵੱਧ 201 ਦੌੜਾਂ ਅਤੇ ਇਕ ਦਿਨਾਂ ਮੈਚ ਵਿਚ ਸਿੱਧੂ ਨੇ 202 ਸ਼ਾਨਦਾਰ ਦੌੜਾਂ ਬਣਾਈਆਂ। ਨਵਜੋਤ ਸਿੰਘ ਸਿੱਧੂ ਜੰਮਿਆਂ ਪਟਿਆਲੇ, ਪੜ੍ਹਿਆ ਪਟਿਆਲੇ ਅਤੇ 15 ਸਾਲ, 19 ਸਾਲ, 22 ਸਾਲ ਤੋਂ ਘੱਟ ਉਮਰ ਦੇ ਮੈਚਾਂ ਅਤੇ ਰਣਜੀ ਟਰਾਫੀ ਮੁਕਾਬਲੇ ਪਟਿਆਲੇ ਵੱਲੋਂ ਖੇਡ ਦਾ ਰਿਹਾ ਪਰ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਉਸ ਨੂੰ ਬੜੀ ਰਾਸ ਆਈ। ਗੁਰੂ ਨੇ ਉਸ ਉਪਰ ਅਪਾਰ ਕ੍ਰਿਪਾ ਕੀਤੀ।

ਸਿੱਧੂ ਦਾ ਜਿਥੇ ਟੈਸਟ ਕੈਰੀਅਰ ਅੰਮ੍ਰਿਤਸਰ ਤੋਂ ਸ਼ੁਰੂ ਹੋਇਆ ਉਥੇ ਉਸ ਦਾ ਸਿਆਸੀ ਜੀਵਨ ਵੀ ਅੰਮ੍ਰਿਤਸਰ ਤੋਂ ਹੀ ਆਰੰਭ ਹੋਇਆ। ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜਕੇ ਉਹ ਦੋ ਵਾਰ ਐਮ.ਪੀ. ਬਣਿਆ, ਇੱਕ ਵਾਰ ਐਮ.ਐਲ.ਏ. ਬਣਿਆ ਅਤੇ ਉਸ ਦੀ ਪਤਨੀ ਸ੍ਰੀਮਤੀ ਨਵਜੋਤ ਕੌਰ ਸਿੱਧੂ ਵੀ ਏਥੋਂ ਹੀ ਚੋਣ ਲੜਕੇ ਐਮ.ਐਲ.ਏ. ਬਣੀ ਸੀ। ਨਵਜੋਤ ਸਿੱਧੂ ਜਿਥੇ ਭਾਰਤ ਦਾ ਚੋਟੀ ਦਾ ਬੱਲੇਬਾਜ਼ ਤੇ ਫੀਲਡਰ ਰਿਹਾ ਉਥੇ ਸਰਗਰਮ ਕ੍ਰਿਕਟ ਤੋਂ ਸੰਨਿਆਸ ਲੈ ਕੇ ਟੀ.ਵੀ. ਚੈਨਲਾਂ ਦਾ ਪ੍ਰਭਾਵਸ਼ਾਲੀ ਕ੍ਰਿਕਟ ਕੁਮੈਂਟੇਟਰ ਵੀ ਰਿਹਾ। ਉਸ ਦੇ ਮੁਹਾਵਰੇਦਾਰ ਅਤੇ ਲੱਛੇਦਾਰ ਕੁਮੈਂਟ ਸੁਣ ਕੇ ਕ੍ਰਿਕਟ ਪ੍ਰੇਮੀ ਬੜਾ ਅਨੰਦ ਮਾਣਦੇ ਰਹੇ।

ਅਖੀਰ ਵਿਚ ਮੈਂ ਨਵਜੋਤ ਸਿੰਘ ਸਿੱਧੂ ਬਾਰੇ ਇਹੋ ਹੀ ਕਹਾਂਗਾ ਕਿ ਕੋਲਿਆਂ ਦੀਆਂ ਖਾਨਾਂ, ਪੱਥਰ ਦੀਆਂ ਖਾਨਾਂ ਜਾਂ ਫਿਰ ਲੋਹੇ ਦੀਆਂ ਖਾਨਾਂ ਤਾਂ ਬਹੁਤ ਮਿਲ ਜਾਣਗੀਆਂ ਪਰ ਲਾਲਾਂ ਦੀਆਂ ਖਾਨਾਂ ਨਹੀਂ ਹੋਇਆ ਕਰਦੀਆਂ।

# ਮੇਰੀ ਮਾਂ ਦਾ ਪਾਕਿਸਤਾਨ

## ਯਾਦਾਂ ਦਾ ਝਰੋਖਾ

'ਮਾਂ' ਸਨੇਹ ਅਤੇ ਮੋਹ ਦੀਆਂ ਤੰਦਾਂ ਨਾਲ ਗੁੰਨ੍ਹਿਆਂ ਇੱਕ ਸੰਸਾਰ ਹੈ। ਇਸ ਦੀ ਬੁਣਤੀ ਨੂੰ ਮਾਂ ਬਣ ਕੇ ਹੀ ਸਮਝਿਆ ਜਾ ਸਕਦਾ ਹੈ। ਜਦੋਂ ਪਤਾ ਚੱਲੇ ਕਿ ਆਪਣੀ ਜਨਮ ਜਨਨੀ ਮਾਂ ਜੀਵਨ-ਮੌਤ ਦੇ ਮੋੜ 'ਤੇ ਖੜ੍ਹੀ ਹੈ, ਤਾਂ ਇਹ ਖਬਰ ਕਿਸੇ ਵੀ ਪਰਵਾਸੀ ਔਲਾਦ ਨੂੰ ਝੰਜੋੜ ਦੇਣ ਲਈ ਕਾਫੀ ਹੈ। ਇਹ ਖਬਰ ਹੌਲ ਪਾ ਦਿੰਦੀ ਹੈ ਕਿ ਕਿਸ ਘੜ੍ਹੀ ਉਡ ਕੇ ਮਾਂ-ਪਿਓ ਕੋਲ ਅੱਪੜ ਜਾਈਏ। ਵਿਦੇਸ਼ਾਂ ਵਿਚ ਵਸਦੇ ਪੁੱਤ ਅਤੇ ਧੀਆਂ ਭਾਵੇਂ ਤੇਜ਼ ਰਫਤਾਰ ਦੌੜ ਰਹੀ ਜ਼ਿੰਦਗੀ ਨਾਲ 'ਮਸ਼ੀਨ' ਬਣ ਦੌੜ ਰਹੇ ਹੋਣ, ਪਰ ਜ਼ਿੰਦਗੀ ਦੇ ਬਚਪਨ ਵਾਲੇ ਹਿੱਸੇ ਦੀਆਂ ਯਾਦਾਂ ਪਰਵਾਸੀਆਂ ਨੂੰ ਆਪਣੀ ਬੁੱਕਲ ਵਿਚ ਲੈ ਅਕਸਰ 'ਮਮਤਾ' ਨਾਲ ਪਲੋਸਦੀਆਂ ਹਨ। ਵੈਸੇ ਤਾਂ ਵਿਦੇਸ਼ ਤੋਂ ਦੇਸ਼ ਵਿਚ



ਆਉਣਾ ਅੱਜ-ਕੱਲ੍ਹ ਕੋਈ ਵੱਡਾ ਮਸਲਾ ਨਹੀਂ ਹੈ, ਪਰ ਕਰੋਨਾ ਅਤੇ ਲੌਕਡਾਊਨ ਦੇ ਇਸ ਭਿਆਨਕ ਸਮੇਂ ਵਿਚ ਇਹ ਮਜਬੂਰੀ ਨੂੰ ਹਊਆ ਬਣਾ ਕੇ ਡਰਾਉਂਦਾ ਹੈ।

ਅਜੀਤ ਸਤਨਾਮ ਕੌਰ

"ਬੀਬੀ ਜੀ...!" ਆਪਣੀ ਮਾਂ ਨੂੰ ਮੈਂ ਜੱਫੇ ਵਿਚ ਲੈ ਲਿਆ। ਕਾਫੀ ਮੁਸ਼ੱਕਤਾਂ ਤੋਂ ਬਾਅਦ ਮੈਂ ਭਾਰਤ ਆਣ ਵਿਚ ਸਫਲ ਹੋ ਸਕੀ। ਆਪਣੀ ਮਾਂ ਨੂੰ ਅਸੀਂ ਚਾਰੇ ਬੱਚੇ ਸ਼ੁਰੂ ਤੋਂ 'ਬੀਬੀ ਜੀ' ਹੀ ਪੁਕਾਰਦੇ ਹਾਂ।

"ਆ ਗਈ ਧੀਏ...!" ਮਾਂ ਨੇ ਮੇਰੀ ਆਵਾਜ਼ ਪਛਾਣ ਕੇ ਕਿਹਾ। ਮਾਂ ਨੇ ਆਪਣੇ ਨਿਰਬਲ ਸਰੀਰ ਨਾਲ ਪੂਰਾ ਤਾਣ ਲਾ ਮੈਨੂੰ ਆਪਣੀ ਛਾਤੀ ਨਾਲ ਲਾ ਲਿਆ। ਮੇਰੇ ਅੰਦਰ ਵੀ 'ਮਾਂ ਵਾਲੀ ਮਮਤਾ' ਉਮੜ ਪਈ, ਕਿਉਂਕਿ ਬਿਮਾਰ ਬੁੱਢੀ ਮਾਂ ਮੈਨੂੰ ਇੱਕ ਓਦਰੇ ਬੱਚੇ ਵਾਂਗ ਹੀ ਜਾਪ ਰਹੀ ਸੀ।

ਮੈਂ ਮਾਂ ਨੂੰ ਚੁੰਮਿਆ। ਮਾਂ ਬੜੀ ਦੇਰ ਤੱਕ ਕਮਜ਼ੋਰ ਹੱਥਾਂ ਨਾਲ ਮੈਨੂੰ ਪਲੋਸਦੀ ਰਹੀ। ਜਿਸ ਮਾਂ ਨੂੰ ਮੈਂ ਸਾਰੀ ਉਮਰ ਬੁਲੰਦ ਹੌਸਲੇ ਵਾਲੀ ਅਤੇ ਚੜ੍ਹਦੀ ਕਲਾ ਵਿਚ ਵੇਖਿਆ ਸੀ, ਉਸ ਨੂੰ 'ਕੈਂਸਰ ਦੀ ਕੁਲਹਿਣੀ ਬਿਮਾਰੀ' ਨਾਲ ਜੂਝਦੇ ਵੇਖ, ਮਨ ਨੂੰ ਬਹੁਤ ਹੌਲ ਪੈ ਰਿਹਾ ਸੀ। ਮੈਂ ਤਿੰਨ ਸਾਲ ਪਹਿਲਾਂ ਜਦ ਭਾਰਤ ਆਈ ਸਾਂ, ਉਦੋਂ ਮਾਂ ਨਾਲ ਆਪਣੇ ਭਤੀਜੇ ਗੁਰਦੀਪ ਦੀ ਪਾਰਟੀ 'ਤੇ ਗਿੱਧਾ-ਭੰਗੜਾ ਵੀ ਪਾਇਆ ਸੀ। ਮੇਰੇ ਪਰਦੇਸੀ ਹੋਣ ਕਾਰਨ ਪੇਕਾ ਪਰਿਵਾਰ ਮੈਨੂੰ ਜ਼ਿਆਦਾ ਕੁਝ ਮਾਂ ਬਾਰੇ ਦੱਸਦਾ ਵੀ ਨਹੀਂ ਸੀ। 'ਕਰੋਨਾ' ਦਾ ਮਾਹੌਲ ਹੋਣ ਕਾਰਨ ਵੀ ਮਾਂ ਆਪਣਾ ਦੁੱਖ ਨਹੀਂ ਸੀ ਫਰੋਲਦੀ ਕਿ ਮੈਂ ਆਪਣੇ ਬੱਚਿਆਂ ਨਾਲ ਆਪਣੇ ਘਰ ਹੀ ਢਕੀ ਰਹਿ ਕੇ ਸੁਰੱਖਿਅਤ ਰਹਾਂ।

"ਸਤਨਾਮ, ਮਾਂ ਕੋਲ ਜ਼ਿਆਦਾ ਸਮਾਂ ਨਹੀਂ ਹੈ, ਮੈਂ ਆਗਰੇ ਗਈ ਸੀ ਮਾਂ ਨੂੰ ਮਿਲਣ, ਤੂੰ ਵੇਖ, ਕਦੋਂ ਤੱਕ ਆ ਸਕਦੀ ਹੈਂ?" ਮੇਰੀ ਵੱਡੀ ਭੈਣ ਜੀ ਨੇ ਮੈਨੂੰ ਭਰੇ ਮਨ ਨਾਲ ਦੱਸ ਮੇਰੇ 'ਦਰਦ' ਦਾ ਪਰਨਾਲਾ ਖੋਲ੍ਹ ਦਿੱਤਾ।

"...ਮਾਂ...!" ਮੇਰੇ ਤੋਂ ਵੀ ਕੁਝ ਬੋਲਿਆ ਨਾ ਗਿਆ। ਜਿਵੇਂ ਸਾਰੇ ਸਰੀਰ ਦਾ ਪਾਣੀ ਗਲੇ ਅਤੇ ਅੱਖਾਂ ਵਿਚ ਉਤਰ ਆਇਆ ਹੋਵੇ। ਮੈਨੂੰ ਬੇਚੈਨੀ ਲੱਗ ਗਈ। ਮਨ ਦੇ ਕਿਸੇ ਕੋਨੇ ਵਿਚ ਦੱਬਿਆ, 4 ਅਪਰੈਲ 2008 ਦੀਆਂ 'ਅਣਫਰੋਲੀਆਂ ਯਾਦਾਂ' ਕਿਸੇ ਗਰਮ ਲਾਵੇ ਵਾਂਗ ਅੰਦਰੋਂ ਫੁੱਟ ਕੇ, ਮੇਰੇ ਸਿਰ ਤੋਂ ਪੈਰਾਂ ਤੱਕ ਮੈਨੂੰ ਝੁਲਸ ਗਈਆਂ। ਕਿਸੇ ਵੀ ਪਰਵਾਸੀ ਲਈ ਸਭ ਤੋਂ ਵੱਡਾ ਦੁੱਖ ਉਦੋਂ ਹੁੰਦਾ ਹੈ, ਜਦ ਉਹ ਆਪਣੇ ਮਾਪਿਆਂ ਦੇ ਅੰਤਿਮ ਸਮੇਂ ਆਪਣੀ ਹਾਜ਼ਰੀ ਕਿਸੇ ਮਜ਼ਬੂਰੀ-ਵੱਸ ਨਾ ਲਾ ਸਕੇ। ਮੇਰੇ ਮਨ ਉਤੇ ਵੀ ਆਪਣੇ 'ਪਾਪਾ ਜੀ' ਦੇ ਅੰਤਿਮ ਸਮੇਂ ਦਰਸ਼ਨ ਨਾ ਕਰ ਪਾਉਣ ਦਾ ਬੋਝ ਮੇਰੇ ਅਖੀਰਲੇ ਸਾਹ ਤੱਕ ਰਹੇਗਾ। ਭਾਰਤ ਦੇਸ਼ ਛੱਡਣ ਵੇਲੇ ਮੈਂ ਪਾਪਾ ਜੀ ਨੂੰ ਮਿਲੀ ਤਾਂ ਉਨ੍ਹਾਂ ਨੂੰ ਜਲਦੀ ਮੁੜ ਮਿਲਣ ਦਾ ਕਹਿ ਕੇ ਜਹਾਜ਼ ਚੜ੍ਹ ਆਈ ਸੀ। ਜਦੋਂ ਮੈਂ ਵਿਦੇਸ਼ ਵਿਚ 'ਪੱਕੇ' ਹੋਣ ਦੀ ਚੱਕੀ ਪੀਹ ਰਹੀ ਸਾਂ, ਉਸ ਦਰਮਿਆਨ ਪਾਪਾ ਜੀ ਆਪਣੇ ਸਾਹਾਂ ਦੇ ਸਫਰ ਨੂੰ ਪੂਰਾ ਕਰ, ਉਸ ਜਹਾਜ਼ 'ਤੇ ਜਾ ਚੜ੍ਹੇ, ਜਿਥੋਂ 'ਮੁੜ ਮਿਲਣ' ਦੀ ਬਾਤ ਨਹੀਂ ਪਾਈ ਜਾਂਦੀ।

ਪਾਪਾ ਜੀ ਨਾਲ ਹਰ ਐਤਵਾਰ ਨੂੰ ਗੱਲ ਹੋਣਾ ਇੱਕ ਨਿਯਮ ਹੀ ਬਣ ਗਿਆ ਸੀ। ਵੀਰਵਾਰ, 4 ਅਪਰੈਲ ਦੀ ਸਵੇਰ ਪਾਪਾ ਜੀ ਕਰੀਬ ਚਾਰ ਵਜੇ ਉਠੇ ਸਨ, ਜੋ ਕਿ ਮਾਂ ਨੇ ਦੱਸਿਆ ਸੀ। ਪਾਪਾ ਜੀ ਕਮਰੇ ਤੋਂ ਬਾਹਰ ਆਏ। ਸ਼ਾਇਦ ਆਪਣੀ ਮਿਹਨਤ ਦੀ ਕਮਾਈ ਨਾਲ ਉਸਾਰੇ ਕਾਰੋਬਾਰ ਅਤੇ ਹਵੇਲੀ ਦੇ ਦੂਰ ਤੱਕ ਹੋਏ ਵਿਸਥਾਰ ਨੂੰ ਵੇਖਿਆ ਹੋਣਾ, "ਚਲੋ! ਆਪਣੀ ਔਲਾਦ ਲਈ ਬੜਾ ਕੁਝ ਬਣਾ ਦਿੱਤਾ!" ਫਿਰ ਮੁੜ ਕਮਰੇ ਵਿਚ ਆ ਗਏ, ਸ਼ਾਇਦ ਆਪਣੀ ਜੀਵਨ-ਸਾਥਣ ਸਵਰਨ ਕੌਰ ਨੂੰ ਦੇਖਿਆ ਹੋਣਾ ਕਿ 'ਆਹ ਜ਼ਿੰਦਗੀ ਦਾ ਸਫਰ ਤੇਰੇ ਨਾਲ ਸੋਹਣਾ ਨਿਭ ਗਿਆ, ਅੱਜ ਤੋਂ ਬਾਅਦ ਤੇਰਾ ਸਫਰ ਬੱਚਿਆਂ ਨਾਲ ਇਕੱਲੇ ਕਟਣਾ ਹੈ। ਤੁਹਾਡੇ ਸਭਨਾ ਲਈ ਬਥੇਰਾ ਕੁਝ ਛੱਡ ਚਲਿਆ ਹਾਂ!' ਜਿਵੇਂ ਦਾ ਪਾਪਾ ਜੀ ਦਾ ਸ਼ਾਂਤ ਸੁਭਾਅ ਸੀ, ਉਵੇਂ ਹੀ ਸ਼ਾਂਤੀ ਨਾਲ 'ਸਦੀਵੀ ਨੀਂਦ' ਸੌਂ ਗਏ ਅਤੇ ਮੁੜ ਨਹੀਂ ਉਠੇ। ਇਹ ਬਿਰਤਾਂਤ ਮੈਨੂੰ ਫੋਨ 'ਤੇ ਦੱਸਿਆ ਗਿਆ, ਪਰ ਮੇਰੇ ਵਿਦੇਸ਼ ਵਿਚ ਰਹਿਣ ਦੇ 'ਪੱਕੇ ਕਾਗਜ਼' ਨਹੀਂ ਸਨ ਬਣੇ। ਮੈਨੂੰ ਅੱਜ ਵੀ ਇਸ ਮਜਬੂਰੀ ਦਾ ਮਲਾਲ ਹੈ।

ਮਾਂ ਦੇ ਬਿਮਾਰ ਹੋਣ 'ਤੇ ਮੈਂ ਹੁਣ ਕਿਸੇ 'ਮਜਬੂਰੀ' ਦੇ ਪਹਾੜ ਥੱਲੇ ਨਹੀਂ ਦੱਬਣਾ ਚਾਹੁੰਦੀ ਸੀ, ਇਸ ਲਈ ਮਾਰਚ 2020 ਨੂੰ ਮੈਂ ਭਾਰਤ ਜਾਣ ਦੀ ਪੂਰੀ ਤਿਆਰੀ ਕਰ ਲਈ। ਮੇਰਾ ਸੂਟ ਕੇਸ ਪੈਕ ਸੀ। ਸਵੇਰੇ ਸਾਢੇ ਪੰਜ ਵਜੇ ਫਲਾਈਟ ਵਾਸਤੇ ਘਰੋਂ ਤੁਰਨਾ ਸੀ। ਰਾਤ ਅਚਾਨਕ 'ਵ੍ਹੱਟਸਐਪ' ਉਤੇ ਟਣਾ-ਟਣ ਕਈ ਸਾਰੇ ਸੁਨੇਹੇ ਆ ਗਏ। ਮੈਂ ਵੀ ਸੌਂ ਨਹੀਂ ਸੀ ਰਹੀ, ਇਸ ਲਈ ਫੋਨ ਚੈੱਕ ਕਰ ਲਿਆ।

'ਕਰੋਨਾ' ਦੇ ਤੇਜ਼ੀ ਨਾਲ ਫੈਲਣ ਕਾਰਨ, ਰਾਤ ਬਾਰ੍ਹਾਂ ਵਜੇ ਤੋਂ 'ਲੌਕਡਾਊਨ' ਲੱਗ ਗਿਆ!...ਜੋ ਜਿੱਥੇ ਹੈ, ਉਥੇ ਹੀ ਰੁਕ ਜਾਏ! ਸੜਕਾਂ ਉਤੇ ਗੱਡੀਆਂ ਅਤੇ ਅਕਾਸ਼ ਵਾਲੇ ਜਹਾਜ਼! ਇਸ ਖਬਰ ਨਾਲ ਹੀ ਚੜ੍ਹਦੀ ਸਵੇਰ ਦੀ ਸਾਰੀ ਦੁਨੀਆਂ ਥੰਮ੍ਹ ਗਈ। ਨਾਲ-ਨਾਲ ਹੀ ਸਾਰੇ ਸੰਸਾਰ ਦੇ ਲੋਕਾਂ ਦੇ ਸਾਹ ਵੀ ਜਿਵੇਂ ਥੰਮ੍ਹ ਜਿਹੇ ਗਏ। ਕੀ ਹੈ ਆਹ 'ਕਰੋਨਾ?' ਲੌਕਡਾਊਨ ਕੀ ਹੁੰਦਾ ਹੈ? ਖਬਰਾਂ ਨੇ ਦਿਮਾਗ ਨੂੰ 'ਬਲੌਕ' ਕਰ ਦਿੱਤਾ। ਮੈਂ ਘਬਰਾ ਕੇ ਆਪਣੀ ਮਾਂ ਨੂੰ ਫੋਨ ਮਿਲਾ ਕੇ ਉਸ ਦੀ ਆਵਾਜ਼ ਸੁਣੀ, ਫਿਰ ਦੱਸਿਆ ਕਿ ਮੇਰੀ ਫਲਾਈਟ ਰੱਦ ਹੋ ਗਈ ਹੈ, ਕੁਝ ਦਿਨ ਤੱਕ ਸਭ ਠੀਕ ਹੋ ਜਾਏਗਾ, ਜਲਦੀ ਆਵਾਂਗੀ। ਮਾਂ ਨੇ ਕਿਹਾ, 'ਬੇਟਾ ਕੋਈ ਨੀਂ ਅਗਲੇ ਮਹੀਨੇ ਆ ਜਾਵੀਂ!' ਸਾਰੀ ਦੁਨੀਆਂ ਆਪਣੇ ਘਰਾਂ ਵਿਚ ਕੈਦ ਹੋ ਗਈ! ਅਜੀਬ ਮਾਹੌਲ ਵਿਚ ਮੌਤ ਦਾ ਤਾਂਡਵ ਕਰਦੀਆਂ ਖਬਰਾਂ!! ਕਿਸ ਨੂੰ ਪਤਾ ਸੀ ਕਿ ਮਨਹੂਸ 'ਕਰੋਨਾ' ਸਾਰੀ ਦੁਨੀਆਂ 'ਤੇ ਕਹਿਰ ਬਣ ਕੇ ਟੁੱਟੇਗਾ?

...ਮਾਂ ਮੈਨੂੰ ਦੁਲਾਰਦੀ ਹੋਈ ਸਾਰੇ ਪਰਿਵਾਰ ਦਾ ਹਾਲ-ਚਾਲ ਪੁੱਛ ਰਹੀ ਸੀ। ਚਾਹ-ਪਾਣੀ ਪੀ ਕੇ ਮੈਂ ਮਾਂ ਦੇ ਕੋਲ ਮੰਜੇ 'ਤੇ ਬੈਠ ਗਈ, ਪਰ ਮਾਂ ਜ਼ਿਆਦਾ ਨਹੀਂ ਬੋਲ ਰਹੀ ਸੀ, ਉਸ ਦੀ ਮਨੋ-ਸਥਿਤੀ ਸਥਿਰ ਨਹੀਂ ਸੀ ਲੱਗਦੀ। ਰੋਜ਼ ਨਾਸ਼ਤੇ ਤੋਂ ਰਾਤ ਦੇ ਖਾਣੇ ਤੱਕ ਭਾਬੀਆਂ ਵੰਨ-ਸੁਵੰਨੇ ਪਕਵਾਨ ਬਣਾ ਕੇ, ਮੈਨੂੰ ਆਪਣੇ-ਆਪਣੇ ਚਾਅ-ਮਲ੍ਹਾਰ ਦਾ ਸਬੂਤ ਦੇ ਰਹੀਆਂ ਸਨ। ਦੁਪਹਿਰ ਨੂੰ ਮੈਂ ਮਾਂ ਦੇ ਬੈੱਡ ਨਾਲ ਵਿਛੇ ਵੱਡੇ ਨਵਾਰ ਦੇ ਮੰਜੇ ਉਤੇ ਪੈ ਜਾਣਾ। ਰਾਤ ਵੀ ਮਾਂ ਦੇ ਕਮਰੇ ਵਿਚ ਹੀ ਪੈਣਾ। ਮੈਂ ਹੌਲੀ-ਹੌਲੀ ਕੁਝ ਨਾ ਕੁਝ ਮਾਂ ਨਾਲ ਗੱਲ ਛੇੜ ਲੈਣੀ, "ਮਾਂ... ਆਪਣੇ ਬਚਪਨ ਬਾਰੇ ਕੁਝ ਦੱਸੋ?" ਹਾਲਾਂਕਿ ਮੈਂ ਥੋੜ੍ਹਾ-ਬਹੁਤ ਸੁਣਿਆ ਸੀ। ਪਰ ਅੱਜ ਸੁਣਨ ਪਿੱਛੇ ਹੋਰ ਮਕਸਦ ਸੀ।

"ਮੈਂ ਹੋਣੀ ਕੋਈ ਨੌਂ ਕੁ ਸਾਲਾਂ ਦੀ, ਜਦੋਂ ਦੇਸ਼ ਦੀ ਵੰਡ ਹੋਈ ਸੀ। ਆਪਣੇ ਮਾਂ-ਪਿਓ ਨਾਲ 'ਪਾਕਿਸਤਾਨ' ਤੋਂ ਭਾਰਤ ਆਈ ਸਾਂ!" ਮਾਂ ਨੇ ਆਪਣੀ ਸਾਰੀ ਉਮਰ ਵਿਚੋਂ ਪਾਕਿਸਤਾਨ ਵਾਲੀ ਯਾਦਾਂ ਦੀ ਪਟਾਰੀ ਹੀ ਫਰੋਲੀ। ਇਸ ਗੱਲ ਨਾਲ ਮੈਨੂੰ ਥੋੜ੍ਹਾ ਝਟਕਾ ਜਿਹਾ ਲੱਗਿਆ।

"ਮਾਂ, ਤੁਹਾਨੂੰ ਪਾਕਿਸਤਾਨ ਦੀਆਂ ਕਿਹੜੀਆਂ ਯਾਦਾਂ ਅਜੇ ਵੀ ਯਾਦ ਹਨ?" ਮੈਂ ਵੀ ਮਾਂ ਦੇ ਪਾਕਿਸਤਾਨ ਦੀਆਂ ਯਾਦਾਂ ਦੀ ਰਾਹੀ ਬਣ ਨਾਲ ਤੁਰ ਪਈ।

"ਸ਼ਾਇਦ ਛੋਟੀ ਉਮਰ ਦੀਆਂ ਯਾਦਾਂ ਜ਼ਿਹਨ 'ਚ ਵਸ ਜਾਂਦੀਆਂ ਨੇ! ...ਜਾਂ ਫਿਰ ਸ਼ਾਇਦ ਪਾਕਿਸਤਾਨ ਬਣਨ ਕਾਰਨ ਉਹ ਸਾਰਾ 'ਕਾਂਡ' ਦਿਮਾਗ ਵਿਚ ਛਪ ਗਿਆ ਸੀ ਅਤੇ ਆਪਣੀ ਜ਼ਿੰਦਗੀ ਦੇ ਸਫਰ ਵਿਚ ਹਜ਼ਾਰਾਂ ਵਾਰ ਸੁਣਾਇਆ ਵੀ ਸੀ...ਮੇਰੇ ਨਿੱਕੇ-ਨਿੱਕੇ ਜਿਹੇ ਪੈਰਾਂ ਦੀ ਛਾਪ 'ਪਾਕਿਸਤਾਨ' ਦੀ ਮਿੱਟੀ ਵਿਚ ਅਜੇ ਵੀ ਜਰੂਰ ਕਿਤੇ ਹੋਣੀ ਹੈ, ਤਾਂ ਹੀ ਮੇਰੇ ਜ਼ਿਹਨ ਵਿਚ 'ਆਪਣੀ ਜਨਮ ਭੂਮੀ' ਦੀ ਭਾਵਨਾ ਜਾਗ ਉਠਦੀ ਹੈ!" ਮਾਂ ਦੀ ਇਸ ਗੱਲ ਨੂੰ ਮੈਂ ਵੀ ਸਵਿਕਾਰਦੀ ਹਾਂ, ਕਿਉਂਕਿ ਮੈਂ ਭਾਵੇਂ ਇੰਗਲੈਂਡ ਵਿਚ ਵਸਦੀ ਹਾਂ, ਪਰ ਆਪਣੇ ਕਈ 'ਡਾਕੂਮੈਂਟਸ' ਵਿਚ ਮੈਂ 'ਬਰਥ-ਪਲੇਸ' ਦੀ ਥਾਂ 'ਤੇ 'ਇੰਡੀਆ' ਭਰਦੀ ਹਾਂ, ਉਦੋਂ ਆਪਣੀ ਧਰਤੀ ਤੋਂ ਵਿਛੋੜੇ ਦਾ ਅਹਿਸਾਸ ਜ਼ਰੂਰ ਆ ਜਾਂਦਾ ਹੈ। ਮਾਂ ਸਹਿਜੇ-ਸਹਿਜੇ ਯਾਦਾਂ ਦੀਆਂ ਗੰਢਾਂ ਨੂੰ ਖੋਲ੍ਹਣ ਲੱਗ ਪਈ...

"ਸਵਰਨੋ, ਨੀ ਕੁੜੇ ਚੱਲ ਅੰਦਰ ਆ, ਤੇਰਾ ਪਿਓ ਆਣ ਆਲਾ ਏ!" ਮੇਰੀ ਮਾਂ ਦਾ ਨਾਮ ਸਵਰਨ ਕੌਰ ਹੈ। ਮੇਰੀ ਮਾਂ ਨੂੰ ਉਸ ਦੀ ਮਾਂ (ਮੇਰੀ ਨਾਨੀ) ਨੇ ਆਵਾਜ਼ ਮਾਰੀ। ਆਂਢ-ਗੁਆਂਢ ਮਾਰੇ ਮੁਸਲਮਾਨ, ਹਿੰਦੂ ਅਤੇ ਸਿੱਖ ਪਰਿਵਾਰ ਬੜੇ ਭਾਈਚਾਰੇ ਨਾਲ ਰਹਿੰਦੇ ਸਨ। ਚਾਰ ਕੁ ਸਾਲ ਦਾ ਸਵਰਨੋ ਦਾ ਛੋਟਾ ਭਰਾ ਉਸ ਦੀ ਮਾਂ ਦੀ ਗੋਦ ਵਿਚ ਸੀ ਅਤੇ ਸਵਰਨੋ ਨੌਂ ਕੁ ਸਾਲ ਦੀ ਸੀ। ਸਵਰਨੋ ਬਹੁਤ ਹੀ ਅਰਦਾਸਾਂ ਨਾਲ ਹੋਈ ਸੀ। ਉਸ ਦੀ ਮਾਂ ਦੱਸਦੀ ਸੀ ਕਿ ਜਦੋਂ ਸਵਰਨੋ 'ਕੁੱਖੇ' ਪਈ ਤਾਂ ਉਸ ਦੀ ਮਾਂ ਬੇਅੰਤ ਕੌਰ ਦੁੱਧ ਰਿੜਕਣ ਵੇਲੇ ਚਾਟੀ ਵਿਚ ਜੰਮੇ ਦਹੀਂ ਵਿਚ 'ਮਧਾਣੀ' ਪਾ ਸੁਖਮਨੀ ਸਾਹਿਬ ਦਾ ਪਾਠ ਜ਼ੁਬਾਨੀ ਕਰਦੀ ਰਹਿੰਦੀ। ਜੀਵਨ ਅਨੰਦ ਨਾਲ ਗੁਜ਼ਰ ਰਿਹਾ ਸੀ ਕਿ ਅਚਾਨਕ ਪਾਕਿਸਤਾਨ ਛੱਡ ਕੇ ਭਾਰਤ ਜਾਣ ਦਾ ਰੌਲਾ ਪੈ ਗਿਆ। ਅਬੋਧ ਉਮਰ ਵਿਚ ਸਵਰਨ ਕੌਰ ਨੂੰ ਸਮਝ ਨਹੀਂ ਆਇਆ ਕਿ ਸਾਰੇ ਗੁੱਡੀਆਂ ਪਟੋਲੇ ਅਤੇ ਸਹੇਲੀਆਂ ਨੂੰ ਛੱਡ ਕੇ ਮਾਂ-ਪਿਓ ਉਸ ਨੂੰ ਕਿੱਧਰ ਲੈ ਜਾ ਰਹੇ ਸਨ? ਜਿਸ ਟਰੱਕ ਵਿਚ ਮਾਂ ਚਾਰ ਸਾਲ ਦੇ ਭਰਾ ਅਤੇ ਸਵਰਨ ਨੂੰ ਬੁੱਕਲ ਵਿਚ ਲੈ ਕੇ ਬੈਠੀ ਸੀ, ਉਹ ਟਰੱਕ ਲੋਕਾਂ ਨਾਲ ਖਚਾ-ਖਚ ਭਰਿਆ ਹੋਇਆ ਸੀ। ਸਵਰਨ ਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਉਸ ਦੇ ਭਾਪਾ ਜੀ ਸਰਬੰਸ ਸਿੰਘ ਦੇ ਸਿਰ ਦਾ ਜੂੜਾ ਖੋਲ੍ਹ ਕੇ ਗੁੱਤ ਬਣਾ ਕੇ, ਜਨਾਨਾ ਸੂਟ ਪੁਆ ਕੇ, ਉਸ ਦੇ ਮੂੰਹ ਨੂੰ ਅਜੀਬ ਤਰੀਕੇ ਨਾਲ ਢਕ ਜਨਾਨੀਆਂ ਮਗਰ ਬਿਠਾਇਆ ਹੋਇਆ ਸੀ। ਲੋਕ ਘਬਰਾਏ ਹੋਏ ਸਨ। ਔਰਤਾਂ ਅਤੇ ਬੱਚੇ ਰੋ ਰਹੇ ਸਨ। ਸਵਰਨ ਦੀ ਮਾਂ ਵੀ ਲਗਾਤਾਰ ਰੋ ਰਹੀ ਸੀ। ਸ਼ਾਇਦ ਵਸੇ-ਵਸਾਏ ਘਰ ਦੇ ਉਜੜ ਜਾਣ ਦਾ ਅਥਾਹ ਦੁੱਖ ਸੀ। ਨਾਲ ਹੀ ਅਨਾਥ ਹੋਣ ਦਾ, ਕਿਉਂਕਿ ਪਰਿਵਾਰ ਨੂੰ ਬਚਾ ਕੇ ਪੰਜਾਬ ਭੇਜਣ ਵੇਲੇ ਸਵਰਨ ਦੇ ਦਾਦਾ ਜੀ ਨੂੰ ਸ਼ੱਰੇਆਮ ਗੋਲੀ ਮਾਰ ਦਿੱਤੀ ਸੀ...

ਖੂਨ-ਖਰਾਬੇ ਦੇ ਕਈ ਭਿਆਨਕ ਦ੍ਰਿਸ਼ ਅੱਜ ਵੀ ਮੇਰੀ ਮਾਂ ਦੇ ਮਨ ਵਿਚ ਕਿੱਲ ਵਾਂਗ ਗੱਡੇ ਹੋਏ ਸਨ। ਇੱਕ ਚੰਗੇ ਸੁਲਝੇ ਹੋਏ ਪਤੀ ਅਤੇ ਚਾਰ ਔਲਾਦਾਂ ਦੀਆਂ ਕਿਲਕਾਰੀਆਂ ਦੇ ਨਾਲ-ਨਾਲ ਐਸ਼ੋ-ਅਰਾਮ ਵਾਲੀ ਜ਼ਿੰਦਗੀ ਨੇ ਇਸ 'ਕਿੱਲ' ਨੂੰ ਕੱਢਣ ਦੀ ਪੁਰਜ਼ੋਰ ਕੋਸ਼ਿਸ਼ ਕਰ ਕੱਢ ਤਾਂ ਦਿੱਤਾ ਸੀ, ਪਰ ਉਸ ਥਾਂ 'ਤੇ ਖੁੱਲ੍ਹਿਆ ਫੱਟ ਅੱਜ ਤੱਕ ਵੀ ਨਹੀਂ ਭਰ ਸਕਿਆ।

"ਬੇਟਾ! ਬੜਾ ਹੀ ਭਿਆਨਕ ਸਮਾਂ ਸੀ, ਅੱਜ ਵੀ ਲੱਗਦਾ ਹੈ ਕਿ ਅਸੀਂ ਕਿਉਂ ਵੰਡੇ ਗਏ? ਪਾਕਿਸਤਾਨ ਤੋਂ ਆ ਕੇ ਕਾਫੀ ਸਮੇਂ ਤੱਕ 'ਸ਼ਰਨਾਰਥੀ ਕੈਂਪਾਂ' ਵਿਚ ਰਹੇ। ਨਾਨਾ ਜੀ ਕਹਿੰਦੇ ਸੀ ਕਿ ਜਲਦੀ ਕੋਈ ਘਰ ਸਾਨੂੰ ਮਿਲ ਜਾਏਗਾ। ਮੈਂ ਬਹੁਤ ਵਾਰ ਪੁੱਛਦੀ ਕਿ ਅਸੀਂ ਆਪਣੇ ਘਰ ਨੂੰ ਛੱਡ ਕੇ ਇੱਥੇ ਕਿਉਂ ਆ ਗਏ ਹਾਂ? ਮੈਨੂੰ ਤਾਂ ਆਹ ਸਮਝਣ ਵਿਚ ਬੜਾ ਚਿਰ ਲੱਗ ਗਿਆ ਕਿ ਮੈਂ ਕਿਸੇ ਦੂਸਰੇ 'ਮੁਲਕ' ਵਿਚ ਆ ਗਈ ਹਾਂ। ਮੇਰੇ ਸਵਾਲਾਂ ਦਾ ਜਵਾਬ ਕਿਸੇ ਕੋਲ ਨਹੀਂ ਸੀ?" ਮਾਂ ਦੇ ਉੱਜੜ ਗਏ ਬਚਪਨ ਦਾ ਦਰਦ ਧੁੰਦਲੀਆਂ ਯਾਦਾਂ ਵਿਚ ਦੀ ਸਾਫ ਦਿਖਾਈ ਦਿੰਦਾ ਸੀ।

ਮੈਂ ਹੌਲੀ ਜਿਹੀ ਮਾਂ ਦੇ ਹੱਥ 'ਤੇ ਆਪਣਾ ਹੱਥ ਰੱਖ ਦਿੱਤਾ। ਇਹੀ ਇੱਕ ਤਰੀਕਾ ਸੀ ਮਾਂ ਦੀਆਂ ਤਪਦੀਆਂ ਯਾਦਾਂ ਨੂੰ ਠੰਡ ਪਾਉਣ ਦਾ! ਮਾਂ ਨੂੰ ਅੱਜ ਵੀ ਯਾਦ ਸੀ ਕਿ ਉਨ੍ਹਾਂ ਦਾ ਘਰ ਛੋਟੀਆਂ ਇੱਟਾਂ ਦਾ ਸੀ, ਵਿਹੜਾ ਕਾਫੀ ਵੱਡਾ ਅਤੇ ਕੱਚਾ ਸੀ। ਵਿਹੜੇ ਵਿਚ 'ਟੋਕਾ' ਲੱਗਿਆ ਹੋਇਆ ਸੀ। ਖੇਤ ਅਤੇ ਪਸ਼ੂ ਵੀ ਰੱਖੇ ਸਨ। ਘਰ ਦੇ ਦਰਵਾਜੇ ਦੀ ਕੰਧ ਪੀਲੀ ਮਿੱਟੀ ਨਾਲ ਲਿੱਪੀ ਹੋਈ ਸੀ। ਗਲੀ ਸਿੱਧੀ ਜਾ ਕੇ ਖੱਬੇ ਪਾਸੇ ਮੁੜਦੀ ਸੀ। ਮਾਂ ਦੀਆਂ ਗੱਲਾਂ ਤੋਂ ਸਾਫ ਲੱਗਦਾ ਸੀ ਕਿ ਮਾਂ ਦੀ ਕਮਜ਼ੋਰ ਹੋਈ ਯਾਦਦਾਸ਼ਤ ਵਿਚ ਆਪਣੀ ਜਨਮ-ਭੂਮੀ ਦੀਆਂ ਯਾਦਾਂ ਮਿਟੀਆਂ ਨਹੀਂ ਸਨ। ...ਯਾਦਾਂ ਦੇ ਵਲ ਖੋਲ੍ਹਦੇ ਹੋਏ, ਮਾਂ ਨੇ ਆਪਣੇ ਭਾਰਤ ਦੀ ਯਾਦ ਨੂੰ ਲਿਆ ਜੋੜਿਆ।

ਇੱਕ ਦਿਨ: "ਅੰਮ੍ਰਿਤਸਰ ਵਿਚ ਘਰ ਮਿਲ ਰਿਹਾ ਹੈ...ਪਰ ਖੇਤਾਂ ਦੀ ਜ਼ਮੀਨ ਨਹੀਂ ਦੇ ਰਹੇ... ਚਲੋ ਇਨ੍ਹਾਂ 'ਸ਼ਰਨਾਰਥੀ ਕੈਂਪਾਂ' ਤੋਂ ਤਾਂ ਚੰਗਾ ਹੈ। ਤੂੰ ਬੱਚਿਆਂ ਨੂੰ ਲੈ ਕੇ ਓਥੇ ਚੱਲ, ਮੈਂ ਖੇਤਾਂ ਬਾਰੇ ਪੜਤਾਲ ਕਰਦਾ ਹਾਂ, ਕਿਸ ਪਾਸੇ ਮਿਲਣਗੇ?" ਸਵਰਨ ਦੇ ਭਾਪਾ ਜੀ ਨੇ ਉਸ ਦੀ ਮਾਂ ਬੇਅੰਤ ਕੌਰ ਨੂੰ ਹੌਸਲਾ ਦਿੱਤਾ।



ਕੁਝ ਦਿਨਾਂ ਬਾਅਦ ਪਰਿਵਾਰ ਕੈਂਪਾਂ ਨੂੰ ਛੱਡ ਅੰਮ੍ਰਿਤਸਰ ਆ ਵਸਿਆ। ਸਮਾਂ ਗੁਜ਼ਰਦਾ ਗਿਆ, ਕਾਗਜ਼ੀ ਕਾਰਵਾਈਆਂ ਚੱਲਦੀਆਂ ਰਹੀਆਂ। ਮਾਂ ਇੱਕ ਘਟਨਾ ਨੂੰ ਪਹਿਲਾਂ ਵੀ ਕਈ ਵਾਰ ਸੁਣਾ ਚੁਕੀ ਸੀ, ਜਿਸ ਦਾ ਜ਼ਿਕਰ ਇੱਥੇ ਵੀ ਕਰਨਾ ਜ਼ਰੂਰੀ ਸੀ।...ਵੈਸਾਖੀ ਦਾ ਮੇਲਾ ਆਇਆ, ਸਾਰਾ ਪਰਿਵਾਰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਿਆ। ਮਾਂ ਨੇ ਗੋਦੀ ਵਿਚ ਛੋਟੇ ਭਰਾ (ਮੇਰਾ ਮਾਮਾ) ਨੂੰ ਚੁੱਕਿਆ ਸੀ ਅਤੇ ਸਵਰਨ ਨੂੰ ਉਂਗਲ ਲਾਇਆ ਹੋਇਆ ਸੀ। ਪਤਾ ਨਹੀਂ ਕਿਵੇਂ ਭੀੜ ਦੇ ਵੇਗ ਕਾਰਨ ਸਵਰਨ ਦੀ ਉਂਗਲ ਛੁੱਟ ਗਈ। ਬਹੁਤ ਦੇਰ ਤੱਕ ਸਵਰਨ ਰੋਂਦੀ ਰਹੀ, ਪਰ ਮਾਂ ਨੂੰ ਲੱਭ ਨਾ ਸਕੀ। ਫਿਰ ਸੋਚਿਆ ਕਿ ਘਰ ਚਲੀ ਜਾਵਾਂ। ਹੌਲੀ ਹੌਲੀ ਗੁਰਦੁਆਰੇ ਤੋਂ ਬਾਹਰ ਆ ਗਈ। ਲੋਕ ਲਗਾਤਾਰ ਗੁਰਦੁਆਰੇ ਦੇ ਅੰਦਰ ਅਤੇ ਬਾਹਰ ਜਾ-ਆ ਰਹੇ ਸਨ, ਪਰ ਕਿਸੇ ਦਾ ਵੀ ਧਿਆਨ ਰੋਂਦੀ ਛੋਟੀ ਬੱਚੀ ਸਵਰਨ 'ਤੇ ਨਹੀਂ ਪਿਆ। ਆਪਣੇ ਨਿੱਕੇ-ਨਿੱਕੇ ਜਿਹੇ ਕਦਮਾਂ ਨਾਲ ਸਵਰਨ ਓਸੇ ਰਾਹ ਵੱਲ ਤੁਰਨ ਲੱਗ ਪਈ, ਜਿਸ 'ਤੇ ਕੁਝ ਘੰਟੇ ਪਹਿਲਾਂ ਮਾਂ ਦੀ ਉਂਗਲ ਫੜ ਵੈਸਾਖੀ ਦਾ ਮੇਲਾ ਵੇਖਣ ਸ੍ਰੀ ਦਰਬਾਰ ਸਾਹਿਬ ਆਈ ਸੀ। ਪੂਰਾ ਟੱਬਰ ਸਵਰਨ ਨੂੰ ਲੱਭ-ਲੱਭ ਪਾਗਲ ਹੋ ਰਿਹਾ ਸੀ। ਸ਼ਾਮ ਵੇਲੇ ਸਵਰਨ ਨੇ ਘਰ ਆ ਆਪਣੀ ਮਾਂ ਨੂੰ ਜੱਫੇ ਵਿਚ ਲੈ ਲਿਆ ਤਾਂ ਸਾਰੇ ਟੱਬਰ ਨੂੰ ਸੁਖ ਦਾ ਸਾਹ ਆਇਆ। ਕੁਝ ਸਾਲਾਂ ਬਾਅਦ ਅੰਬਾਲੇ ਜਿਲੇ ਦੇ 'ਬਪਰੋਲ' ਪਿੰਡ ਵਿਚ ਖੇਤੀ ਦੀ ਜ਼ਮੀਨ ਵੀ ਮਿਲ ਗਈ ਅਤੇ ਸਾਰਾ ਪਰਿਵਾਰ ਬਪਰੋਲ ਆ ਵਸਿਆ।

...ਮਾਂ ਦੀ ਹੱਡਬੀਤੀ ਸੁਣ ਕੇ ਮੈਨੂੰ ਇੱਕ ਦਮ ਘਬਰਾਹਟ ਜਿਹੀ ਹੋ ਗਈ। ਇੰਜ ਲੱਗਿਆ ਕਿ ਜੇ ਮਾਂ ਨਿਆਣੀ ਜਿਹੀ ਉਮਰੇ ਇੰਨੀ ਸਮਝਦਾਰ ਨਾ ਹੁੰਦੀ, ਤਾਂ ਅੱਜ ਜ਼ਿੰਦਗੀ ਦੀ ਕਹਾਣੀ ਕੁਝ ਹੋਰ ਹੁੰਦੀ, ਪਰ ਜਿਵੇਂ ਸੁਣਿਆ ਹੀ ਹੈ ਕਿ ਸੰਜੋਗ ਧੁਰ ਤੋਂ ਹੀ ਲਿਖੇ ਹੁੰਦੇ ਹਨ। ਸਾਡੇ ਚਾਰੋਂ ਬੱਚਿਆਂ ਦੇ ਵੱਡੇ ਭਾਗ ਹੀ ਸਨ ਕਿ ਇੱਕ ਉਚੇਰੇ ਵਿਚਾਰਾਂ ਵਾਲੀ ਸਮਝਦਾਰ ਮਾਂ ਅਤੇ ਸਾਧੂ ਸੁਭਾਅ ਵਾਲੇ ਪਿਤਾ ਦੀ ਅਸੀਂ ਸੰਤਾਨ ਬਣੇ, ਜਿਨ੍ਹਾਂ ਦੀ ਸਰਪ੍ਰਸਤੀ ਹੇਠ ਜੀਵਨ ਬਹੁਤ ਆਨੰਦ ਨਾਲ ਬੀਤਿਆ। ਮਾਂ-ਪਾਪਾ ਜੀ ਨੇ ਆਪਣੀ ਜੀਵਨ ਯਾਤਰਾ ਨੂੰ ਸਾਨੂੰ ਬੜੇ ਚਾਅ ਨਾਲ ਸੁਣਾਇਆ ਕਰਨਾ। ਉਸ ਜ਼ਮਾਨੇ ਦੇ ਹਿਸਾਬ ਨਾਲ ਮਾਂ ਕਾਫੀ ਖੁੱਲ੍ਹੇ ਵਿਚਾਰਾਂ ਨਾਲ ਪਾਲੀ ਸੀ। ਮਾਂ ਇੱਕ ਸਿਲਾਈ ਅਧਿਆਪਕਾ ਰਹੀ ਸੀ ਅਤੇ ਆਪਣੀ 'ਮੈਡਮ' ਨਾਲ ਦੂਸਰੇ ਪਿੰਡਾਂ ਵਿਚ ਸਿਲਾਈ ਸਿਖਾਣ ਜਾਂਦੀ ਸੀ। ਜਦੋਂ ਮਾਂ ਦੇ ਵਿਆਹ ਦੀ ਗੱਲ ਸ਼ੁਰੂ ਹੋਈ ਤਾਂ ਉਸ ਜ਼ਮਾਨੇ ਵਿਚ ਵੀ ਮਾਂ ਅਤੇ ਪਾਪਾ ਜੀ ਨੇ ਇੱਕ-ਦੂਜੇ ਨੂੰ ਪਸੰਦ ਕਰ ਕੇ ਵਿਆਹ ਦੀ 'ਹਾਂ' ਕੀਤੀ ਸੀ। ਪਾਪਾ ਜੀ ਯੂ. ਪੀ. ਆ ਗਏ, ਉਥੇ ਨੌਕਰੀ ਕਰਦਿਆਂ ਇੰਜੀਨੀਅਰਿੰਗ ਦਾ ਇਮਤਿਹਾਨ ਪਾਸ ਕਰ, ਆਪਣਾ ਕਾਰੋਬਾਰ ਸ਼ੁਰੂ ਕਰ ਲਿਆ। ਮਾਂ ਵਿਆਹ ਕੇ ਆਗਰਾ ਸ਼ਹਿਰ ਆ ਗਈ ਅਤੇ ਦੋਹਾਂ ਨੇ ਆਪਣੀ ਗ੍ਰਿਹਿਸਥੀ ਦਾ ਆਲ੍ਹਣਾ ਬਣਾਉਣਾ ਸ਼ੁਰੂ ਕੀਤਾ। ਬੱਚੇ ਹੋਏ, ਕਿਸਮਤ ਵੀ ਸਾਥ ਤੁਰ ਪਈ। ਪਾਪਾ ਜੀ ਨੇ ਆਪਣੇ ਕਾਰੋਬਾਰ ਦਾ ਬਹੁਤ ਵਿਸਥਾਰ ਕਰ ਲਿਆ। ਚਾਰ ਫੈਕਟਰੀਆਂ, ਕਾਰ, ਨੌਕਰ-ਚਾਕਰ, ਵੱਡੀ ਹਵੇਲੀ; ਜ਼ਿੰਦਗੀ ਖੰਭ ਲਾ ਕੇ ਉਡ ਰਹੀ ਸੀ। ਮੇਰੇ ਪਾਪਾ ਜੀ, ਸਰਦਾਰ ਅਜੀਤ ਸਿੰਘ ਦਾ ਨਾਮ ਬਰਾਦਰੀ ਵਿਚ ਆਪਣੀ ਬਹੁਤ ਪੈਂਠ ਰੱਖਦਾ ਸੀ।

ਮਾਂ ਅਤੇ ਪਾਪਾ ਜੀ ਅਕਸਰ ਹੀ ਆਪਣੇ ਬਚਪਨ ਦੀਆਂ ਯਾਦਾਂ ਸਾਨੂੰ ਬੱਚਿਆਂ ਨੂੰ ਸੁਣਾਉਂਦੇ ਸਨ, ਜਿਸ ਵਿਚ ਪਾਕਿਸਤਾਨ ਦਾ ਜ਼ਿਕਰ ਜ਼ਰੂਰ ਹੁੰਦਾ। ਕਿਹਾ ਜਾ ਸਕਦਾ ਹੈ ਕਿ ਮੂੰਹ ਵਿਚ ਭਾਵੇਂ ਕਿੰਨੇ ਦੰਦ ਹੋਣ, ਪਰ ਜੀਭ ਵਾਰ-ਵਾਰ ਉਥੇ ਹੀ ਜਾਏਗੀ, ਜੋ ਦੰਦ ਟੁੱਟ ਗਿਆ ਹੋਵੇ। ਆਪਣੀ ਇਸੀ 'ਥੁੜ' ਨੂੰ ਪੂਰਾ ਕਰਨ ਲਈ। ਮਾਂ, ਪਾਪਾ ਜੀ ਅਤੇ ਮਾਮਾ ਜੀ 1983 ਦੀ ਵੈਸਾਖੀ ਮਨਾਉਣ ਬਾਬੇ ਨਾਨਕ ਜੀ ਦੀ ਜਨਮ ਭੂਮੀ ਪਾਕਿਸਤਾਨ ਗਏ। ਉਨ੍ਹਾਂ ਨੂੰ ਕਹਿੰਦੇ ਸੁਣਿਆ ਸੀ ਕਿ 'ਆਪਣੀ ਉਸ ਧਰਤੀ 'ਤੇ ਚੱਲੇ ਹਾਂ, ਜਿਸ ਨੂੰ ਬਚਪਨ ਵਿਚ ਛੱਡਣ ਵੇਲੇ ਪਤਾ ਹੀ ਨਹੀਂ ਸੀ ਕਿ ਮੁੜ ਇੱਥੇ ਆਉਣ ਲਈ 'ਵੀਜ਼ਾ' ਲੈਣਾ ਪੈਣਾ...!'

...ਸਮੇਂ ਨਾਲ ਚਾਰੋਂ ਬੱਚੇ ਵਿਆਹੇ ਗਏ। ਮੈਂ ਲੰਡਨ ਦੀ ਵਸਨੀਕ ਹੋ ਗਈ।

...ਮੈਨੂੰ ਇੰਡੀਆ ਆਇਆਂ ਤਿੰਨ ਮਹੀਨੇ ਤੋਂ ਜ਼ਿਆਦਾ ਹੋ ਗਏ ਸਨ। ਮਾਂ ਦੀ ਘਾਤਕ ਬਿਮਾਰੀ ਨੇ ਸਰੀਰ ਵਿਚ ਆਪਣਾ ਪਸਾਰਾ ਕਰਨਾ ਸ਼ੁਰੂ ਕਰ ਦਿੱਤਾ। ਮੈਂ ਆਪਣਾ ਮੰਜਾ ਮਾਂ ਦੇ ਕਮਰੇ ਵਿਚ ਪੱਕਾ ਹੀ ਡਾਹ ਲਿਆ। ਮਾਂ ਕੋਲ ਹਰ ਵੇਲੇ ਹੋਣ ਕਾਰਨ ਮਾਂ ਮੇਰਾ ਆਸਰਾ ਜਿਹਾ ਮੰਨਣ ਲੱਗ ਪਈ। ਜਿਵੇਂ ਇੱਕ ਮਾਂ ਆਪਣੇ ਬੱਚੇ ਵਾਸਤੇ ਹਰ ਪਲ ਚੇਤੰਨ ਰਹਿੰਦੀ ਹੈ, ਇੰਜ ਹੀ ਮੈਨੂੰ ਮਾਂ ਆਪਣਾ 'ਬੱਚਾ' ਜਿਹਾ ਜਾਪਦੀ ਸੀ। ਮਾਂ ਨੇ ਪਿਸ਼ਾਬ ਜਾਣਾ ਹੁੰਦਾ ਤਾਂ ਹੌਲੀ ਜਿਹੀ ਮੈਨੂੰ ਆਵਾਜ਼ ਮਾਰਦੀ। ਮੈਂ ਸਹਾਰਾ ਦੇ ਉਠਾਉਣਾ ਫਿਰ ਦੋਵੇਂ ਬਾਹਾਂ ਫੜ ਹੌਲੀ-ਹੌਲੀ ਕਮਰੇ ਵਿਚ ਬਣੇ ਵਾਸ਼-ਰੂਮ ਵਿਚ ਲੈ ਜਾਣਾ। ਮਾਂ ਨੂੰ ਤੋਰਦੇ ਹੋਏ ਮੈਨੂੰ ਆਪਣੇ ਬਾਲਪੁਣੇ ਦੇ ਪਹਿਲੇ ਕਦਮਾਂ ਦਾ ਅਹਿਸਾਸ ਹੁੰਦਾ, ਜਦੋਂ ਇੰਜ ਹੀ ਮੇਰੀਆਂ ਨਿੱਕੀਆਂ-ਨਿੱਕੀਆਂ ਬਾਹਾਂ ਫੜ ਮਾਂ ਨੇ ਮੈਨੂੰ ਠੁਮਕ-ਠੁਮਕ ਤੁਰਨਾ ਸਿਖਾਇਆ ਹੋਣਾ। ਖਾਣਾ ਖੁਆ ਕੇ ਜਾਂ ਕੁਝ ਪਿਆ ਕੇ ਮਾਂ ਦਾ ਮੂੰਹ ਸਾਫ ਕਰਨਾ, ਹੱਥੀਂ ਗਿਲਾਸ ਫੜ ਦੁੱਧ ਪਿਆਉਣਾ, ਸਿਰ ਵਾਹੁਣਾ, ਸਾਰੇ ਕੰਮ ਹੱਥੀਂ ਕਰਨੇ। ਸੱਚ ਹੀ ਕਹਿੰਦੇ ਹਨ ਕਿ ਬਜ਼ੁਰਗ ਹੋ ਕੇ ਇਨਸਾਨ ਬੱਚੇ ਵਾਂਗ ਹੋ ਜਾਂਦਾ ਹੈ। ਅੱਜ ਮਾਂ ਵੀ ਮੈਨੂੰ ਬੱਚੇ ਵਾਂਗ ਹੀ ਜਾਪਦੀ ਹੈ। ਸੇਵਾ ਕਰਦਿਆਂ, 'ਮਮਤਾ' ਦਾ ਪੂਰਾ ਹੜ੍ਹ ਵਗਦਾ ਹੈ ਮੇਰੇ ਅੰਦਰ। ਭਾਬੀਆਂ ਨੇ ਵੀ ਮਾਂ ਦੀ ਸੇਵਾ ਵਿਚ ਕੋਈ ਕਸਰ ਨਹੀਂ ਛੱਡੀ।

ਮਾਂ ਵੀ ਰੱਬ ਨੇ ਪਤਾ ਨਹੀਂ ਕਿਸ ਮਿੱਟੀ ਦੀ ਬਣਾਈ ਹੁੰਦੀ ਹੈ, ਭਾਵੇਂ ਮੈਨੂੰ ਲੱਗ ਰਿਹਾ ਸੀ ਕਿ ਮੈਂ ਮਾਂ ਦਾ ਖਿਆਲ ਰੱਖ ਰਹੀ ਹਾਂ, ਪਰ ਮਾਂ ਤਾਂ ਮਾਂ ਹੁੰਦੀ ਹੈ, ਇਸ ਦਾ ਅਹਿਸਾਸ ਮੈਨੂੰ ਨਾਲ ਦੇ ਮੰਜੇ 'ਤੇ ਪਈ ਨੂੰ ਮਾਂ ਆਪਣੇ ਚੰਦ ਸਵਾਲਾਂ ਰਾਹੀਂ ਕਰਵਾਉਂਦੀ ਰਹਿੰਦੀ ਸੀ। ਮਾਂ ਨੇ ਕੰਬਦੀ ਆਵਾਜ਼ ਵਿਚ ਪੁੱਛਣਾ, "ਧੀਏ, ਰੋਟੀ ਖਾ ਲਈ ਕਿ ਨਹੀਂ?"

(ਬਾਕੀ ਅਗਲੇ ਸਫੇ 'ਤੇ)

# ਅਮਲੀ ਸਿੱਖ ਜੀਵਨ



**ਪੰਜਾਬ ਦੇ ਬੌਧਿਕ ਜਿਊੜੇ ਅਤੇ ਉਘੇ ਲਿਖਾਰੀ ਪ੍ਰੋ. ਪੂਰਨ ਸਿੰਘ ਨੇ ਆਪਣੀ ਸਾਰੀ ਹਯਾਤੀ ਖੁਦ ਨੂੰ ਲੱਭਣ 'ਤੇ ਲਾ ਦਿੱਤੀ। ਉਹਦੀਆਂ ਲਿਖਤਾਂ ਆਪਣੀ ਧਰਤੀ ਅਤੇ ਇਸ ਪਿਆਰੀ ਧਰਤੀ ਉਤੇ ਵੱਸਦੇ ਜੀਆਂ ਦੀ ਸਲਾਮਤੀ ਲਈ ਅਰਦਾਸ ਕਰਦੀਆਂ ਜਾਪਦੀਆਂ ਹਨ। ਇਸ ਲੇਖ ਵਿਚ ਉਨ੍ਹਾਂ ਸਿੱਖ ਜੀਵਨ ਜਾਚ ਬਾਰੇ ਗੱਲਾਂ ਕੀਤੀਆਂ ਹਨ ਅਤੇ ਹਰ ਜੀਅ ਨੂੰ ਇਸ ਉਤੇ ਅਮਲ ਕਰਨ ਦਾ ਹੋਕਾ ਦਿੱਤਾ ਹੈ।**



### ਪ੍ਰੋ. ਪੂਰਨ ਸਿੰਘ

ਸਤਿਨਾਮੁ
ਕਰਤਾ ਪੁਰਖੁ
ਨਿਰਭਉ
ਨਿਰਵੈਰੁ
ਅਕਾਲ ਮੂਰਤਿ
... ... ...

ਖਾਲਸਾ ਜੀ! ਉਹ ਸਮੇਂ ਲੰਘ ਗਏ, ਖਾਲਸਾ ਜੀ! ਓਹ ਵਕਤ ਗੁਜ਼ਰ ਗਏ, ਖਾਲਸਾ ਜੀ! ਉਹ ਦਿਨ ਬੀਤ ਗਏ, ਜਦ ਕੋਈ ਕਹਿੰਦਾ ਸੀ ਕਿ ਗੱਲਾਂ ਲਾਲ ਰੱਬ ਨੂੰ ਰਿਝਾ ਲਿਆ ਹੈ। ਜਦ ਲੋਕੀ ਵਿਚਾਰਾਂ ਦੇ ਢੇਰ ਇਕੱਠੇ ਕਰਕੇ ਕਹਿੰਦੇ ਸਨ ਕਿ ਅਸਾਂ ਪਰਮਾਤਮਾ ਨੂੰ ਪਾ ਲਿਆ ਹੈ। ਵੇਦ ਦੇ ਛੇ ਸ਼ਾਸਤਰ ਗੁਜ਼ਰ ਚੁੱਕੇ; ਵੇਦ, ਵੇਦਾਂਤ ਵਿਚ ਮੁੱਕ ਗਏ ਹਨ। ਹੁਣ ਗੱਲਾਂ ਦਾ ਜ਼ਮਾਨਾ ਨਹੀਂ ਰਿਹਾ। ਹੁਣ ਕੰਮ ਦਾ ਜ਼ਮਾਨਾ ਹੈ।

ਅੱਜ ਜੇ ਕੋਈ ਕਹੇ ਕਿ ਸਾਡਾ ਮਜ਼ਹਬ ਚੰਗਾ ਹੈ ਤਾਂ ਲੋਕੀਂ ਕਹਿਣਗੇ- 'ਚਲੇ ਜਾਓ।' ਕੋਈ ਕਹੇਗਾ- 'ਸਾਡੇ ਫਲਸਫੇ ਅੱਛੇ ਹਨ।' ਕਿਹਾ ਜਾਵੇਗਾ- 'ਚਲੇ ਜਾਓ।' ਹੁਣ ਮਜ਼ਹਬਾਂ ਦੇ ਝੇੜੇ ਲਾਇਬ੍ਰੇਰੀਆਂ ਵਿਚ ਹੀ ਪਏ ਰਹਿਣਗੇ। ਪੂਜਾ ਦੇ ਢੰਗ ਮੰਦਿਰਾਂ ਦੇ ਦਰਵਾਜ਼ਿਆਂ ਦੇ ਅੰਦਰ ਹੀ ਬੰਦ ਰਹਿਣਗੇ। ਹੁਣ ਫੋਕੇ ਗਿਆਨ ਨੂੰ ਅਲਵਿਦਾ ਕਹਿ ਦਿੱਤਾ ਜਾਵੇਗਾ। ਜੇ ਤੁਸੀਂ ਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦੇ ਹੋ, ਤਦ ਨਵੇਂ ਦਿਲ, ਨਵੇਂ ਦਿਮਾਗ ਨਾਲ ਨਵੇਂ ਜ਼ਮਾਨੇ ਨੂੰ ਆਪਣੇ ਕਰਤੱਵਾਂ 'ਤੇ ਦੱਸਣਾ ਪਏਗਾ ਕਿ ਅਸੀਂ ਸਿੱਖ ਹਾਂ। ਅੱਜ ਚਾਰੇ ਪਾਸਿਆਂ ਤੋਂ ਮੰਗ ਹੋ ਰਹੀ ਹੈ ਤੇ ਇਸ ਗੱਲ ਦੀ ਮੰਗ ਹੋ ਰਹੀ ਹੈ ਕਿ:

ਦਾਨੁ ਮਹਿੰਡਾ ਤਲੀ ਖਾਕੁ
ਜੇ ਮਿਲੈ ਤ ਮਸਤਕਿ ਲਾਈਐ॥
ਕੂੜਾ ਲਾਲਚੁ ਛਡੀਐ
ਹੋਇ ਇਕ ਮਨਿ ਅਲਖੁ ਧਿਆਈਐ॥

ਇਸ ਵੇਲੇ ਕੋਝੇ ਲਾਲਚ ਨੂੰ ਛੱਡਣਾ ਪਏਗਾ। ਸਿੱਖੀ ਦਾ ਉਹ ਪੈਗਾਮ ਜਿਸ ਦੇ ਵਾਸਤੇ ਸੰਸਾਰ ਤੜਪ ਰਿਹਾ ਹੈ ਤੇ ਪੁਕਾਰ ਕੇ ਕਹਿ ਰਿਹਾ ਹੈ ਕਿ ਖਾਲਸਾ ਜੀ! ਗੁਰੂ ਬਾਬੇ ਦੇ ਦਰਸ਼ਨ ਕਦ ਕਰਾਉਗੇ? ਗੁਰੂ ਅਰਜਨ ਦੇਵ ਜੀ ਦੇ ਖਾਲਸਾ ਜੀ! ਕਲਗੀਆਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਰਚੇ ਆਦਰਸ਼ਕ ਖਾਲਸਾ ਜੀ! ਦੁਨੀਆ ਵਿਲਕ ਰਹੀ ਹੈ। ਇਸ ਨੂੰ ਨਾਮ ਦੇ ਰੰਗ ਵਿਚ ਕਦ ਰੰਗੋਗੇ? ਮੈਨੂੰ ਕੋਈ ਝੱਲਾ ਕਹੇ, ਭਾਵੇਂ ਮੂਰਖ, ਪਰੰਤੂ ਮੇਰਾ ਪੂਰਨ ਵਿਸ਼ਵਾਸ ਹੈ ਕਿ ਪਦਾਰਥ ਵਿਦਿਆ, ਮਾਨਸਿਕ ਤੇ ਵਿਗਿਆਨ ਆਦਿਕ ਵਿਚ ਹੋਈਆਂ ਤਬਦੀਲੀਆਂ ਜਿਨ੍ਹਾਂ ਨਾਲ ਮਨੁੱਖ ਉੱਚ ਕੋਟੀ ਵੱਲ ਜਾ ਰਹੇ ਹਨ; ਦੇ ਫਾਊਂਡਰ (ਸਿਰਜਨਹਾਰੇ) ਗੁਰੂ ਨਾਨਕ ਸਾਹਿਬ ਸਨ। ਗੁਰੂ ਨਾਨਕ ਸਾਹਿਬ ਨੇ ਕਿਹਾ, "ਉਠ! ਓ ਇਨਸਾਨ ਦੇ ਬੱਚੇ ਉਠ!! ਤੇ ਸੱਚੇ ਦਾ ਅਵਤਾਰ ਹੋ, ਉਠ! ਉਠ!! ਹੇ ਮਨੁੱਖ ਦੇ ਬੱਚੇ ਕਰਤਾ ਬਣ; ਮਜ਼ਦੂਰ ਹੋ ਤੇ ਸੁਹੱਣਪ ਨੂੰ ਉਤਪੰਨ ਕਰ, ਕਾਰੀਗਰੀ ਵਿਚ ਜਾਨ ਪਾ ਦੇ ਤੇ ਦਸਤਕਾਰੀ ਆਦਿਕ ਕੋਮਲ ਹੁਨਰਾਂ ਦਾ ਸੰਸਾਰ ਵਿਚ ਹੜ੍ਹ ਵਗਾ ਦੇ।"

"ਉਠ! ਉਠ!! ਮਰਦ ਦੇ ਬੱਚੇ ਨਿਰਭਉ ਹੋ ਜਾ; ਕਿਸੇ ਤੋਂ ਨਾ ਡਰ; ਕਿਸੇ ਦੇ ਨਾਲ ਵੈਰ ਨਾ ਰੱਖ; ਆਪਣੇ ਦਿਲ, ਦਿਮਾਗ ਤੇ ਜਿਸਮ ਵਿਚ ਵਾਹਿਗੁਰੂ ਨੂੰ ਵਸਾ ਕੇ ਅਣਹੋਣੀਆਂ ਗੱਲਾਂ ਨੂੰ ਹੋਣੀਆਂ ਕਰ ਦੱਸ।" ਮੇਰੇ ਖਿਆਲ ਵਿਚ 'ਨੈਪੋਲੀਅਨ' ਇਸ ਅੰਸ਼ ਵਿਚ ਗੁਰੂ ਦਾ ਸਿੱਖ ਸੀ ਜਿਸ ਵਿਚ ਉਹਨੇ ਕਿਹਾ ਕਿ 'ਅਸੰਭਵ ਦਾ ਸ਼ਬਦ ਮੂਰਖਾਂ ਦੀ ਡਿਕਸ਼ਨਰੀ ਵਿਚ ਹੀ ਮਿਲਦਾ ਹੈ।' ਕੰਦ੍ਰਾਂ, ਗਾਰਾਂ ਤੇ ਪਹਾੜਾਂ ਵਿਚ ਹੁਣ ਲੁਕਣ ਦਾ ਜ਼ਮਾਨਾ ਨਹੀਂ। ਹੁਣ ਕੌਮਾਂ ਵਿਚ ਸੰਘਰਸ਼ ਹੋ ਰਿਹਾ ਹੈ; ਇਸ ਵਿਚ ਗੱਲਾਂ ਨਾਲ ਨਹੀਂ, ਆਪਣੇ ਦਿਲ ਵਿਚੋਂ ਸਿੱਖੀ ਵਿਖਾਣੀ ਪਏਗੀ ਤੇ ਓਹ ਲੋਕੀਂ ਤੁਹਾਡੇ ਅੱਗੇ ਸਿਰ ਝੁਕਾ ਦੇਣਗੇ। ਤੁਹਾਨੂੰ ਹੱਥਾਂ ਨਾਲ ਅੰਕਿਤ ਕਰਕੇ ਦੱਸਣਾ ਪਏਗਾ, ਤਦ ਦੁਨੀਆ ਸਿੱਖੀ ਨੂੰ ਗ੍ਰਹਿਣ ਕਰੇਗੀ।

ਗੁਰੂ ਸਾਹਿਬ ਨੇ ਹਠ ਯੋਗ ਛੁਡਾ ਦਿੱਤੇ।



ਉਨ੍ਹਾਂ ਨੇ ਦੱਸਿਆ ਕਿ ਉੱਚੀ ਤੇ ਸੋਹਣੀ ਚੀਜ਼ ਵੇਖ ਕੇ ਸੁਰਤਿ ਵਿਚ ਜਿਹੜੀ ਇਕਾਗਰਤਾ ਆਉਂਦੀ ਹੈ, ਉਸ ਦੇ ਨਾਲ ਮਨੁੱਖ ਵੱਡਾ ਹੋ ਜਾਂਦਾ ਹੈ, ਉੱਚਾ ਹੋ ਜਾਂਦਾ ਹੈ। ਸੋ, ਖਾਲਸਾ ਜੀ! ਗੁਰੂ ਆਦਰਸ਼ ਵਿਚ ਆਪ ਉੱਚੇ ਕਰਕੇ ਇਕ ਇਕ ਸਵਾ ਲੱਖੀ ਹੋ ਜਾਉ। ਯੂਨਾਨ ਇਕ ਨਿੱਕਾ ਜਿਹਾ ਟਾਪੂ ਹੈ। ਉਹਦੀ ਸੰਸਾਰ ਇਸ ਕਰਕੇ ਇੱਜ਼ਤ ਕਰਦਾ ਹੈ ਕਿ ਉਹ ਬੁੱਤ ਬਣਾਣ ਵਿਚ ਕਮਾਲ ਰੱਖਦਾ ਸੀ। ਇਟਲੀ ਨੂੰ ਸਤਿਕਾਰ ਨਾਲ ਦੁਨੀਆ ਵੇਖਦੀ ਹੈ, ਇਸ ਕਰਕੇ ਕਿ ਉਹ ਸੁੰਦਰਤਾ ਨੂੰ ਬਣਾ ਵਿਖਾਂਦਾ ਹੈ।ਅਸੀਂ ਇਸ ਨਵੇਂ ਯੁਗ ਦੇ ਮੰਦਿਰ ਵਿਚ ਬੁਤ ਬਣਨਾ ਹੈ ਕੇਸਾਂ ਵਾਲਾ, ਜੂੜੇ ਵਾਲਾ, ਜਿਊਂਦਾ ਜਾਗਦਾ, ਇਕ ਇਕ ਨੇ ਸਵਾ ਸਵਾ ਲੱਖੀ ਹੋ ਆਪਣੇ ਆਪ ਨੂੰ ਬਣ ਦੱਸਣਾ ਹੈ। ਜੋ ਕੁਝ ਸੰਸਾਰ ਵਿਚ ਨਵੀਆਂ ਕਾਢਾਂ ਤੇ ਨਵੇਂ ਕੰਮ ਹੋ ਰਹੇ ਹਨ, ਇਹ ਸਤਿਗੁਰੂ ਜੀ ਦੇ ਵਰਕਸ਼ਾਪ ਦੀ ਇਕ ਚੰਗਿਆਰੀ ਹਨ।

ਸੋ, ਜਦ ਤਕ ਤੁਸੀਂ ਸਤਿਗੁਰ ਜੀ ਦੀ ਵਰਕਸ਼ਾਪ ਵਿਚੋਂ ਢਲ ਕੇ ਨਵੇਂ ਨਹੀਂ ਨਿਕਲਦੇ, ਜਦ ਤਕ ਸਤਿਗੁਰੂ ਜੀ ਦੇ ਆਦਰਸ਼ ਵਿਚ ਫਨਾਹ ਨਹੀਂ ਹੁੰਦੇ, ਤਦ ਤਕ ਤੁਸੀਂ ਦ੍ਵਿਜ, ਦੁਜਨਮੇ ਕਿਕੁਣ ਹੋ ਸਕਦੇ ਹੋ? ਅੰਮ੍ਰਿਤਧਾਰੀ ਕਿਕੁਣ ਹੋ ਸਕਦੇ ਹੋ ਤੇ ਸੰਸਾਰ ਨੂੰ ਸਿੱਖੀ ਦਾ ਸਬਕ ਕਿਕੁਣ ਪੜ੍ਹਾ ਸਕਦੇ ਹੋ?

ਆਪ ਦੇ ਸਾਹਮਣੇ 50 ਲੱਖ ਰੁਪਏ ਦੇ ਨਾਲ ਟ੍ਰਸਟ ਬਣਾਣ ਦੀ ਵਿਚਾਰ ਰੱਖੀ ਗਈ ਹੈ। ਜੇ ਕਦੀ ਪੰਜ ਲੱਖ ਸਿੱਖ ਪਰਿਵਾਰ 10/-, 10/- ਰੁਪਏ ਦੇ ਦੇਣ, ਤਦ ਇਹ ਟ੍ਰਸਟ ਅੱਜ ਮੁਕੰਮਲ ਹੋ ਜਾਂਦਾ ਹੈ ਜਿਸ ਦੇ ਨਾਲ ਦਸਤਕਾਰੀ, ਜ਼ਰਾਇਤ ਆਦਿਕ ਦੇ ਕੰਮ ਉੱਨਤ ਹੋ ਸਕਦੇ ਹਨ ਤੇ ਸਾਡੀ ਰੋਟੀ ਦਾ ਸਵਾਲ ਬਹੁਤ ਹੱਦ ਤਕ ਹੱਲ ਹੋ ਸਕਦਾ ਹੈ। ਮਜ਼ਹਬੀ ਝਗੜਿਆਂ ਦਾ ਸਵਾਲ ਮਸਜਿਦਾਂ ਤੇ ਮੰਦਿਰਾਂ ਵਿਚ ਮੁਕੇਗਾ, ਕਿੰਤੂ ਸਤਿਗੁਰੂ ਜੀ ਕਹਿੰਦੇ ਹਨ ਕਿ ਤੁਸੀਂ ਆਪਣਾ ਦਿਲ ਬਦਲ ਕੇ ਮੰਦਿਰ ਬਣਾ ਲਉ, ਇਕ ਦੂਜੇ ਦੇ ਜਿਸਮ ਨੂੰ ਮੰਦਰ ਸਮਝ ਉਹਦੇ ਵਿਚ ਸਤਿਗੁਰੂ ਜੀ ਦੀ ਜੋਤ ਵੇਖ ਭੁੱਖੇ ਨੂੰ ਰੋਟੀ, ਪਿਆਸੀ ਨੂੰ ਪਾਣੀ ਤੇ ਨੰਗੇ ਨੂੰ ਕੱਪੜਾ ਦੇਵੋ।

ਸਤਿਗੁਰੂ ਜੀ ਦਾ ਹੁਕਮ ਹੈ ਕਿ ਸੰਸਾਰ ਵਿਚ ਕੋਈ ਭੁੱਖਾ ਨਾ ਰਹੇ। ਕੋਈ ਯਤੀਮ ਨਾ ਰਹੇ। ਜਿਸ ਸਤਿਗੁਰੂ ਦੇ ਦਰਬਾਰੋਂ ਦਰਿਆਵਾਂ ਦੀਆਂ ਮੱਛੀਆਂ ਵੀ ਰੱਜਦੀਆਂ ਹਨ, ਉਹਦੇ ਲੰਗਰ ਵਿਚ ਕੋਈ ਭੁੱਖਾ ਕਿਉਂ ਰਹੇ?

ਹੁਣ ਦੁਨੀਆ ਬਾਹਰ ਦੇ ਚਿੰਨ੍ਹਾਂ ਤੋਂ ਤਸੱਲੀ ਨਹੀਂ ਪਾਏਗੀ, ਜਗਤ ਗੱਲਾਂ ਨਾਲ ਨਹੀਂ ਪਤੀਜੇਗਾ। ਆਪਣੀ ਸਿੱਖੀ ਕਰਨੀ ਨਾਲ ਦਸ ਕੇ ਹੀ ਦੂਜਿਆਂ ਦੇ ਦਿਲਾਂ ਵਿਚ ਘਰ ਕਰ ਸਕੋਗੇ। ਇਹ ਮਜ਼ਹਬੀ ਜੰਗ ਤਦ ਜਿੱਤਿਆ ਜਾਵੇਗਾ। ਇਹ ਅਕਾਲੀ ਲਹਿਰ ਦੀ ਫਤਿਹ ਤਦ ਹੀ ਹੋਵੇਗੀ ਤੇ ਜਗਤ ਕਲਗੀਆਂ ਵਾਲੇ ਗੁਰੂ ਦੇ ਝੰਡੇ ਹੇਠ ਤਦ ਹੀ ਆਵੇਗਾ, ਜਦ ਆਪ ਜ਼ਬਾਨੀ ਗੱਲਾਂ ਨਾਲ ਨਹੀਂ ਬਲਕਿ ਦਿਲ ਦੇ ਵਿਚੋਂ ਸਿੱਖੀ ਦੇ ਦਰਸ਼ਨ ਕਰਾਉਗੇ। ਤੇ ਕਹਿ ਸਕੋਗੇ ਕਿ ਸਾਡੀ ਛਾਤੀ ਚੀਰ ਕੇ ਦੇਖ ਲਉ, ਅਸੀਂ ਸਿੱਖ ਹਾਂ।

ਕਰਤਾ ਪੁਰਖ ਦਾ ਅਰਥ ਸਮਝ ਕੇ ਦਰਤਾ, ਕਾਰੀਗਰ, ਦਸਤਕਾਰ ਬਣੋ। ਇਹ ਤੁਹਾਨੂੰ ਸਰੀਰ ਵਿਚ ਉਚਾ, ਵੱਡਾ ਤੇ ਦਿਲ ਵਿਚ ਆਲਮਗੀਰ ਬਣਾ ਦੇਵੇਗਾ। ਖਾਲਸਾ ਜੀ! ਸਮਾਂ ਆ ਗਿਆ ਹੈ, ਸਰੀਰ, ਦਿਲ ਤੇ ਦਿਮਾਗ ਵਿਚ ਉੱਚਿਆਂ ਹੋਣ ਦਾ। ਜਦ ਤਕ ਤੁਸੀਂ ਕਰਤਾ ਪੁਰਖ ਦੇ ਆਦਰਸ਼ ਨੂੰ ਜਾਣ ਕੇ ਕੋਮਲ ਹੁਨਰ, ਦਸਤਕਾਰੀ ਅਤੇ ਕਾਰੀਗਰੀ ਵਿਚ ਕਮਾਲ ਹਾਸਲ ਨਹੀਂ ਕਰ ਲੈਂਦੇ, ਜਦ ਤਕ ਤੁਸੀਂ ਦਿਲ ਤੇ ਦਿਮਾਗ ਨੂੰ ਉੱਚਾ ਨਹੀਂ ਕਰ ਲੈਂਦੇ, ਤਦ ਤਕ ਕੁਰਬਾਨੀ ਕਰ ਕੇ ਵੀ ਹਾਰ ਹੈ ਤੇ ਤੁਹਾਡੀਆਂ ਜਿੱਤਾਂ ਵੀ ਹਾਰ ਦੀ ਸ਼ਕਲ ਵਿਚ ਹਨ।

ਭੈਣੋ ਤੇ ਵੀਰੋ! ਜੀਵਨ ਗੱਲਾਂ ਨਹੀਂ। ਸੁਰਤਿ ਨੂੰ ਇਕਾਗਰ ਕਰਕੇ ਫਤਿਹ ਪਾਣ ਦਾ ਨਾਮ ਜੀਵਨ ਹੈ। ਖਿੰਡੀ ਸੁਰਤਿ ਕੁਝ ਨਹੀਂ ਬਣਾ ਸਕਦੀ। ਸਮੁੰਦਰ ਦੀਆਂ ਲਹਿਰਾਂ ਆਪਣੇ ਕੇਸਾਂ ਦਾ ਜੂੜਾ ਬਣਾ ਲੱਖਾਂ ਜਹਾਜ਼ਾਂ ਨੂੰ ਕਾਗਜ਼ ਦੀਆਂ ਬੇੜੀਆਂ ਵਾਂਗ ਟੋਟੇ ਟੋਟੇ ਕਰ ਦੇਂਦੀਆਂ ਹਨ। ਤਾਂ ਤੇ ਸੁਰਤ ਨੂੰ ਇਕਾਗਰ ਕਰਕੇ ਇਕੱਠੇ ਹੋ ਜਾਉ ਤੇ ਕਰਤਾ ਪੁਰਖ ਦੇ ਆਦਰਸ਼ ਨੂੰ ਸਮਝ ਕੇ ਗੁਰੂ ਦੇ ਲੰਗਰ ਵਿਚੋਂ ਸਭ ਨੂੰ ਤ੍ਰਿਪਤ ਕਰੋ।

---

# ਮੇਰੀ ਮਾਂ ਦਾ ਪਾਕਿਸਤਾਨ

*(ਪਿਛਲੇ ਸਫੇ ਦੀ ਬਾਕੀ)*

ਮੈਨੂੰ ਲੱਗਦਾ ਕਿ ਮਾਂ ਸੌਂ ਗਈ ਹੈ, ਪਰ ਮੈਂ ਦੱਬੇ ਕਦਮਾਂ ਨਾਲ ਮਾਂ ਦੇ ਕਮਰੇ ਵਿਚ ਸੌਣ ਜਾਣਾ ਤਾਂ ਮਾਂ ਨੇ ਜ਼ਰੂਰ ਪੁੱਛਣਾ, "ਧੀਏ, ਦੁੱਧ ਪੀ ਲਿਆ?" ਰੌਸ਼ਨੀ ਤੋਂ ਹੀਣ ਹੋਈਆਂ ਮਾਂ ਦੀਆਂ ਬੁਝੀਆਂ ਅੱਖਾਂ ਨੂੰ ਕਿਵੇਂ ਪਤਾ ਲੱਗਦਾ ਹੈ ਕਿ ਸ਼ਾਮ ਦੇ ਪੰਜ ਵੱਜ ਗਏ ਹੋਣੇ! ਨੂੰਹਾਂ ਨੂੰ ਆਖਣਾ, "ਸਤਨਾਮ ਨੂੰ ਚਾਹ ਬਣਾ ਦਿਓ!" ਮੈਂ ਜਦੋਂ ਦੀ ਆਈ ਹਾਂ, ਮਾਂ ਨੂੰ ਨੋਟ ਕਰ ਰਹੀ ਸੀ ਕਿ ਮਾਂ ਆਪਣੇ ਵਾਸਤੇ ਕੁਝ ਵੀ ਨਹੀਂ ਸੀ ਮੰਗਦੀ, ਖਾਮੋਸ਼ੀ ਨਾਲ ਲੰਮੀ ਪਈ ਰਹਿੰਦੀ ਅਤੇ ਮੰਜੇ 'ਤੇ ਪਈ ਮਾਂ ਨੂੰ ਕਿਤੇ ਜ਼ਰੂਰ 'ਧੀ' ਦੇ ਪੇਕੇ ਆਈ ਦਾ ਦਿਲੀ ਅਹਿਸਾਸ ਸੀ। ਨਾਲ ਹੀ ਆਪਣੇ ਅਸਹਾਏ ਹੋਣ ਦਾ ਵੀ, ਇਸ ਲਈ ਸਮੇਂ-ਸਮੇਂ ਮੇਰੇ ਖਾਣ-ਪੀਣ ਦਾ ਹੀ ਫਿਕਰ ਕਰ ਆਪਣੀ 'ਮਮਤਾ' ਦਾ ਸਬੂਤ ਦਿੰਦੀ।

ਮਾਂ ਦੀਆਂ ਆਂਦਰਾਂ ਵਾਕਈ ਬਹੁਤ ਗੁੰਝਲਦਾਰ ਬੁਝਾਰਤ ਹਨ, ਜਿਸ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਮੇਰਾ ਮਨ ਭਰ ਆਉਣਾ ਕਿ ਮਾਂ ਦੀ ਸੇਵਾ ਕੋਈ ਕੀ ਕਰ ਸਕਦਾ ਹੈ? ਮਾਂ ਤਾਂ ਅਖੀਰ ਗਿਣਵੇਂ ਸਾਹਾਂ ਵਿਚ ਵੀ ਆਪਣੀ ਔਲਾਦ 'ਤੇ ਮਮਤਾ ਦਾ ਮੀਂਹ ਵਰਸਾ ਰਹੀ ਹੈ। ਮੇਰੇ ਮਨ ਵਿਚ ਲੋੜਵੰਦਾਂ ਅਤੇ ਬਜੁਰਗਾਂ ਦੀ ਸੇਵਾ ਕਰਨ ਦੀ ਖਾਹਿਸ਼ ਅਕਸਰ ਹੀ ਉਸਲਵੱਟੇ ਲੈਂਦੀ ਰਹਿੰਦੀ ਸੀ। ਮੈਂ ਆਪਣੀ ਪਹਿਲੀ ਨੌਕਰੀ ਛੱਡ ਕੇ 'ਕੇਅਰ-ਹੋਮ' ਵਿਚ ਨੌਕਰੀ ਲੱਭ ਲਈ। ਮੇਰੀ ਸਾਰੀ ਗੱਲਬਾਤ ਸੁਣ ਕੇ ਉਥੋਂ ਦੀ ਮੈਨੇਜਰ ਵਰਿੰਦਰ ਕੌਰ, ਜੋ ਬਹੁਤ ਮਿੱਠੇ ਅਤੇ ਨਿੱਘੇ ਸੁਭਾਅ ਦੀ ਮਾਲਕ ਹੈ, ਨੇ ਖੁਸ਼ ਹੋ ਕੇ ਕਿਹਾ, "ਇਸ ਨੌਕਰੀ ਵਿਚ ਸੇਵਾ ਭਾਵਨਾ ਹੋਣਾ ਹੀ ਪਹਿਲੀ ਸ਼ਰਤ ਹੈ!"

ਉਨ੍ਹਾਂ ਮਰੀਜ਼ ਬਜੁਰਗਾਂ ਨੂੰ ਖਾਣਾ ਖੁਆਣਾ, ਦਵਾ-ਦਾਰੂ ਕਰਨਾ, ਨਹਾਉਣਾ, ਸੁਆਉਣਾ ਅਤੇ ਲੋੜੀਂਦੇ ਸਾਰੇ ਕੰਮ ਕਰਨੇ। ਰੋਜ਼ ਜਾ ਕੇ ਬਜੁਰਗਾਂ ਦਾ ਹਾਲ-ਚਾਲ ਪੁੱਛਣਾ, ਉਨ੍ਹਾਂ ਨੇ ਵੀ ਕੁਝ ਗੱਲਾਂ ਸਾਂਝੀਆਂ ਕਰਨੀਆਂ। ਰੋਜ਼ ਇਹੀ ਸਿਲਸਿਲਾ ਹੋਣਾ, ਪਤਾ ਨਹੀਂ ਕਦੋਂ ਉਨ੍ਹਾਂ ਦੀ 'ਏਕਾਂਕੀ' ਜ਼ਿੰਦਗੀ ਦੀ ਜ਼ਮੀਨ ਉਤੇ ਮੋਹ ਦੇ ਨਵੇਂ ਰਿਸ਼ਤੇ ਦਾ ਬੂਟਾ ਉਗ ਆਇਆ। ਉਨ੍ਹਾਂ ਉਪਰ ਤੇਹ-ਪਿਆਰ ਆਣ ਲੱਗ ਪਿਆ। ਵੱਡੀ ਭੈਣ ਵਾਂਗ ਵਰਿੰਦਰ ਕੌਰ ਨੇ ਮੈਨੂੰ ਬਹੁਤ ਪਿਆਰ ਦਿੱਤਾ ਅਤੇ ਬਹੁਤ ਕੁਝ ਇਸ ਨੌਕਰੀ ਬਾਰੇ ਸਿਖਾਇਆ। ਮੇਰੀ ਮਾਂ ਦੇ ਬਿਮਾਰ ਹੋਣ 'ਤੇ ਵਰਿੰਦਰ ਕੌਰ ਨੇ ਚਿੰਤਾ ਜਤਾਈ ਅਤੇ ਕਿਹਾ, "ਸਤਨਾਮ, ਸੰਸਾਰ ਦੇ ਕੰਮ ਨਹੀਂ ਮੁੱਕਣੇ, ਤੁਸੀਂ ਮਾਂ ਕੋਲ ਜਾਓ, ਮਾਪੇ ਨਹੀਂ ਮਿਲਦੇ...!" 'ਕੇਅਰ-ਹੋਮ' ਦੇ ਮਰੀਜ਼ ਹਰ ਰੋਜ਼ ਹੀ ਆਪਣੇ ਪਰਿਵਾਰ ਦੇ ਜੀਆਂ ਨੂੰ ਯਾਦ ਕਰਦੇ, ਅਤੇ ਜਿਸ ਦਿਨ ਪਰਿਵਾਰ ਦੇ ਕਿਸੇ ਜੀਅ ਨੇ ਉਨ੍ਹਾਂ ਨੂੰ ਮਿਲਣ ਆਉਣਾ ਹੁੰਦਾ, ਉਸ ਦਿਨ ਦਰਵਾਜੇ 'ਤੇ ਵੱਜਣ ਵਾਲੀ ਘੰਟੀ 'ਤੇ ਆਪਣੇ ਕੰਨ ਖੜ੍ਹੇ ਕਰੀ ਰੱਖਦੇ। ਮੇਰੀ ਬਿਮਾਰ ਮਾਂ ਨੂੰ ਵੀ ਮੈਨੂੰ ਮਿਲਣ ਦੀ ਤਾਂਘ ਹੋਣਾ ਲਾਜ਼ਮੀ ਸੀ।

ਇੱਕ ਸਵੇਰ ਮੈਂ ਮਾਂ ਦਾ ਹੱਥ ਫੜੀ ਬੈਠੀ ਸਾਂ ਤਾਂ ਅਚਨਚੇਤ ਮੇਰੀ ਨਿਗਾਹ ਮਾਂ ਦੇ ਗੁੱਟ 'ਤੇ ਛਪੀ ਘੜੀ (ਟੈਟੂ) ਉਪਰ ਪਈ। ਮੈਂ ਇਸ ਘੜੀ ਨੂੰ ਬਚਪਨ ਤੋਂ ਹੀ ਵੇਖਦੀ ਆ ਰਹੀ ਸਾਂ। ਇਸ ਘੜੀ ਨੂੰ ਮਾਂ ਨੇ ਪਾਕਿਸਤਾਨ ਵਿਚ ਖੁਣਵਾਇਆ ਸੀ।

"ਮਾਂ, ਤੁਸੀਂ ਆਹ ਘੜੀ ਕਿਉਂ ਬਣਵਾਈ ਸੀ?" ਮੈਂ ਮਾਂ ਨੂੰ ਫਿਰ ਜ਼ਿੰਦਗੀ ਦੀਆਂ ਪਿਛਲੀਆਂ ਪੈੜਾਂ ਪਾਕਿਸਤਾਨ ਵੱਲ ਮੋੜ ਲਿਆ।

"ਮੈਨੂੰ ਘੜੀ ਬੰਨ੍ਹਣ ਦਾ ਬੜਾ ਸ਼ੌਕ ਸੀ! ਬਾਪੂ ਜਦੋਂ ਆਪਣੀ ਘੜੀ ਲਾਹ ਕੇ 'ਕਾਨਸ' 'ਤੇ ਰੱਖਦਾ, ਮੈਂ ਉਸ ਨੂੰ ਚੱਕ ਆਪਣੀ ਪਤਲੀ ਜਿਹੀ ਬਾਂਹ 'ਤੇ ਲਟਕਾ ਲੈਂਦੀ! ਨਿਆਣੀ ਹੋਣ ਕਾਰਨ ਕੋਈ ਮੈਨੂੰ ਘੜੀ ਲੈ ਕੇ ਨਹੀਂ ਸੀ ਦਿੰਦਾ! ਉਸ ਵੇਲੇ ਇੰਜ ਦੀ ਛਪਾਈ ਦਾ ਰਿਵਾਜ਼ ਸੀ! ਸਸਤਾ ਜ਼ਮਾਨਾ ਸੀ!" ਮਾਂ ਦੀਆਂ ਕਮਜ਼ੋਰ ਅੱਖਾਂ ਵਿਚ ਬਚਪਨ ਵਾਲੀ ਸਵਰਨ ਕੌਰ ਦੀ ਛਵੀ ਉੱਕਰ ਆਈ।

"ਤੁਸੀਂ ਕਿਸੇ ਮੇਲੇ ਵਿਚ ਬਣਵਾਈ ਸੀ ਆਹ ਘੜੀ?" ਮੈਨੂੰ ਇੰਨਾ ਪਤਾ ਸੀ ਕਿ ਪੁਰਾਣੇ ਜ਼ਮਾਨੇ ਵਿਚ ਮੇਲਿਆਂ 'ਤੇ ਔਰਤਾਂ ਦੇ ਸ਼ਿੰਗਾਰ ਦੀਆਂ ਹੱਟੀਆਂ ਲੱਗਦੀਆਂ ਸਨ।

"ਨਹੀਂ, ਸਾਡੇ ਮੁਹੱਲੇ ਇੱਕ ਹੱਟੀ ਵਾਲਾ ਸੀ, ਉਸ ਨੂੰ ਸਭ 'ਮਾਮਾ' ਆਖਦੇ ਸੀ! ਉਹ ਇੱਕ 'ਸ਼ਾਹੀ ਵਾਲੀ ਸੂਈ' ਨਾਲ ਵਿੰਨ੍ਹ-ਵਿੰਨ੍ਹ ਕੇ ਖੁਣਦਾ ਸੀ!"

"ਨਾਨੀ ਜੀ ਤੁਹਾਡੇ ਨਾਲ ਗਏ ਸੀ?" ਵਿੰਨ੍ਹਣ ਵੇਲੇ ਦਰਦ ਦੇ ਅਹਿਸਾਸ ਕਾਰਨ ਮੈਂ ਪੁੱਛ ਲਿਆ।

"ਮੇਰੀ ਮਾਂ ਤਾਂ ਗੁੱਸੇ ਹੁੰਦੀ ਸੀ ਕਿ ਫੈਸ਼ਨ ਕਰਨਾ ਚੰਗਾ ਨਹੀਂ ਹੁੰਦਾ!"

"ਇੱਕ ਦਿਨ ਆਪਣੀ ਮਾਂ ਤੋਂ ਚੋਰੀ, ਮੈਂ ਆਪਣੀ ਸਹੇਲੀ ਨੂੰ ਨਾਲ ਲਿਆ ਅਤੇ 'ਝੋਲੀ' ਭਰ ਕੇ ਦਾਣੇ ਲੈ ਗਈ ਮਾਮੇ ਦੀ ਹੱਟੀ! ਦਾਣੇ ਦੇ ਕੇ ਮੈਂ ਘੜੀ ਬਾਂਹ 'ਤੇ ਖੁਣਵਾ ਲਿਆਈ!" ਮਾਂ ਖਾਮੋਸ਼ ਹੋ ਗਈ। ਸ਼ਾਇਦ ਉਸ ਵੇਲੇ ਵਿੰਨ੍ਹਣ ਦੇ ਦਰਦ ਨੂੰ ਮਾਂ ਨੇ ਅਸਾਨੀ ਨਾਲ ਸ਼ੌਕ ਦੇ ਕਬਜੇ ਕਰ ਦਿੱਤਾ ਹੋਣਾ?

"ਮੈਂ ਪਾਪਾ ਜੀ ਦੇ ਵੀ ਪੱਟ 'ਤੇ 'ਮੋਰ' ਛਪਿਆ ਵੇਖਿਆ ਸੀ...!" ਮਾਂ ਨੂੰ ਯਾਦਾਂ ਦੇ ਖੂਹ ਵਿਚੋਂ ਕੱਢਣ ਲਈ ਮੈਂ ਕਿਹਾ।

"...ਹੂੰ...ਧੀਏ! ਪਾਕਿਸਤਾਨ ਦੀ 'ਸ਼ਾਹੀ' ਇਨ੍ਹਾਂ 'ਚਿੱਤਰਾਂ' ਰਾਹੀਂ ਸਾਡੇ ਸਰੀਰ 'ਤੇ ਉਲੀਕੀ ਹੋਈ ਹੈ। ਸਾਰੀ ਉਮਰ ਜਦੋਂ ਵੀ ਬਾਂਹ 'ਤੇ ਨਿਗ੍ਹਾ ਪਈ, ਜਨਮ-ਭੂਮੀ ਯਾਦ ਆ ਗਈ!...ਮੇਰੇ ਬਾਬੇ ਨਾਨਕ ਦੇਵ ਜੀ ਦੀ ਧਰਤੀ...!" ਮਾਂ ਕਹਿਣਾ ਤਾਂ ਸ਼ਾਇਦ ਬਹੁਤ ਕੁਝ ਚਾਹੁੰਦੀ ਸੀ, ਪਰ ਹੁਣ ਸਰੀਰ ਪੱਖੋਂ ਨਿਰਬਲ ਹੋ ਗਈ ਸੀ। ਮੈਂ ਮਾਂ ਦੀ ਬਾਂਹ ਆਪਣੇ ਹੱਥ 'ਤੇ ਰੱਖ 'ਪਾਕਿਸਤਾਨ ਦੀ ਘੜੀ' ਨੂੰ ਬੜੀ ਨੀਝ ਨਾਲ ਵੇਖਦਿਆਂ ਮਾਂ ਦੇ ਜਜ਼ਬਾਤ ਪੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਉਸ ਡੂੰਘਾਈ ਤੱਕ ਪਹੁੰਚ ਪਾਉਣਾ ਮੇਰੇ ਵੱਸ ਦੀ ਗੱਲ ਨਹੀਂ ਸੀ। ਬਦੋਬਦੀ ਮੇਰੀਆਂ ਅੱਖਾਂ ਨਮ ਹੋ ਗਈਆਂ। ਮਾਂ ਦੀ ਘੜੀ ਦਾ ਸਮਾਂ ਅੱਜ ਤੱਕ ਰੁਕਿਆ ਹੋਇਆ ਸੀ, ਤਾਂ ਹੀ ਉਸ ਦੇ ਮਨ ਦੀ ਕਿਸੇ ਤਹਿ ਵਿਚ ਪਾਕਿਸਤਾਨ ਵੀ ਵਸਦਾ ਰਿਹਾ। ਪਾਕਿਸਤਾਨ ਦੀਆਂ ਯਾਦਾਂ ਇਸ ਘੜੀ ਵਾਂਗ ਮਾਂ ਦੇ ਮਨ 'ਤੇ ਬਹੁਤ ਡੂੰਘੀਆਂ ਉਲੀਕੀਆਂ ਹੋਈਆਂ ਜਾਪ ਰਹੀਆਂ ਸਨ।

ਮਈ ਦੇ ਮਹੀਨੇ ਭਾਰਤ ਦੇਸ਼ ਵਿਚ ਵੀ 'ਮਦਰ'ਜ਼ ਡੇਅ' ਮਨਾਇਆ ਜਾਂਦਾ ਹੈ। ਹਾਲਾਂਕਿ ਮਾਂ ਦੀ ਮਹੱਤਤਾ ਕਿਸੇ ਇੱਕ ਦਿਨ ਤਾਂ ਨਹੀਂ ਹੁੰਦੀ? ਪਰ ਮੈਂ ਇਸ 'ਮਦਰ'ਜ਼ ਡੇਅ' ਨੂੰ ਜ਼ਰੂਰ ਮਨਾਉਣਾ ਚਾਹੁੰਦੀ ਸਾਂ। ਮਾਂ ਨੂੰ ਮੈਂ ਘੁੱਟ ਕੇ ਜੱਫੇ ਵਿਚ ਲੈ ਕੇ ਮੂੰਹ ਚੁੰਮ ਲਿਆ।

"...ਹੈਪੀ 'ਮਦਰ'ਜ਼ ਡੇਅ' ਮਾਂ!" ਮੈਂ ਮਾਂ ਨੂੰ ਪਿਆਰ ਵਿਚ ਲਬਰੇਜ਼ ਹੋ ਕੇ ਕਿਹਾ।

"...ਹਾਂ ਬੇਟਾ! ਜਿਉਂਦੇ ਵਸਦੇ ਰਹੋ, ਪਰਮਾਤਮਾ ਤੁਹਾਨੂੰ ਬੜਾ ਰੰਗ ਲਾਵੇ...ਬੱਚਿਆਂ ਦਾ ਸੁਖ ਮਾਣੋ...ਕਦੇ ਤੱਤੀ 'ਵਾਅ ਨਾ ਲੱਗੇ, ਲੰਮੀਆਂ ਉਮਰਾਂ ਦੇਵੇ ਦਾਤਾ...!" ਮਾਂ ਮੇਰੇ ਸਿਰ ਨੂੰ ਪਲੋਸਦੀ ਦੁਆਵਾਂ ਦੇ ਰਹੀ ਸੀ, ਜਿਵੇਂ ਉਸ ਦੇ ਅੰਦਰ ਆਪਣੇ ਸਾਹਾਂ ਦੀ ਪੂੰਜੀ ਘੱਟ ਹੋਣ ਦਾ ਅਹਿਸਾਸ ਹੋਵੇ ਕਿ ਕਿਉਂ ਨਾ ਅੱਜ ਸਾਰੀਆਂ ਅਸੀਸਾਂ ਹੀ ਇਸ ਦੀ ਝੋਲੀ ਵਿਚ ਪਾ ਦੇਵਾਂ?...ਮੁੜ ਇਸ ਪਰਦੇਸਣ ਧੀ ਨਾਲ ਮੇਲ ਨਹੀਂ ਹੋਣੇ। ਮਾਂ ਦੀ ਦਿਨ-ਬ-ਦਿਨ ਡਿਗਦੀ ਸਿਹਤ ਮੈਨੂੰ ਸੁਨੇਹਾ ਦੇ ਰਹੀ ਸੀ ਕਿ ਮਾਂ ਦੀ ਇਸ ਆਵਾਜ਼ ਦਾ ਦੁਨੀਆਂ ਤੋਂ ਅਲੋਪ ਹੋਣ ਦਾ ਸਮਾਂ ਨੇੜੇ ਹੈ। ਮੈਂ ਆਪਣੇ ਫੋਨ ਦੀ ਰਿਕਾਰਡਿੰਗ ਨੂੰ 'ਆਨ' ਕਰਕੇ ਮਾਂ ਦੇ ਨੇੜੇ ਪਹਿਲਾਂ ਹੀ ਰੱਖ ਲਿਆ ਸੀ। ਮਾਂ ਦੀਆਂ ਦੁਆਵਾਂ, ਮਾਂ ਦੀ ਆਵਾਜ਼, ਮਾਂ ਦੀ ਹੋਂਦ ਨੂੰ ਸਦਾ ਆਪਣੇ ਕੋਲ 'ਜੀਵਤ' ਰੱਖਣ ਲਈ। ਅਗਲੀ ਵਾਰ ਪੇਕੇ ਆਈ ਤਾਂ ਮਾਂ ਨਹੀਂ ਦਿਸਣੀ। ਮੈਂ ਮਾਂ ਨੂੰ ਬਾਹਾਂ ਵਿਚ ਭਰ ਕੇ ਆਪਣੇ ਸੀਨੇ ਨਾਲ ਲਾ ਲਿਆ, ਜਿਵੇਂ ਮਾਂ ਨੂੰ ਆਪਣੇ ਅੰਦਰ ਸਾਂਭ ਲੈਣਾ ਚਾਹੁੰਦੀ ਸਾਂ। ਧੀ ਦਾ ਪੇਕਾ ਮਾਂ ਨਾਲ ਹੀ ਹੁੰਦਾ ਹੈ। ਮਾਂ ਦੀਆਂ ਆਂਦਰਾਂ ਦੀ ਹੀ ਖਿੱਚ ਹੁੰਦੀ ਹੈ ਕਿ ਔਰਤ ਖੁਦ ਮਾਂ ਬਣ ਕੇ ਵੀ ਆਪਣੀ ਮਾਂ ਦਾ ਮੋਹ ਛੱਡ ਨਹੀਂ ਪਾਉਂਦੀ।

ਇੰਗਲੈਂਡ ਵਿਚ ਵਸਦੇ ਮੇਰੇ ਬੱਚੇ ਲਗਾਤਾਰ ਫੋਨ ਕਰਕੇ ਮੇਰੇ ਆਉਣ ਬਾਰੇ ਪੁੱਛਦੇ ਰਹਿੰਦੇ ਅਤੇ ਮੇਰਾ ਭਾਰਤ ਦਾ ਛੇ ਮਹੀਨੇ ਦਾ ਵੀਜ਼ਾ ਆਪਣੀ ਸਮਾਪਤੀ ਵੱਲ ਵਧ ਰਿਹਾ ਸੀ। ਅਸਮਾਨ ਵੱਲ ਨਿਗਾਹ ਮਾਰੀ ਤਾਂ ਆਪਣੀ ਉਡਾਰੀ (ਜਹਾਜ਼) ਯਾਦ ਆ ਗਈ ਕਿ ਚੰਦ ਦਿਨ ਹੋਰ...ਬੱਸ! ਮੈਂ ਮਾਂ ਦੀ ਇੱਕ ਪਸੰਦੀਦਾ 'ਸ਼ਾਲ' ਉਸ ਕੋਲੋਂ ਮੰਗ ਕੇ ਲਈ। ਆਪਣੀ ਰਹਿੰਦੀ ਜ਼ਿੰਦਗੀ ਇਸ 'ਸ਼ਾਲ' ਰਾਹੀਂ ਮੈਂ ਮਾਂ ਦੀ ਬੁੱਕਲ ਦਾ ਨਿੱਘ ਮਾਣ ਸਕਾਂਗੀ। ਸ਼ਾਲ ਆਪਣੀ ਅਟੈਚੀ ਵਿਚ ਰੱਖ, ਮੈਂ ਆਪਣੀ ਵਤਨ ਉਡਾਰੀ ਦੀ ਤਿਆਰੀ ਕਰਨ ਲੱਗ ਪਈ...ਮਾਂ ਵੀ ਅੰਦਰੋ-ਅੰਦਰ ਆਪਣੀ 'ਆਖਰੀ ਉਡਾਨ' ਦੀ ਤਿਆਰੀ ਕਰੀ ਬੈਠੀ ਸੀ। ਜਿੱਥੇ ਮਾਂ ਦੀ ਮਮਤਾ, ਕੁੱਖ ਅਤੇ ਦੁੱਧ ਦਾ ਕਰਜ਼ ਲਾਹਿਆ ਨਹੀਂ ਜਾ ਸਕਦਾ, ਉਥੇ ਪਿਉ ਦੇ ਮੋਹ-ਪਿਆਰ ਦਾ ਵੀ ਦੇਣ ਨਹੀਂ ਦਿੱਤਾ ਜਾ ਸਕਦਾ। ਬੰਦਾ ਇੱਕ ਵਾਰ ਅੱਖਾਂ ਮੀਟ, ਜਹਾਨੋਂ ਕੂਚ ਕਰ ਕੇ ਕਿੱਥੇ ਜਾ ਬਿਰਾਜਦਾ ਹੈ? ਕੀ ਮੋਹ ਦੇ ਰਿਸ਼ਤੇ ਸਿਰਫ ਇਸ ਦੁਨੀਆਂ ਤੱਕ ਹੀ ਸੀਮਤ ਨੇ? ਇਹ ਸੋਚਦੀ ਦੀਆਂ ਮੇਰੀਆਂ ਅੱਖਾਂ ਭਰ ਆਈਆਂ ਅਤੇ ਕਲਪਨਾ ਵਿਚ ਮਾਂ ਅਤੇ ਬਾਪ ਦੀ ਬੁੱਕਲ ਦਾ ਨਿੱਘ ਮਾਣਦੀ ਦਾ ਮੇਰੇ ਅੰਦਰੋਂ ਆਪ ਮੁਹਾਰਾ ਇੱਕ ਹਉਕਾ ਨਿਕਲ ਗਿਆ...!

# 'ਬਜ਼ੁਰਗ ਸਾਹਿਤ ਸਭਾ..! ਜ਼ਿੰਦਾਬਾਦ..!!'

ਬਾਬਾ ਘੜੰਮ ਚੌਧਰੀ ਨੇ ਪੂਰੇ ਪੈਂਤੀ ਸਾਲ ਵਲਾਇਤ ਵਿਚ 'ਤਪੱਸਿਆ' ਕੀਤੀ। ਫ਼ਾਊਂਡਰੀਆਂ ਵਿੱਚ ਕੰਮ ਕੀਤਾ। ਲੱਕੜ ਦੀ ਫ਼ੈਕਟਰੀ ਵਿੱਚ ਫੱਟੇ ਚੁੱਕੇ। ਗੱਲ ਕੀ ਹਰ ਕੰਮ ਕੀਤਾ ਪਰ ਬਾਬਾ ਪੜ੍ਹਨ-ਲਿਖਣ ਦੀ ਲੱਗੀ ਬੁਰੀ 'ਲਤ' ਤੋਂ ਖਹਿੜਾ ਨਾ ਛੁਡਾ ਸਕਿਆ। ਪਿੰਡ ਹੁੰਦਿਆਂ ਬਾਬਾ ਜੁਆਨੀ ਵਿੱਚ, ਮੁੰਡਿਆਂ-ਖੁੰਡਿਆਂ ਨਾਲ ਸੱਥ ਵਿੱਚ ਬੈਠ ਇਸ਼ਕ ਨਾਲ ਸਬੰਧਤ ਚਿੱਠੇ ਪੜ੍ਹਦਾ ਹੁੰਦਾ। ਵਾਰਸ ਸ਼ਾਹ ਦੀ ਹੀਰ ਬਾਬੇ ਦੇ ਮੂੰਹ-ਜ਼ਬਾਨੀ ਯਾਦ ਸੀ।

ਸ਼ਿਵਚਰਨ ਜੱਗੀ ਕੁੱਸਾ

ਵਲਾਇਤ ਪਹੁੰਚ ਬਾਬਾ ਚਿੱਠਿਆਂ ਵੱਲੋਂ ਤਾਂ ਨੰਗ ਹੋ ਗਿਆ ਪਰ ਆਪਣੀ ਰੱਸਾ ਚੱਬਣ ਦੀ ਆਦਤ ਪੂਰੀ ਕਰਨ ਲਈ ਬਾਹਰ ਛਪਦੀਆਂ ਪੰਜਾਬੀ ਹਫ਼ਤਾਵਰ ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹ ਕੇ ਕਾਲਜਾ ਧਾਫੜ ਲੈਂਦਾ। ਜਦ 'ਤੱਤੀਆਂ' ਖ਼ਬਰਾਂ ਤੋਂ ਮਨ ਅੱਕ ਜਾਂਦਾ ਤਾਂ ਬਾਬਾ ਆਪ ਮਾੜੀ ਮੋਟੀ ਤੁਕਬੰਦੀ ਕਰ ਕੇ ਕੋਈ ਕਵਿਤਾ ਝਰੀਟ ਲੈਂਦਾ ਸੀ।

ਪੈਂਤੀ ਸਾਲਾਂ ਦੇ ਪਰਵਾਸੀ ਜੀਵਨ ਦੌਰਾਨ ਬਾਬੇ ਨੇ ਆਪਣੀਆਂ ਕਵਿਤਾਵਾਂ ਦੀਆਂ ਤਿੰਨ ਕਿਤਾਬਾਂ ਪੱਲਿਓਂ ਪੈਸੇ ਦੇ ਕੇ ਅਤੇ ਪਬਲਿਸ਼ਰਾਂ ਦੇ ਛਿੱਤਰ ਚੱਟ ਕੇ ਛਪਵਾਈਆਂ। ਹੁਣ ਬਾਬਾ ਤਿੰਨ ਕਿਤਾਬਾਂ ਛਪਣ ਤੋਂ ਬਾਅਦ ਆਪਣੇ ਆਪ ਨੂੰ ਪੂਰਨ ਤੌਰ 'ਤੇ ਸਾਹਿਤਕਾਰ ਸਮਝ, ਕੋਹੜ ਕਿਰਲੇ ਵਾਂਗ ਆਕੜਿਆ ਫਿਰਦਾ ਸੀ। ਜਦ ਕਿਸੇ ਕਵੀ-ਦਰਬਾਰ ਵੱਲੋਂ ਬਾਬੇ ਨੂੰ ਕੋਈ ਸੱਦਾ ਪੱਤਰ ਆ ਜਾਂਦਾ ਤਾਂ ਬਾਬੇ ਦੀ ਮੂਲੀ ਵਰਗੀ ਧੌਣ ਗੰਧਾਲ਼ੇ ਵਾਂਗ ਤਣ ਜਾਂਦੀ। ਕਵੀ-ਦਰਬਾਰ ਵਿੱਚ ਪੜ੍ਹਨ ਵਾਲੀ ਕਵਿਤਾ ਨੂੰ ਬਾਬਾ ਕਈ-ਕਈ ਦਿਨ ਪਹਿਲਾਂ ਹੀ ਰਿੜਕਣਾ ਸ਼ੁਰੂ ਕਰ ਦਿੰਦਾ ਅਤੇ ਸਬੰਧਤ ਦਿਨ ਤੱਕ ਕਵਿਤਾ ਦੀ ਮਿੱਝ ਕੱਢ ਕੇ ਹਟਦਾ। ਕਵੀ-ਦਰਬਾਰ ਵਾਲੇ ਦਿਨ ਬਾਬਾ ਆਪਣੀ ਮੁਰੱਬੇਬੰਦੀ ਕੀਤੀ ਹੋਈ ਦਾਹੜੀ ਨੂੰ ਕਈ-ਕਈ ਵਾਰ ਛਾਂਗਦਾ ਅਤੇ ਕਾਟੋ ਦੀ ਪੂਛ ਵਰਗੀਆਂ ਮੁੱਛਾਂ ਨੂੰ ਫ਼ਿਕਸੋ ਲਾ ਕੇ ਕਿੱਕਰ ਦੀ ਸੂਲ ਵਾਂਗ ਤਿੱਖੀਆਂ ਕਰਦਾ। ਜਦ ਮੁੱਛਾਂ ਨੂੰ ਕਦੀ ਫ਼ਿਕਸੋ ਨਸੀਬ ਨਾ ਹੁੰਦੀ ਤਾਂ ਮੁੱਛਾਂ ਬਾਬੇ ਦੇ ਮੂੰਹ 'ਤੇ ਅਠਖੇਲ਼ੀਆਂ ਕਰਦੀਆਂ ਰਹਿੰਦੀਆਂ।

ਹੁਣ ਬਾਬਾ ਆਪਣੀ ਤਪੱਸਿਆ ਪੂਰੀ ਕਰਨ ਤੋਂ ਬਾਅਦ ਪੈਨਸ਼ਨ ਲੈ ਕੇ ਪਿੰਡ ਆ ਗਿਆ ਸੀ। ਪਿੰਡ ਕਰਨ ਨੂੰ ਤਾਂ ਕੋਈ ਕੰਮ ਨਹੀਂ ਸੀ। ਬਾਬੇ ਨੇ ਸੋਚਿਆ ਕਿਉਂ ਨਾ 'ਪੈਨਸ਼ਨ' ਹੋਏ ਲੇਖਕਾਂ ਅਤੇ ਕਵੀਆਂ ਦਾ ਹਰ ਤੀਜੇ ਮਹੀਨੇ ਸਨਮਾਨ ਕੀਤਾ ਜਾਇਆ ਕਰੇ? ਨਾਲੇ ਉਨ੍ਹਾਂ ਦਾ ਵਕਤ ਪਾਸ ਹੋ ਜਾਇਆ ਕਰੂਗਾ, ਨਾਲੇ ਮੇਰੀ ਰਾਲ਼-ਬੋਲ਼ ਬਣੀ ਰਿਹਾ ਕਰੂ! ਇੱਕ ਮੋਰੀ ਦੋ ਡਾਕੇ। ਪਹਿਲਾਂ ਤਾਂ ਬਾਬੇ ਨੇ ਸੋਚਿਆ ਕਿ ਕਿਉਂ ਨਾ ਕੁਝ ਨੌਜਵਾਨ ਲੇਖਕ ਬੁਲਾ ਕੇ ਵੀ ਸਨਮਾਨ ਦਿੱਤਾ ਜਾਵੇ, ਪਰ ਫਿਰ ਉਸ ਦੇ ਮਨ ਨੇ ਦਲੀਲ ਪੇਸ਼ ਕੀਤੀ ਕਿ ਨੌਜਵਾਨ ਲੇਖਕਾਂ ਕੋਲ ਹੋਰ ਬਥੇਰੇ ਕਾਰਜ ਹਨ, ਜਿਵੇਂ, ਬੇਰੁਜ਼ਗਾਰ ਦਫ਼ਤਰਾਂ ਦੇ ਚੱਕਰ ਮਾਰਨੇ, ਬਰੈਂਡਾਂ 'ਤੇ ਆਇਓਡੈਕਸ ਲਾ ਕੇ ਸੇਵਨ ਕਰਨਾ, ਬੱਸ ਸਟੈਂਡਾਂ 'ਤੇ ਅੱਖਾਂ ਤੱਤੀਆਂ ਕਰਨੀਆਂ, ਕੁੜੀਆਂ ਜਾਂ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਪੱਤਰ ਲਿਖਣੇ, ਐਮ.ਏ. ਬੀ.ਐਡ. ਕਰਨ ਤੋਂ ਬਾਅਦ ਵੀ ਕਲਰਕੀ ਦੀ ਨੌਕਰੀ ਲਈ ਧੱਕੇ ਖਾਣੇ, ਨੌਕਰੀ ਨਾ ਮਿਲਣ ਕਰਕੇ ਘਰਦਿਆਂ ਨਾਲ ਖਹਿਣਾ...ਆਦਿ! ਨੌਜਵਾਨਾਂ ਕੋਲ ਤਾਂ ਅਜਿਹੇ ਕੰਮ ਸਮਾਂ ਧੱਕਣ ਲਈ ਬਹੁਤ ਹਨ। ਸੁੱਕੇ ਤਾਂ ਵਿਚਾਰੇ ਬਜ਼ੁਰਗ ਲੇਖਕ ਪਏ ਹਨ। ਉਨ੍ਹਾਂ ਦਾ ਜ਼ਰੂਰ ਪੁੰਨ ਖੱਟਿਆ ਜਾਵੇ। ਨਾਲੇ ਪੁੰਨ ਨਾਲੇ ਫ਼ਲੀਆਂ!

ਕੁਝ ਕੁ ਮਹੀਨਿਆਂ ਦੇ ਤੋਰੇ-ਫੇਰੇ ਮਗਰੋਂ ਬਾਬੇ ਨੇ 'ਬਜ਼ੁਰਗ ਸਾਹਿਤ ਸਭਾ' ਤਿਆਰ ਕਰ ਲਈ ਅਤੇ ਆਪ ਪ੍ਰਧਾਨ ਬਣ ਗਿਆ। ਖੇਤਾ ਸਿੰਘ 'ਪੋਰ' ਨੂੰ ਜਨਰਲ ਸਕੱਤਰ ਅਤੇ ਮੱਲ ਸਿੰਘ 'ਦਰਵੇਸ਼' ਨੂੰ ਮੀਤ ਪ੍ਰਧਾਨ ਥਾਪਿਆ ਗਿਆ। ਜੰਗ ਸਿੰਘ ਘੜ੍ਹੀਸਵਾਲ਼ ਨੂੰ ਸਲਾਹਕਾਰ ਨਿਯੁਕਤ ਕਰ ਲਿਆ। ਸਾਰਿਆਂ ਨੇ ਤੂਫ਼ਾਨੀ ਮੀਟਿੰਗ ਕੀਤੀ ਅਤੇ ਅਤੇ ਕੁਝ ਕੁ ਨਾਮਵਰ ਲੇਖਕਾਂ ਨੂੰ ਸੱਦਾ-ਪੱਤਰ ਲਿਖ ਦਿੱਤਾ। ਬਾਬਾ, ਤੇਜਾ ਸਿੰਘ ਤੇਜ ਪਟੋਲ੍ਹੇ ਵਾਲਾ, ਟਾਬੂ ਸਿੰਘ ਦਸ਼ਾ, ਲਾਵਾ ਸਿੰਘ ਲਾਟਕੱਢ ਅਤੇ ਬਸੰਤਰ ਸਿੰਘ ਬੱਤੀ ਉਗੀਸ ਨੂੰ ਬੁਲਾਉਣ ਲਈ ਬਜ਼ਿੱਦ ਸੀ ਕਿਉਂਕਿ ਬਾਬਾ ਇਨ੍ਹਾਂ ਲੇਖਕਾਂ ਨੂੰ ਵਲਾਇਤ ਵਿੱਚ ਮਿਲ ਚੁੱਕਾ ਸੀ। ਖ਼ੈਰ! ਬਾਬੇ ਦੀ ਜੁਆਕਾਂ ਵਾਲੀ 'ਰਿਹਾੜ' ਦੇਖ ਕੇ ਸਾਰੀ ਸਾਹਿਤ ਸਭਾ ਨੇ ਇਨ੍ਹਾਂ ਸਾਹਿਤਕਾਰਾਂ ਨੂੰ ਬੁਲਾਉਣਾ ਮੰਨ ਲਿਆ।

ਮੁਕੱਰਰ ਕੀਤੀ ਹੋਈ ਤਾਰੀਖ਼ 'ਤੇ ਸਾਰੇ ਬਜ਼ੁਰਗ ਲੇਖਕ ਬਾਬੇ ਦੇ ਘਰ ਮੱਕੀ ਦੇ ਗੁੱਲਾਂ ਵਾਂਗ ਆ ਡਿੱਗੇ। ਉਹ ਮਾੜੇ ਗੱਡੇ ਵਾਂਗ ਚੂਕ ਜਿਹੇ ਰਹੇ ਸਨ। ਕਿਸੇ ਨੂੰ ਦਮਾ ਸੀ, ਕਿਸੇ ਦਾ ਲੱਕ ਨਹੀਂ ਹਿੱਲਦਾ ਸੀ, ਕੋਈ ਗਠੀਏ ਦਾ ਮਰੀਜ਼ ਸੀ ਅਤੇ ਕੋਈ ਪਿੱਠ ਦੇ ਦਰਦਾਂ ਵੱਲੋਂ ਦੁਖੀ ਸੀ। ਸਾਰੇ ਸਾਹਿਤਕ-ਸਫ਼ਰ ਦੌਰਾਨ ਉਨ੍ਹਾਂ ਨੇ ਇਹੀ ਕੁਝ ਤਾਂ ਖੱਟਿਆ ਸੀ। ਨੰਗਪੁਣੇ ਦੀ ਨੇਕ-ਨਾਮੀ ਉਨ੍ਹਾਂ ਨੂੰ ਆਪਣੇ ਲਿਖਣ ਦੇ ਹੁਨਰ ਕਾਰਨ ਮਿਲੀ ਸੀ। ਸਾਰੇ ਲੇਖਕ ਬਾਬੇ ਦੇ ਵਿਹੜੇ ਵਿੱਚ ਡਹੇ ਮੰਜਿਆਂ 'ਤੇ ਪੈਂਚਰ ਜਿਹੇ ਹੋਏ ਪਏ ਸਨ। ਬਾਬੇ ਦਾ ਘਰ, ਸਾਹਿਤ ਸਭਾ ਦੇ ਪ੍ਰਧਾਨ ਦਾ ਘਰ ਨਹੀਂ, ਕਿਸੇ ਹਸਪਤਾਲ ਦਾ ਭੁਲੇਖਾ ਪਾਉਂਦਾ ਸੀ। ਚਾਹ-ਪਾਣੀ ਦੀ ਸੇਵਾ ਲਈ ਬਾਬੇ ਨੇ ਪਿੰਡ ਵਿੱਚੋਂ ਇੱਕ ਬੀਬੀ ਰੱਖੀ ਹੋਈ ਸੀ। ਜਦ ਉਹ ਚਾਹ ਫੜਾਉਣ ਆਈ ਤਾਂ ਜੰਗ ਸਿੰਘ ਘੜ੍ਹੀਸਵਾਲ ਤੋਂ ਰਿਹਾ ਨਾ ਗਿਆ ਤਾਂ ਉਹਨੇ ਪੈਂਦੀ ਸੱਟੇ ਪੁੱਛ ਲਿਆ, 'ਪ੍ਰਧਾਨ ਸਾਹਿਬ ਇਹ ਬੀਬੀ ਆਪਣੀ ਧਰਮ ਪਤਨੀ ਹੈ?' ਤਾਂ ਬਾਬਾ ਮੰਜੇ ਤੋਂ ਇੱਕ ਦਮ ਖੜ੍ਹਾ ਹੋ ਗਿਆ ਅਤੇ ਬੋਲਿਆ, 'ਕਿਹੜਾ ਨਗਰ ਐ ਸਾਹਿਤਕਾਰ ਜੀ ਆਪਣਾ?'

'ਲੋਪੋ ਐ ਪ੍ਰਧਾਨ ਸਾਹਿਬ!'

'ਜਿੱਥੋਂ ਦੀ ਪ੍ਰਤਾਪੀ ਸੀ...?'

'ਹਾਂ ਜੀ...!'

-'ਤੇਰੇ ਵੀ ਭਾਈ ਛੋਟਿਆ ਕੋਈ ਵੱਸ ਨਹੀਂ! ਮਿੱਟੀ ਦਾ ਰੰਗ ਬੰਦੇ ਨੂੰ ਚੜ੍ਹਦਾ ਹੀ ਐ! ਭਾਈ ਸਾਰੇ ਸੁਣ ਲਓ ਹੁਣ..!' ਬਾਬੇ ਨੇ ਬੇਥ੍ਹਵਾ ਹੱਥ ਹਵਾ ਵਿੱਚ ਲਹਿਰਾਇਆ, 'ਇਹ ਬੀਬੀ ਪਿੰਡ 'ਚੋਂ ਮੈਂ ਰੋਟੀ ਟੁੱਕ ਪਕਾਉਣ 'ਤੇ ਰੱਖੀ ਹੋਈ ਐ, ਇਸ ਦਾ ਨਾਂ ਐ ਬੀਬੀ ਪ੍ਰਸਿੰਨ ਕੌਰ ਦੁਖੀ!' ਬਾਬੇ ਦੇ ਕਹਿਣ 'ਤੇ ਸਾਰੇ 'ਵਾਹ-ਵਾਹ!' ਕਰ ਉਠੇ,



ਅਖੇ 'ਸਾਹਿਤਕਾਰ ਦੇ ਘਰ ਨੌਕਰ ਵੀ ਸਾਹਿਤਕਾਰਾਂ ਦੇ ਨਾਵਾਂ ਵਾਲੇ ਹੁੰਦੇ ਐ।' ਤੇਜਾ ਸਿੰਘ ਤੇਜ ਪਟੋਲ੍ਹੇ ਵਾਲੇ ਦੇ ਆਖਣ 'ਤੇ ਹਾਸੜ ਪੈ ਗਈ। ਚਾਹ ਪੀਣ ਉਪਰੰਤ ਬਾਬੇ ਨੇ ਇੱਕ ਪੁਰਾਣੇ ਖੱਦਰ ਦੇ ਪਰਨੇ ਉਪਰ ਲਿਖਵਾਇਆ, 'ਬਜ਼ੁਰਗ ਸਾਹਿਤ ਸਭਾ ਵੱਲੋਂ ਜੀ ਆਇਆਂ' ਦਿਖਾਇਆ ਤਾਂ ਟਾਬੂ ਸਿੰਘ ਦਸ਼ਾ ਜੀ ਬੋਲੇ, 'ਪ੍ਰਧਾਨ ਸਾਹਿਬ ਤੁਸੀਂ ਇਹ ਪੁਰਾਣੇ ਖੱਦਰ ਦੇ ਪਰਨੇ 'ਤੇ ਆਪਣੀ ਸਾਹਿਤ ਸਭਾ ਦਾ ਨਾਂ ਲਿਖਵਾਈ ਫਿਰਦੇ ਹੋ? ਕਿਸੇ ਚੱਜ ਦੇ ਲੀੜੇ 'ਤੇ ਲਿਖਵਾ ਲੈਂਦੇ, ਰੁਪਈਆ ਰੁਪਈਆ ਅਸੀਂ ਪਾ ਦਿੰਦੇ?'ਬਾਬਾ ਹੱਸ ਪਿਆ, 'ਨਵੇਂ ਕੱਪੜਿਆਂ 'ਤੇ ਸੁਨਹਿਰੀ ਅੱਖਰਾਂ ਵਿੱਚ ਨਾਂ ਲਿਖਵਾਉਣਗੇ ਨਵੇਂ ਸਾਹਿਤਕਾਰ! ਆਪਾਂ ਤਾਂ ਜਿਹੋ ਜਿਹੀ ਟੈਰ ਉਹੋ ਜੇ ਫੁੱਲ! ਜਿਹੋ-ਜਿਹੀ ਬੁੱਢੀ ਸਾਹਿਤ ਸਭਾ, ਉਹੇ ਜਿਹੇ ਪੁਰਾਣੇ ਲੀੜੇ 'ਤੇ ਨਾਂ!' 'ਵਾਹ...! ਬਿਲਕੁਲ ਦਰੁਸਤ...! ਕਿਆ ਬਾਤਾਂ..! ਆਹਲਾ ਸੋਚ..!' ਸਾਰੇ ਸੰਤੁਸ਼ਟ ਹੋ ਗਏ।

ਪ੍ਰੋਗਰਾਮ ਸ਼ੁਰੂ ਹੋਇਆ ਤਾਂ ਬਾਬਾ ਉਠ ਕੇ ਭਾਸ਼ਨ ਝਾੜਨ ਲੱਗ ਪਿਆ, 'ਲਓ ਬਈ ਭੈਣੋ-ਭਰਾਵੋ ਤੇ ਜੁੰਡੀ ਦੇ ਯਾਰੋ!' ਬਾਬੇ ਦੇ ਕਹਿਣ 'ਤੇ ਤੇਜ਼ ਪਟੋਲ੍ਹੇ ਵਾਲਾ ਬੋਲ ਉਠਿਆ, 'ਪ੍ਰਧਾਨ ਸਾਹਿਬ ਇੱਥੇ ਤਾਂ ਸਾਰੇ ਜੁੰਡੀ ਦੇ ਯਾਰ ਈ ਐ, ਭੈਣ ਤਾਂ ਕੋਈ ਹੈ ਨਹੀਂ!' 'ਪ੍ਰਸਿੰਨ ਕੌਰ ਦੁਖੀ ਨੂੰ 'ਵਾਜ ਮਾਰਲੋ! ਉਹ ਕਿਹੜਾ ਅੰਦਰ ਫੁਲਕਾਰੀ ਕੱਢਦੀ ਐ?' ਲੋਪੋ ਵਾਲਾ ਘੜ੍ਹੀਸਵਾਲ਼ ਬੋਲਿਆ।

ਨਗ ਪੂਰਾ ਕਰਨ ਲਈ ਪ੍ਰਸਿੰਨੀ ਬੁਲਾ ਲਈ। ਬਾਬੇ ਨੇ ਸੂਈ ਫਿਰ ਤਵੇ 'ਤੇ ਧਰ ਲਈ, 'ਲਓ ਜੀ! ਪਹਿਲਾਂ ਹੀ ਸਾਰੇ ਸਾਹਿਤਕਾਰ ਆਪਣੇ ਨਾਂ, ਪਤੇ, ਰਚਨਾਵਾਂ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਸਾਡੇ ਸਕੱਤਰ ਖੇਤਾ ਸਿੰਘ 'ਪੋਰ' ਨੂੰ ਲਿਖਾ ਹੀ ਚੁੱਕੇ ਹਨ, ਇਹ ਤੁਹਾਡੀ ਜਾਣਕਾਰੀ ਦੀ ਸਾਂਝ ਸਾਡੇ ਸਾਹਿਤਕਾਰਾਂ ਨਾਲ ਪੁਆਉਣਗੇ। ਕਹਾਣੀਆਂ, ਕਵਿਤਾਵਾਂ ਦੇ ਪਾਠ ਮਗਰੋਂ ਹਰ ਸਾਹਿਤਕਾਰ ਨੂੰ ਲੋੜੀਂਦਾ ਇਨਾਮ ਦਿੱਤਾ ਜਾਵੇਗਾ, ਸੋ ਲਓ ਸਾਡੇ 'ਪੋਰ' ਸਾਹਿਬ ਜੀ!' ਤਾੜੀਆਂ ਮਾਰੀਆਂ ਗਈਆਂ।

'ਪਿਆਰੇ ਸਾਹਿਤਕਾਰ ਦੋਸਤੋ! ਹੁਣ ਮੈਂ ਆਪਣੇ ਸਾਹਿਤਕਾਰ ਸਾਥੀਆਂ ਬਾਰੇ ਜਾਣਕਾਰੀ ਦੇਵਾਂਗਾ। ਜੇ ਕਿਸੇ ਮੇਰੇ ਵੀਰ ਨੂੰ ਉਚੀ ਸੁਣਦਾ ਹੋਵੇ ਜਾਂ ਕਮਜ਼ੋਰੀ ਕਾਰਨ ਮੇਰੀ ਜ਼ਬਾਨ ਗੋਤਾ ਖਾ ਜਾਵੇ, ਕਿਸੇ ਗੱਲ ਦੀ ਸਮਝ ਨਾ ਆਵੇ, ਕਿਰਪਾ ਕਰਕੇ ਰੌਲਾ ਨਾ ਪਾਇਓ, ਕਿਉਂਕਿ ਬੁੱਢੇ ਸਾਹਿਤਕਾਰਾਂ ਦਾ ਰੌਲਾ ਸਕੂਲੀ ਬੱਚਿਆਂ ਨਾਲੋਂ ਕਿਤੇ ਚੜਚੋਲ੍ਹੜ ਭਰਪੂਰ ਹੁੰਦੈ। ਉੱਚੀ ਜੋ ਸੁਣਦਾ ਹੁੰਦੈ! ਸੋ ਕਿਰਪਾ ਕਰਕੇ ਹੱਥ ਹੀ ਖੜ੍ਹਾ ਕਰ ਦੇਣਾ।'ਸਾਰੇ ਸ਼ਾਂਤ ਸਨ। ਸੁਣ ਰਹੇ ਸਨ।

'ਸਭ ਤੋਂ ਪਹਿਲਾਂ ਮੈਂ ਖੱਬਿਓਂ ਟਾਬੂ ਸਿੰਘ ਜੀ ਦਸ਼ਾ ਤੋਂ ਸ਼ੁਰੂਆਤ ਕਰਾਂਗਾ! ਦਸ਼ਾ ਜੀ ਦੀ ਸਾਹਿਤ ਜਗਤ ਨੂੰ ਬੜੀ ਦੇਣ ਐ। ਇਨ੍ਹਾਂ ਦਾ ਪਹਿਲਾ ਨਾਵਲ ਆਇਆ ਸੀ 'ਕੁੱਤਿਆਂ ਵਾਲੇ ਭਰਾੜ੍ਹ', ਪਹਿਲੇ ਨਾਵਲ ਨੇ ਹੀ ਬੜੀਆਂ ਸਿਖਰਾਂ ਛੂਹੀਆਂ, ਮੋਛੇ ਪਾਏ ਅਤੇ ਫਿਰ ਇਨ੍ਹਾਂ ਦਾ ਦੂਜਾ ਵੱਡ-ਅਕਾਰੀ ਨਾਵਲ ਆਇਆ 'ਅੱਧੀ ਰਾਤੋਂ ਖੜਕਾ ਦੜਕਾ', ਬੱਸ ਫੇਰ ਕੀ ਸੀ, ਇਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ! ਅੱਜ-ਕੱਲ੍ਹ ਇਨ੍ਹਾਂ ਦੀ ਮਾਰਕੀਟ ਵਿਚ ਸਰਦਾਰੀ ਹੈ, ਇਹ ਕਈ ਫ਼ਿਲਮਾਂ ਵੀ ਬਣਾ ਚੁੱਕੇ ਹਨ। ਇਨ੍ਹਾਂ ਦੀ ਬਹੁ-ਚਰਚਿਤ ਪੰਜਾਬੀ ਫਿਲਮ ਸੀ 'ਕੁੱਤੀ ਯਾਰ ਦੀ', ਕਿਆ ਸ਼ੈਅ ਥੀ!' ਤਾੜੀਆਂ ਨਾਲ ਵਰਾਂਡਾ ਗੂੰਜ ਪਿਆ।

ਨਾਵਲਾਂ ਦੇ ਵਿਸ਼ਿਆਂ ਬਾਰੇ ਵੀ ਜ਼ਰੂਰ ਚਾਨਣਾ ਪਾਓ ਜੀ!' ਤੇਜ ਪਟੋਲ੍ਹੇ ਵਾਲੇ ਨੇ ਕਿਹਾ। 'ਵਿਸ਼ਿਆਂ ਜਾਂ ਵਿਕਾਰਾਂ ਬਾਰੇ ਚਾਨਣਾ ਵਿਸਥਾਰ ਸਹਿਤ ਤਾਂ ਇਹ ਆਪ ਹੀ ਪਾ ਸਕਦੇ ਹਨ ਪਰ ਮੈਂ ਸੰਖੇਪ ਰੂਪ ਵਿੱਚ ਜ਼ਰੂਰ ਕੋਸ਼ਿਸ਼ ਕਰਾਂਗਾ। ਦਸ਼ਾ ਸਾਹਿਬ ਸ਼ਾਮ ਨੂੰ ਪੀਣ ਦੇ ਬੜੇ ਸ਼ੌਕੀਨ ਹਨ। ਪੀ ਕੇ ਜਦ ਇਹ ਹਨ੍ਹੇਰੇ ਹੋਏ ਘਰ ਨੂੰ ਜਾਂਦੇ ਹਨ ਤਾਂ ਥੋਨੂੰ ਪਤਾ ਹੀ ਹੈ ਕਿ ਖਾਸ ਤੌਰ 'ਤੇ ਲੰਡਰ-ਲੰਡੂ ਕੁੱਤੇ ਵੀ ਲੱਤਾਂ ਭਰਾੜ੍ਹ ਕਰਨ ਦੇ ਸ਼ੌਕੀਨ ਹੁੰਦੇ ਹਨ। ਵੈਸੇ ਲੇਖਕਾਂ ਨੂੰ ਨੰਗ ਜਿਹੇ ਸਮਝ ਕੇ ਕੁੱਤੇ ਪੈਂਦੇ ਵੀ ਬਹੁਤਾ ਨੇ, ਬਈ ਪੰਜੀ ਇਨ੍ਹਾਂ ਦੇ ਗੀਝੇ 'ਚ ਨਈਂ ਤੇ ਟਿਕਦੇ ਅੱਧੀ ਰਾਤ ਨੂੰ ਵੀ ਨਈਂ..! ਇਸ ਲਈ ਇਨ੍ਹਾਂ ਨੂੰ ਆਪਣੇ ਪਹਿਲੇ ਨਾਵਲ ਦਾ ਨਾਂ 'ਕੁੱਤਿਆਂ ਵਾਲੇ ਭਰਾੜ੍ਹ' ਰੱਖਣਾ ਪਿਆ! ਬਾਕੀ ਰਹੀ ਦੂਜੇ ਨਾਵਲ 'ਅੱਧੀ ਰਾਤੋਂ ਖੜਕਾ ਦੜਕਾ' ਦੀ ਗੱਲ! ਥੋਨੂੰ ਪਤਾ ਈ ਐ ਬਈ ਜਿਹੜਾ ਬੰਦਾ, ਖਾਸ ਤੌਰ 'ਤੇ ਇੱਕ ਮਕਬੂਲ ਸਾਹਿਤਕਾਰ ਆਪਣੀ ਪਤਨੀ ਤੋਂ ਅੰਦਰੋ-ਅੰਦਰੀ ਚੁੱਪ-ਚਾਪ ਛਿੱਤਰਪੌਲਾ ਸਹਿ ਲਵੇ, ਉਸ ਦੀ ਸਹਿਣਸ਼ੀਲਤਾ ਅਤੇ ਫ਼ਰਾਖ਼ਦਿਲੀ ਨੂੰ ਦਾਦ ਦੇਣੀ ਹੀ ਬਣਦੀ ਹੈ! ਭਾਵੇਂ ਉਪਰੋਕਤ ਗੱਲ ਇਨ੍ਹਾਂ 'ਤੇ ਲਾਗੂ ਨਾ ਹੁੰਦੀ ਹੋਵੇ, ਪਰ ਇਨ੍ਹਾਂ ਦੇ ਮੁੱਖ-ਪਾਤਰ ਦੇ ਪੈਰੀਂ ਪੈਣ ਨੂੰ ਜੀਅ ਕਰਦਾ ਹੈ! ਅਸਲ ਵਿੱਚ ਇਸ ਨਾਵਲ ਦਾ ਨਾਂ 'ਅੱਧੀ ਰਾਤ ਪੈਰ ਦਾ ਖੜਕਾ' ਹੋਣਾ ਚਾਹੀਦਾ ਸੀ। ਚਾਹੀਦਾ ਤਾਂ ਇੰਜ ਸੀ ਬਈ ਨਾਂ ਮੁੱਖ-ਪਾਤਰ ਅੱਧੀ ਰਾਤੋਂ ਪੈਰ ਦਾ ਖੜਕਾ ਕਰਦਾ ਅਤੇ ਨਾ ਹੀ ਘਰੇ ਘਰੇਲੂ ਯੁੱਧ ਸ਼ੁਰੂ ਹੁੰਦਾ! ਨਾ ਸੈਹਾ ਨਿਕਲਦਾ ਤੇ ਨਾ ਕੁੱਤੀ ਭੌਂਕਦੀ! ਜਿੱਥੋਂ ਤੱਕ ਫ਼ਿਲਮ 'ਕੁੱਤੀ ਯਾਰ ਦੀ' ਦਾ ਸਬੰਧ ਹੈ, ਇਕ ਗਰੀਬ ਆਸ਼ਕ ਨੂੰ ਮਾਸ਼ੂਕ ਦੀ ਕੁੱਤੀ ਦੰਦ ਮਾਰ ਜਾਂਦੀ ਹੈ, ਵਿਚਾਰੇ ਆਸ਼ਕ ਨੂੰ ਲੋਕਾਂ ਨਾਲ ਦਿਹਾੜੀ ਦੱਪੇ ਕਰ ਕੇ ਹਲਕਾਅ ਦੇ 14 ਟੀਕੇ ਲੁਆਉਣੇ ਪੈਂਦੇ ਹਨ, ਉਹ ਟੀਕਿਆਂ ਦਾ ਕਰਜ਼ ਲਾਹੁਣ ਲਈ ਕਿਵੇਂ ਮਿਹਨਤ-ਮਜ਼ਦੂਰੀ ਕਰਦਾ ਵੀ ਮਾਸ਼ੂਕ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ ਹੈ, ਫ਼ਿਲਮ ਦੀ ਕਹਾਣੀ ਬੇਮਿਸਾਲ ਹੈ...!' ਤਾੜੀਆਂ ਦੀ ਗੂੰਜ ਪੈ ਗਈ।

'ਹੁਣ ਤੁਹਾਨੂੰ ਮੈਂ ਤੇਜਾ ਸਿੰਘ ਤੇਜ ਪਟੋਲ੍ਹੇ ਵਾਲ਼ੇ ਬਾਰੇ ਤੁਅੱਰਫ਼ ਕਰਾਵਾਂਗਾ! ਇਨ੍ਹਾਂ ਦਾ ਨਾਂ 'ਪਟੋਲ੍ਹੇ ਵਾਲ਼ਾ' ਕਿਵੇਂ ਪਿਆ? ਇੱਕ ਬਹੁਤ ਵੱਡਾ ਰਹੱਸ ਹੈ! ਜਦੋਂ ਇਹ ਅਜੇ ਗ੍ਰਿਹਸਥੀ ਜੀਵਨ ਵਿੱਚ ਨਹੀਂ ਪਏ ਸਨ, ਤਾਂ ਇਨ੍ਹਾਂ ਨੂੰ ਇਨ੍ਹਾਂ ਦੀ ਮਹਿਬੂਬਾ ਨੇ ਇੱਕ ਰੁਮਾਲ ਭੇਟ ਕੀਤਾ ਸੀ, ਕੁਝ ਅਰਸੇ ਬਾਅਦ ਉਹ ਇਨ੍ਹਾਂ ਨੂੰ ਠੁੱਠ ਦਿਖਾ ਕੇ ਕਿਤੇ ਹੋਰ ਤੁਰ ਗਈ। ਬੱਸ ਇਨ੍ਹਾਂ ਨੇ ਉਸ ਰੁਮਾਲ ਨਾਲ ਨਜ਼ਲਾ ਅਤੇ ਹੰਝੂ ਪੂੰਝੇ। ਰੁਮਾਲ ਨੂੰ ਧੋਣ ਦਾ ਇਨ੍ਹਾਂ ਕੋਲ ਸਮਾਂ ਹੀ ਨਹੀਂ ਸੀ। ਫਿਰ ਇਹ ਵਲਾਇਤ ਪੁੱਜ ਕੇ ਮਾਂ-ਭੂਮੀ ਦੇ ਹੇਰਵੇ 'ਚ ਰੋਂਦੇ ਰਹੇ, ਰੁਮਾਲ ਨੇ ਇਨ੍ਹਾਂ ਦਾ ਸਾਰਾ ਹੇਰਵਾ ਆਪਣੀ ਛਾਤੀ ਵਿੱਚ ਸਮਾਇਆ। ਫਿਰ ਵਲਾਇਤ ਦੇ ਭਾਰੇ-ਭਾਰੇ ਕੰਮ ਕਰਦੇ ਰੋਂਦੇ ਰਹਿੰਦੇ, ਨਲੀ ਸੁਣਕਦੇ ਰਹਿੰਦੇ, ਰੁਮਾਲ ਦੀ ਪੂਰਨ ਹਮਦਰਦੀ ਇਨ੍ਹਾਂ ਦੇ ਸਾਥ ਰਹੀ, ਫੇਰ ਇਨ੍ਹਾਂ ਹੱਥ ਹੌਲੀ-ਹੌਲੀ ਕਲਮ ਆ ਗਈ, ਕਵਿਤਾਵਾਂ ਲਿਖਦੇ-ਲਿਖਦੇ ਜਜ਼ਬਾਤੀ ਹੋ ਕੇ ਦਿਲ ਹੌਲਾ ਕਰਦੇ ਤਾਂ ਵੀ ਰੁਮਾਲ ਇਨ੍ਹਾਂ ਦੀਆਂ ਨਾਸਾਂ ਮੂਹਰੇ ਹੀ ਹੁੰਦਾ ਸੀ। ਫਿਰ ਕੋਈ ਪਬਲਿਸ਼ਰ ਇਨ੍ਹਾਂ ਦੀ ਕਿਤਾਬ ਨਾ ਛਾਪੇ। ਰੋਣ-ਧੋਣ ਤੋਂ ਬਾਅਦ ਫਿਰ ਕਵੱਖਤੀ ਰੁਮਾਲ ਦੀ! ਗੱਲ ਕੀ ਜੀ ਇਨ੍ਹਾਂ ਨੇ ਆਪਣਾ ਤੇ ਰੁਮਾਲ ਨੇ ਆਪਣਾ ਕਰਤੱਵ ਨਹੀਂ ਛੱਡਿਆ! ਨਜ਼ਲੇ ਅਤੇ ਹੰਝੂਆਂ ਦਾ ਇਤਨਾ ਹੜ੍ਹ ਸੰਭਾਲਣ ਦੇ ਬਾਵਜੂਦ ਇਨ੍ਹਾਂ ਨੇ ਰੁਮਾਲ ਨਹੀਂ ਧੋਤਾ। ਰੁਮਾਲ ਜੁੜਦਾ, ਆਕੜਦਾ ਇੱਕ ਤਰ੍ਹਾਂ ਨਾਲ 'ਪਟੋਲ੍ਹੇ' ਦਾ ਰੂਪ ਹੀ ਧਾਰਨ ਕਰ ਗਿਆ, ਅਰਥਾਤ ਹੁਣ ਪੂਰਾ ਜ਼ੋਰ ਲਾਉਣ 'ਤੇ ਵੀ ਨਹੀਂ ਖੁੱਲ੍ਹਦਾ, ਆਹ ਦੇਖ ਲਓ ਹੁਣ ਵੀ ਭਿੱਜੇ ਚੂਹੇ ਵਾਂਗ 'ਪਟੋਲ੍ਹੇ' ਨੂੰ ਆਪਣੇ ਹੱਥਾਂ ਵਿਚ ਘੁੱਟੀ ਬੈਠੇ ਹਨ...! 'ਵਾਹ! ਕੀ ਲੈਣ- ਦੇਣ ਦੇ ਸਬੰਧ ਨੇ!' ਤਾੜੀਆਂ ਫਿਰ ਗੂੰਜ ਉਠੀਆਂ।

ਇਨ੍ਹਾਂ ਦੀਆਂ ਤਿੰਨ ਕਿਤਾਬਾਂ 'ਬੁੱਢੀ ਘੋੜੀ ਲਾਲ ਲਗਾਮਾਂ', 'ਟੁੱਕੇ ਬੇਰ ਮਾਸ਼ੂਕ ਦੇ' ਅਤੇ 'ਟੁੱਟ ਪੈਣੇ ਨੇ ਜਲੇਬੀ ਮਾਰੀ' ਛਪ ਚੁੱਕੀਆਂ ਹਨ ਅਤੇ 'ਨਕਲੀ ਦੰਦ ਗੁਆਚ ਗਏ' ਛਪਾਈ ਅਧੀਨ ਹੈ।' 'ਹਲਾ ਜੀ ਹਲਾ। ਸੱਤ ਬਚਨ..!'

'ਹੁਣ ਵਾਰੀ ਹੈ ਸਾਡੇ ਸਰਦਾਰ ਲਾਵਾ ਸਿੰਘ ਜੀ ਲਾਟਕੱਢ ਹੋਰਾਂ ਦੀ! ਇਨ੍ਹਾਂ ਨੇ ਕੁਝ ਕੁ ਕਹਾਣੀਆਂ ਹੀ ਲਿਖੀਆਂ ਹਨ, ਜੋ ਅੱਧ-ਪਚੱਧ ਤਾਂ ਕਿਤੇ ਛਪ ਗਈਆਂ ਅਤੇ ਅੱਧ-ਪਚੱਧ ਸੰਪਾਦਕਾਂ ਦੀ ਰੱਦੀ ਦਾ ਸ਼ਿਕਾਰ ਹੁੰਦੀਆਂ ਰਹੀਆਂ! ਫਿਰ ਵੀ ਇਨ੍ਹਾਂ ਨੇ ਮੁੱਖੋਂ 'ਸੀ' ਨਹੀਂ ਉਚਾਰੀ! ਤਿੰਨ ਸ਼ਾਦੀਆਂ ਕਰਨ ਦੇ ਬਾਵਜੂਦ ਇਹ ਊਠ ਦੀ ਪੂਛ ਵਰਗੇ ਇਕੱਲੇ ਹੀ ਹਨ। ਇਹ ਸ਼ਾਦੀ ਰਚਾ ਕੇ ਘਰ ਵਸਾਉਂਦੇ ਰਹੇ, ਪਰ ਅਗਲੀਆਂ ਇਨ੍ਹਾਂ ਦਾ ਘਰ ਉਜਾੜ ਕੇ ਡੰਡੀ ਪੈਂਦੀਆਂ ਰਹੀਆਂ। ਇਨ੍ਹਾਂ ਨੇ ਫਿਰ ਵੀ ਰੱਬ ਦਾ ਭਾਣਾ ਮਿੱਠਾ ਕਰ ਕੇ ਮੰਨਿਆ।

ਇਨ੍ਹਾਂ ਦਾ ਹਿਰਦਾ ਇੰਨਾ ਸਹਿਜ ਵਹਾਓ ਵਾਲ਼ਾ ਹੋਣ ਕਾਰਨ ਇਨ੍ਹਾਂ ਦਾ ਨਾਂ ਲਾਵਾ ਸਿੰਘ ਪੈ ਗਿਆ ਪਰ ਜਦੋਂ ਇਨ੍ਹਾਂ ਨੇ ਪੈਲੀ ਦਾ ਵਿੱਘਾ ਵੇਚ ਕੇ ਕਿਤਾਬ ਛਪਵਾਉਣੀ ਚਾਹੀ ਤਾਂ ਇਨ੍ਹਾਂ ਨਾਲ ਫਿਰ ਅਨਰਥ ਹੋਇਆ। ਪਬਲਿਸ਼ਰ ਨੇ ਇਨ੍ਹਾਂ ਦਾ ਖਰੜਾ ਕਿਸੇ ਅਨਾੜੀ ਲੇਖਕ ਤੋਂ ਗੱਫ਼ਾ ਲੈ ਕੇ ਉਸ ਦੇ ਨਾਂ 'ਤੇ ਛਾਪ ਦਿੱਤਾ। ਇਨ੍ਹਾਂ ਦਾ ਖਰੜਾ ਅਤੇ ਰੁਪਏ ਲੱਗ ਗਏ ਲੇਖੇ! ਰੰਨ ਗਈ ਨਾਲੇ ਕੰਨ ਪਾਟੇ! ਉਦੋਂ ਦੇ ਇਹ ਕਦੇ-ਕਦੇ ਆਖ ਦਿੰਦੇ ਹਨ ਕਿ ਖਰੜੇ ਬਾਰੇ ਸੋਚ ਕੇ ਮੇਰੇ ਅੰਦਰੋਂ ਲਾਟ ਉਠਦੀ ਹੈ। ਬੱਸ ਉਦੋਂ ਤੋਂ ਇਨ੍ਹਾਂ ਦੇ ਨਾਂ ਲਾਵਾ ਸਿੰਘ ਨਾਲ 'ਲਾਟਕੱਢ' ਜੁੜ ਗਿਆ।' ਇੱਕ ਅਜ਼ੀਬ ਚੁੱਪ ਸੀ।

'ਇਹ ਨੇ ਸਾਡੇ ਬਸੰਤਰ ਸਿੰਘ ਜੀ 'ਬੱਤੀ-ਉਗੀਸ' ਉਰਫ਼ 'ਗੁੱਲ ਸਾਹਿਬ'! ਇਨ੍ਹਾਂ ਦਾ ਅਸਲ ਨਾਂ ਤਾਂ ਬਸੰਤ ਸਿੰਘ ਸੀ ਪਰ ਜਦੋਂ ਦਾ ਇਨ੍ਹਾਂ ਨੇ ਆਲੋਚਕਾਂ ਵਿੱਚ ਪੈਰ ਧਰਿਆ ਹੈ, ਸਾਹਿਤਕਾਰਾਂ ਨੇ ਇਨ੍ਹਾਂ ਦਾ ਨਾਂ ਬਸੰਤਰ ਸਿੰਘ ਰੱਖ ਦਿੱਤਾ। ਇਨ੍ਹਾਂ ਦੀ ਆਲੋਚਨਾ ਵਿੱਚ ਇਤਨਾ ਕੁ ਦਮ ਹੈ ਕਿ ਜਿਸ ਵੱਲ ਦੀਵੇ ਦੀ ਬੱਤੀ ਉਗੀਸ ਦੇਣ ਉਸ ਨੂੰ ਅਸਮਾਨੀਂ ਚਾੜ੍ਹ ਦੇਣਗੇ ਤੇ ਜੇ ਇਹ ਕਿਸੇ 'ਤੇ ਕਰੋਧੀ ਹੋ ਜਾਣ ਤਾਂ ਅਗਲੇ ਦਾ ਦੀਵਾ 'ਗੁੱਲ'! ਜਿਨ੍ਹਾਂ ਦੇ ਬੇੜੇ ਇਨ੍ਹਾਂ ਨੇ ਪਾਰ ਲਾਏ ਹਨ, ਉਹ ਇਨ੍ਹਾਂ ਨੂੰ 'ਬੱਤੀ-ਉਗੀਸ' ਕਹਿ ਕੇ ਵਡਿਆਉਂਦੇ ਹਨ, ਅਤੇ ਜਿਨ੍ਹਾਂ ਨੂੰ ਇਨ੍ਹਾਂ ਨੇ ਖ਼ਤਾਨੀਂ ਸੁੱਟਿਐ, ਉਹ ਵੀ ਇਨ੍ਹਾਂ ਨੂੰ 'ਗੁੱਲ ਸਾਹਿਬ' ਆਖ ਕੇ ਸਤਿਕਾਰਦੇ ਹਨ। ਕਹਿਣ ਦਾ ਭਾਵ ਸਾਰੇ ਪਾਸੀਂ ਹੀ ਇਨ੍ਹਾਂ ਦਾ 'ਤੂਤਾ' ਬਰਕਰਾਰ ਹੈ।' 'ਆਲੋਚਕ' ਦਾ ਨਾਂ ਸੁਣ ਕੇ ਸਾਰਿਆਂ ਨੇ ਮੱਝ ਨੂੰ ਥਾਪੀਆਂ ਮਾਰਨ ਵਾਂਗ ਤਾੜੇ ਵਜਾਏ ਕਿ ਕਿਤੇ ਸਾਡੇ ਖ਼ਿਲਾਫ਼ 'ਸਟੈਂਡ' ਨਾ ਲੈ ਲਵੇ। ਪੂਰੀ ਖ਼ਾਤਿਰਦਾਰੀ ਕੀਤੀ। ਡੰਕੇ ਵਜਾਏ।

'ਬਈ ਆਪਣੀਆਂ-ਆਪਣੀਆਂ ਤਾੜੀਆਂ ਵਜਾਉਣੀਐਂ, ਇੱਕ ਦੂਜੇ ਦੇ ਪੱਟ ਨਹੀਂ ਵਜਾਉਣੇ, ਧਿਆਨ ਰੱਖਿਓ..!'

'ਸਾਡੀ ਬਜ਼ੁਰਗ ਸਾਹਿਤ ਸਭਾ ਦੇ ਸਲਾਹਕਾਰ ਜੰਗ ਸਿੰਘ ਲੋਪੋ ਉਰਫ਼ 'ਘੜ੍ਹੀਸਵਾਲ' ਮੇਰੇ ਜਿਗਰੀ ਮਿੱਤਰ ਵੀ ਹਨ। ਇਨ੍ਹਾਂ ਨੂੰ ਕੁਝ ਵੀ ਆਖ ਲਈਏ, ਬਿਲਕੁਲ ਗੁੱਸਾ ਨਹੀਂ ਕਰਦੇ। ਨਾਂ ਦੇ ਨਾਲ-ਨਾਲ ਪਿੰਡ ਦਾ ਨਾਂ ਤਾਂ ਤਕਰੀਬਨ ਹਰ ਲੇਖਕ ਹੀ ਲਾ ਲੈਂਦਾ ਹੈ, ਪਰ ਇਨ੍ਹਾਂ ਦੇ ਨਾਂ ਨਾਲ 'ਘੜ੍ਹੀਸਵਾਲ' ਕਿਵੇਂ ਜੁੜਿਆ? ਬੜੀ ਦਿਲਚਸਪ ਕਹਾਣੀ ਹੈ! ਛੋਟੇ ਹੁੰਦਿਆਂ ਜੇ ਇਸ ਨੇ ਜੰਗਲ ਪਾਣੀ ਜਾਣ ਤੋਂ ਬਾਅਦ ਕੋਈ ਮੁੰਡਾ 'ਘੀਸੀ' ਕਰਦਾ ਦੇਖ ਲੈਣਾ, ਇਸ ਨੇ ਟੰਗਾਂ ਤੋਂ ਫੜ ਕੇ ਖੇਤ 'ਚ ਘੜ੍ਹੀਸ ਲੈਣਾ, ਅਖੇ ਤੂੰ ਹੱਥ ਕਿਉਂ ਨਹੀਂ ਧੋਂਦਾ...? ਫੇਰ ਇਹਨੇ ਸਕੂਲ ਵਿੱਚ ਮੁੰਡੇ ਅਤੇ ਮਾਸਟਰ ਘੜ੍ਹੀਸਣੇ ਸ਼ੁਰੂ ਕਰ ਦਿੱਤੇ। ਫਿਰ ਇਹੇ ਜੀ 'ਛਿੱਤਰ-ਘੜ੍ਹੀਸ' ਆਸ਼ਕ ਬਣਿਆਂ ਤਾਂ ਕੁੜੀ ਵਾਲਿਆਂ ਨੇ ਇਸ ਨੂੰ ਘੜ੍ਹੀਸਿਆ! ਰੱਬ ਥੋੜਾ ਭਲਾ ਕਰੇ, ਉਸ ਤੋਂ ਬਾਅਦ ਇਸ ਨੇ ਕਿਤਾਬਾਂ ਪੜ੍ਹਨ ਦੀ ਘੜ੍ਹੀਸਾ-ਘੜ੍ਹੀਸੀ ਸ਼ੁਰੂ ਕੀਤੀ।

ਫਿਰ ਲਿਖਣ ਦੇ ਸ਼ੌਕ ਨੇ ਇਸ ਨੂੰ ਘੜ੍ਹੀਸ ਲਿਆ! ਅੱਜ-ਕੱਲ੍ਹ ਜੀ ਇਹ ਕਲਮ, ਪਾਠਕ, ਪਾਤਰ ਅਤੇ ਵਿਸ਼ਿਆਂ ਨੂੰ ਘੜ੍ਹੀਸ ਰਿਹੈ! ਇਸ ਲਈ ਇਸ ਦਾ ਨਾਂ ਅਸੀਂ 'ਘੜ੍ਹੀਸਵਾਲ' ਹੀ ਪਾ ਲਿਆ। ਇਸ ਦੀ ਕਿਤਾਬ ਬਹੁਤ ਜਲਦ ਆ ਰਹੀ ਹੈ ਜੀ, 'ਇਸ਼ਕ ਮੁਸ਼ਕ ਨਾ ਗੁੱਝੇ ਰਹਿੰਦੇ!' ਇਹਦੇ ਅਸ਼ਕੇ ਜਾਈਏ! ਬਲਿਹਾਰੇ ਜਾਈਏ! ਬਈ ਬੁੜ੍ਹਾ ਹੋ ਕੇ ਵੀ ਇਹਨੇ ਅਜਿਹੇ ਉਸਾਰੂ ਵਿਸ਼ੇ ਨਹੀਂ ਤਿਆਗੇ, ਘੜ੍ਹੀਸਵਾਲ ਜਿਉਂ ਹੋਇਆ....?' 'ਨਹੀਂ ਰੀਸਾਂ ਬਈ ਜੁਆਨ ਦੀਆਂ....!' ਸਾਰੇ ਬੁੱਢੇ ਇੱਕਦਮ ਜੁਆਨ ਹੋ ਗਏ। ਕਬੂਤਰ ਦੀ 'ਫੜ-ਫੜ' ਵਾਂਗ ਤਾੜੀਆਂ ਫਿਰ ਗੱਜੀਆਂ। 'ਬੱਲੇ-ਬੱਲੇ' ਹੋ ਗਈ।

'ਹੁਣ ਇਨ੍ਹਾਂ ਨੇ ਇੱਕ ਆਰਟੀਕਲ ਲਿਖਿਐ, 'ਏਹ ਰੰਡੀ ਆ...!' 'ਓਏ ਭਾਈ 'ਏਹ ਰੰਡੀ ਆ' ਨਈਂ...! ਏਅਰ ਇੰਡੀਆ...!' ਹਾਸੜ ਮੱਚ ਗਈ। 'ਚਲੋ ਮਾੜੀ ਮੋਟੀ ਗਲਤੀ ਤਾਂ ਬੁੜ੍ਹਿਆਂ ਕੋਲ਼ੋਂ ਹੋ ਈ ਜਾਂਦੀ ਐ...! ਇੱਕ ਸਾਡਾ ਅਹਿਮ ਸਾਹਿਤਕਾਰ ਪੁੱਜ ਨਹੀਂ ਸਕਿਆ, ਜਿਸ ਦਾ ਨਾਂ ਹੈ ਰਣਜੀਤ ਚੱਕ ਤਾਰੇਵਾਲ! ਉਹ ਇਹ ਨਹੀਂ ਬਈ ਉਸ ਕੋਲ ਸਮੇਂ ਦੀ ਘਾਟ ਐ! ਬੰਦਾ ਬੜਾ ਦਲੇਰ ਐ, ਪਰ ਮਾਰ ਤੀਵੀਂ ਤੋਂ ਖਾਂਦੈ! ਇੱਕ ਵਾਰੀ ਘਰਵਾਲੀ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਸਾਹਿਤਕ ਸਮਾਗਮ 'ਤੇ ਚਲਾ ਗਿਆ। ਘਰਵਾਲੀ ਨੇ ਘਰੇ ਆਏ ਦੀ ਐਸੀ 'ਸੇਵਾ' ਕੀਤੀ ਕਿ ਚੱਪਣੀ ਕੋਲੋਂ ਗੋਡਾ ਤੋੜਤਾ। ਹੁਣ ਕੈਦੋਂ ਚਾਚੇ ਵਾਂਗੂੰ ਲੰਗ ਜਿਹਾ ਮਾਰ ਕੇ ਤੁਰਦੈ। ਸ਼ੁਕਰ ਐ ਭਾਈ ਤੁਰਨ-ਫਿਰਨ ਜੋਕਰਾ ਹੋ ਗਿਆ, ਨਹੀਂ ਤਾਂ ਬੁੜ੍ਹੇ ਹੱਡ ਕਦੋਂ ਜੁੜਦੇ ਐ? ਤੀਵੀਂ ਨੇ ਤਾਂ ਬੋਲਤੀ ਸੀ ਉਹਦੀ ਸਤਿਨਾਮ! ਪੜ੍ਹਤਾ ਸੀ ਕੀਰਤਨ ਸੋਹਿਲਾ! ਇਸੇ ਵਿਸ਼ੇ 'ਤੇ ਉਸ ਨੇ ਵੀ ਦੋ ਕਿਤਾਬਾਂ ਲਿਖੀਆਂ ਹਨ, 'ਮੈਨੂੰ ਬਚਾਓ ਮੇਰੀ ਨਖ਼ਰੋ ਤੋਂ' ਅਤੇ 'ਘੋਟਣੇ ਦੀ ਸੱਟ ਰੜਕੇ-!'

'ਖ਼ੈਰ..! ਲੇਖਕ ਨੇ ਵਿਸ਼ੇ ਵੀ ਆਪਣੇ ਆਲੇ-ਦੁਆਲੇ ਤੋਂ ਹੀ ਲੈਣੇ ਹੁੰਦੇ ਨੇ..! ਹੁਣ ਮੈਂ ਆਪਣੇ ਬਾਰੇ ਦੱਸ ਦਿਆਂ!' ਖੇਤਾ ਸਿੰਘ 'ਪੋਰ' ਨੇ ਆਖਰ ਗੱਲ ਨਿਬੇੜਨ ਵਾਲੀ ਕੀਤੀ। ਮੇਰਾ ਨਾਂ ਖੇਤਾ ਸਿੰਘ 'ਪੋਰ' ਹੈ! ਮੈਂ ਤਾਂ ਆਪਣੀ ਤੁੱਛ ਜਿਹੀ ਬੁੱਧੀ ਅਨੁਸਾਰ ਇੱਕ ਹੀ ਕਿਤਾਬ ਲਿਖੀ ਹੈ। ਜਿਸ ਵਿੱਚ ਦਾਸ ਨੇ ਚਾਰ ਵਿਸ਼ਿਆਂ ਉਪਰ ਚਾਨਣਾਂ ਪਾਇਆ ਹੈ, ਪਹਿਲਾ ਗੰਨਾ ਪੋਰ ਨਾਲ ਕਿਵੇਂ ਬੀਜਿਆ ਜਾਵੇ, ਦੂਜਾ ਧੋਵੀਂ ਮੂੰਗੀ ਬੀਜਣ ਦੇ ਢੰਗ, ਤੀਜਾ ਨਹਿਰ ਵਿਚ ਖੁਫ਼ੀਆ ਟਿਊਬਾਂ ਕਿਵੇਂ ਸੁੱਟੀਆਂ ਜਾਣ ਤੇ ਚੌਥਾ ਵੜੇਵਿਆਂ ਨੂੰ ਸਰ੍ਹੋਂ ਦੇ ਤੇਲ ਵਿੱਚ ਭਿਉਂ ਕੇ ਕਿੰਨਾ ਝਾੜ ਲਿਆ ਜਾ ਸਕਦਾ ਹੈ? ਇਸ ਕਿਤਾਬ ਦਾ ਨਾਂ 'ਸੰਨ੍ਹ ਲਾਊ ਨੁਸਕੇ' ਹੈ।'

'ਮੀਤ ਪ੍ਰਧਾਨ ਬਾਰੇ ਵੀ ਜ਼ਰੂਰ ਦੱਸੋ ਜੀ!' ਬਾਬਾ ਜੀ ਨੇ ਬੈਠਣ ਦਾ ਆਹਰ ਜਿਹਾ ਕਰਦੇ 'ਪੋਰ' ਨੂੰ ਕਿਹਾ। 'ਮੁਆਫ਼ ਕਰਨਾ ਸਾਥੀਓ! ਕੰਮ ਦੇ ਬੰਦੇ ਬਾਰੇ ਦੱਸਣਾ ਤਾਂ ਮੈਂ ਭੁੱਲ ਹੀ ਗਿਆ ਸੀ! ਇਹ ਸਾਡੇ ਮੀਤ ਪ੍ਰਧਾਨ ਮੱਲ ਸਿੰਘ 'ਦਰਵੇਸ਼' ਹਨ! ਇਸ ਦਾ ਤਖ਼ੱਲਸ 'ਗੋਡਾ ਮੱਲ' ਵੀ ਹੈ! ਇਹ ਕੋਈ ਲਿਖਾਰੀ-ਲਿਖ਼ੂਰੀ ਨਹੀਂ! ਇਸ ਨੂੰ ਤਾਂ ਚਿੱਠੀ ਵੀ ਲਿਖਣੀ ਨਹੀਂ ਆਉਂਦੀ! ਇਹ ਇੱਕ ਤਰ੍ਹਾਂ ਨਾਲ ਬਾਡੀਗਾਰਡ ਹੈ, ਸਾਡੀ ਸਾਹਿਤ ਸਭਾ ਦਾ! ਜਿਤਨਾ ਚਿਰ ਪ੍ਰੋਗਰਾਮ ਸ਼ਾਂਤਮਈ ਚੱਲਦਾ ਰਹੇਗਾ, ਉਨਾ ਚਿਰ ਇਹ 'ਦਰਵੇਸ਼' ਹੀ ਦਰਵੇਸ਼ ਹੈ। ਤੇ ਜੇ ਕੋਈ ਸਾਹਿਤਕਾਰ ਆਪਣੀ ਰਚਨਾ ਸੁਣਾ ਕੇ ਭੱਜਣ ਦੀ ਖੇਚਲ ਕਰਦੈ, ਕਹਿਣ ਦਾ ਭਾਵ ਦੂਜੇ ਦੀ ਰਚਨਾ ਨਹੀਂ ਸੁਣਦਾ ਤਾਂ ਫਿਰ ਇਸ ਨੂੰ (ਬਾਕੀ ਸਫਾ 29 'ਤੇ)

# ਕੌਮਾਗਾਟਾ ਮਾਰੂ ਵਾਲਾ ਜਲਵਾ

ਮੇਰੇ ਅੱਬਾ ਹਮੇਸ਼ਾ ਹੈਰਾਨ ਕਰਦੇ ਰਹਿੰਦੇ ਸਨ। ਯਕੀਨਨ ਇਹ 1960ਵਿਆਂ ਦੀ ਗੱਲ ਹੈ, ਅਸੀਂ ਦੋਵੇਂ (ਲਾਹੌਰ ਵਿਚ) ਮੋਚੀ ਗੇਟ ਦੀ ਤੰਗ ਗਲੀ ਵਿਚੋਂ ਲੰਘ ਰਹੇ ਸਾਂ ਤਾਂ ਅੱਬਾ ਹਜ਼ੂਰ ਛੋਟੇ ਜਿਹੇ ਘਰ ਦੇ ਬਾਹਰ ਰੁਕੇ ਤੇ ਆਖਣ ਲੱਗੇ, "ਇਹ ਉਹ ਘਰ ਜੇ, ਜਿੱਥੇ ਉਹ ਬੰਦਾ ਰਹਿੰਦਾ ਸੀ ਜਿਸ ਨੇ ਕੌਮਾਗਾਟਾ ਮਾਰੂ ਜਹਾਜ਼ ਕਿਰਾਏ 'ਤੇ ਲਿਆ ਸੀ। ਕੋਈ ਵਕਤ ਆਵੇਗਾ ਜਦੋਂ ਅਸਾਂ ਉਸ ਅਤੇ ਉਸ ਦੇ ਸਾਥੀਆਂ ਨੂੰ ਆਪਣੇ ਸੱਚੇ ਨਾਇਕਾਂ ਵਜੋਂ ਤਸਲੀਮ ਕਰਾਂਗੇ।"

ਕੌਮਾਗਾਟਾ ਮਾਰੂ ਸਾਲਾਂਬੱਧੀ ਮੇਰੇ ਅਚੇਤ ਜ਼ਿਹਨ ਵਿਚ ਵੱਸਿਆ ਰਿਹਾ। ਲਹਿੰਦੇ ਪੰਜਾਬ ਅਤੇ ਲਾਹੌਰ ਵਾਸੀਆਂ ਵਿਚੋਂ ਬਹੁਤਿਆਂ ਨੂੰ ਨਹੀਂ ਪਤਾ ਕਿ ਪਹਿਲੀ ਜੰਗ-ਏ-ਅਜ਼ੀਮ (ਸੰਸਾਰ ਜੰਗ) ਛਿੜਨ ਤੋਂ ਐਨ ਪਹਿਲਾਂ ਅਮਰੀਕਾ ਵਿਚ ਪੰਜਾਬੀਆਂ ਦਾ ਇਕ ਜਥਾ ਦੇਸ਼ ਲਈ ਕੁਝ ਕਰ ਗੁਜ਼ਰਨ ਵਾਸਤੇ ਇਕੱਤਰ ਹੋਇਆ। ਇਹ ਉਹ ਪੰਜਾਬੀ ਸਨ ਜਿਹੜੇ



ਮਜੀਦ ਸ਼ੇਖ

ਕੈਲੀਫੋਰਨੀਆ ਦੇ ਗੋਲਡ ਰਸ਼ ਦੇ ਖਿੱਚੇ ਅਤੇ ਭਾਰਤ ਦੀ ਅੰਗਰੇਜ਼ੀ ਹਕੂਮਤ ਤੋਂ ਨਿਜਾਤ ਪਾਉਣ ਲਈ ਅਮਰੀਕਾ ਗਏ ਸਨ (ਕੈਲੀਫੋਰਨੀਆ ਗੋਲਡ ਰਸ਼ 1848 ਤੋਂ 1855 ਤੱਕ ਚੱਲਿਆ, ਜਦੋਂ ਉੱਥੇ ਸੋਨਾ ਹੋਣ ਦਾ ਪਤਾ ਲੱਗਣ 'ਤੇ ਅਮਰੀਕਾ ਹੀ ਨਹੀਂ ਸਗੋਂ ਦੁਨੀਆ ਭਰ ਤੋਂ ਤਕਰੀਬਨ ਤਿੰਨ ਲੱਖ ਲੋਕ ਸੋਨਾ ਕੱਢਣ ਲਈ ਪੁੱਜੇ ਸਨ)। ਇਨ੍ਹਾਂ ਦੇਸ਼ਭਗਤ ਪੰਜਾਬੀਆਂ ਵਿਚੋਂ ਬਹੁਤੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਲਾਹੌਰ ਨਾਲ ਸੰਬੰਧਿਤ ਸਨ। ਇੱਥੋਂ ਤੱਕ ਕਿ ਅੱਜ ਵੀ ਕੈਲੀਫੋਰਨੀਆ ਵਿਚ ਵੱਡੀ ਗਿਣਤੀ ਕਿਸਾਨ ਲਾਹੌਰ ਤੇ ਇਸ ਦੇ ਆਸੇ-ਪਾਸੇ ਦੇ ਇਲਾਕਿਆਂ ਨਾਲ ਸੰਬੰਧਿਤ ਪੰਜਾਬੀ ਹਨ।

ਅਮਰੀਕਾ ਦੇ ਉਨ੍ਹਾਂ 'ਬਾਗੀ' ਪਰਵਾਸੀਆਂ ਜਿਹੜੇ ਆਖਰ ਬਰਤਾਨਵੀ ਗੁਲਾਮੀ ਦਾ ਜੂਲਾ ਗਲੋਂ ਲਾਹ ਕੇ ਆਜ਼ਾਦੀ ਹਾਸਲ ਕਰਨ 'ਚ ਕਾਮਯਾਬ ਰਹੇ, ਦੀ ਰਵਾਇਤ ਨੂੰ ਜਾਰੀ ਰੱਖਦਿਆਂ ਹਿੰਦੋਸਤਾਨ ਜਾਂ ਮਹਾਂਦੀਪ ਨਾਲ ਸਬੰਧਿਤ ਹੋਰ ਪਰਵਾਸੀਆਂ ਨੇ ਵੀ ਫੈਸਲਾ ਕੀਤਾ ਕਿ ਆਪਣੇ ਵਤਨ ਪਰਤਣ ਅਤੇ ਉਸ ਨੂੰ ਆਜ਼ਾਦ ਕਰਵਾਉਣ ਦਾ ਵਕਤ ਆ ਗਿਆ ਹੈ। ਇਸ ਟੀਚੇ ਨਾਲ ਉਨ੍ਹਾਂ ਨੇ ਵਤਨਾਂ ਨੂੰ ਚਾਲੇ ਪਾ ਦਿੱਤੇ। ਇਨ੍ਹਾਂ ਵਿਚੋਂ ਬਹੁਤ ਸਾਰੇ ਅਜਿਹੇ ਸਨ ਜਿਹੜੇ ਅੰਗਰੇਜ਼ਾਂ ਦੇ ਕਾਲੇ ਕਾਨੂੰਨਾਂ ਤਹਿਤ ਆਪਣੀਆਂ ਜੱਦੀ ਵਾਹੀਯੋਗ ਜ਼ਮੀਨਾਂ ਖੋਹ ਲਏ ਜਾਣ ਕਾਰਨ ਪਰਵਾਸੀ ਹੋਏ ਸਨ। ਕੈਲੀਫੋਰਨੀਆ ਵਿਚੋਂ ਨਿਕਲਣ ਵਾਲੇ ਸੋਨੇ ਬਾਰੇ ਲਾਹੌਰ ਦੇ 'ਸਿਵਲ ਐਂਡ ਮਿਲਿਟਰੀ ਗਜ਼ਟ' ਵਿਚ ਵੱਡੀਆਂ-ਵੱਡੀਆਂ ਰਿਪੋਰਟਾਂ ਛਪ ਰਹੀਆਂ ਸਨ ਜਿਸ ਕਾਰਨ ਵੱਡੀ ਗਿਣਤੀ ਪੜ੍ਹੇ-ਲਿਖੇ ਲਾਹੌਰੀਆਂ ਨੇ ਅਮਰੀਕਾ ਜਾਣ ਦਾ ਫੈਸਲਾ ਕੀਤਾ। ਇਸ ਤਰ੍ਹਾਂ 20ਵੀਂ ਸਦੀ ਦਾ ਸੂਰਜ ਚੜ੍ਹਨ ਤੱਕ 10 ਹਜ਼ਾਰ ਤੋਂ ਵੱਧ ਪੰਜਾਬੀ, ਅਮਰੀਕੀ ਸਰਜ਼ਮੀਨ 'ਤੇ ਪੁੱਜ ਚੁੱਕੇ ਦੱਸੇ ਜਾਂਦੇ ਹਨ।

ਕੈਲੀਫੋਰਨੀਆ ਤੇ ਇਸ ਤੋਂ ਵੀ ਵੱਧ ਸਾਂ ਫਰਾਂਸਿਸਕੋ ਕਿਸੇ ਨਸਲੀ ਭਾਈਚਾਰੇ ਵਜੋਂ ਪੰਜਾਬੀਆਂ ਵੱਲੋਂ ਕੀਤੇ ਗਏ ਬਹੁਤ ਹੀ ਲਾਸਾਨੀ ਤੇ ਯਾਦਗਾਰੀ ਕੰਮਾਂ ਦੇ ਗਵਾਹ ਹਨ। ਇਨ੍ਹਾਂ ਵਿਚੋਂ ਬਹੁਤੇ ਮਸ਼ਹੂਰ ਚਾਈਨਾ ਟਾਊਨ ਵਿਚ ਰਹਿੰਦੇ ਸਨ। ਨਸਲੀ ਵਿਤਕਰੇ ਦਾ ਸਾਹਮਣਾ ਕਰਨ ਵਾਲੇ ਇਨ੍ਹਾਂ ਪੰਜਾਬੀਆਂ ਨੇ ਆਖਰ ਉਸ ਧਰਤੀ ਜਿਸ ਉੱਤੇ ਉਹ ਰਹਿ ਰਹੇ ਸਨ, ਦੇ ਇਤਿਹਾਸ ਤੋਂ ਪ੍ਰੇਰਨਾ ਲੈਂਦਿਆਂ ਇਨਕਲਾਬੀ ਫੌਜ ਖੜ੍ਹੀ ਕਰਨ ਦਾ ਫੈਸਲਾ ਕੀਤਾ।

ਇਸ ਦੌਰਾਨ ਉਨ੍ਹਾਂ ਯਕੀਨਨ ਬਹੁਤ ਹੀ ਗੈਰ-ਅਮਲੀ ਤਰੀਕਾ ਅਪਣਾਉਂਦਿਆਂ, ਹਿੰਦੋਸਤਾਨ ਉੱਤੇ ਸਮੁੰਦਰ ਰਸਤੇ ਹਮਲਾ ਕਰਨ ਦਾ ਫੈਸਲਾ ਕੀਤਾ। ਅੰਦਾਜ਼ਾ ਲਾਓ ਕਿ 1913 ਦਾ ਸਾਲ, ਜਦੋਂ ਬਰਤਾਨੀਆ ਤਾਕਤ ਦੇ ਸਿਖਰ 'ਤੇ ਸੀ ਅਤੇ ਦੂਜੇ ਪਾਸੇ 'ਸੱਚੇ ਦੇਸ਼ਭਗਤਾਂ' ਦਾ ਛੋਟਾ ਜਿਹਾ ਗਰੁੱਪ ਦੱਖਣੀ ਏਸ਼ੀਆ 'ਤੇ ਹਮਲਾ ਕਰ ਕੇ ਇਸ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਦਾ ਫੈਸਲਾ ਕਰਦਾ ਹੈ। ਉਨ੍ਹਾਂ ਆਪਣੀ ਇਸ ਮੁਹਿੰਮ ਨੂੰ 'ਗਦਰ' ਭਾਵ ਵਿਦਰੋਹ ਜਾਂ ਬਗਾਵਤ ਦਾ ਨਾਂ ਦਿੱਤਾ।

ਉਨ੍ਹਾਂ 1915 ਵਿਚ ਆਪਣੀ ਯੋਜਨਾ ਪੂਰੀ ਤਰ੍ਹਾਂ ਤਿਆਰ ਕਰ ਲਈ ਸੀ। ਹਥਿਆਰਾਂ ਨਾਲ ਭਰੀਆਂ ਪੰਜ ਕਿਸ਼ਤੀਆਂ ਅਤੇ ਭਾਰੀ ਪ੍ਰਚਾਰ ਦੌਰਾਨ ਉਨ੍ਹਾਂ ਨੇ ਕੈਲੀਫੋਰਨੀਆ ਦੀਆਂ ਵੱਖ-ਵੱਖ ਥਾਵਾਂ ਤੋਂ ਕੂਚ ਕੀਤਾ। ਬਰਤਾਨੀਆ ਦੇ ਖੁਫੀਆ ਏਜੰਟਾਂ ਨੇ ਸਿੱਟਾ ਕੱਢਿਆ ਕਿ ਇਨ੍ਹਾਂ ਗਦਰੀਆਂ ਨੂੰ ਅਸਲ 'ਚ ਜਰਮਨੀ ਤੋਂ ਮਾਲੀ ਇਮਦਾਦ ਮਿਲ ਰਹੀ ਸੀ। ਇਹ ਬਾਗੀ ਹਰ ਤਰ੍ਹਾਂ ਦੇ ਹਥਿਆਰ ਇਕੱਤਰ ਕਰਦੇ ਹੋਏ ਫੌਜ ਵਾਂਗ ਜਥੇਬੰਦ ਹੋ ਰਹੇ ਸਨ। ਉਨ੍ਹਾਂ ਦੀ ਇਹੋ ਦਲੀਲ ਸੀ ਕਿ ਜੇ ਅਮਰੀਕੀ ਪਰਵਾਸੀ ਅਜਿਹਾ ਕਰ ਸਕਦੇ ਹਨ ਤਾਂ ਉਹ ਦਲੇਰ ਪੰਜਾਬੀ ਕਿਉਂ ਨਹੀਂ। ਇਸ ਸੰਬੰਧ ਵਿਚ 1913 ਵਿਚ ਗਦਰ ਪਾਰਟੀ ਕਾਇਮ ਕੀਤੀ ਗਈ ਜਿਸ ਦਾ ਕਹਿਣਾ ਸੀ ਕਿ ਅੰਗਰੇਜ਼ਾਂ ਨੂੰ ਹਥਿਆਰਬੰਦ ਸੰਘਰਸ਼ ਨਾਲ ਹੀ ਹਿੰਦੋਸਤਾਨ ਵਿਚੋਂ ਕੱਢਿਆ ਜਾ ਸਕਦਾ ਹੈ। ਪਹਿਲੀ ਇਕੱਤਰਤਾ 1913 ਵਿਚ ਅਸਟੋਰੀਆ ਵਿਖੇ ਹੋਈ ਜਿੱਥੇ ਲਾਹੌਰ ਦੇ ਬਾਬਾ ਸੋਹਨ ਸਿੰਘ ਭਕਨਾ ਨੂੰ ਗਦਰ ਪਾਰਟੀ ਦਾ ਮੁਖੀ ਚੁਣਿਆ ਗਿਆ। 'ਗਦਰ' ਲਫਜ਼ ਲਾਹੌਰੀਆਂ ਨੂੰ ਆਪਣੀਆਂ ਰਵਾਇਤਾਂ ਅਤੇ ਭਾਵਨਾਵਾਂ ਦੇ ਬਹੁਤ ਕਰੀਬ ਜਾਪਦਾ ਹੈ।

ਅਮਰੀਕਾ ਦੇ ਗੁਆਂਢੀ ਮੁਲਕ ਕੈਨੇਡਾ ਵਿਚ 1914 ਦੀਆਂ ਗਰਮੀਆਂ ਦੌਰਾਨ ਮਸ਼ਹੂਰ ਕੌਮਾਗਾਟਾ ਮਾਰੂ ਦੁਖਾਂਤ ਵਾਪਰਿਆ। ਇਕ ਅਮੀਰ ਹਿੰਦੋਸਤਾਨੀ ਕਾਰੋਬਾਰੀ ਬਾਬਾ ਗੁਰਦਿੱਤ ਸਿੰਘ ਨੇ ਕੌਮਾਗਾਟਾ ਮਾਰੂ ਨਾਮੀ ਸਮੁੰਦਰੀ ਜਹਾਜ਼ ਕਿਰਾਏ ਉੱਤੇ ਲਿਆ ਅਤੇ ਉਸ ਨੂੰ ਲੈ ਕੇ ਹਾਂਗਕਾਂਗ ਤੋਂ ਵੈਨਕੂਵਰ (ਕੈਨੇਡਾ) ਪਹੁੰਚ ਗਿਆ। ਇਸ ਜਹਾਜ਼ ਵਿਚ 376 ਪੰਜਾਬੀ ਸਵਾਰ ਸਨ ਜਿਨ੍ਹਾਂ ਵਿਚੋਂ 340 ਸਿੱਖ ਅਤੇ ਕੁੱਲ ਮਿਲਾ ਕੇ ਅੱਧੇ ਲਾਹੌਰੀਏ ਸਨ। ਉਹ ਇਸ ਆਸ ਨਾਲ ਕੈਨੇਡਾ ਪੁੱਜੇ ਸਨ ਕਿ ਉਨ੍ਹਾਂ ਨੂੰ ਉੱਥੇ ਵੱਸਣ ਦੀ ਇਜਾਜ਼ਤ ਮਿਲ ਜਾਵੇਗੀ ਤੇ ਉਹ ਨਵੀਂ ਜ਼ਿੰਦਗੀ ਸ਼ੁਰੂ ਕਰ ਸਕਣਗੇ ਪਰ ਉਨ੍ਹਾਂ ਦੀ ਆਸ ਦੇ ਉਲਟ ਵੈਨਕੂਵਰ ਪਹੁੰਚਦਿਆਂ ਹੀ ਬਹੁਤੇ ਮੁਸਾਫਰਾਂ ਨੂੰ ਜਹਾਜ਼ ਵਿਚ ਹੀ ਰੋਕ ਲਿਆ ਗਿਆ। ਉਹ ਦੋ ਮਹੀਨੇ ਉਡੀਕਦੇ ਰਹੇ ਤੇ ਉੱਥੋਂ ਦੇ ਹਿੰਦੋਸਤਾਨੀ ਭਾਈਚਾਰੇ ਨੇ ਉਨ੍ਹਾਂ ਲਈ ਜੱਦੋਜਹਿਦ ਵੀ ਕੀਤੀ ਪਰ ਕੈਨੇਡੀਅਨ ਹਕੂਮਤ ਨੇ ਉਨ੍ਹਾਂ ਦੇ ਦੇਸ਼ ਵਿਚ ਦਾਖਲੇ ਦੀ ਇਜਾਜ਼ਤ ਨਾ ਦਿੱਤੀ।

ਦਰਅਸਲ, ਕੈਨੇਡੀਅਨ ਅਧਿਕਾਰੀਆਂ ਨੂੰ ਇਸ ਸੰਬੰਧ ਵਿਚ ਬਰਤਾਨੀਆ ਨੇ ਖਬਰਦਾਰ ਕੀਤਾ ਹੋਇਆ ਸੀ ਕਿਉਂਕਿ ਅੰਗਰੇਜ਼ ਪਹਿਲਾਂ ਹੀ ਗਦਰ ਪਾਰਟੀ ਦੀ ਕਾਇਮੀ ਕਾਰਨ ਅਮਰੀਕਾ ਤੇ ਕੈਨੇਡਾ ਵਿਚ ਜਥੇਬੰਦ ਹੋ ਰਹੇ ਹਿੰਦੋਸਤਾਨੀਆਂ ਤੋਂ ਘਬਰਾਏ ਹੋਏ ਸਨ। ਇੰਨਾ ਹੀ ਨਹੀਂ, ਕੈਨੇਡਾ ਦੀ ਸੁਪਰੀਮ ਕੋਰਟ ਨੇ ਵੀ ਇਸ ਸੰਬੰਧੀ ਸਾਰੀਆਂ ਅਪੀਲਾਂ ਖਾਰਜ ਕਰ ਦਿੱਤੀਆਂ ਅਤੇ ਕੌਮਾਗਾਟਾ ਮਾਰੂ ਨੂੰ ਪਰਤਣਾ ਪਿਆ। ਇਸ ਨੂੰ ਕਲਕੱਤਾ ਪੁੱਜਣ ਲਈ ਮਜਬੂਰ ਕੀਤਾ ਗਿਆ। ਅਗਾਂਹ ਉਨ੍ਹਾਂ ਦੇ ਪੁੱਜਣ ਉੱਤੇ ਬਰਤਾਨਵੀ ਸੂਹੀਆਂ ਨੇ ਪਹਿਲਾਂ ਹੀ ਪੁਲਿਸ ਨੂੰ ਚੌਕਸ ਕੀਤਾ ਹੋਇਆ ਸੀ ਅਤੇ ਮੁਸਾਫਰਾਂ ਦੇ ਜਹਾਜ਼ ਤੋਂ ਉਤਰਨ 'ਤੇ ਪੁਲਿਸ ਨੇ ਉਨ੍ਹਾਂ ਉੱਤੇ ਬਿਨਾਂ ਕਾਰਨ ਗੋਲੀਆਂ ਚਲਾ ਦਿੱਤੀਆਂ ਜਿਸ ਕਾਰਨ 20 ਮੁਸਾਫਰਾਂ ਦੀ ਮੌਤ ਹੋ ਗਈ।


ਇੱਕ ਅੰਦਾਜ਼ੇ ਮੁਤਾਬਿਕ ਅੰਗਰੇਜ਼ ਹਕੂਮਤ ਖਿਲਾਫ ਬਗਾਵਤ ਲਈ 8000 ਗਦਰੀ ਸਮੁੰਦਰ ਰਸਤੇ ਹਿੰਦੋਸਤਾਨ ਪੁੱਜੇ। ਦੂਜੇ ਪਾਸੇ ਬਰਤਾਨਵੀ ਹਕੂਮਤ ਗਦਰੀਆਂ ਦੀਆਂ ਯੋਜਨਾਵਾਂ ਤੋਂ ਪਹਿਲਾਂ ਹੀ ਜਾਣੂ ਹੋ ਚੁੱਕੀ ਸੀ ਅਤੇ 1914 ਵਿਚ ਇਕ ਆਰਡੀਨੈਂਸ ਜਾਰੀ ਕਰ ਕੇ ਸੂਬਾਈ ਸਰਕਾਰਾਂ ਨੂੰ ਹਿੰਦੋਸਤਾਨ ਵਿਚ ਦਾਖਲ ਹੋਣ ਵਾਲੇ ਲੋਕਾਂ ਨੂੰ ਗ੍ਰਿਫਤਾਰ ਕਰਨ ਦੇ ਅਖਤਿਆਰ ਦੇ ਦਿੱਤੇ। ਵੱਡੇ ਜਹਾਜ਼ਾਂ ਜਿਵੇਂ ਕੌਮਾਗਾਟਾ ਮਾਰੂ, ਨਾਮਸਾਂਗ ਅਤੇ ਐਸ.ਐਸ. ਕੋਰੀਆ ਰਾਹੀਂ ਆਉਣ ਵਾਲਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਬਹੁਤ ਸਾਰੇ ਗਦਰੀ ਕੋਲੰਬੋ, ਮਦਰਾਸ (ਅਜੋਕਾ ਚੇਨਈ) ਤੇ ਬੰਬਈ (ਅਜੋਕਾ ਮੁੰਬਈ) ਰਾਹੀਂ ਭਾਰਤ ਵਿਚ ਦਾਖਲ ਹੋਣ 'ਚ ਸਫਲ ਰਹੇ। ਗਦਰ ਦੀ ਤਾਰੀਖ 21 ਫਰਵਰੀ 1915 ਮਿਥੀ ਗਈ ਪਰ ਅੰਗਰੇਜ਼ਾਂ ਨੂੰ ਇਸ ਦਾ ਪਤਾ ਲੱਗ ਜਾਣ 'ਤੇ ਐਨ ਆਖਰੀ ਮੌਕੇ ਤਰੀਕ ਦੋ ਦਿਨ ਅਗੇਤਰੀ, ਭਾਵ 19 ਫਰਵਰੀ ਮਿਥੀ ਗਈ।

ਅੰਗਰੇਜ਼ ਹਕੂਮਤ ਨੇ ਪਤਾ ਲੱਗਦਿਆਂ ਹੀ ਫੁਰਤੀ ਨਾਲ ਕਾਰਵਾਈ ਕੀਤੀ ਅਤੇ ਕੋਹਾਟ, ਬੰਨੂ, ਦੀਨਾਪੁਰ ਆਦਿ ਵਿਖੇ ਤਾਇਨਾਤ ਹਿੰਦੋਸਤਾਨੀ ਜਵਾਨਾਂ ਦੇ ਹਥਿਆਰ ਜ਼ਬਤ ਕਰ ਕੇ ਉਨ੍ਹਾਂ ਨੂੰ ਨਿਹੱਥੇ ਕਰ ਦਿੱਤਾ। ਗਦਰ ਪਾਰਟੀ ਦੇ ਅਨੇਕਾਂ ਆਗੂਆਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਉੱਤੇ ਪਹਿਲਾ ਲਾਹੌਰ ਸਾਜ਼ਿਸ਼ ਕੇਸ ਚਲਾ ਕੇ 24 ਪੰਜਾਬੀਆਂ ਨੂੰ ਸਜ਼ਾ-ਏ-ਮੌਤ ਦੇ ਹੁਕਮ ਸੁਣਾਏ ਗਏ।

ਬਾਅਦ ਵਿਚ ਇਸ ਦਾ ਜਨਤਕ ਤੌਰ 'ਤੇ ਤਿੱਖਾ ਵਿਰੋਧ ਹੋਣ ਕਾਰਨ ਵਾਇਸਰਾਏ ਲਾਰਡ ਹਾਰਡਿੰਗ ਨੇ ਖੁਦ ਮਾਮਲੇ ਵਿਚ ਦਖਲ ਦਿੰਦਿਆਂ 17 ਜਣਿਆਂ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ। ਬਾਕੀ ਸੱਤ ਗਦਰੀਆਂ ਨੂੰ ਫਾਂਸੀ ਦੇ ਦਿੱਤੀ ਗਈ ਜਿਨ੍ਹਾਂ ਵਿਚ ਅੰਤਾਂ ਦਾ ਜੋਸ਼ੀਲਾ ਗਦਰੀ ਕਰਤਾਰ ਸਿੰਘ ਸਰਾਭਾ ਵੀ ਸ਼ਾਮਲ ਸੀ ਜਿਹੜਾ ਮੋਚੀ ਗੇਟ, ਲਾਹੌਰ ਨਾਲ ਤਾਅਲੁਕ ਰੱਖਦਾ ਸੀ। ਉਨ੍ਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਐਨ ਉਸ ਥਾਂ ਫਾਹੇ ਲਾਇਆ ਗਿਆ ਜਿੱਥੇ ਅੱਜ ਮੁੱਖ ਸ਼ਾਹ ਜਮਾਲ ਚੌਕ ਸਥਿਤ ਹੈ।

ਸਮਝਿਆ ਜਾਂਦਾ ਹੈ ਕਿ ਇਸ ਮਾਮਲੇ ਵਿਚ ਪੰਜ ਲਾਹੌਰ ਸ਼ਾਜ਼ਿਸ਼ ਕੇਸਾਂ ਤਹਿਤ ਘੱਟੋ-ਘੱਟ 145 ਗਦਰੀਆਂ ਨੂੰ ਫਾਂਸੀ ਦਿੱਤੀ ਗਈ ਅਤੇ ਹੋਰ 304 ਨੂੰ 14 ਸਾਲਾਂ ਤੋਂ ਵੱਧ ਲੰਮੀ ਕੈਦ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਸਾਰਿਆਂ ਨੇ ਅੰਡੇਮਾਨ ਟਾਪੂਆਂ ਜਿਨ੍ਹਾਂ ਨੂੰ ਉਦੋਂ ਕਾਲੇ ਪਾਣੀ ਆਖਿਆ ਜਾਂਦਾ ਸੀ, ਵਿਚ ਬਣਾਈ ਗਈ ਸੈਲੂਲਰ ਜੇਲ੍ਹ ਵਿਚ ਆਖਰਾਂ ਦਾ ਦਸ਼ੱਦਦ ਝੱਲਿਆ ਅਤੇ ਆਖਰੀ ਸਾਹ ਲਿਆ ਪਰ ਅੰਗਰੇਜ਼ ਹਾਕਮਾਂ ਅੱਗੇ ਝੁਕੇ ਨਹੀਂ।






ਕੌਮਾਗਾਟਾ ਮਾਰੂ ਜਹਾਜ਼ ਦੇ ਡੈੱਕ ਦੀ ਤਸਵੀਰ ਅਤੇ (ਸੱਜੇ) ਕੈਨੇਡਾ ਵੱਲੋਂ ਜਾਰੀ ਯਾਦਗਾਰੀ ਡਾਕ ਟਿਕਟ।

---

# ਕਿਉਂ ਪਛੜ ਗਿਆ ਪੰਜਾਬ?

ਅੱਸੀਵੇਂ ਦਹਾਕੇ ਦੌਰਾਨ ਪੰਜਾਬ ਦੇ ਅਮਨ-ਕਾਨੂੰਨ ਦੇ ਹਾਲਾਤ ਕਾਫੀ ਬਦਲਣੇ ਸ਼ੁਰੂ ਹੋ ਗਏ। ਉਸ ਤੋਂ ਪਹਿਲਾਂ ਸਕੂਲੀ ਸਿੱਖਿਆ ਵਿਚ ਅਧਿਆਪਕਾਂ ਦਾ ਵਿਦਿਆਰਥੀਆਂ ਉਤੇ ਬਹੁਤ ਚੰਗਾ ਪ੍ਰਭਾਵ ਹੁੰਦਾ ਸੀ। ਮਾਪੇ ਵੀ ਅਧਿਆਪਕਾਂ ਦੇ ਕੰਮ ਅਤੇ ਵਿਹਾਰ ਵਿਚ ਦਖਲ ਨਹੀਂ ਦਿੰਦੇ ਸਨ। ਅਧਿਆਪਕਾਂ ਦਾ ਵਿਦਿਆਰਥੀਆਂ ਨੂੰ ਮਾਪਿਆਂ ਤੋਂ ਵੱਧ ਡਰ ਹੁੰਦਾ ਸੀ। ਅਧਿਆਪਕ

ਸੁਖਦੇਵ ਸਿੰਘ ਵਿਰਕ
ਫੋਨ: +91-98767-61561

ਲਈ ਚੰਗਾ ਮਾੜਾ ਨਤੀਜਾ ਇਜ਼ਤ ਬਦਨਾਮੀ ਦਾ ਕਾਰਨ ਬਣ ਜਾਂਦਾ ਸੀ। ਉਸ ਸਮੇਂ ਤੱਕ ਪੇਂਡੂ ਸਕੂਲਾਂ ਦੇ ਬੱਚੇ ਵੀ ਚੰਗੀਆਂ ਪੁਜ਼ੀਸ਼ਨਾਂ 'ਤੇ ਪਹੁੰਚ ਜਾਂਦੇ ਸਨ। ਕਾਨਵੈਂਟ ਸਕੂਲਾਂ ਦਾ ਉਦੋਂ ਅਜੇ ਕੋਈ ਬਹੁਤ ਰੁਝਾਨ ਨਹੀਂ ਸੀ।

ਜਿਵੇਂ-ਜਿਵੇਂ ਪੰਜਾਬ ਦੇ ਹਾਲਾਤ ਬਦਲਣ ਲੱਗੇ, ਪੇਂਡੂ ਖੇਤਰਾਂ ਵਿਚ, ਖਾਸ ਤੌਰ 'ਤੇ ਮਾਝੇ ਖਿੱਤੇ ਵਿਚ ਪਹਿਲਾਂ ਅਤੇ ਬਾਕੀ ਪੰਜਾਬ ਵਿਚ ਬਾਅਦ ਵਿਚ ਅਮਨ-ਕਾਨੂੰਨ ਦੀ ਹਾਲਤ ਖਰਾਬ ਹੋਣ ਲੱਗੀ, ਉਵੇਂ-ਉਵੇਂ ਸ਼ਹਿਰੀ ਅਧਿਆਪਕ ਪਿੰਡਾਂ ਵਿਚ ਜਾਣ ਤੋਂ ਘਬਰਾਉਣ ਲੱਗੇ। ਪਿੰਡਾਂ ਵਿਚ ਵਿਦਿਆਰਥੀ ਅਧਿਆਪਕਾਂ ਨੂੰ ਡਰਾਉਣ ਲੱਗੇ। ਇੱਥੋਂ ਤੱਕ ਕਿ ਸਾਰੇ ਸਕੂਲ ਵਿਚ ਸਮੂਹਿਕ ਨਕਲ ਕਰਵਾਉਣ ਦੇ ਧਮਕੀ ਸੰਦੇਸ਼ ਵੀ ਆਉਣ ਲੱਗ ਪਏ। ਸਕੂਲਾਂ ਦੀਆਂ ਵਰਦੀਆਂ ਤੇ ਸਕੂਲਾਂ ਦਾ ਵਾਤਾਵਰਨ ਬਦਲ ਗਏ। ਉਸ ਸਮੇਂ ਪੜ੍ਹ ਰਹੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਸਹਿਜੇ ਹੀ ਇਸ ਨੂੰ ਅਪਣਾ ਲਿਆ ਅਤੇ ਅਧਿਆਪਕਾਂ ਨੇ ਵੀ ਇਸ ਡਰ ਨੂੰ ਤਸਲੀਮ ਕਰ ਲਿਆ। ਪੰਜਾਬ ਵਿਚੋਂ ਅਧਿਆਪਕ ਵਿਦਿਆਰਥੀ ਦੇ ਰਿਸ਼ਤੇ ਦਾ ਪੁਰਾਣਾ ਸਭਿਆਚਾਰ ਉਡਾਰੀ ਮਾਰ ਗਿਆ ਜਿਸ ਨਾਲ ਸਾਡੀਆਂ ਨਸਲਾਂ ਦਾ ਭਵਿੱਖ ਤੈਅ ਹੋਣਾ ਸੀ।

ਸਾਲ 1992 ਵਿਚ ਦੁਨੀਆ ਦੇ ਖੁੱਲ੍ਹੇ ਵਪਾਰ ਨੇ ਭਾਰਤ ਨੂੰ ਮੰਡੀ ਦੇ ਰੂਪ ਵਿਚ ਵਿਕਸਤ ਕੀਤਾ। ਇਸ ਨਾਲ ਦੁਨੀਆ ਭਰ ਵਿਚੋਂ ਟੀ.ਵੀ., ਫਰਿੱਜ, ਵੀ.ਸੀ.ਆਰ. ਹੋਰ ਸੁੱਖ ਸਾਧਨ ਹਰ ਘਰ ਵਿਚ ਪੁਹੰਚਣ ਲੱਗੇ। ਇਸ ਨੇ ਬੱਚਿਆਂ ਨੂੰ ਖੇਡ ਮੈਦਾਨਾਂ ਤੋਂ ਮੋੜ ਕੇ ਕਮਰਿਆਂ ਵਿਚ ਬਿਠਾ ਦਿੱਤਾ। ਆਥਣ ਵੇਲੇ ਪਰਿਵਾਰ ਦੇ ਇਕੱਠੇ ਬੈਠ ਕੇ ਗੱਲਾਂ ਕਰਨ, ਜਾਂ ਕਹਿ ਲਓ ਮਾਪਿਆਂ ਤੇ ਬੱਚਿਆਂ ਦੀ ਸੰਸਕਾਰਾਂ ਦੀ ਸਾਂਝ ਵੀ ਖਤਮ ਕਰ ਹੋਣ ਲੱਗੀ। ਨਵੇਂ ਆਏ ਮੋਟਰਸਾਈਕਲਾਂ ਨੇ ਸਾਈਕਲਾਂ ਨੂੰ ਤੂੜੀ ਵਾਲੇ ਕੋਠਿਆਂ ਵਿਚ ਸੁਟਵਾ ਦਿੱਤਾ। ਇਸ ਦਹਾਕੇ ਵਿਚ ਨੌਜਵਾਨੀ ਪੜ੍ਹਾਈ ਤੋਂ ਵਿਰਵੀ ਹੋਣ ਲੱਗੀ ਤੇ ਸਰੀਰਕ ਪੱਖੋਂ ਨਕਾਰਾ ਵੀ। ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਖੇਡਾਂ ਵਿਚ ਪੰਜਾਬੀ ਘਟ ਗਏ। ਕੌਮੀ ਪੱਧਰ ਦੀਆਂ ਬੌਧਿਕ ਪ੍ਰੀਖਿਆਵਾਂ ਵਿਚ ਵੀ ਪੰਜਾਬੀਆਂ ਦੀ ਹਾਜ਼ਰੀ ਨਾ-ਮਾਤਰ ਹੀ ਰਹੀ। ਇਸ ਸਮੇਂ ਦੌਰਾਨ ਹੀ ਪੰਜਾਬ ਵਿਚ ਕਾਨਵੈਂਟ ਤੇ ਅੰਗਰੇਜ਼ੀ ਸਕੂਲਾਂ ਦਾ ਰੁਝਾਨ ਤੁਰ ਪਿਆ। ਸਰਕਾਰੀ ਸਕੂਲ ਤੇ ਅਧਿਆਪਕ ਪਿਛਲੀ ਕਤਾਰ ਵੱਲ ਧੱਕੇ ਗਏ ਜਿਸ ਨਾਲ ਸਰਕਾਰੀ ਸਿੱਖਿਆ ਤੰਤਰ ਦੀਆਂ ਸੇਵਾਵਾਂ ਪੜ੍ਹਾਈ ਨਾਲੋਂ ਹੋਰ ਅਹਿਮ ਡਿਊਟੀਆਂ ਵਿਚ ਲਈਆਂ ਜਾਣ ਲੱਗੀਆਂ। ਇਸ ਸਮੇਂ ਸਿਆਸੀ ਪਾਰਟੀਆਂ ਫਿਰ ਮੈਦਾਨ ਵਿਚ ਆ ਗਈਆਂ ਜਿਨ੍ਹਾਂ ਨੂੰ ਵਿਹਲੀ ਫਿਰਦੀ ਜਵਾਨੀ ਰਾਸ ਆ ਗਈ ਤੇ ਬੜੀ ਚਲਾਕੀ ਨਾਲ ਜਵਾਨੀ ਨੂੰ ਵਰਤਿਆ। ਵਿਹਲੀ ਨੌਜਵਾਨੀ ਨੂੰ ਸਿਆਸੀ ਹਲਕਿਆਂ ਦੀ ਠਾਠ-ਬਾਠ ਚੰਗੀ ਲੱਗੀ ਤੇ ਬਹੁਤਿਆਂ ਨੇ ਤਾਂ ਇਸ ਵਾਸਤੇ ਮਾਪਿਆਂ ਦੀਆਂ ਜ਼ਮੀਨਾਂ ਵੀ ਲੇਖੇ ਲਾ ਦਿੱਤੀਆਂ ਤੇ ਉਨ੍ਹਾਂ ਵਿਚੋਂ ਬਹੁਤ ਘੱਟ ਨੇ ਇਸ ਵਿਚੋਂ ਕੁਝ ਖੱਟਿਆ।

ਸਾਲ 2000 ਤੋਂ ਬਾਅਦ ਦੇ ਦਹਾਕੇ ਤੋਂ ਭਾਵੇਂ ਪਹਿਲਾਂ ਹੀ ਜ਼ਮੀਨਾਂ ਦੇ ਭਾਅ ਵਧਣੇ ਸ਼ੁਰੂ ਹੋ ਗਏ ਸਨ ਪਰ ਇਸ ਦਹਾਕੇ ਵਿਚ ਜ਼ਮੀਨਾਂ ਦੇ ਭਾਅ ਤਾਂ ਗੁਣਾਂ ਦੇ ਪਹਾੜੇ ਵਾਂਗੂ ਵਧੇ ਜਿਸ ਨੇ ਪੇਂਡੂ ਰਹਿਣੀ-ਬਹਿਣੀ ਵਿਚ ਵੱਡੀ ਤਬਦੀਲੀ ਲਿਆਂਦੀ। ਜ਼ਮੀਨ ਦੇ ਮਾਲਕ ਨੌਜਵਾਨਾਂ ਨੇ ਕਿੱਲਾ ਵੇਚ ਕੇ ਕਰਜ਼ੇ ਤੋਂ ਮੁਕਤੀ ਪਾਉਣ ਦਾ ਰਾਹ ਅਖਤਿਆਰ ਕਰ ਲਿਆ। ਜ਼ਮੀਨ ਮਾਲਕ ਆਪਣੇ ਆਪ ਨੂੰ ਨੌਕਰੀਪੇਸ਼ਾ ਤੋਂ ਇੱਕਦਮ ਸੁਖਾਲੇ ਸਮਝਣ ਲੱਗੇ ਅਤੇ ਪੜ੍ਹਾਈ ਤੇ ਨੌਕਰੀ ਤੋਂ ਜ਼ਮੀਨਾਂ ਦਾ ਮਾਲਕ ਹੋਣਾ ਵੱਧ ਦਿਲਚਸਪ ਲੱਗਣ ਲੱਗਾ। ਪੜ੍ਹਾਈ ਹੋਰ ਨਕਾਰਾ ਜਾਪਣ ਲੱਗੀ। ਕਿਸਾਨ ਝੋਨਾ ਅਤੇ ਕਣਕ ਦੇ ਫਸਲੀ ਚੱਕਰ 'ਤੇ ਪੂਰੀ ਤਰ੍ਹਾਂ ਨਿਰਭਰ ਹੋ ਗਿਆ। ਦੋਵੇਂ ਫਸਲਾਂ ਦੀ ਪੈਦਾਵਾਰ ਵਿਚ ਮਸ਼ੀਨੀਕਰਨ ਅਤੇ ਪਰਵਾਸੀ ਮਜ਼ਦੂਰਾਂ ਨੇ ਕਿਸਾਨ ਦੇ ਪੁੱਤ ਨੂੰ ਖੇਤ ਵਿਚੋਂ ਕੱਢ ਕੇ ਮੋਟਰ ਦੇ ਕੋਠੇ ਤੱਕ ਸੀਮਤ ਕਰ ਦਿੱਤਾ। ਇਸ ਨੇ ਨੌਜਵਾਨੀ ਨੂੰ ਮਿਹਨਤ ਤੋਂ ਵੀ ਨਕਾਰਾ ਕਰਕੇ ਵਿਹਲੜ ਬਣਾ ਦਿੱਤਾ। ਇਸ ਕਾਰਨ ਵਿਹਲੇ ਜਵਾਨੀ ਨਸ਼ਿਆਂ ਦੇ ਰਾਹ ਪੈਣ ਲੱਗੀ।

ਬਦਲੀ ਹੋਈ ਪੇਂਡੂ ਜੀਵਨ ਜਾਚ ਨੇ ਰਿਸ਼ਤਿਆਂ ਵਿਚ ਵੀ ਤਲਖੀਆਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ। ਕਿਤਾਬਾਂ ਤੇ ਬੁਜ਼ਰਗਾਂ ਦੀ ਥਾਂ 'ਤੇ 'ਸਿਆਣਪ' ਮੋਬਾਈਲਾਂ ਤੋਂ ਮਿਲਣ ਲੱਗ ਪਈ ਜਿਸ ਦਾ ਸਿੱਟਾ ਅੱਜ ਸਾਰੇ ਭੁਗਤ ਰਹੇ ਹਨ। ਇਨ੍ਹਾਂ ਦੋ ਦਹਾਕਿਆਂ ਵਿਚ ਪੜ੍ਹਾਈ ਵਿਚ ਪਛੜ ਜਾਣਾ, ਖੇਤੀਬਾੜੀ ਵਿਚ ਖੜੋਤ, ਸਰਕਾਰਾਂ ਵੱਲੋਂ ਨੌਜਵਾਨੀ ਦੇ ਭਵਿੱਖ ਪ੍ਰਤੀ ਸੰਵੇਦਨਸ਼ੀਲ ਨਾ ਹੋਣਾ ਤੇ ਪੇਂਡੂ ਸਭਿਆਚਾਰ ਦੀ ਖਰਚੀਲੀ ਰਹਿਣੀ-ਬਹਿਣੀ ਨੇ ਪੇਂਡੂ ਪੰਜਾਬ ਨੂੰ ਅਜਿਹੀ ਦਲਦਲ ਵਿਚ ਧੱਕ ਦਿੱਤਾ ਜਿਸ ਮਗਰੋਂ ਸਾਡੇ ਪੰਜਾਬ ਨੂੰ ਵਿਦੇਸ਼ਾਂ ਦਾ ਇਕਲੌਤਾ ਰਾਹ ਦਿਸਿਆ।

ਇਸ ਔਖੇ ਸਮੇਂ ਪੰਜਾਬੀਆਂ ਦੀ ਬਾਂਹ ਸਭ ਤੋਂ ਵੱਧ ਧੀਆਂ ਨੇ ਫੜੀ ਜਿਨ੍ਹਾਂ ਨੂੰ ਜਨਮ ਤੋਂ ਦੁਰਕਾਰਿਆ ਜਾਂਦਾ ਰਿਹਾ ਹੈ। ਧੀਆਂ ਨੇ ਆਈਲੈੱਟਸ ਕਰ ਕੇ ਕੈਨੇਡਾ, ਆਸਟਰੇਲੀਆ ਤੇ ਹੋਰ ਮੁਲਕਾਂ ਵੱਲ ਰੁਖ ਕੀਤਾ। ਜਿੱਥੇ ਉਹ ਪੜ੍ਹੀਆਂ ਵੀ ਅਤੇ ਕੰਮ ਵੀ ਕੀਤਾ ਤਾਂ ਜੋ ਮਾਪਿਆਂ ਦੇ ਮੋਢਿਆਂ ਦਾ ਬੋਝ ਵੰਡਾਇਆ ਜਾ ਸਕੇ। ਇਸ ਤੋਂ ਪਹਿਲਾਂ ਕੁਝ ਸਾਲ ਭਾਵੇਂ ਧੀਆਂ ਨੂੰ ਐਨ.ਆਰ.ਆਈਜ਼ ਨਾਲ ਵਿਆਹੁਣ ਦਾ ਰੁਝਾਨ ਸੀ ਪਰ ਅੱਜ ਲੜਕੀਆਂ ਪੜ੍ਹਾਈ ਵਿਚ ਅੱਗੇ ਹੋਣ ਕਾਰਨ ਆਈਲੈੱਟਸ ਕਰ ਕੇ ਖੁਦ ਜਾ ਰਹੀਆਂ ਹਨ ਤੇ ਸਗੋਂ ਮੁੰਡਿਆਂ ਨੂੰ ਵਿਆਹ ਕੇ ਲਿਜਾਂਦੀਆਂ ਹਨ।

ਖੈਰ, ਵਿਦੇਸ਼ ਜਾਣ ਦਾ ਰਸਤਾ ਭਾਵੇਂ ਫਿਲਹਾਲ ਤਾਂ ਰਾਹਤ ਭਰਿਆ ਜਾਪਦਾ ਹੈ ਪਰ ਕੀ ਹੋਵੇਗਾ ਆਉਂਦੇ ਕੁਝ ਸਾਲਾਂ ਵਿਚ? ਇਨ੍ਹਾਂ ਔਲਾਦਾਂ ਦੇ ਮਾਪਿਆਂ ਦਾ ਪੰਜਾਬ ਵਿਚ ਕੌਣ ਸਹਾਰਾ ਬਣੇਗਾ? ਕਿਉਂ ਸਾਡੀ ਨੌਜਵਾਨੀ ਪੰਜਾਬ ਵਿਚ ਜਾਂ ਦੇਸ਼ ਵਿਚ ਵੱਡੇ ਅਹੁਦਿਆਂ ਤੋਂ ਵਾਂਝੀ ਹੋ ਰਹੀ ਹੈ ਤੇ ਕਿਉਂ ਸਾਡੇ ਨੌਜਵਾਨ ਫੌਜ ਦੇ ਕਰਨੈਲ ਜਰਨੈਲ ਨਹੀਂ ਬਣ ਸਕਣਗੇ?

ਪੰਜਾਬ ਵਾਸੀਆਂ ਨੂੰ ਸੋਚਣਾ ਤਾਂ ਪਵੇਗਾ ਹੀ ਅਤੇ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਕੌਮਾਂਤਰੀ ਪੱਧਰ ਦੀ ਸਿੱਖਿਆ ਪ੍ਰਣਾਲੀ ਦੇ ਹਾਣ ਦਾ ਬਣਾਉਣਾ ਹੀ ਪਵੇਗਾ ਤਾਂ ਜੋ ਨੌਜਵਾਨੀ ਨੂੰ ਰੁਜ਼ਗਾਰ ਲਈ ਭਟਕਣਾ ਨਾ ਪਵੇ ਬਲਕਿ ਰੁਜ਼ਗਾਰ ਦੇ ਮੌਕੇ ਉਨ੍ਹਾਂ ਦੀ ਬਰੂਹਾਂ ਤੇ ਹੋਣ ਤੇ ਪੰਜਾਬ ਮੁੜ ਬਹੁਪੱਖੀ ਖੁਸ਼ਹਾਲੀ ਦੇ ਰਾਹ 'ਤੇ ਹੋਵੇ।

# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ

## ਬੌਧਿਕ ਤੇ ਪੂੰਜੀ ਹੂੰਝੇ ਅਤੇ ਜਨਸੰਖਿਅਕ ਲਾਭਅੰਸ਼ ਦੇ ਘਾਟੇ

*ਡਾ. ਗੁਰਿੰਦਰ ਕੌਰ, ਡਾ. ਗਿਆਨ ਸਿੰਘ, ਡਾ. ਧਰਮਪਾਲ, ਡਾ. ਰਸ਼ਮੀ, ਡਾ. ਪਿੰਦਰ ਕੌਰ, ਡਾ. ਸੁਖਵੀਰ ਕੌਰ ਤੇ ਡਾ. ਜੋਤੀ ਦਾ ਖੋਜ ਭਰਪੂਰ ਲੇਖ*

ਕੌਮਾਂਤਰੀ ਪਰਵਾਸ ਉਹ ਪਹਿਲੂ ਹੈ, ਜੋ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦਰਮਿਆਨ ਆਰਥਿਕ ਸੰਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ। ਪਰਵਾਸੀ ਕਾਮੇ ਘਰੇਲੂ ਅਤੇ ਵਿਦੇਸ਼ਾਂ ਦੇ ਆਰਥਿਕ ਤੇ ਸਮਾਜਿਕ ਵਿਕਾਸ ਵਿਚ ਵੱਡਾ ਯੋਗਦਾਨ ਪਾਉਂਦੇ ਹਨ (ਕੁਮਾਰ ਅਤੇ ਹੁਸੈਨ, 2008)। ਪਰਵਾਸ ਕੋਈ ਨਵੀਂ ਧਾਰਨਾ ਨਹੀਂ ਹੈ। ਮਨੁੱਖੀ ਹੋਂਦ ਦੀ ਸ਼ੁਰੂਆਤ ਦੇ ਨਾਲ ਹੀ ਮਨੁੱਖ ਦਾ ਪਰਵਾਸ ਵੀ ਸ਼ੁਰੂ ਹੋ ਗਿਆ ਸੀ। ਪਹਿਲਾਂ ਪਹਿਲ ਮਨੁੱਖ ਆਪਣੇ ਜਿਊਣ ਲਈ ਖਾਧ ਪਦਾਰਥਾਂ ਦੀ ਭਾਲ ਵਿਚ ਇੱਕ ਤੋਂ ਦੂਜੀ ਥਾਂ ਪਰਵਾਸ ਕਰਦੇ ਸਨ। ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ, ਜਿਸ ਦੇ ਨਤੀਜੇ ਵਜੋਂ ਹੌਲੀ ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਜਨਸੰਖਿਆ ਦੇ ਵਧਣ ਅਤੇ ਵੱਖ ਵੱਖ ਦੇਸ਼ਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿਚ ਆਇਆ। ਯੂ. ਐੱਨ. ਓ. ਡੀ. ਸੀ. ਦੀ ਇੱਕ ਰਿਪੋਰਟ (2009) ਅਨੁਸਾਰ, ਸ਼ੁਰੂ ਵਿਚ ਭਾਰਤੀ ਪਰਵਾਸੀਆਂ ਨੇ ਆਪਣੇ ਦੇਸ਼ ਦੇ ਨੇੜਲੇ ਦੇਸ਼ਾਂ ਜਿਵੇਂ ਸਿੰਗਾਪੁਰ ਅਤੇ ਹਾਂਗਕਾਂਗ ਵਿਚ ਪਰਵਾਸ ਕੀਤਾ, ਪਰ ਬਾਅਦ ਵਿਚ ਇਹ ਆਸਟਰੇਲੀਆ, ਕੈਨੇਡਾ ਅਤੇ ਯੂ. ਐੱਸ. ਏ. ਵਰਗੇ ਹੋਰ ਦੂਰ-ਦੁਰਾਡੇ ਵਾਲੇ ਦੇਸ਼ਾਂ ਵਿਚ ਪਰਵਾਸ ਕਰਨ ਲੱਗੇ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ ਗ੍ਰੇਟ ਬ੍ਰਿਟੇਨ ਨੂੰ ਪੁਨਰਨਿਰਮਾਣ ਲਈ ਕਿਰਤ ਦੀ ਲੋੜ ਸੀ, ਕੈਨੇਡਾ ਨੇ ਆਰਥਿਕ ਵਿਸਥਾਰ ਪ੍ਰੋਗਰਾਮ ਸ਼ੁਰੂ ਕੀਤਾ ਅਤੇ ਯੂ. ਐੱਸ. ਏ. ਨੇ ਵੀ ਭਾਰਤੀਆਂ ਲਈ ਆਪਣੇ ਦਰਵਾਜ਼ੇ ਖੋਲ੍ਹੇ। ਪੰਜਾਬੀਆਂ ਨੇ ਇਨ੍ਹਾਂ ਸਭ ਮੌਕਿਆਂ ਦਾ ਫਾਇਦਾ ਉਠਾ ਕੇ ਵੱਡੀ ਗਿਣਤੀ ਵਿਚ ਇਨ੍ਹਾਂ ਦੇਸ਼ਾਂ ਵਿਚ ਪਰਵਾਸ ਕੀਤਾ। ਇਸ ਤੋਂ ਇਲਾਵਾ, ਪਰਵਾਸੀਆਂ ਦੀ ਬ੍ਰਿਟਿਸ਼ ਫੌਜ ਵਿਚ ਭਰਤੀ ਦੀ ਸ਼ੁਰੂਆਤ ਹੋਣ ਨਾਲ ਉਨ੍ਹਾਂ ਲਈ ਬ੍ਰਿਟਿਸ਼ ਸਾਮਰਾਜ ਦੀਆਂ ਕਈ ਹੋਰ ਬਸਤੀਆਂ ਵਿਚ ਪਰਵਾਸ ਦੇ ਰਾਹ ਖੁੱਲ੍ਹ ਗਏ। ਬ੍ਰਿਟਿਸ਼ ਸਰਕਾਰ ਨੇ ਆਪਣੀਆਂ ਹੋਰ ਬਸਤੀਆਂ ਵਿਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਆਪਣੀ ਫੌਜ ਵਿਚ ਭਰਤੀ ਪੰਜਾਬੀਆਂ ਨੂੰ ਤਾਇਨਾਤ ਕੀਤਾ। ਸ਼ੁਰੂਆਤ ਦੇ ਭਾਰਤੀ ਪਰਵਾਸੀਆਂ ਨੇ ਬ੍ਰਿਟਿਸ਼ ਸਾਮਰਾਜ ਦੀਆਂ ਪੂਰਬ ਵਿਚ ਸਥਿਤ ਬਸਤੀਆਂ, ਨਿਊਜ਼ੀਲੈਂਡ, ਆਸਟਰੇਲੀਆ, ਯੂ. ਕੇ., ਕੈਨੇਡਾ, ਯੂ. ਐੱਸ. ਏ. ਅਤੇ ਅਫਰੀਕਾ, ਖਾਸਕਰ ਪੂਰਬੀ ਅਫਰੀਕਾ, ਵਿਚ ਪਰਵਾਸ ਕੀਤਾ। 1970 ਦੇ ਦਹਾਕੇ ਵਿਚ, ਮੱਧ ਪੂਰਬ ਦੇ ਦੇਸ਼ਾਂ ਨੂੰ ਤਰਜੀਹ ਦਿੱਤੀ ਗਈ (ਕਪੂਰੀਆ, 2018)। ਹਾਲ ਹੀ ਵਿਚ ਯੂਰਪ, ਖਾਸਕਰ ਦੱਖਣੀ ਯੂਰਪ ਦੇ ਦੇਸ਼ਾਂ ਵਿਚ ਵਧੇਰੇ ਪਰਵਾਸ ਹੋ ਰਿਹਾ ਹੈ (ਜੈਕਬਸਨ ਅਤੇ ਮਾਈਰਵੋਲਡ, 2011)।

ਖੇਤੀਬਾੜੀ ਉਤਪਾਦਕਤਾ ਦੇ ਹਿਸਾਬ ਨਾਲ ਪੰਜਾਬ ਦੇਸ਼ ਵਿਚ ਸਭ ਤੋਂ ਅੱਗੇ ਹੈ। ਸੂਬੇ ਦੀ ਕੁੱਲ ਆਬਾਦੀ ਦਾ 62.51 ਪ੍ਰਤੀਸ਼ਤ ਪੇਂਡੂ ਖੇਤਰਾਂ ਅਤੇ ਬਾਕੀ (37.49 ਪ੍ਰਤੀਸ਼ਤ) ਸ਼ਹਿਰੀ ਖੇਤਰਾਂ ਵਿਚ ਵਿਚ ਰਹਿੰਦਾ ਹੈ। ਸੂਬੇ ਦੀ ਕੁੱਲ ਕਾਰਜਸ਼ਕਤੀ ਦਾ 35.60 ਪ੍ਰਤੀਸ਼ਤ ਖੇਤੀਬਾੜੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਉੱਤੇ ਨਿਰਭਰ ਕਰਦਾ ਹੈ (ਜਨਗਣਨਾ, 2011)। 'ਹਰੇ ਇਨਕਲਾਬ' ਦੇ ਆਉਣ ਨਾਲ ਪੰਜਾਬ ਖੇਤੀਬਾੜੀ ਵਿਕਾਸ ਦੇ ਖੇਤਰ ਵਿਚ ਸਭ ਤੋਂ ਉੱਨਤ ਸੂਬੇ ਵਜੋਂ ਉੱਭਰਿਆ ਹੈ। ਭਾਵੇਂ ਖੇਤੀਬਾੜੀ ਖੇਤਰ ਦੀ ਕੁੱਲ ਸੂਬਾ ਘਰੇਲੂ ਉਤਪਾਦ (ਜੀ. ਐੱਸ. ਡੀ. ਪੀ.) ਅਤੇ ਕਾਰਜਸ਼ਕਤੀ ਨੂੰ ਰੁਜ਼ਗਾਰ ਮੁਹੱਈਆਂ ਕਰਵਾਉਣ ਵਿਚ ਕਮੀ ਆਈ ਹੈ, ਪਰ ਫਿਰ ਵੀ ਇਹ ਸੂਬੇ ਦੀ ਆਰਥਿਕਤਾ ਦਾ ਸਭ ਤੋਂ ਅਹਿਮ ਖੇਤਰ ਹੈ (ਗਰੋਵਰ ਅਤੇ ਹੋਰ, 2017)। 'ਹਰੇ ਇਨਕਲਾਬ' ਨੇ ਜਿੱਥੇ ਖੇਤੀਬਾੜੀ ਉਤਪਾਦਨ ਵਿਚ ਵਾਧਾ ਕੀਤਾ, ਉੱਥੇ ਮਿੱਟੀ ਅਤੇ ਪਾਣੀ ਦੇ ਪੱਧਰ ਉੱਤੇ ਮਾੜੇ ਪ੍ਰਭਾਵ ਪਾਏ ਅਤੇ ਉਤਪਾਦਨ ਲਾਗਤ ਵਿਚ ਵਾਧਾ ਕੀਤਾ। ਨਤੀਜੇ ਵਜੋਂ ਖੇਤੀਬਾੜੀ ਘਾਟੇ ਦਾ ਧੰਦਾ ਬਣ ਗਈ। ਗੈਰ-ਖੇਤੀਬਾੜੀ ਖੇਤਰ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਨੌਜਵਾਨਾਂ ਵਿਚ ਆਪਣੇ ਦੇਸ਼ ਅਤੇ ਸੂਬੇ ਲਈ ਬੇਰੁਖੀ ਹੋਣ ਕਰਕੇ ਉਹ ਬਾਹਰਲੇ ਦੇਸ਼ਾਂ ਵਿਚ ਜਾਣ ਲਈ ਤੜਫ ਰਹੇ ਹਨ।

ਅਜੋਕੇ ਸਮੇਂ ਵਿਚ ਪੰਜਾਬੀ ਵਿਦੇਸ਼ਾਂ ਦੇ ਕੋਨੇ ਕੋਨੇ ਵਿਚ ਵਸੇ ਹੋਏ ਹਨ। ਦੀ ਟ੍ਰਿਬਿਊਨ ਵਿਚ ਛਪੀ ਇੱਕ ਰਿਪੋਰਟ (2019) ਅਨੁਸਾਰ, ਕੇਰਲਾ ਸੂਬੇ ਤੋਂ ਬਾਅਦ ਕੌਮਾਂਤਰੀ ਪਰਵਾਸ ਦੇ ਮਾਮਲੇ ਵਿਚ ਪੰਜਾਬ ਦੂਜੇ ਨੰਬਰ ਉੱਤੇ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਗਾਤਾਰ ਵਧ ਰਿਹਾ ਹੈ। ਵਿਦੇਸ਼ ਮੰਤਰਾਲੇ ਦੀ ਸਾਲਾਨਾ ਰਿਪੋਰਟ (2018-19) ਅਨੁਸਾਰ, 2018 ਵਿਚ ਕੌਮਾਂਤਰੀ ਪਰਵਾਸ ਵਿਚ ਪੰਜਾਬ ਦਾ ਹਿੱਸਾ 6 ਪ੍ਰਤੀਸ਼ਤ ਸੀ। 1992-93 ਵਿਚ ਪੰਜਾਬ ਦੇ ਸਿਰਫ 3 ਪ੍ਰਤੀਸ਼ਤ ਪਰਿਵਾਰਾਂ ਵਿਚੋਂ ਲੋਕ ਬਾਹਰਲੇ ਦੇਸ਼ਾਂ ਵਿਚ ਗਏ ਹੋਏ ਸਨ (ਐੱਨ. ਐੱਫ. ਐੱਚ. ਐੱਸ. 1) ਜੋ 2010-11 ਵਿਚ 11 ਪ੍ਰਤੀਸ਼ਤ ਹੋ ਗਏ (ਨੰਦਾ ਅਤੇ ਵੇਰਨ, 2015)।



ਮੌਜੂਦਾ ਅਧਿਐਨ ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨਲ ਸੈਂਟਰ, ਈਸੜੂ (ਲੁਧਿਆਣਾ) ਦੇ ਸਪਾਂਸਰ ਕੀਤੇ ਪ੍ਰਾਜੈਕਟ ਉੱਪਰ ਆਧਾਰਿਤ ਹੈ, ਜਿਸ ਵਿਚ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਬੌਧਿਕ ਤੇ ਪੂੰਜੀ ਹੂੰਝਿਆਂ ਅਤੇ ਜਨਸੰਖਿਅਕ ਲਾਭਅੰਸ਼ ਦੇ ਘਾਟਿਆਂ ਦਾ ਵਿਖਿਆਨ ਤੇ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਲੇਖ ਦੇ ਲੇਖਕਾਂ ਨੇ ਮਾਝਾ, ਦੋਆਬਾ ਅਤੇ ਮਾਲਵਾ ਦੇ ਪਿੰਡਾਂ ਦਾ ਖੋਜ ਅਧਿਐਨ ਸ਼ੁਰੂ ਕੀਤਾ ਸੀ, ਜੋ ਕਰੋਨਾ ਕਾਰਨ ਲਾਏ ਲੌਕਡਾਊਨ ਕਰਕੇ ਵਿਚਕਾਰ ਹੀ ਰੋਕਣਾ ਪਿਆ। ਲੌਕਡਾਊਨ ਤੋਂ ਪਹਿਲਾਂ ਮਾਲਵਾ ਖੇਤਰ ਦੇ ਪਟਿਆਲੇ ਜ਼ਿਲ੍ਹੇ ਦੇ 5 ਪਿੰਡਾਂ ਦਾ ਫੀਲਡ ਸਰਵੇਖਣ ਪੂਰਾ ਹੋ ਗਿਆ ਸੀ। ਇਨ੍ਹਾਂ ਪਿੰਡਾਂ ਵਿਚੋਂ 1951 ਤੋਂ 2019 ਤੱਕ ਦੇ ਸਮੇਂ ਦੌਰਾਨ ਉਨ੍ਹਾਂ ਸਾਰੇ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ ਹੈ, ਜਿਨ੍ਹਾਂ ਦਾ ਕੋਈ ਨਾ ਕੋਈ ਵਿਅਕਤੀ ਦੂਸਰੇ ਦੇਸ਼ਾਂ ਵਿਚ ਗਿਆ। ਇਨ੍ਹਾਂ ਪਿੰਡਾਂ ਦੇ 207 ਪਰਿਵਾਰਾਂ ਵਿਚੋਂ ਕੌਮਾਂਤਰੀ ਪਰਵਾਸ ਹੋਇਆ ਹੈ। ਪਰਵਾਸ ਕਰਨ ਵਾਲਿਆਂ ਦੀ ਗਿਣਤੀ 296 ਹੈ, ਜਿਸ ਤੋਂ ਇਹ ਤਥ ਸਾਹਮਣੇ ਆਉਂਦਾ ਹੈ ਕਿ ਕੁਝ ਘਰਾਂ ਤੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਦੋ-ਤਿਹਾਈ ਤੋਂ ਵਧ ਪਰਿਵਾਰਾਂ (67.63 ਪ੍ਰਤੀਸ਼ਤ) ਵਿਚ ਇੱਕਲੇ ਵਿਅਕਤੀ ਅਤੇ ਬਾਕੀ 32.37 ਪ੍ਰਤੀਸ਼ਤ ਪਰਿਵਾਰਾਂ ਵਿਚ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਇੱਕ-ਚੌਥਾਈ ਤੋਂ ਥੋੜ੍ਹੇ ਜਿਹੇ ਘੱਟ (23.67 ਪ੍ਰਤੀਸ਼ਤ) ਪਰਿਵਾਰਾਂ ਵਿਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ, ਜਦੋਂਕਿ 6.76 ਪ੍ਰਤੀਸ਼ਤ ਪਰਿਵਾਰਾਂ ਵਿਚ ਤਿੰਨ ਵਿਅਕਤੀ ਕੌਮਾਂਤਰੀ ਪਰਵਾਸੀ ਹਨ। ਕੁਝ ਪਰਿਵਾਰਾਂ (1.93 ਪ੍ਰਤੀਸ਼ਤ) ਵਿਚ ਚਾਰ ਵਿਅਕਤੀਆਂ ਕੌਮਾਂਤਰੀ ਪਰਵਾਸੀ ਹਨ। ਸਰਵੇਖਣ ਕੀਤੇ ਪੰਜਾਂ ਪਿੰਡਾਂ ਵਿਚੋਂ 12 ਪਰਿਵਾਰਾਂ ਦੇ ਸਾਰੇ ਵਿਅਕਤੀ ਹੀ ਦੂਸਰੇ ਦੇਸ਼ਾਂ ਵਿਚ ਚਲੇ ਗਏ ਹਨ।

ਜਾਤੀ ਅਤੇ ਪਰਵਾਸ ਦਾ ਕੋਈ ਸਿੱਧਾ ਸਬਧ ਨਹੀਂ ਹੈ, ਪਰ ਅਸਿਧੇ ਤੌਰ ਉੱਤੇ ਇੱਕ ਦੂਜੇ ਨਾਲ ਜੁੜੇ ਹੋਏ ਹਨ। ਪਰਵਾਸ ਉਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਵਿਚੋਂ ਪੈਦਾ ਹੁੰਦਾ ਹੈ। ਮਰਦਮਸ਼ੁਮਾਰੀ 2011 ਅਨੁਸਾਰ ਪੰਜਾਬ ਸੂਬੇ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ 31.94 ਪ੍ਰਤੀਸ਼ਤ ਸੀ, ਜੋ ਭਾਰਤ ਦੇ ਕਿਸੇ ਵੀ ਹੋਰ ਸੂਬੇ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦੀ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੇ ਪ੍ਰਤੀਸ਼ਤ ਨਾਲੋਂ ਵਧ ਅਨੁਪਾਤ ਸੀ। ਕੌਮਾਂਤਰੀ ਪਰਵਾਸੀਆਂ ਦੀ ਵੱਡੀ ਬਹੁਗਿਣਤੀ, ਭਾਵ 92.57 ਪ੍ਰਤੀਸ਼ਤ ਜਨਰਲ ਵਰਗ ਨਾਲ ਸੰਬੰਧਿਤ ਹੈ। ਕੇਵਲ 4.73 ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਅਤੇ 2.70 ਪ੍ਰਤੀਸ਼ਤ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹਨ। ਸਾਰੀਆਂ ਜਾਤੀਆਂ ਵਿਚ ਜੱਟ ਜਾਤੀ ਦਾ ਬੋਲਬਾਲਾ ਹੈ, ਜਿਸ ਦਾ ਅਨੁਪਾਤ 91.56 ਪ੍ਰਤੀਸ਼ਤ ਹੈ।

ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਇਹ ਵਿਸ਼ੇਸ਼ਤਾ ਭਾਵੇਂ ਸ਼ਹਿਰੀ ਖੇਤਰਾਂ ਵਿਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਪੇਂਡੂ ਖੇਤਰਾਂ ਵਿਚ ਬਰਕਰਾਰ ਹਨ। ਪੰਜਾਬ ਆਪਣੀ ਖੇਤੀਬਾੜੀ ਸਦਕਾ ਵਿਆਪਕ ਤੌਰ ਉੱਤੇ ਖੁਸ਼ਹਾਲ ਹੋਇਆ, ਜਿਸ ਨੇ ਪੇਂਡੂ ਖੇਤਰਾਂ ਵਿਚ ਮੌਜੂਦ ਸਾਂਝੇ ਪਰਿਵਾਰ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ। ਹਾਲਾਂਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿਚ ਤਬਦੀਲੀ ਦੇ ਨਾਲ ਜ਼ਮੀਨੀ ਵੰਡ ਹੋਈ ਅਤੇ ਇਕਹਿਰੇ ਪਰਿਵਾਰ ਪ੍ਰਣਾਲੀ ਪੇਂਡੂ ਖੇਤਰਾਂ ਵਿਚ ਵੀ ਜ਼ੋਰ ਫੜ ਰਹੀ ਹੈ। ਮੌਜੂਦਾ ਅਧਿਐਨ ਵਿਚ ਜ਼ਿਆਦਾਤਰ (56.42 ਪ੍ਰਤੀਸ਼ਤ) ਪਰਵਾਸੀ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ, ਜਦੋਂਕਿ ਬਾਕੀ 43.58 ਪ੍ਰਤੀਸ਼ਤ ਸਾਂਝੇ ਪਰਿਵਾਰ ਪ੍ਰਣਾਲੀ ਨਾਲ ਸੰਬੰਧਿਤ ਸਨ। ਜਨਰਲ ਵਰਗ ਦੇ ਸੰਦਰਭ ਵਿਚ ਲਗਭਗ ਅਜਿਹੀ ਪ੍ਰਵਿਰਤੀ ਦੇਖਣ ਨੂੰ ਮਿਲੀ। ਜਨਰਲ ਵਰਗ ਦੇ ਪਰਵਾਸੀਆਂ ਵਿਚੋਂ, 54.02 ਪ੍ਰਤੀਸ਼ਤ ਇਕਹਿਰੇ ਪਰਿਵਾਰ ਪ੍ਰਣਾਲੀ ਅਤੇ 45.98 ਪ੍ਰਤੀਸ਼ਤ ਸਾਂਝੇ ਪਰਿਵਾਰਾਂ ਵਿਚ ਰਹਿ ਰਹੇ ਸਨ। ਹਾਲਾਂਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਕ੍ਰਮਵਾਰ 92.86 ਤੇ 75.00 ਪ੍ਰਤੀਸ਼ਤ ਪਰਵਾਸੀ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ। ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਕ੍ਰਮਵਾਰ 7.14 ਅਤੇ 25.00 ਪ੍ਰਤੀਸ਼ਤ ਪਰਵਾਸੀ ਸਾਂਝੇ ਪਰਿਵਾਰ ਪ੍ਰਣਾਲੀ ਨਾਲ ਸੰਬੰਧਿਤ ਸਨ।

ਸਿੱਖਿਆ ਅਤੇ ਪਰਵਾਸ ਦਾ ਇੱਕ ਦੂਜੇ ਨਾਲ ਇੱਕ ਮਜ਼ਬੂਤ ਰਿਸ਼ਤਾ ਹੈ, ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪਰਵਾਸ ਵਾਲੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਨ ਵਿਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਉੱਚ ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪਰਵਾਸ ਨੂੰ 'ਬਰੇਨ ਡਰੇਨ' ਕਿਹਾ ਜਾਂਦਾ ਹੈ, ਕਿਉਂਕਿ ਪਰਵਾਸੀ ਉੱਚ ਸਿੱਖਿਆ ਹਾਸਿਲ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿਚ ਦਿੰਦੇ ਹਨ। ਵਿਦੇਸ਼ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਕੁੱਲ 296 ਪਰਵਾਸੀਆਂ ਵਿਚੋਂ 43.58 ਪ੍ਰਤੀਸ਼ਤ ਨੇ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਤਕਰੀਬਨ 30 ਪ੍ਰਤੀਸ਼ਤ ਨੇ ਆਪਣੀ ਗ੍ਰੈਜੂਏਸ਼ਨ, ਜਦੋਂਕਿ 10.14 ਪ੍ਰਤੀਸ਼ਤ ਨੇ ਪੋਸਟਗ੍ਰੈਜੂਏਟ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪਰਵਾਸ ਕੀਤਾ। ਪਰਵਾਸੀਆਂ ਦੇ ਥੋੜ੍ਹੇ ਜਿਹੇ ਅਨੁਪਾਤ (2.37 ਪ੍ਰਤੀਸ਼ਤ) ਕੋਲ ਪਰਵਾਸ ਦੇ ਸਮੇਂ ਨਰਸਿੰਗ/ਜੀ. ਐੱਨ. ਐੱਮ./ਬੀ. ਡੀ. ਐੱਸ. ਦੀ ਯੋਗਤਾ ਸੀ। ਦੋ ਵਿਅਕਤੀ (0.67 ਪ੍ਰਤੀਸ਼ਤ) ਐੱਮ.ਫਿਲ./ਪੀ.ਐੱਚ.ਡੀ. ਡਿਗਰੀ ਧਾਰਕ ਸਨ, ਜਦੋਂ ਉਨ੍ਹਾਂ ਨੇ ਦੂਜੇ ਦੇਸ਼ਾਂ ਵਿਚ ਪਰਵਾਸ ਕੀਤਾ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲੇ ਲੋਕ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇੱਕ ਬਿਹਤਰ ਉਦੇਸ ਸਮਝਦੇ ਹਨ।

ਉਮਰ ਅਤੇ ਪਰਵਾਸ ਵਿਚ ਗੂੜ੍ਹਾ ਸੰਬੰਧ ਹੈ, ਕਿਉਂਕਿ ਪਰਵਾਸ ਦਾ ਫੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੁੱਖ ਤੌਰ ਉੱਤੇ ਇਸ ਲਈ ਹੈ, ਕਿਉਂਕਿ ਪਰਵਾਸ ਇੱਕ ਜੋਖਮ ਭਰਿਆ ਕਦਮ ਹੈ, ਜਿਸ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ। ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀ ਇਨ੍ਹਾਂ ਚੁਣੌਤੀਆਂ ਨੂੰ ਸਹਿਣ ਕਰਨ ਅਤੇ ਪਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲੇ ਮੌਕਿਆਂ ਦਾ ਲਾਭ ਲੈਣ ਲਈ ਵਿਦੇਸ਼ ਜਾਣ ਲਈ ਕਾਹਲੇ ਪਏ ਹਨ। ਪਰਵਾਸ ਕਰਨ ਵੇਲੇ ਬਹੁਤ ਸਾਰੇ ਪਰਵਾਸੀ (96.62 ਪ੍ਰਤੀਸ਼ਤ) 15 ਤੋਂ 45 ਸਾਲ ਦੀ ਉਮਰ ਸਮੂਹ ਨਾਲ ਸੰਬੰਧਿਤ ਸਨ। ਕੁੱਲ ਪਰਵਾਸੀਆਂ ਵਿਚੋਂ, ਤਿੰਨ-ਚੌਥਾਈ ਦੇ ਕਰੀਬ (74.66 ਪ੍ਰਤੀਸ਼ਤ) ਦੀ ਉਮਰ 20 ਤੋਂ 30 ਸਾਲ ਦੀ ਸੀ। ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ ਆਮ ਤੌਰ ਉੱਤੇ ਪਰਵਾਸ ਅਤੇ ਖਾਸ ਤੌਰ ਉੱਤੇ ਕੌਮਾਂਤਰੀ ਪਰਵਾਸ ਇੱਕ ਨੌਜਵਾਨ ਕੇਂਦਰਿਤ ਵਰਤਾਰਾ ਹੈ।

ਮੌਜੂਦਾ ਅਧਿਐਨ ਦਾ ਇਹ ਖੋਜ ਨਤੀਜਾ ਸਮਿਤਾ ਬਹਿਲ (2017) ਦੁਆਰਾ ਕਰਵਾਏ ਗਏ ਇੱਕ ਹੋਰ ਖੋਜ ਅਧਿਐਨ ਨਾਲ ਮੇਲ ਖਾਂਦਾ ਹੈ, ਜਿਸ ਤੋਂ ਪਤਾ ਲੱਗਿਆ ਹੈ ਕਿ ਪਰਵਾਸ ਦੇ ਸਮੇਂ ਲਗਭਗ 78 ਪ੍ਰਤੀਸ਼ਤ ਪਰਵਾਸੀ 30 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ। ਛੋਟੀ ਉਮਰ ਵਿਚ ਨੌਜਵਾਨਾਂ ਦਾ ਵਿਦੇਸ਼ਾਂ ਵਿਚ ਪਰਵਾਸ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਨੌਜਵਾਨ ਕੌਮਾਂਤਰੀ ਬਾਜ਼ਾਰਾਂ ਵਿਚ ਲੰਬੇ ਸਮੇਂ ਲਈ ਕੰਮ ਕਰ ਸਕਦੇ ਹਨ। ਕੌਮਾਂਤਰੀ ਬਾਜ਼ਾਰ ਅਕੁਸ਼ਲ ਨੌਜਵਾਨਾਂ ਨੂੰ ਆਸਾਨੀ ਨਾਲ ਨੌਕਰੀ ਦੇ ਮੌਕੇ ਪ੍ਰਦਾਨ ਕਰਕੇ ਬਹੁਤੀ ਵਾਰ ਉਨ੍ਹਾਂ ਦਾ ਸ਼ੋਸ਼ਣ ਕਰਦਾ ਹੈ। ਇਹ ਉਮਰ ਵਰਗ ਦੇਸ਼ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਇੱਕ ਹੋਰ ਅਧਿਐਨ ਵੀ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨੌਜਵਾਨ ਪੀੜ੍ਹੀ ਦਾ ਪਰਵਾਸ ਮਨੁੱਖੀ ਸਰੋਤਾਂ ਦਾ ਇੱਕ ਵੱਡਾ ਨੁਕਸਾਨ ਹੈ, ਜਿਸ ਦਾ ਸਿੱਧਾ ਲਾਭ ਉਨ੍ਹਾਂ ਦੇਸ਼ਾਂ ਨੂੰ ਹੁੰਦਾ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਸਿੱਖਿਅਤ ਕਰਨ ਦੀ ਕੀਮਤ ਨਹੀਂ ਦਿੱਤੀ। ਕਿਸੇ ਵੀ ਦੇਸ਼ ਦੇ ਨੌਜਵਾਨ ਸਭ ਤੋਂ ਮੁੱਲਵਾਨ ਸਰੋਤ ਹੁੰਦੇ ਹਨ, ਕਿਉਂਕਿ ਉਨ੍ਹਾਂ ਦੀ ਪੜ੍ਹਾਈ ਤੇ ਸਿਖਲਾਈ ਉੱਤੇ ਸਮਾਂ ਅਤੇ ਹੋਰ ਪਦਾਰਥਕ ਲਾਗਤ ਪੈਂਦੀ ਹੈ, ਪਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਉਨ੍ਹਾਂ ਨੂੰ ਵਿਦੇਸ਼ ਜਾਣਾ ਪੈਂਦਾ ਹੈ (ਦੋਦਾਨੀ ਅਤੇ ਲੈਪੋਰਟੇ, 2005)।

ਕੌਮਾਂਤਰੀ ਪਰਵਾਸ ਨੌਜਵਾਨ ਕੇਂਦਰਿਤ ਹੋਣ ਦੇ ਨਾਲ ਨਾਲ ਇੱਕ ਮਰਦ ਕੇਂਦਰਿਤ ਵਰਤਾਰਾ ਵੀ ਹੈ, ਕਿਉਂਕਿ ਪੂਰੀ ਦੁਨੀਆਂ ਦੇ ਕਿਰਤ ਬਜ਼ਾਰਾਂ ਵਿਚ ਕੁਸ਼ਲ ਅਤੇ ਅਕੁਸ਼ਲ ਕਾਰਜਾਂ ਲਈ ਮਰਦਾਂ ਦੀ ਮੰਗ ਔਰਤਾਂ ਦੇ ਮੁਕਾਬਲੇ ਜ਼ਿਆਦਾ ਹੈ। ਕੁੱਲ 296 ਪਰਵਾਸੀਆਂ ਵਿਚੋਂ, 173 (58.45 ਪ੍ਰਤੀਸ਼ਤ) ਮਰਦ ਅਤੇ ਬਾਕੀ 123 (41.55 ਪ੍ਰਤੀਸ਼ਤ) ਔਰਤਾਂ ਹਨ। ਜਨਰਲ ਸ਼੍ਰੇਣੀ ਦੇ ਮਾਮਲੇ ਵਿਚ ਅਜਿਹਾ ਹੀ ਵਰਤਾਰਾ ਦੇਖਣ ਨੂੰ ਮਿਲਿਆ, ਪਰ ਅਨੁਸੂਚਿਤ ਜਾਤੀਆਂ ਦੇ ਮਾਮਲੇ ਵਿਚ, ਸਾਰੇ ਪਰਵਾਸੀ ਮਰਦ ਅਤੇ ਪੱਛੜੀਆਂ ਸ਼੍ਰੇਣੀਆਂ ਵਿਚ 87.50 ਪ੍ਰਤੀਸ਼ਤ ਮਰਦ ਅਤੇ ਬਾਕੀ 12.50 ਪ੍ਰਤੀਸ਼ਤ ਔਰਤਾਂ ਹਨ।

ਪੇਂਡੂ ਪੰਜਾਬ ਦੇ ਕੌਮਾਂਤਰੀ ਪਰਵਾਸ ਦੇ ਮੰਜ਼ਿਲ ਵਾਲੇ ਦੇਸ਼ਾਂ ਦੀ ਸੂਚੀ ਭਾਵੇਂ ਲੰਮੀ ਹੈ, ਪਰ ਕੌਮਾਂਤਰੀ ਪਰਵਾਸੀਆਂ ਦੁਆਰਾ ਸਭ ਤੋਂ ਜ਼ਿਆਦਾ ਤਰਜ਼ੀਹ ਵਾਲੇ ਦੇਸ਼ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਯੂ. ਐੱਸ. ਏ. ਅਤੇ ਇਟਲੀ ਹਨ, ਜਿੱਥੇ ਪੇਂਡੂ ਪੰਜਾਬ ਦੇ 129, 66, 25, 17 ਅਤੇ 16 ਵਿਅਕਤੀਆਂ ਨੇ ਪਰਵਾਸ ਕੀਤਾ। ਮੌਜੂਦਾ ਅਧਿਐਨ ਦਾ ਇਹ ਨਤੀਜਾ ਇੱਕ ਹੋਰ ਖੋਜ ਅਧਿਐਨ (ਕਪੂਰੀਆ ਅਤੇ ਬੀਰਵਾਲ, 2017) ਨਾਲ ਮੇਲ ਖਾਂਦਾ ਹੈ, ਜੋ ਦਰਸਾਉਂਦਾ ਹੈ ਕਿ ਪੰਜਾਬ ਤੋਂ ਪਰਵਾਸ ਜ਼ਿਆਦਾਤਰ ਪੱਛਮ ਦੇ ਵਿਕਸਿਤ ਦੇਸ਼ਾਂ ਵੱਲ ਹੋ ਰਿਹਾ ਹੈ। ਵਿਕਸਿਤ ਦੇਸ਼ਾਂ ਵਿਚੋਂ ਕੈਨੇਡੀਅਨ ਸਰਕਾਰ ਪਰਵਾਸੀਆਂ ਨੂੰ ਪੱਕੀ ਨਿਵਾਸਤਾ ਪ੍ਰਦਾਨ ਕਰਨ ਵਿਚ ਸਭ ਤੋਂ ਵੱਧ ਉਦਾਰ ਹੈ ਅਤੇ ਉਸ ਨੇ ਕੌਮਾਂਤਰੀ ਵਿਦਿਆਰਥੀਆਂ ਲਈ 200 ਦੇ ਕਰੀਬ ਕਾਲਜ ਖੋਲ੍ਹੇ ਹਨ, ਪੰਜਾਬੀ ਨੌਜਵਾਨ ਇਸ ਮੌਕੇ ਦਾ ਪੂਰਾ ਫਾਇਦਾ ਉੱਠਾ ਰਹੇ ਹਨ। ਇਸ ਸਾਲ ਸੂਬੇ ਦੇ ਲਗਭਗ 1.25 ਲੱਖ ਵਿਦਿਆਰਥੀਆਂ ਨੇ ਸਿੱਖਿਆ ਲਈ ਕੈਨੇਡਾ ਪਰਵਾਸ ਕੀਤਾ ਅਤੇ ਸਿਰਫ 25 ਹਜ਼ਾਰ ਨੇ ਆਸਟਰੇਲੀਆ ਦੀ ਚੋਣ ਕੀਤੀ, ਜਦੋਂਕਿ ਨਿਊਜ਼ੀਲੈਂਡ, ਯੂ. ਐੱਸ. ਏ. ਅਤੇ ਯੂ. ਕੇ. ਨੇ ਇਸ ਸੰਬੰਧੀ ਕਾਨੂੰਨ ਅਤੇ ਨੀਤੀਆਂ ਬਹੁਤ ਸਖਤ ਕਰ ਲਈਆਂ ਹਨ (ਦਿ ਟ੍ਰਿਬਿਊਨ, 2018)। ਜਨਰਲ ਸ਼੍ਰੇਣੀ ਵਿਚੋਂ, ਸਭ ਤੋਂ ਵੱਧ ਪੇਂਡੂ ਲੋਕ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਯੂ. ਐੱਸ. ਏ., ਅਤੇ ਇਟਲੀ ਗਏ ਹਨ। ਹਾਲਾਂਕਿ ਅਨੁਸੂਚਿਤ ਜਾਤੀਆਂ ਵਿਚ ਸਾਈਪ੍ਰਸ ਅਤੇ ਜਾਰਡਨ ਸਭ ਤੋਂ ਤਰਜੀਹ ਵਾਲੇ ਮੰਜ਼ਿਲ ਦੇਸ਼ ਹਨ। ਪੱਛੜੀਆਂ ਸ਼੍ਰੇਣੀਆਂ ਦੇ ਦੋ ਵਿਅਕਤੀ ਦੁੱਬਈ ਗਏ ਅਤੇ ਇਨ੍ਹਾਂ ਸ਼੍ਰੇਣੀਆਂ ਵਿਚੋਂ ਇੱਕ ਇੱਕ ਵਿਅਕਤੀ ਕੈਨੇਡਾ, ਮਲੇਸ਼ੀਆ, ਆਸਟਰੇਲੀਆ, ਨਿਊਜ਼ੀਲੈਂਡ, ਦੱਖਣੀ ਅਫਰੀਕਾ, ਅਤੇ ਸਾਊਦੀ ਅਰਬ ਗਿਆ ਹੈ।

ਮੌਜੂਦਾ ਅਧਿਐਨ ਤੋਂ ਇਹ ਵੀ ਸਾਹਮਣੇ ਆਇਆ ਕਿ ਪੇਂਡੂ ਪੰਜਾਬ ਦੇ ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪਰਿਵਾਰਾਂ ਕੋਲ (24.64 ਪ੍ਰਤੀਸ਼ਤ) ਜ਼ਮੀਨ ਦਾ ਆਕਾਰ 2.51 ਤੋਂ 5.00 ਏਕੜ ਤੱਕ ਹੈ। 20.29 ਪ੍ਰਤੀਸ਼ਤ ਪਰਿਵਾਰਾਂ ਕੋਲ 10 ਏਕੜ ਤੋਂ ਵੱਧ ਜ਼ਮੀਨ ਹੈ। ਇਸ ਤੋਂ ਬਾਅਦ 17.39, 14.01 ਅਤੇ 13.04 ਪ੍ਰਤੀਸ਼ਤ ਪਰਿਵਾਰਾਂ ਕੋਲ ਕ੍ਰਮਵਾਰ 7.51 ਤੋਂ 10.00 ਏਕੜ, 2.51 ਏਕੜ ਤੋਂ ਘੱਟ, ਅਤੇ 5.01 ਤੋਂ 7.50 ਏਕੜ ਤੱਕ ਜ਼ਮੀਨ ਹੈ। ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ, 10.63 ਪ੍ਰਤੀਸ਼ਤ ਪਰਿਵਾਰਾਂ ਕੋਲ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਹੈ। ਜਾਤੀ ਆਧਾਰਿਤ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਬਹੁਤੇ ਪਰਿਵਾਰ ਬੇਜ਼ਮੀਨੇ ਹਨ। ਮੌਜੂਦਾ ਖੋਜ ਦਾ ਇਹ ਮਹੱਤਵਪੂਰਨ ਨਤੀਜਾ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਕੌਮਾਂਤਰੀ ਪਰਵਾਸ ਬਹੁਤ ਮਹਿੰਗਾ ਵਰਤਾਰਾ ਹੈ। ਆਮ ਤੌਰ ਉੱਤੇ ਜ਼ਮੀਨਾਂ ਦੀ ਮਾਲਕੀ ਵਾਲੀ ਜੱਟ ਜਾਤ ਹੀ ਇਸ ਨੂੰ ਬਰਦਾਸ਼ਤ ਕਰ ਸਕਦੀ ਹੈ, ਕਿਉਂਕਿ ਪਰਵਾਸ ਕਰਨ ਸਮੇਂ ਇਹ ਜਾਤ ਆਪਣੀ ਜ਼ਮੀਨ ਨੂੰ ਗਿਰਵੀ ਰੱਖ ਜਾਂ ਵੇਚ ਕੇ ਫੰਡ ਇਕੱਠਾ ਕਰ ਸਕਦੀ ਹੈ।

ਪੇਂਡੂ ਪੰਜਾਬ ਦੇ ਕੁੱਲ 296 ਪਰਵਾਸੀਆਂ ਵਿਚੋਂ 2019 ਵਿਚ 22.30 ਪ੍ਰਤੀਸ਼ਤ, 2018 ਵਿਚ 15.88 ਪ੍ਰਤੀਸ਼ਤ, 2017 ਵਿਚ 12.16 ਪ੍ਰਤੀਸ਼ਤ, 2016 ਵਿਚ 7.43 ਪ੍ਰਤੀਸ਼ਤ, 2015 ਵਿਚ 7.09 ਪ੍ਰਤੀਸ਼ਤ, 2010 ਵਿਚ 5.41 ਪ੍ਰਤੀਸ਼ਤ ਅਤੇ ਹੋਰ ਸਾਲਾਂ ਵਿਚ 5 ਪ੍ਰਤੀਸ਼ਤ ਤੋਂ ਘੱਟ ਵਿਅਕਤੀਆਂ ਨੇ ਦੂਜੇ ਦੇਸ਼ਾਂ ਵਿਚ ਪਰਵਾਸ ਕੀਤਾ। ਇਹ ਅੰਕੜੇ ਸਪੱਸ਼ਟ ਤੌਰ ਉੱਤੇ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਪਰਵਾਸ ਦੀ ਪ੍ਰਕਿਰਿਆ ਵਿਚ 2014 ਤੋਂ ਬਾਅਦ ਤੇਜ਼ੀ ਆਈ ਹੈ।

ਵਿਦੇਸ਼ਾਂ ਵਿਚ ਪਰਵਾਸ ਦੀ ਕੋਸ਼ਿਸ਼ ਕਾਨੂੰਨੀ ਅਤੇ ਗ਼ੈਰਕਾਨੂੰਨੀ-ਦੋਹਾਂ ਢੰਗਾਂ ਦੁਆਰਾ ਕੀਤੀ ਜਾਂਦੀ ਹੈ। ਜਿੱਥੇ ਕਾਨੂੰਨੀ ਢੰਗ ਵਿਚ ਵਧੇਰੇ ਸਮਾਂ

*(ਬਾਕੀ ਅਗਲੇ ਸਫੇ 'ਤੇ)*

ਲੱਗਦਾ ਹੈ, ਪਰ ਇਸ ਵਿਚ ਘੱਟ ਜੋਖਮ ਹੁੰਦਾ ਹੈ, ਉੱਥੇ ਦੂਜੇ ਪਾਸੇ ਗੈਰ-ਕਾਨੂੰਨੀ ਪਰਵਾਸ ਦੂਜੇ ਦੇਸ਼ ਦੀ ਪ੍ਰਬੰਧਕੀ ਅਤੇ ਕਾਨੂੰਨੀ ਵਿਵਸਥਾ ਨੂੰ ਤੋੜ ਕੇ ਉਸ ਵਿਚ ਦਾਖਲ ਹੋਣ ਦੀ ਕੋਸ਼ਿਸ਼ ਹੈ, ਜੋ ਇੱਕ ਬਹੁਤ ਹੀ ਜੋਖਮ ਭਰਪੂਰ ਮਾਮਲਾ ਹੈ। ਮੌਜੂਦਾ ਅਧਿਐਨ ਦਾ ਇੱਕ ਸਕਾਰਾਤਮਕ ਪਹਿਲੂ ਇਹ ਹੈ ਕਿ 92.91 ਪ੍ਰਤੀਸ਼ਤ ਮਾਮਲਿਆਂ ਵਿਚ, ਪਰਵਾਸ ਦਾ ਢੰਗ ਕਾਨੂੰਨੀ ਹੈ, ਜਦੋਂਕਿ ਸਿਰਫ 7.09 ਪ੍ਰਤੀਸ਼ਤ ਮਾਮਲਿਆਂ ਵਿਚ, ਇਹ ਗੈਰ-ਕਾਨੂੰਨੀ ਹੈ। ਗੈਰ-ਕਾਨੂੰਨੀ ਪਰਵਾਸੀਆਂ ਵਿਚੋਂ, 4.05 ਪ੍ਰਤੀਸ਼ਤ ਲੋਕ ਕੰਮ ਦੇ ਵੀਜ਼ੇ, ਜਦੋਂਕਿ 3.04 ਪ੍ਰਤੀਸ਼ਤ ਵਿਜ਼ਟਰ ਵੀਜ਼ ਉੱਤੇ ਦੂਜੇ ਦੇਸ਼ਾਂ ਵਿਚ ਗਏ। ਯੂ. ਐੱਨ. ਓ. ਡੀ. ਸੀ. (2009) ਦੀ ਇੱਕ ਰਿਪੋਰਟ ਵੀ ਇਹ ਖੁਲਾਸਾ ਕਰਦੀ ਹੈ ਕਿ ਦਲਾਲ-ਤਸਕਰ ਦੇ ਚੁੰਗਲ ਵਿਚ ਫਸ ਕੇ ਬਹੁਗਿਣਤੀ ਪੰਜਾਬੀ ਨੌਜਵਾਨ ਵਿਦੇਸ਼ਾਂ ਦੇ ਸਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਪੇਂਡੂ ਪੰਜਾਬ ਵਿਚੋਂ ਅੱਧੇ ਤੋਂ ਵੱਧ (51.69 ਪ੍ਰਤੀਸ਼ਤ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ, ਜਦੋਂ ਕਿ ਇੱਕ-ਚੌਥਾਈ ਤੋਂ ਥੋੜ੍ਹਾ ਵੱਧ (25.34 ਪ੍ਰਤੀਸ਼ਤ) ਵਿਅਕਤੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। 17.23 ਪ੍ਰਤੀਸ਼ਤ ਵਿਅਕਤੀ ਸਪਾਊਜ਼ ਵੀਜ਼ੇ ਉੱਤੇ ਵਿਦੇਸ਼ ਗਏ, ਜਦੋਂਕਿ ਥੋੜ੍ਹੇ ਜਿਹੇ (3.72 ਪ੍ਰਤੀਸ਼ਤ) ਵਿਅਕਤੀਆਂ ਨੇ ਵਿਜ਼ਟਰ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। ਸਿਰਫ 2.03 ਪ੍ਰਤੀਸ਼ਤ ਵਿਅਕਤੀਆਂ ਦੇ ਕੋਲ ਵਿਦੇਸ਼ ਜਾਣ ਲਈ ਪਰਿਵਾਰ ਆਧਾਰਿਤ ਜਾਂ ਖੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ। ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਵਿਚੋਂ, ਕੰਮ ਦੇ ਮਕਸਦ ਲਈ ਵਿਦੇਸ਼ਾਂ ਵਿਚ ਜਾਣ ਵਾਲੇ ਵਿਅਕਤੀਆਂ ਦੀ ਵਧੇਰੇ ਗਿਣਤੀ ਹੈ, ਕਿਉਂਕਿ ਦੇਸ਼ ਵਿਚ ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਨਹੀਂ ਹਨ। ਹਾਲਾਂਕਿ, ਜਨਰਲ ਸ਼੍ਰੇਣੀ ਦੇ ਮਾਮਲੇ ਵਿਚ 54.01 ਪ੍ਰਤੀਸ਼ਤ ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਪਰਵਾਸ ਕੀਤਾ। ਸਿਰਫ 21.53 ਅਤੇ 18.25 ਪ੍ਰਤੀਸ਼ਤ ਵਿਅਕਤੀਆਂ ਦੇ ਵਿਦੇਸ਼ ਜਾਣ ਲਈ ਕ੍ਰਮਵਾਰ ਵਰਕ ਵੀਜ਼ਾ ਤੇ ਸਪਾਊਜ਼ ਵੀਜ਼ਾ ਦੀ ਵਰਤੋਂ ਕੀਤੀ।

ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਤੱਤ ਹੁੰਦੇ ਹਨ, ਕਿਉਂਕਿ ਪਰਵਾਸ ਕਰਨ ਦਾ ਫੈਸਲਾ ਕਦੇ ਵੀ ਇੱਕ ਤੱਤ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ, ਸਗੋਂ ਇਹ ਬਹੁਤ ਸਾਰੇ ਤੱਤਾਂ ਦੇ ਸੁਮੇਲ ਦੁਆਰਾ ਪ੍ਰਭਾਵਿਤ ਹੁੰਦਾ ਹੈ। ਜਦੋਂ ਪਰਵਾਸੀਆਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਪਰਵਾਸ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਹੇਠਾਂ ਦਿੱਤੇ ਤੱਤਾਂ ਬਾਰੇ ਦੱਸਿਆ:

52.03 ਪ੍ਰਤੀਸ਼ਤ ਪਰਵਾਸੀਆਂ ਦੇ ਮਾਮਲੇ ਵਿਚ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ ਦੇ ਪਰਵਾਸ ਦਾ ਮੁੱਖ ਕਾਰਨ ਬੇਜ਼ਗਾਰੀ ਹੈ।

46.28 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ ਦੀ ਵਧੇਰੇ ਕਮਾਈ ਕਰਨ ਦੀ ਇੱਛਾ ਨੇ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਪਰਵਾਸ ਲਈ ਪ੍ਰੇਰਿਤ ਕੀਤਾ।

ਵਿਦੇਸ਼ਾਂ ਵਿਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ 42.57 ਪ੍ਰਤੀਸ਼ਤ ਪੇਂਡੂ ਪੰਜਾਬੀਆਂ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ।

ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਇੱਕ-ਚੌਥਾਈ ਤੋਂ ਥੋੜ੍ਹੇ ਜਿਹੇ ਘੱਟ (24.66 ਪ੍ਰਤੀਸ਼ਤ) ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ਼ ਗਏ।

9.12 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਪੰਜਾਬ ਵਿਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ।

ਪੇਂਡੂ ਪੰਜਾਬ ਦੇ ਲੋਕਾਂ ਦੇ ਇੱਕ ਛੋਟੇ ਜਿਹੇ ਹਿੱਸੇ (4.39 ਪ੍ਰਤੀਸ਼ਤ) ਦੇ ਵਿਦੇਸ਼ਾਂ ਵਿਚ ਪਰਵਾਸ ਕਰਨ ਦਾ ਕਾਰਨ ਉਨ੍ਹਾਂ ਦੇ ਪਰਿਵਾਰਾਂ ਦਾ ਵਿਦੇਸ਼ਾਂ ਵਿਚ ਵੱਸ ਜਾਣਾ ਸੀ।

ਕੇਵਲ 2.03 ਪ੍ਰਤੀਸ਼ਤ ਵਿਅਕਤੀਆਂ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸ਼ਾਂ ਵਿਚ ਪਰਵਾਸ ਕੀਤਾ।

ਪਰਵਾਸੀਆਂ ਨੇ ਪਰਵਾਸ ਲਈ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ। ਇਸ ਤੋਂ ਬਾਅਦ 15.53, 14.86, 11.83, ਅਤੇ 4.40 ਪ੍ਰਤੀਸ਼ਤ ਪਰਵਾਸੀਆਂ ਦਾ ਕ੍ਰਮ ਆਉਂਦਾ ਹੈ, ਜਿਨ੍ਹਾਂ ਨੇ ਵਿਦੇਸ਼ ਜਾਣ ਲਈ ਕ੍ਰਮਵਾਰ 10 ਤੋਂ 15, 5 ਤੋਂ 10, 20 ਤੋਂ 25 ਅਤੇ 25 ਤੋਂ 30 ਲੱਖ ਰੁਪਏ ਖਰਚੇ। ਇਸ ਮੰਤਵ ਲਈ 2.36 ਪ੍ਰਤੀਸ਼ਤ ਪਰਵਾਸੀਆਂ ਨੇ 30 ਲੱਖ ਜਾਂ ਵੱਧ ਪਏ ਖਰਚੇ।

ਵਿਦਿਆਰਥੀ ਵੀਜ਼ਾ ਦੇ ਮਾਮਲੇ ਵਿਚ ਪਰਵਾਸੀਆਂ ਦੇ ਵਧੇਰੇ ਹਿੱਸੇ (44.44 ਪ੍ਰਤੀਸ਼ਤ) ਨੇ ਕੌਮਾਂਤਰੀ ਪਰਵਾਸ ਲਈ 15 ਤੋਂ 20 ਲੱਖ ਪਏ ਖਰਚ ਕੀਤੇ। ਦਿ ਟ੍ਰਿਬਿਊਨ (2018) ਵਿਚ ਪ੍ਰਕਾਸ਼ਿਤ ਇੱਕ ਰਿਪੋਰਟ ਅਨੁਸਾਰ ਵਿਦਿਆਰਥੀ




ਪੇਂਡੂ ਪੰਜਾਬ ਦੇ ਲੋਕਾਂ ਦੇ ਕੌਮਾਂਤਰੀ ਪਰਵਾਸ ਤੋਂ ਪਹਿਲਾਂ ਦੇ ਕਿੱਤੇ ਸੰਬੰਧੀ ਅਧਿਐਨ ਤੋਂ ਪਤਾ ਲੱਗਿਆ ਕਿ ਅੱਧੇ ਤੋਂ ਵੱਧ (52.03 ਪ੍ਰਤੀਸ਼ਤ) ਪਰਵਾਸੀ ਆਪਣੇ ਪਰਵਾਸ ਤੋਂ ਪਹਿਲਾਂ ਵਿਦਿਆਰਥੀ ਸਨ। ਪੰਜਵੇਂ ਹਿੱਸੇ ਤੋਂ ਥੋੜ੍ਹੇ ਜਿਹੇ ਘੱਟ (18.92 ਪ੍ਰਤੀਸ਼ਤ) ਪਰਵਾਸੀ ਕਿਸਾਨ ਸਨ। 11.48 ਪ੍ਰਤੀਸ਼ਤ ਪਰਵਾਸੀ ਕੌਮਾਂਤਰੀ ਪਰਵਾਸ ਤੋਂ ਪਹਿਲਾਂ ਬੇਜ਼ਗਾਰ ਸਨ ਅਤੇ ਇੰਨੇ ਹੀ (11.48 ਪ੍ਰਤੀਸ਼ਤ) ਪਰਵਾਸੀ ਆਪਣੇ ਘਰੇਲੂ ਕੰਮ ਕਰ ਰਹੇ ਸਨ। ਬਹੁਤ ਥੋੜ੍ਹੇ ਪਰਵਾਸੀ ਕੌਮਾਂਤਰੀ ਪਰਵਾਸ ਤੋਂ ਪਹਿਲਾਂ ਦਿਹਾੜੀਦੱਪਾ, ਆਪਣਾ ਕੋਈ ਧੰਦਾ ਕਰਦੇ ਸਨ। ਸਿਰਫ ਇੱਕ ਪਰਵਾਸੀ ਇੱਥੇ ਸਰਕਾਰੀ ਨੌਕਰੀ ਕਰਦਾ ਸੀ। ਜਿੱਥੋਂ ਤਕ ਕੌਮਾਂਤਰੀ ਪਰਵਾਸ ਦੇ ਬਾਅਦ ਪਰਵਾਸੀਆਂ ਦੇ ਕਿੱਤਿਆਂ ਦੀ ਗੱਲ ਹੈ, ਇਹ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਪਰਵਾਸੀਆਂ ਦਾ ਵੱਧ ਹਿੱਸਾ (37.50 ਪ੍ਰਤੀਸ਼ਤ) ਵਿਦੇਸ਼ਾਂ ਵਿਚ ਉੱਚੀ ਵਿਦਿਆ ਗ੍ਰਹਿਣ ਕਰ ਰਿਹਾ ਹੈ। ਪਰਵਾਸੀਆਂ ਵਿਚੋਂ ਇੱਕ-ਤਿਹਾਈ ਤੋਂ ਘੱਟ (32.43 ਪ੍ਰਤੀਸ਼ਤ) ਨਿੱਜੀ ਨੌਕਰੀਆਂ ਵਿਚ ਹਨ, ਜਦੋਂਕਿ 15.54 ਪ੍ਰਤੀਸ਼ਤ ਵਿਦੇਸ਼ਾਂ ਵਿਚ ਵਾਹਨ ਚਲਾਉਣ ਦੀ ਨੌਕਰੀ ਕਰਦੇ ਹਨ। ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਪੰਜਾਬੀਆਂ ਨੇ ਘੱਟ ਹੁਨਰਮੰਦ ਕਾਮਿਆਂ ਦੀ ਮੰਗ ਨੂੰ ਪੂਰਾ ਕਰਨ ਲਈ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਪਰਵਾਸ ਕੀਤਾ ਹੈ। ਕਪੂਰੀਆ ਅਤੇ ਬੀਰਵਾਲ (2017) ਦੁਆਰਾ ਕੀਤਾ ਗਿਆ ਇੱਕ ਖੋਜ ਅਧਿਐਨ ਵੀ ਇਸੇ ਤਰ੍ਹਾਂ ਦੇ ਨਤੀਜੇ ਪੇਸ਼ ਕਰਦਾ ਹੈ।

ਵਿਦੇਸ਼ਾਂ ਵਿਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਪਰਵਾਸੀਆਂ ਦੁਆਰਾ ਕੀਤੇ ਗਏ ਖਰਚਿਆਂ ਦਾ ਅਧਿਐਨ ਦਰਸਾਉਂਦਾ ਹੈ ਕਿ ਪਰਵਾਸੀਆਂ ਦੇ ਵਧੇਰੇ ਹਿੱਸੇ ਅਰਥਾਤ 27.02 ਪ੍ਰਤੀਸ਼ਤ ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਪਏ ਖਰਚ ਕੀਤੇ। ਤਕਰੀਬਨ 24 ਪ੍ਰਤੀਸ਼ਤ

ਵੀਜ਼ਾ ਉੱਤੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਵਿਚ ਪੜ੍ਹਾਈ ਦੇ ਪਹਿਲੇ ਸਾਲ ਲਈ ਔਸਤਨ 15 ਤੋਂ 22 ਲੱਖ ਪਏ ਦੀ ਲਾਗਤ ਆਉਂਦੀ ਹੈ। ਬਾਹਰ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨਾਲ ਗੁਣਾ ਕਰਨ ਉੱਤੇ ਇਹ ਤਕਰੀਬਨ 27,000 ਕਰੋੜ ਪਏ ਬਣਦੀ ਹੈ, ਜੋ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ। ਬਾਕੀ ਕਿਸਮ ਦੇ ਵੀਜ਼ਿਆਂ ਦੇ ਮਾਮਲਿਆਂ ਵਿਚ, ਪਰਵਾਸੀਆਂ ਦਾ ਵਧੇਰੇ ਹਿੱਸਾ 5 ਲੱਖ ਪਏ ਤੋਂ ਘੱਟ ਖਰਚ ਕੇ ਵਿਦੇਸ਼ ਗਿਆ।

ਇਨ੍ਹਾਂ ਪਰਵਾਸੀਆਂ ਨੇ ਆਪਣੇ ਪਰਵਾਸ ਲਈ ਔਸਤਨ 11,90572.67 ਰੁਪਏ ਖਰਚੇ। ਇਹ ਰਕਮ ਵਿਦਿਆਰਥੀ ਵਰਗ ਦੇ ਮਾਮਲੇ ਵਿਚ 15,29084.97 ਰੁਪਏ ਅਤੇ ਗੈਰ-ਵਿਦਿਆਰਥੀ ਵਰਗ ਲਈ 8,28388.16 ਪਏ ਆਂਕੀ ਗਈ। ਜਿੱਥੋਂ ਤੱਕ ਵੱਖ ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦਾ ਸੰਬੰਧ ਹੈ, ਕੁੱਲ ਖਰਚੇ ਦਾ ਇੱਕ-ਤਿਹਾਈ ਤੋਂ ਵੱਧ (33.72 ਪ੍ਰਤੀਸ਼ਤ) ਅਰਥਾਤ 40,1508.47 ਰੁਪਏ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਏ। ਇਨ੍ਹਾਂ ਪਰਵਾਸੀਆਂ ਨੇ ਕੁੱਲ ਖਰਚੇ ਦੇ 25.42 ਪ੍ਰਤੀਸ਼ਤ (302702.71 ਰੁਪਏ) ਦਾ ਪ੍ਰਬੰਧ ਬੈਂਕਾਂ ਤੋਂ ਉਧਾਰ ਲੈ ਕੇ ਕੀਤਾ। ਕੁਝ ਮਾਮਲਿਆਂ ਵਿਚ ਪਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ਪਲਾਟ/ਗਹਿਣੇ/ ਵਾਹਨ/ਜਾਨਵਰ/ਖੇਤੀਬਾੜੀ ਮਸ਼ੀਨਰੀ ਵੇਚਣੀ ਪਈ। ਇਸ ਸਰੋਤ ਨੇ 205033.79 ਰੁਪਏ ਦਾ ਯੋਗਦਾਨ ਪਾਇਆ ਹੈ, ਜੋ ਕੁੱਲ ਰਕਮ ਦਾ 17.22 ਪ੍ਰਤੀਸ਼ਤ ਬਣਦਾ ਹੈ। ਮੌਜੂਦਾ ਅਧਿਐਨ ਤੋਂ ਇਹ ਵੀ ਸਾਹਮਣੇ ਆਇਆ ਕਿ ਪਰਵਾਸੀਆਂ ਨੇ ਆੜ੍ਹਤੀਆਂ ਤੋਂ ਔਸਤਨ 130472.97 ਰੁਪਏ ਦਾ ਕਰਜ਼ ਇਸ ਮੰਤਵ ਲਈ ਲਿਆ, ਜੋ ਕੁੱਲ ਰਕਮ ਦਾ 10.96 ਪ੍ਰਤੀਸ਼ਤ ਹਿੱਸਾ ਬਣਦਾ ਹੈ।

ਇੱਥੇ ਵਰਣਨਯੋਗ ਹੈ ਕਿ ਪਰਵਾਸੀਆਂ ਦੇ ਰਿਸ਼ਤੇਦਾਰ ਅਤੇ ਇੱਥੋਂ ਤੱਕ ਕਿ ਹੋਣ ਵਾਲੇ ਸਹੁਰੇ ਪਰਿਵਾਰ ਵੀ ਉਨ੍ਹਾਂ ਦੇ ਪਰਵਾਸ ਦੀ ਕੀਮਤ ਚੁੱਕਦੇ ਹਨ। ਅੰਕੜੇ ਦਰਸਾਉਂਦੇ ਹਨ ਕਿ ਪਰਵਾਸ ਦੀ ਕੁੱਲ ਲਾਗਤ ਵਿਚ ਰਿਸ਼ਤੇਦਾਰਾਂ ਦਾ ਯੋਗਦਾਨ 7.42 ਪ੍ਰਤੀਸ਼ਤ (88320.95 ਰੁਪਏ) ਹੈ। ਜਿੱਥੋਂ ਤੱਕ ਹੋਣ ਵਾਲੇ ਸਹੁਰੇ ਪਰਿਵਾਰਾਂ ਦੁਆਰਾ ਦਿੱਤੀ ਵਿੱਤੀ ਸਹਾਇਤਾ ਦਾ ਸੰਬੰਧ ਹੈ, ਪਰਵਾਸੀਆਂ ਨੇ ਇਨ੍ਹਾਂ ਪਰਿਵਾਰਾਂ ਤੋਂ ਔਸਤਨ 41891.89 ਰੁਪਏ (3.52 ਪ੍ਰਤੀਸ਼ਤ) ਫੜੇ। ਪਰਵਾਸੀਆਂ ਨੂੰ ਸਹਿਕਾਰੀ ਸਭਾਵਾਂ/ਬੈਂਕਾਂ ਅਤੇ ਮਾਲਕਾਂ ਤੋਂ ਕ੍ਰਮਵਾਰ 19459.46 ਅਤੇ 1182.43 ਰੁਪਏ, ਜੋ ਪਰਵਾਸ ਲਈ ਕੀਤੇ ਕੁੱਲ ਖਰਚੇ ਦਾ ਕ੍ਰਮਵਾਰ 1.64 ਅਤੇ 0.10 ਪ੍ਰਤੀਸ਼ਤ ਬਣਦਾ ਹੈ।

ਪਰਵਾਸ ਉਨ੍ਹਾਂ ਪਰਿਵਾਰਾਂ ਲਈ ਸੁਖਾਵਾਂ ਹੁੰਦਾ ਹੈ, ਜਿਨ੍ਹਾਂ ਦੇ ਪਰਵਾਸੀ ਮੈਂਬਰ ਵਿਦੇਸ਼ਾਂ ਵਿਚ ਕੰਮ ਕਰਕੇ ਇਕੱਠੇ ਕੀਤੇ ਧਨ ਵਿਚੋਂ ਕੁੱਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਪਰਵਾਸੀਆਂ ਵਿਚੋਂ ਸਿਰਫ ਇੱਕ-ਤਿਹਾਈ (34.12 ਪ੍ਰਤੀਸ਼ਤ) ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ ਹਨ, ਜਦੋਂਕਿ ਦੋ-ਤਿਹਾਈ ਪਰਵਾਸੀਆਂ (65.88 ਪ੍ਰਤੀਸ਼ਤ) ਨੇ ਆਪਣੇ ਪਰਿਵਾਰਾਂ ਨੂੰ ਕੋਈ ਰਕਮ ਨਹੀਂ ਭੇਜੀ। ਜਿਨ੍ਹਾਂ ਨੇ ਪੈਸੈ ਆਪਣੇ ਪਰਿਵਾਰਾਂ ਨੂੰ ਭੇਜੇ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਨੇ 2 ਲੱਖ ਰੁਪਏ ਤੋਂ ਘੱਟ ਦੀ ਰਕਮ ਭੇਜੀ ਹੈ।

ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਪੈਸੇ ਭੇਜਣ ਕਰਕੇ, ਦੋ-ਤਿਹਾਈ ਪਰਿਵਾਰਾਂ (66.67 ਪ੍ਰਤੀਸ਼ਤ) ਨੇ ਦੱਸਿਆ ਕਿ ਉਹ ਕਰਜ਼ੇ ਹੇਠ ਹਨ। ਕਰਜ਼ਈ ਪਰਿਵਾਰਾਂ ਵਿਚੋਂ 45.55 ਪ੍ਰਤੀਸ਼ਤ ਪਰਿਵਾਰਾਂ ਉੱਤੇ 10 ਲੱਖ ਪਏ ਤੱਕ ਦਾ ਕਰਜ਼ਾ ਹੈ। ਜਿਹੜੇ ਪਰਿਵਾਰਾਂ ਉੱਤੇ 10 ਤੋਂ 15 ਅਤੇ 15 ਤੋਂ 20 ਲੱਖ ਦਾ ਕਰਜ਼ਾ ਹੈ, ਉਨ੍ਹਾਂ ਦਾ ਕ੍ਰਮਵਾਰ ਪ੍ਰਤੀਸ਼ਤ 11.11 ਅਤੇ 5.80 ਹੈ। ਇਸ ਤੋਂ ਇਲਾਵਾ 35.35 ਪ੍ਰਤੀਸ਼ਤ ਅਜਿਹੇ ਪਰਿਵਾਰ ਹਨ, ਜੋ 20 ਲੱਖ ਅਤੇ ਵੱਧ ਰੁਪਿਆਂ ਦੇ ਕਰਜ਼ੇ ਹੇਠ ਹਨ। ਇਸ ਮੁੱਦੇ ਦਾ ਜਾਤੀ ਆਧਾਰਿਤ ਵਿਸ਼ਲੇਸ਼ਣ ਇਹ ਉਜਾਗਰ ਕਰਦਾ ਹੈ ਕਿ ਜ਼ਿਆਦਾਤਰ ਕਰਜ਼ਈ ਪਰਿਵਾਰ ਅਨੁਸੂਚਿਤ ਜਾਤੀ (92.86 ਪ੍ਰਤੀਸ਼ਤ) ਅਤੇ ਇਸ ਤੋਂ ਬਾਅਦ ਪੱਛੜੀਆਂ ਸ਼੍ਰੇਣੀਆਂ (85.71 ਪ੍ਰਤੀਸ਼ਤ) ਅਤੇ ਮੁਕਾਬਲਤਨ ਘੱਟ ਪਰਿਵਾਰ ਜਨਰਲ ਸ਼੍ਰੇਣੀ (63.98 ਪ੍ਰਤੀਸ਼ਤ) ਨਾਲ ਸੰਬੰਧਿਤ ਹਨ।

ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਕੀਤੇ ਅਧਿਐਨ ਅਤੇ ਫੀਲਡ ਸਰਵੇਖਣ ਦੇ ਮਹੱਤਵਪੂਰਨ ਨਤੀਜੇ ਅਤੇ ਉਨ੍ਹਾਂ ਨਾਲ ਸੰਬੰਧਿਤ ਨੀਤੀਗਤ ਸੁਝਾਅ ਹੇਠ ਲਿਖੇ ਅਨੁਸਾਰ ਹਨ:

ਮੌਜੂਦਾ ਅਧਿਐਨ ਤੋਂ ਪਤਾ ਲੱਗਾ ਕਿ 96.62 ਪ੍ਰਤੀਸ਼ਤ ਵਿਅਕਤੀ 15 ਤੋਂ 45 ਸਾਲ ਦੀ ਉਮਰ ਵਿਚ ਪਰਵਾਸ ਕਰ ਗਏ ਹਨ। ਇਹ ਉਮਰ ਵਰਗ ਦੇਸ਼ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਬਹੁਤੇ ਨੌਜਵਾਨ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਉੱਚ ਸਿੱਖਿਆ ਗ੍ਰਹਿਣ ਕਰਨ ਲਈ ਪਰਵਾਸ ਕਰ ਰਹੇ ਹਨ। ਇੱਥੋਂ ਤੱਕ ਕਿ ਉੱਚ ਵਿੱਦਿਅਕ ਪੱਧਰ ਵਾਲੇ ਲੋਕ ਵੀ ਵਿਦੇਸ਼ਾਂ ਵਿਚ ਵੱਸਣ ਨੂੰ ਇੱਕ ਬਿਹਤਰ ਉਦੇਸ਼ ਸਮਝਦੇ ਹਨ। ਪਰਵਾਸੀਆਂ ਦੇ ਅੱਧੇ ਤੋਂ ਵੱਧ ਪਰਿਵਾਰਕ ਮੈਂਬਰਾਂ (52.03 ਪ੍ਰਤੀਸ਼ਤ) ਨੇ ਮੰਨਿਆ ਕਿ ਬੇਜ਼ਗਾਰੀ ਉਨ੍ਹਾਂ ਦੇ ਬੱਚਿਆਂ ਦੇ ਪਰਵਾਸ ਦਾ ਮੁੱਖ ਕਾਰਨ ਹੈ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਲੋਕਪੱਖੀ ਪਹੁੰਚ ਅਪਨਾਉਂਦਿਆਂ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਜ਼ਬੂਰੀਵੱਸ ਵਿਦੇਸ਼ ਨਾ ਭੇਜਣਾ ਪਵੇ।

9.12 ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਪੰਜਾਬ ਵਿਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ। ਇਸ ਲਈ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿਚ ਨਸ਼ਿਆਂ ਦੇ ਸੰਕਟ ਨੂੰ ਕੰਟਰੋਲ ਕਰਨ ਲਈ ਸਖਤ ਕਦਮ ਚੁੱਕਣ।

ਮੌਜੂਦਾ ਅਧਿਐਨ ਨੇ ਇਹ ਸਾਹਮਣੇ ਲਿਆਂਦਾ ਹੈ ਕਿ ਪਰਵਾਸੀਆਂ ਨੇ ਆਪਣੇ ਕੌਮਾਂਤਰੀ ਪਰਵਾਸ ਲਈ ਔਸਤਨ 11,90572.67 ਰੁਪਏ ਖਰਚ ਕੀਤੇ। ਇਹ ਰਕਮ ਵਿਦਿਆਰਥੀ ਵਰਗ ਦੇ ਮਾਮਲੇ ਵਿਚ 15,29084.97 ਰੁਪਏ, ਜਦੋਂਕਿ ਗ਼ੈਰ-ਵਿਦਿਆਰਥੀ ਸ਼੍ਰੇਣੀ ਲਈ 82,8388.16 ਰੁਪਏ ਆਂਕੀ ਗਈ। ਇਸ ਤੋਂ ਇਲਾਵਾ ਪਰਵਾਸ ਦੇ ਕੁੱਲ ਖਰਚਿਆਂ ਦਾ ਇੱਕ-ਤਿਹਾਈ ਤੋਂ ਜ਼ਿਆਦਾ ਪ੍ਰਤੀਸ਼ਤ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ। ਮੌਜੂਦਾ ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਦੋ-ਤਿਹਾਈ ਪਰਵਾਸੀਆਂ (65.88 ਪ੍ਰਤੀਸ਼ਤ) ਨੇ ਆਪਣੇ ਪਰਿਵਾਰਾਂ ਨੂੰ ਕੋਈ ਰਕਮ ਨਹੀਂ ਭੇਜੀ ਹੈ। ਪਰਵਾਸ ਦੀ ਉੱਚੀ ਲਾਗਤ ਅਤੇ ਘੱਟ ਪੈਸੇ ਭੇਜਣ ਕਾਰਨ ਦੋ-ਤਿਹਾਈ ਪਰਿਵਾਰ (66.67 ਪ੍ਰਤੀਸ਼ਤ) ਕਰਜ਼ੇ ਹੇਠ ਹਨ। ਪੇਂਡੂ ਪੰਜਾਬ ਤੋਂ ਹੋ ਰਿਹਾ ਕੌਮਾਂਤਰੀ ਪਰਵਾਸ ਵਿਚ ਸਿਰਫ 'ਪੂੰਜੀ ਹੂੰਝਾ' ਹੀ ਨਹੀਂ, ਸਗੋਂ ਇਸ ਵਿਚ 'ਬੌਧਿਕ ਹੂੰਝਾ' ਅਤੇ 'ਜਨਸੰਖਿਅਕ ਲਾਭਅੰਸ਼ ਦਾ ਨੁਕਸਾਨ' ਵੀ ਸ਼ਾਮਿਲ ਹੈ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਨ੍ਹਾਂ ਮੁਸ਼ਕਿਲਾਂ ਨੂੰ ਦੂਰ ਕਰਨ ਦੇ ਨਾਲ ਨਾਲ ਰੁਜ਼ਗਾਰ ਦੇ ਉਚਿੱਤ ਗਿਣਤੀ ਵਿਚ ਮੌਕੇ ਪੈਦਾ ਕਰਨੇ ਚਾਹੀਦੇ ਹਨ।

ਲੋਕ ਵਿਦੇਸ਼ ਜਾਣ ਲਈ ਇੰਨੇ ਉਤਸੁਕ ਹਨ ਕਿ ਉਹ ਗੈਰ-ਕਾਨੂੰਨੀ ਢੰਗ ਨਾਲ ਜਾਣ ਤੋਂ ਵੀ ਸੰਕੋਚ ਨਹੀਂ ਕਰਦੇ। ਮੌਜੂਦਾ ਅਧਿਐਨ ਅਨੁਸਾਰ 7.09 ਪ੍ਰਤੀਸ਼ਤ ਪਰਵਾਸੀਆਂ ਦੁਆਰਾ ਅਜਿਹੇ ਤਰੀਕੇ ਵਰਤੇ ਗਏ। ਦਲਾਲ-ਤਸਕਰ ਦੇ ਚੁੰਗਲ ਵਿਚ ਫਸ ਕੇ ਬਹੁਗਿਣਤੀ ਪੰਜਾਬੀ ਨੌਜਵਾਨ ਵਿਦੇਸ਼ਾਂ ਦੀ ਸ਼ਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗੈਰ-ਕਾਨੂੰਨੀ ਪਰਵਾਸ ਦੀ ਸਮੱਸਿਆ ਦੇ ਹੱਲ ਲਈ ਨੌਜਵਾਨਾਂ ਵਿਚ ਪਰਵਾਸ ਦੇ ਗੈਰ-ਕਾਨੂੰਨੀ ਢੰਗਾਂ ਵਿਰੁੱਧ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਹੁਨਰ ਅਤੇ ਵਿਹਾਰਕ ਵਿੱਦਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਦੇਸ਼ ਅਤੇ ਵਿਦੇਸ਼ਾਂ ਵਿਚ ਸਤਿਕਾਰਯੋਗ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ ਸਰਕਾਰ ਨੂੰ ਦਲਾਲ-ਤਸਕਰ ਗਠਜੋੜ ਨੂੰ ਤੋੜਨ ਲਈ ਕਾਨੂੰਨ ਬਣਾਉਣ ਅਤੇ ਸਖਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ।

ਮੌਜੂਦਾ ਅਧਿਐਨ ਤੋਂ ਪਤਾ ਲੱਗਾ ਕਿ ਵਿਦੇਸ਼ਾਂ ਵਿਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ 42.57 ਪ੍ਰਤੀਸ਼ਤ ਪੇਂਡੂ ਪੰਜਾਬੀਆਂ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੂਬੇ ਅਤੇ ਦੇਸ਼ ਵਿਚ ਰਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਨ ਵਿਚ ਕਾਫੀ ਸੁਧਾਰ ਕਰਨਾ ਚਾਹੀਦਾ ਹੈ।

# ਮਿੱਟੀ ਦਾ ਮੋਹ

ਮਿੱਟੀ ਨਾਲ ਮਿੱਟੀ ਹੋ ਕੇ
ਮਿੱਟੀ 'ਚੋਂ ਅੰਨ ਪੈਦਾ ਕਰਦੇ
ਸਭ ਦਾ ਢਿੱਡ ਭਰਦੇ
ਅੰਨ ਦਾਤੇ ਨੂੰ ਮੁਨਾਫੇ ਦੇ ਲੋਭ 'ਚ
ਮਿੱਟੀ ਕਰਨ 'ਤੇ ਤੁੱਲਿਆ ਹੋਇਆ
ਲੋਟੂ ਸ਼ਾਹੂਕਾਰਾਂ ਦੀਆਂ ਗਿਰਝਾਂ ਦਾ ਟੋਲਾ।

ਹਰ ਮੌਸਮ ਨਾਲ ਭਗੜਨ ਵਾਲਾ
ਹਰ ਮੌਸਮ ਨੂੰ ਬਦਲਣ ਵਾਲਾ
ਬਾਬਾ ਅਸਮਾਨ ਵੱਲ ਤੱਕਦਾ ਹੈ
ਤੇ ਉੱਠ ਤੁਰਦਾ ਹੈ ਆਪਣੇ ਰਾਹ
ਜੋ ਵਡੇਰਿਆਂ ਨੇ ਸਿਰਜਿਆ ਸੀ
ਆਪਣੇ ਵਿਰਸੇ ਦਾ ਲੜ ਫੜ ਕੇ
ਆਪਣੇ ਹੱਕਾਂ ਦੀ ਪੈੜ ਨੱਪਦਿਆਂ
ਲਲਕਾਰਦਾ ਹੋਇਆ ਆਖਦਾ ਹੈ,

"ਸਾਡੇ ਸੁਪਨਿਆਂ ਨੂੰ ਕਤਲ ਕਰਨ ਦਾ
ਸੁਪਨਾ ਲੈਣ ਵਾਲਿਓ
ਸਾਡਾ ਤਾਂ ਇਕ ਪੋਰਸ ਹੀ ਮਾਣ ਨਹੀਂ ਸੀ
ਅਸੀਂ ਬਹੁਤ ਸਾਰੇ ਉਸ ਦੇ ਵਾਰਿਸ ਇਕੱਠੇ ਹਾਂ
ਤੁਹਾਨੂੰ ਪਤਾ ਹੀ ਹੈ ਕਿ
ਸਿਕੰਦਰ-ਏ-ਆਜ਼ਮ ਕਹਾਉਣ ਵਾਲੇ ਦਾ
ਮੂੰਹ ਮੋੜਨਾ ਵੀ ਅਸੀਂ ਜਾਣਦੇ ਹਾਂ
ਇਹ ਇਸੇ ਧਰਤੀ 'ਤੇ ਵਾਪਰਿਆ ਸੀ।

ਇਹ ਜੋ ਤੁਸੀਂ ਕਹਿੰਦੇ ਹੋ ਕਿ ਅਸੀਂ
ਆਪਣਾ ਆਪ ਤੁਹਾਡੇ ਹਵਾਲੇ ਕਰ ਦੇਈਏ
ਇਹ ਸਾਨੂੰ ਨਹੀਂ ਪੁੱਗਦਾ
ਅਸੀਂ ਆਪਣੀ ਬਰਬਾਦੀ ਵਾਲੀ ਵਹੀ 'ਤੇ
ਅੰਗੂਠਾ ਕਿਵੇਂ ਲਾ ਸਕਦੇ ਹਾਂ?

ਸਾਡੇ ਸੇਵਾਦਾਰ ਹੋ ਕੇ,
ਸਾਨੂੰ ਅੱਖਾਂ ਨਾ ਵਿਖਾਉ

ਅਸੀਂ ਹਰ ਹਾਲ ਲੜਾਂਗੇ,
ਅਸੀਂ ਹਰ ਹਾਲ ਜਿਤਾਂਗੇ।
ਅਸੀਂ ਆਪਣੇ ਵਡੇਰਿਆਂ ਤੋਂ,
ਇਹ ਹੀ ਸਿੱਖਿਆ ਹੈ ਕਿ ਕਿਸੇ
ਖੱਬੀਖਾਨ ਦੀ ਵੀ ਟੈਂਅ ਨਹੀਂ ਮੰਨਣੀ
ਆਪਣੇ ਹੱਕਾਂ, ਆਪਣੀ ਹੋਂਦ ਖਾਤਿਰ
ਆਪਣੀ ਅਣਖ ਖਾਤਿਰ
ਲੜਦਿਆਂ ਮਰ ਜਾਣਾ

ਤੇ ਮਰ ਕੇ ਵੀ ਜਿਉਂਦੇ ਰਹਿਣਾ
ਆਉਣ ਵਾਲੀਆਂ ਨਸਲਾਂ ਵਾਸਤੇ
ਪ੍ਰੇਰਨਾ ਬਣੇ ਰਹਿਣਾ
ਇਹੋ ਸਾਡਾ ਵਿਰਸਾ ਹੈ
ਇਹੋ ਸਾਡੀ ਵਿਰਾਸਤ
ਸਾਡੀ ਮਿੱਟੀ ਦੀ ਇਹੋ ਤਾਸੀਰ ਰਹੀ ਹੈ
ਇਸ ਤਾਸੀਰ ਨੂੰ ਜਿਉਂਦਾ ਰੱਖਣਾ
ਸਾਡੀ ਜ਼ਿੰਮੇਵਾਰੀ ਵੀ ਤਾਂ ਹੈ!

ਇਹ ਕੋਈ ਸਾਧਾਰਨ ਜੰਗ ਨਹੀਂ
ਇਤਿਹਾਸ ਦਾ ਲੜ ਫੜ ਕੇ ਬੈਠੇ ਹਨ ਸਾਰੇ
ਮਾਈ ਭਾਗੋ ਤੇ ਮਾਤਾ ਗੁਲਾਬ ਕੌਰ
ਦੀਆਂ ਵਾਰਸ ਬੀਬੀਆਂ
ਅੱਜ ਫੇਰ ਜੰਗ ਦੇ ਮੈਦਾਨੇ ਉਤਰੀਆਂ ਨੇ
ਕਰਤਾਰ ਸਰਾਭੇ, ਊਧਮ ਸਿੰਘ,
ਭਗਤ ਸਿੰਘ ਦੇ ਵਾਰਿਸ
ਆਪਣੇ ਫਰਜ਼ਾਂ ਨੂੰ ਪਛਾਣ ਕੇ
ਧਨਵਾਨਾਂ ਦੇ ਆਖੇ ਲੱਗੀ
ਕਾਰਪੋਰੇਟੀ ਸੱਤਾ ਦੀ ਸਿਆਸਤ ਦੇ ਖਿਲਾਫ
ਨਬਰੀ ਦਾ ਹੋਕਾ ਉੱਚਾ ਹੋਇਆ ਹੈ
ਪਿੰਡਾਂ, ਕਾਲਜਾਂ, ਯੂਨੀਵਰਸਿਟੀਆਂ ਤੋਂ
ਏਥੇ ਪਹੁੰਚ ਗਏ ਹਨ
ਦਗਦੇ, ਮਘਦੇ ਚਿਹਰਿਆਂ 'ਤੇ
ਹੱਕ-ਸੱਚ ਦੇ ਨਾਅਰਿਆਂ ਨਾਲ
ਉਹ ਦੁੱਲਾ ਭੱਟੀ ਨੂੰ ਚੇਤੇ ਕਰਦੇ ਹਨ
ਪੂਰਨ ਪੁੱਤ ਹੁਣ ਸਾਧ ਨਹੀਂ ਹੁੰਦੇ,

ਸੰਘਰਸ਼ੀ ਹੋ ਗਏ ਹਨ।

ਪਿੰਡ ਠੰਢੀਆਂ/ਠਰੀਆਂ ਸੜਕਾਂ 'ਤੇ ਬੈਠਾ ਹੈ
ਸ਼ਹਿਰ ਵੀ ਨਾਲ ਸਾਥ ਦੇ ਰਿਹਾ ਹੈ
ਸਾਰਿਆਂ ਦਾ ਇਹ ਹੀ ਕਹਿਣਾ ਹੈ,
ਮਿੱਟੀ ਦੇ ਮੋਹ ਲਈ, ਲੜਦੇ ਰਹਾਂਗੇ
ਆਪਣੇ ਆਖਰੀ ਸਾਹਾਂ ਤੱਕ।
ਅਸੀਂ ਟੁੱਟ ਸਕਦੇ ਹਾਂ, ਪਰ
ਸਾਥੋਂ ਝੁਕ ਜਾਣ ਦੀ ਆਸ ਨਾ ਰੱਖਿਓ
ਮਿੱਟੀ ਦੇ ਮੋਹ ਦਾ ਇਹੋ ਦਸਤੂਰ ਹੈ
ਆਪਣੇ ਦਸਤੂਰ ਦਾ ਨਿਰਾਦਰ ਨਹੀਂ ਕਰਾਂਗੇ।
ਇਹੋ ਸਾਡਾ ਪਰਚਮ ਰਿਹਾ ਹੈ
ਤੇ ਇਹੋ ਸਾਡਾ ਨਾਅਰਾ
ਆਪਣੇ ਹੱਕਾਂ ਖਾਤਰ ਡਟੇ ਰਵ੍ਹਾਂਗੇ
ਆਪਣੇ ਆਖਰੀ ਸਾਹਾਂ ਤੱਕ।
ਅਸੀਂ ਲੜਾਂਗੇ, ਅਸੀਂ ਜਿੱਤਾਂਗੇ।

-ਕੇਹਰ ਸ਼ਰੀਫ

ਕਹਾਣੀ

# ਸੁੱਚਾ ਗੁਲਾਬ

*ਅਮਰੀਕਾ ਵੱਸਦੀ ਕਹਾਣੀਕਾਰ ਅਮਰਜੀਤ ਕੌਰ ਪੰਨੂੰ ਦੀ ਕਹਾਣੀ 'ਸੁੱਚਾ ਗੁਲਾਬ' ਸੁੱਚੇ ਜਜ਼ਬਾਤ ਦੀ ਸਹਿਜ ਕਥਾ ਹੈ। ਇਨ੍ਹਾਂ ਜਜ਼ਬਾਤਾਂ ਅੰਦਰ ਮੁਹੱਬਤ ਦਾ ਭਰ ਵਗਦਾ ਦਰਿਆ ਠਾਠਾਂ ਮਾਰਦਾ ਹੈ, ਜਿਹੜਾ ਮਗਰੋਂ ਬੇਵਸੀ ਦੀ ਜੂਨੇ ਪੈ ਜਾਂਦਾ ਹੈ। ਮੁਹੱਬਤ ਤੋਂ ਬੇਵਸੀ ਦੇ ਇਸ ਸਫਰ ਦੌਰਾਨ ਲੇਖਕਾ ਨੇ ਰਿਸ਼ਤਿਆਂ ਦੇ ਨਿੱਘ ਬਾਰੇ ਗੱਲਾਂ ਕੀਤੀਆਂ ਹਨ।*

ਜਸਟਿਨ ਦਾ ਚਿਹਰਾ ਅੱਜ ਮੁੜ ਮੇਰੇ ਮਨ ਦੇ ਸ਼ੀਸ਼ੇ ਉਤੇ ਪਰਛਾਵੇਂ ਵਾਂਗ ਉਤਰ ਆਇਆ ਹੈ। ਉਸ ਦਾ ਚੇਤਾ ਆਉਂਦਿਆਂ ਹੀ ਅੱਖਾਂ ਡੁਲ੍ਹਕ ਪਈਆਂ ਹਨ। ਉਸ ਦੀਆਂ ਬੇਵਸੀ ਭਰੀਆਂ ਨੀਲੀਆਂ ਅੱਖਾਂ ਉਸੇ ਤਰ੍ਹਾਂ ਹੀ ਮੇਰੇ ਵੱਲ ਤੱਕ ਰਹੀਆਂ ਮਹਿਸੂਸ ਹੋ ਰਹੀਆਂ ਹਨ। ਮੇਰਾ ਆਪਾ



**ਅਮਰਜੀਤ ਕੌਰ ਪੰਨੂੰ**
**ਫੋਨ: 510-759-4009**

ਤ੍ਰਬਕ ਉਠਦਾ ਹੈ।

ਇਹ ਚੇਤਿਆਂ ਦੀ ਕਿਤਾਬ ਵੀ ਕਿੰਨੀ ਅਜੀਬ ਹੈ, ਨਾ ਚਾਹੁੰਦਿਆਂ ਵੀ ਇਸ ਦੇ ਵਰਕੇ ਆਪਣੇ-ਆਪ ਖੁੱਲ੍ਹ ਜਾਂਦੇ ਹਨ ਤੇ ਫੇਰ ਆਪਣੀ ਮਰਜ਼ੀ ਨਾਲ ਹੀ ਬੰਦ ਹੋ ਜਾਂਦੇ ਹਨ ਪਰ ਕੁਝ ਲੋਕ ਗਿਣਤੀ ਦੇ ਦਿਨਾਂ ਵਿਚ ਹੀ ਤੁਹਾਡੀ ਰੂਹ ਨੂੰ ਇਸ ਪ੍ਰਕਾਰ ਟੁੰਬ ਜਾਂਦੇ ਹਨ ਕਿ ਹਮੇਸ਼ਾ ਲਈ ਤੁਹਾਡੇ ਦਿਲ-ਦਿਮਾਗ ਦਾ ਹਿੱਸਾ ਬਣ ਜਾਂਦੇ ਹਨ।

ਹੁਣ ਤਾਂ ਉਮਰ ਦਾ ਸੂਰਜ ਵੀ ਕਾਹਲ਼ੀ-ਕਾਹਲ਼ੀ ਢਲ ਰਿਹਾ ਹੈ ਪਰ ਕੋਈ ਹਾਦਸਾ ਤੇ ਯਾਦਾਂ ਦਾ ਸੂਰਜ ਕਈ ਦਹਾਕਿਆਂ ਬਾਅਦ ਵੀ ਸਿਖਰ ਦੁਪਹਿਰਾਂ ਵਾਂਗ ਮਨ ਦੀ ਧਰਤੀ ਨੂੰ ਤਪਾ ਕੇ ਰੱਖ ਜਾਂਦਾ ਹੈ ਤੇ ਕਈ ਵਾਰ ਭੱਠੀ ਵਾਂਗ ਤਪਦੇ ਹੋਏ ਮਨ ਨੂੰ ਬਰਸਾਤ ਦੇ ਪਹਿਲੇ ਛਰਾਟੇ ਵਾਂਗ ਠੰਢਕ ਵੀ ਪਹੁੰਚਾ ਦਿੰਦਾ ਹੈ।

ਜਸਟਿਨ ਮੇਰੀ ਜ਼ਿੰਦਗੀ ਵਿਚ ਟੁੱਟਦੇ ਤਾਰੇ ਵਾਂਗਰ ਆਇਆ ਤੇ ਲੋਪ ਹੋ ਗਿਆ ਸੀ ਪਰ ਉਹ ਪਲ ਭਰ ਦੀ ਰੌਸ਼ਨੀ ਅਜੇ ਵੀ ਮੇਰੀ ਰੂਹ ਦੇ ਅੰਬਰ ਦੀ ਕਾਲੀ ਰਾਤ ਨੂੰ ਚਾਨਣ ਨਾਲ ਭਰ ਦਿੰਦੀ ਹੈ। ਕੀ ਰਿਸ਼ਤਾ ਸੀ ਮੇਰਾ ਜਸਟਿਨ ਨਾਲ? ਜਦ ਸੋਚਦੀ ਹਾਂ ਤਾਂ ਪਤਾ ਨਹੀਂ ਲੱਗਦਾ ਕਿ ਉਸ ਨੂੰ ਰਿਸ਼ਤਿਆਂ ਦੇ ਕਿਹੜੇ ਖਾਨੇ ਵਿਚ ਰੱਖਾਂ। ਕੋਈ ਵੀ ਤਾਂ ਰਿਸ਼ਤਾ ਨਹੀਂ ਸੀ ਉਸ ਨਾਲ ਮੇਰਾ! ਨਹੀਂ, ਇਹ ਵੀ ਸੱਚ ਨਹੀਂ। ਉਸ ਨਾਲ ਮੇਰਾ ਉਸ ਦੇ ਨਿਰਛਲ ਹਾਸਿਆਂ ਦਾ ਰਿਸ਼ਤਾ ਸੀ। ਯੂਨੀਵਰਸਿਟੀ ਦੇ ਕੈਫੀਟੇਰੀਏ 'ਚ ਇਕੱਠਿਆਂ ਬੈਠ ਕੇ ਚਾਹ ਪੀਣ ਦਾ ਰਿਸ਼ਤਾ ਸੀ। ਕਈ ਵਾਰ ਹੱਸਦਿਆਂ ਹੋਇਆਂ ਮੇਰੇ ਹੱਥਾਂ ਉਤੇ ਅਭੋਲ ਹੀ ਉਸ ਦੇ ਹੱਥਾਂ ਦੇ ਰੱਖੇ ਜਾਣ ਦਾ ਰਿਸ਼ਤਾ, ... ਤੇ ਉਸ ਦੀਆਂ ਨੀਲੀਆਂ ਅੱਖਾਂ ਦੀ ਤੱਕਣੀ ਦਾ ਰਿਸ਼ਤਾ ਸੀ।

ਸੋਚਦੀ ਹਾਂ, ਕਿੰਨਾ ਪਿਆਰਾ ਰਿਸ਼ਤਾ ਸੀ ਇਹ ਪਰ ਇਸ ਰਿਸ਼ਤੇ ਨਾਮ ਕੀ ਹੈ, ਮੈਂ ਨਹੀਂ ਜਾਣਦੀ। ਭਲਾ ਰੂਹ ਦੇ ਰਿਸ਼ਤੇ ਦਾ ਵੀ ਕੋਈ ਨਾਂ ਹੁੰਦਾ ਹੈ? ਇਹ ਤਾਂ ਦੁਨੀਆਵੀ ਬੰਧਨਾਂ ਤੋਂ ਪਾਰ, ਮਨੁੱਖੀ ਜਿਸਮਾਂ ਤੋਂ ਪਾਰ, ਨੀਲੇ ਅੰਬਰਾਂ ਤੱਕ ਫੈਲਿਆ ਹੋਇਆ ਰੂਹਾਂ ਦਾ ਸਬੰਧ ਸੀ। ਸੀ ਨਹੀਂ, ਅਜੇ ਵੀ ਹੈ, ਚੰਦ ਤਾਰਿਆਂ ਤੋਂ ਵੀ ਅੱਗੇ... ਪੂਰੀ ਕਾਇਨਾਤ ਵਿਚ ਫੈਲਿਆ ਹੋਇਆ। ਹੁਣ ਤਾਂ ਯੂਨੀਵਰਸਿਟੀ ਤੋਂ ਰਿਟਾਇਰ ਹੋਇਆਂ ਵੀ ਕਿੰਨੇ ਸਾਲ ਹੋ ਗਏ ਨੇ ਪਰ ਕਈ ਵਾਰ ਲੱਗਦਾ ਏ ਜਿਵੇਂ ਅਜੇ ਕੱਲ੍ਹ ਹੀ ਸਾਰਾ ਕੁਝ ਵਾਪਰਿਆ ਹੋਵੇ। ਉਨ੍ਹਾਂ ਦਿਨਾਂ ਦੀ ਯਾਦ ਅਜੇ ਵੀ ਪੰਛੀ ਵਾਂਗ ਉਡਾਰੀਆਂ ਮਾਰਦੀ ਮਨ ਰੁੱਖ ਦੀਆਂ ਟਾਹਣੀਆਂ ਹਿਲਾ ਜਾਂਦੀ ਹੈ।

ਪੀਐਚ.ਡੀ. ਕਰਨ ਤੋਂ ਬਾਅਦ ਮੈਨੂੰ ਅਜੇ ਡੇਢ ਕੁ ਸਾਲ ਹੀ ਹੋਇਆ ਸੀ ਯੂਨੀਵਰਸਿਟੀ ਵਿਚ ਰਿਸਰਚ ਸਾਇੰਟਿਸਟ ਦੀ ਜੌਬ ਕਰਦਿਆਂ, ਜਦ ਜਸਟਿਨ ਮੇਰੀ ਲੈਬਾਰਟਰੀ ਵਿਚ ਕੁਝ ਸਮੇਂ ਵਾਸਤੇ ਕੰਮ ਸਿੱਖਣ ਲਈ ਆਇਆ ਸੀ। ਮੇਰੀ ਲੈਬ ਵਿਚ ਸਾਡਾ ਚਾਰ ਵਿਗਿਆਨੀਆਂ ਦਾ ਗਰੁੱਪ ਸੀ। ਦੋ ਮੁੰਡੇ ਤੇ ਇਕ ਕੁੜੀ ਅਮਰੀਕਨ ਸਨ ਤੇ ਚੌਥੀ ਮੈਂ... ਪੰਜਾਬਣ। ਸਾਡਾ ਕੰਮ ਬਲੱਡ ਕੈਂਸਰ 'ਤੇ ਖੋਜ ਕਰਨ ਦਾ ਸੀ। ਖੂਨ ਦੇ ਕੈਂਸਰ ਸੈੱਲ (ਲੁਕੀਮੀਆ) ਲੰਮੇ ਸਮੇਂ ਤਕ ਚੁੱਪ-ਚਾਪ ਸਰੀਰ ਦੇ ਅੰਦਰ ਵਧਦੇ ਜਾਂਦੇ ਹਨ ਤੇ ਮਰੀਜ਼ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਸ ਅੰਦਰ ਕੀ ਵਾਪਰ ਰਿਹਾ ਹੈ। ਜਦ ਤਕ ਇਸ ਨਾਮੁਰਾਦ ਬਿਮਾਰੀ ਦਾ ਪਤਾ ਲੱਗਦਾ ਹੈ, ਉਦੋਂ ਤਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਅਸੀਂ ਚਾਰੇ ਵਿਗਿਆਨੀ ਨਿੱਕੀਆਂ-ਨਿੱਕੀਆਂ ਤਸ਼ਤਰੀਆਂ ਵਿਚ ਕੈਂਸਰ ਦੇ ਸੈੱਲ ਗਰੋ ਕਰਦੇ ਤੇ ਫੇਰ ਵੱਖੋ-ਵੱਖਰੇ ਤਰੀਕਿਆਂ ਨਾਲ ਤੇ ਕਈ ਕਿਸਮ ਦੀਆਂ ਕੀਮੋ-ਥੈਰਾਪਉਟਿਕ ਦਵਾਈਆਂ ਨਾਲ ਉਨ੍ਹਾਂ ਦੇ ਵਾਧੇ ਨੂੰ ਰੋਕਣ ਦਾ ਹੱਲ ਲੱਭਦੇ।

ਹਫਤੇ 'ਚ ਦੋ ਵਾਰੀ ਵਿਭਾਗ ਦੇ ਡਾਇਰੈਕਟਰ ਨਾਲ ਸਾਡੀ ਮੀਟਿੰਗ ਹੁੰਦੀ। ਉਸ ਨਾਲ ਅਸੀਂ ਆਪੋ-ਆਪਣੇ ਰਿਜ਼ਲਟ ਡਿਸਕਸ ਕਰਦੇ। ਸਾਡੇ ਰਿਸਰਚ ਪੇਪਰ ਕਈ ਮੈਡੀਕਲ ਮੈਗਜ਼ੀਨਾਂ ਵਿਚ ਛਪ ਰਹੇ ਸਨ। ਸਾਡੀ ਲੈਬ ਵਿੱਚ ਰਿਸਰਚ ਦੇ ਤਰੀਕੇ ਸਿੱਖਣ ਲਈ ਇਕ ਦੋ ਮੈਡੀਕਲ ਸਟੂਡੈਂਟਸ ਕੁਝ ਸਮੇਂ ਲਈ ਦਾਖਲ ਕੀਤੇ ਜਾਂਦੇ ਸਨ। ਜਸਟਿਨ ਵੀ ਮੈਡੀਕਲ ਕਾਲਜ ਦਾ ਸਟੂਡੈਂਟ ਸੀ, ਜਿਸ ਨੇ ਸਾਡੀ ਲੈਬਾਰਟਰੀ ਵਿਚ ਤਿੰਨ ਮਹੀਨੇ ਕੁਝ ਕੁ ਘੰਟਿਆਂ ਲਈ ਹਰ ਰੋਜ਼ ਆਇਆ ਕਰਨਾ ਸੀ। ਯੂਨੀਵਰਸਿਟੀ ਦਾ ਮੈਡੀਕਲ ਕਾਲਜ, ਡੈਂਟਲ ਕਾਲਜ, ਹਸਪਤਾਲ ਅਤੇ ਰਿਸਰਚ ਲੈਬਾਰਟਰੀਆਂ ਇਕੋ ਕੈਂਪਸ ਵਿਚ ਥੋੜ੍ਹੀ-ਥੋੜ੍ਹੀ ਦੂਰੀ 'ਤੇ ਸਨ।

'ਆਇ ਐਮ ਜਸਟਿਨ, ਸੈਕੰਡ ਯੀਅਰ ਮੈਡੀਕਲ ਸਟੂਡੈਂਟ।' ਪਹਿਲੇ ਦਿਨ ਉਸ ਨੇ ਸਾਡੇ ਸਾਰਿਆਂ ਨਾਲ ਹੱਥ ਮਿਲਾਉਂਦਿਆਂ ਆਪਣੀ ਜਾਣਕਾਰੀ ਦਿੱਤੀ। ਮੇਰੇ ਨਾਲ ਉਸ ਨੇ ਝੁਕ ਕੇ ਹੱਥ ਮਿਲਾਇਆ। ਆਪਣੇ ਛੇ ਫੁੱਟ ਤੋਂ ਵੀ ਉਚੇ ਕੱਦ ਨੂੰ ਮੇਰੇ ਬਰਾਬਰ ਲਿਆਉਂਦਿਆਂ ਉਸ ਮੇਰੇ ਵੱਲ ਗਹੁ ਨਾਲ ਦੇਖਿਆ, 'ਨਾਈਸ ਟੂ ਮੀਟ ਯੂ, ਸੁਖਬੀਰ। ਤੁਹਾਨੂੰ ਮਿਲ ਕੇ ਖੁਸ਼ੀ ਹੋਈ। ਮੈਂ ਤੁਹਾਡੇ ਕੰਮ ਬਾਰੇ ਬਹੁਤ ਸੁਣਿਆ ਹੈ।' ਆਖਦੇ ਹੋਏ ਉਸ ਦੇ ਚਿਹਰੇ 'ਤੇ ਮੁਸਕਾਨ ਉਭਰ ਆਈ ਸੀ। 'ਮੈਨੂੰ ਵੀ ਤੇਰੇ ਆਉਣ ਦੀ ਬਹੁਤ ਖੁਸ਼ੀ ਹੈ।' ਮੈਂ ਵੀ ਉਸ ਨੂੰ ਖੁਸ਼ੀ ਭਰੇ ਲਹਿਜ਼ੇ ਵਿਚ ਜੀ ਆਇਆਂ ਆਖਿਆ।

ਪਹਿਲਾ ਹਫਤਾ ਲੰਘਦਿਆਂ ਪਤਾ ਹੀ ਨਾ ਲੱਗਾ। ਮੈਂ ਪ੍ਰਯੋਗ ਸੈੱਟ ਕਰਦੀ ਤਾਂ ਉਹ ਕੋਲ ਬੈਠਾ ਲਿਖੀ ਜਾਂਦਾ ਤੇ ਨਾਲ-ਨਾਲ ਸਵਾਲ ਪੁੱਛਦਾ ਸਿਰ ਹਿਲਾਉਂਦਾ ਰਹਿੰਦਾ।

ਇਕ ਦਿਨ ਕਹਿਣ ਲੱਗਾ, 'ਇਕ ਗੱਲ ਪੁੱਛਾਂ?' 'ਜ਼ਰੂਰ ਪੁੱਛ।' ਮੈਂ ਆਖਿਆ। 'ਤੁਸੀਂ ਇਕ ਦੂਜੇ ਨੂੰ ਹੈਲੋ ਕਿੰਝ ਆਖਦੇ ਹੋ।' ਤੇ ਮੈਂ ਉਸ ਨੂੰ ਸਤਿ ਸ੍ਰੀ ਅਕਾਲ ਕਹਿਣਾ ਸਿਖਾ ਦਿੱਤਾ। ਉਸ ਤੋਂ ਬਾਅਦ ਉਹ ਹੱਥ ਜੋੜ ਕੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਉਣ ਲੱਗ ਪਿਆ। ਕੁਝ ਦਿਨ ਲੰਘੇ ਤਾਂ ਮੇਰੇ ਕੋਲ ਬੈਠਾ ਜਦ ਉਹ ਪ੍ਰਯੋਗ ਦੇ ਨਤੀਜੇ ਵੇਖ ਰਿਹਾ ਸੀ, ਵੱਡੀ ਸਾਰੀ ਮੁਸਕਾਨ ਲਿਆ ਕੇ ਕਹਿੰਦਾ, 'ਮੇਰੇ ਕੋਲੋਂ ਇਕ ਗਲਤੀ ਹੋ ਗਈ, ਸੁਖਬੀਰ!' ਮੈਂ ਫਿਕਰਮੰਦ ਹੋ ਕੇ ਉਸ ਵੱਲ ਦੇਖਿਆ ਕਿ ਸ਼ਾਇਦ ਉਸ ਨੇ ਪ੍ਰਯੋਗ ਜਾਂ ਨਤੀਜਾ ਕੱਢਣ ਵਿਚ ਕੋਈ ਗ਼ਲਤੀ ਕਰ ਲਈ ਹੈ।

'ਫਿਕਰ ਨਾ ਕਰ, ਹੁਣੇ ਦੱਸ ਦਿੰਦਾ ਹਾਂ।' ਨੀਲੀਆਂ ਅੱਖਾਂ ਨਾਲ ਨੀਝ ਲਾ ਕੇ ਮੇਰੇ ਵੱਲ ਦੇਖਦਾ ਹੋਇਆ ਉਹ ਆਖਣ ਲੱਗਾ, 'ਗਲਤੀ ਇਹ ਹੋ ਗਈ ਕਿ ਤੇਰੇ ਕੋਲੋਂ ਸਤਿ ਸ੍ਰੀ ਅਕਾਲ ਕਹਿਣਾ ਸਿੱਖ ਕੇ ਮੈਂ ਹੱਥ ਜੋੜਦਾ ਹਾਂ, ਤਾਂ ਮੈਨੂੰ ਜਾਪਦਾ ਏ ਕਿ ਮੈਂ ਤੇਰੇ ਹੱਥਾਂ ਦੀ ਛੋਹ ਤੋਂ ਵਾਂਝਿਆ ਗਿਆ ਹਾਂ।'

'ਕਮਲ਼ਾ, ਸ਼ੁਦਾਈ!' ਆਖ ਕੇ ਮੈਂ ਉਹਦੇ ਨਿੱਕੀ ਜਿਹੀ ਪਟੋਕੀ ਜੜ ਦਿੱਤੀ।

'ਵੱਟ ਇਜ਼ ਕਮਲ਼ਾ ਸ਼ੁਦਾਈ?'

'ਕਰੇਜ਼ੀ!' ਮੈਂ ਜਵਾਬ ਦਿੱਤਾ।

'ਗੁੱਡ...ਵੈਰੀ ਗੁੱਡ...ਫੇਰ ਤਾਂ ਮੈਂ ਕਮਲ਼ਾ ਸ਼ੁਦਾਈ ਹੀ ਚੰਗਾ।' ਕੁਝ ਪਲ ਉਹ ਮੇਰੇ ਵੱਲ ਦੇਖਦਾ ਰਿਹਾ ਤੇ ਮੈਨੂੰ ਜਾਪਿਆ ਜਿਵੇਂ ਉਹ ਅਜੇ ਕੁਝ ਹੋਰ ਵੀ ਕਹਿਣਾ ਚਾਹੁੰਦਾ ਹੋਵੇ।

ਪਰ ਉਸ ਦੇ ਕੁਝ ਆਖਣ ਤੋਂ ਪਹਿਲਾਂ ਹੀ ਮੈਂ ਕਹਿ ਦਿੱਤਾ, 'ਚਲ ਚੰਗਾ, ਕਮਲ਼ਾ ਸ਼ੁਦਾਈ ਹੀ ਬਣਿਆ ਰਹਿ।'


ਉਹ ਇਕਦਮ ਗੰਭੀਰ ਹੋ ਗਿਆ। ਉਸ ਦੇ ਬੁੱਲ੍ਹਾਂ ਦੀ ਮੁਸਕਰਾਹਟ ਧੀਮੀ ਪੈ ਗਈ। ਉਸ ਦੀਆਂ ਅੱਖਾਂ ਮੇਰੇ ਧੁਰ ਅੰਦਰ ਤੱਕ ਦੇਖ ਰਹੀਆਂ ਜਾਪੀਆਂ। ਥੋੜ੍ਹਾ ਜਿਹਾ ਰੁਕ ਕੇ ਉਸ ਆਖਿਆ, 'ਪਰ ਕੀ ਤੈਨੂੰ ਪਤਾ ਏ, ਤੇਰੇ ਹੱਥਾਂ ਦੀ ਛੋਹ ਮੈਨੂੰ ਚੰਗੀ ਲਗਦੀ ਏ।'

ਤੇ ਮੈਂ ਆਪਣੇ ਹੱਥਾਂ ਵੱਲ ਦੇਖਣ ਲੱਗ ਪਈ। ਅਗਲੇ ਹੀ ਪਲ ਅਭੋਲ ਹੀ ਉਸ ਨੇ ਆਪਣੇ ਦੁੱਧ ਚਿੱਟੇ ਹੱਥ ਮੇਰੇ ਕਣਕ ਵੰਨੇ ਹੱਥਾਂ ਉਤੇ ਰੱਖ ਦਿੱਤੇ। ਅਜੀਬ ਝੁਣਝੁਣੀ ਨਾਲ ਮੇਰਾ ਸਰੀਰ ਕੰਬ ਉਠਿਆ। ਉਸ ਦੀਆਂ ਬਲੌਰੀ ਅੱਖਾਂ ਮੇਰੇ ਵੱਲ ਨੀਝ ਲਾ ਕੇ ਦੇਖ ਰਹੀਆਂ ਸਨ। ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਕਿਸੇ ਦੀਆਂ ਅੱਖਾਂ ਵਿਚ ਤੱਕਿਆ ਸੀ।

ਥੋੜ੍ਹਾ ਜਿਹਾ ਸੰਭਲ ਕੇ ਮੈਂ ਕੁਰਸੀ ਤੋਂ ਉਠ ਖਲੋਤੀ ਤੇ ਉਹਦੇ ਇਕ ਪਟੋਕੀ ਹੋਰ ਜੜ ਕੇ ਆਖਿਆ, 'ਚੰਗਾ ਹੁਣ ਸੀਰੀਅਸ ਹੋ ਕੇ ਕੰਮ ਕਰ।' ਪਰ ਆਪ ਮੈਂ ਅੰਦਰੋਂ ਬਾਹਰੋਂ ਹਿੱਲ ਗਈ ਸਾਂ। ਆਪੇ 'ਤੇ ਕਾਬੂ ਪਾਉਂਦਿਆਂ ਮੈਂ ਇਸ ਗੱਲ ਨੂੰ ਹਾਸੇ ਵਿਚ ਪਾ ਦਿੱਤਾ।

ਜਸਟਿਨ ਨੇ ਆਪਣੀ ਕਲਾਸ ਖਤਮ ਹੋਣ ਤੋਂ ਬਾਅਦ ਸਾਡੀ ਲੈਬ ਵਿਚ ਆਉਣਾ ਹੁੰਦਾ ਤੇ ਮੈਂ ਚਾਹੁੰਦਿਆਂ-ਨਾ ਚਾਹੁੰਦਿਆਂ ਵੀ ਕੰਮ ਕਰਦੇ-ਕਰਦੇ ਉਸ ਦੀ ਉਡੀਕ ਕਰਨ ਲੱਗ ਪਈ।

ਉਹ ਦੋ-ਤਿੰਨ ਹਫਤਿਆਂ ਦੇ ਅੰਦਰ ਹੀ ਕਾਫੀ ਚੰਗੀ ਤਰ੍ਹਾਂ ਕੰਮ ਸਿੱਖ ਗਿਆ ਸੀ। ਹੁਣ ਮੈਨੂੰ ਨਿਗਰਾਨੀ ਰੱਖਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਪਣੇ ਆਪ ਹੀ ਐਕਸਪੈਰੀਮੈਂਟ ਕਰਦਾ ਤੇ ਰਿਜ਼ਲਟ ਡਿਸਕਸ ਕਰਦਾ।



ਇਕ ਦਿਨ ਕਹਿੰਦਾ, 'ਕੱਲ੍ਹ ਮੈਂ ਆਪਣੀ ਮਾਂ ਨੂੰ ਤੇਰੇ ਬਾਰੇ ਦੱਸਿਆ ਤੇ ਉਹ ਬੜੀ ਖੁਸ਼ ਹੋਈ। ਤੇ ਫੇਰ ਉਹ ਘੜੀ-ਮੁੜੀ ਤੇਰੇ ਬਾਰੇ ਪੁੱਛਦੀ ਰਹੀ।'

'ਤੂੰ ਕੀ ਦੱਸਿਆ ਆਪਣੀ ਮਾਂ ਨੂੰ?' ਮੈਂ ਹੈਰਾਨੀ ਨਾਲ ਪੁੱਛਿਆ।

'ਮੈਂ ਦੱਸਿਆ, ਮੈਂ ਇਕ ਕੁੜੀ ਨੂੰ ਮਿਲਿਆ ਹਾਂ ਜਿਸ ਦੇ ਚਿਹਰੇ ਦਾ ਰੰਗ ਬਦਾਮੀ ਹੈ ਤੇ ਜਿਸ ਦੀਆਂ ਅੱਖਾਂ 'ਚ ਕਾਲੇ ਬਲੌਰਾਂ ਵਰਗੀ ਚਮਕ ਹੈ ਤੇ ਕਾਲੇ-ਸ਼ਾਹ ਵਾਲ ਉਸ ਦੇ ਲੱਕ ਤੱਕ ਪਹੁੰਚਦੇ ਨੇ ਤੇ ਨਾਲੇ ਉਹ ਵਿਗਿਆਨੀ ਹੈ। ਉਸ ਵਰਗੀ ਕੁੜੀ ਮੈਂ ਕਿਧਰੇ ਨਹੀਂ ਦੇਖੀ...ਉਹ ਇਸ ਦੁਨੀਆ ਤੋਂ ਨਹੀਂ, ਕਿਸੇ ਪਰੀਆਂ ਦੇ ਦੇਸ ਤੋਂ ਆਈ ਜਾਪਦੀ ਹੈ...।'

'ਬਸ ਬਸ, ਬਹੁਤਾ ਨਾ ਬੋਲ...।' ਮੈਂ ਉਸ ਦੇ ਮੂੰਹ ਵੱਲ ਦੇਖੀ ਜਾਵਾਂ, ਬਈ ਇਹ ਕੀ ਊਟ-ਪਟਾਂਗ ਬੋਲੀ ਜਾ ਰਿਹਾ ਹੈ।

'ਮੈਂ ਮਾਂ ਨੂੰ ਇਹ ਵੀ ਦੱਸਿਆ ਹੈ ਕਿ ਮੈਨੂੰ ਤਾਂ ਇੰਝ ਜਾਪਦਾ ਏ, ਜਿਵੇਂ ਮੈਂ ਉਸ ਨੂੰ ਜੁਗਾਂ-ਜੁਗਾਂਤਰਾਂ ਤੋਂ ਜਾਣਦਾ ਹੋਵਾਂ।'

ਮੇਰਾ ਹੱਥ ਆਪਣੇ ਹੱਥਾਂ ਵਿਚ ਘੁੱਟ ਕੇ ਨੀਲੀ ਝੀਲ ਜਿਹੀਆਂ ਅੱਖਾਂ ਮੇਰੇ ਮੂੰਹ 'ਤੇ ਗੱਡਦੇ ਹੋਏ ਉਸ ਪੁੱਛਿਆ, 'ਕੀ ਤੈਨੂੰ ਇਸ ਤਰ੍ਹਾਂ ਮਹਿਸੂਸ ਨਹੀਂ ਹੁੰਦਾ?'

ਮੇਰਾ ਦਿਲ ਵੀ ਤਾਂ ਪਹਿਲੇ ਦਿਨ ਹੀ ਉਸ ਵਲ ਖਿੱਚਿਆ ਗਿਆ ਸੀ ਪਰ ਇਹ ਅਜਿਹਾ ਪਲ ਸੀ ਜਿਸ ਵਿਚ ਮੈਨੂੰ ਜਾਪਿਆ, ਜਿਵੇਂ ਮੈਂ ਜੋ ਕੁਝ ਵੀ ਕਦੇ ਸੋਚਿਆ ਹੋਵੇ ਜਾਂ ਜ਼ਿੰਦਗੀ ਵਿਚ ਚਾਹਿਆ ਹੋਵੇ, ਉਹ ਇਸ ਪਲ ਵਿਚ ਮੌਜੂਦ ਸੀ ਤੇ ਇਹ ਪਲ ਸਥਿਰ ਹੋ ਕੇ ਮੇਰੇ ਵਜੂਦ ਦਾ ਹਿੱਸਾ ਬਣ ਗਿਆ ਸੀ। ਇਹ ਤਾਂ ਜਿਵੇਂ ਇਕ ਕਿਸਮ ਦਾ ਕੌਤਕ ਜਿਹਾ ਵਾਪਰ ਰਿਹਾ ਸੀ। ਮੈਨੂੰ ਸਮਝ ਨਾ ਪਵੇ ਕਿ ਮੈਂ ਕੀ ਆਖਾਂ।

ਪਰ ਉਸ ਦੇ ਸਵਾਲ ਦਾ ਜਵਾਬ ਮੇਰੇ ਬਿਨ ਬੋਲੇ ਹੀ ਉਸ ਨੂੰ ਮਿਲ ਗਿਆ ਜਾਪਦਾ ਸੀ ਤੇ ਉਸ ਨੇ ਮੇਰਾ ਹੱਥ ਆਪਣੇ ਬੁੱਲ੍ਹਾਂ ਨੂੰ ਛੁਹਾ ਲਿਆ। ਕੁਝ ਦੇਰ ਬਾਅਦ ਜਦ ਮੇਰਾ ਕਾਬੂ ਤੋਂ ਬਾਹਰ ਹੋਇਆ ਧਕ-ਧਕ ਕਰਦਾ ਦਿਲ ਥੋੜ੍ਹਾ ਵੱਸ ਵਿਚ ਆਇਆ ਤਾਂ ਮੈਂ ਹੱਸਦੇ ਹੋਏ ਉਸ ਨੂੰ ਆਖਿਆ, 'ਤੈਨੂੰ ਪਤੈ ਕਿ ਮੈਂ ਤੇਰੇ ਨਾਲੋਂ ਉਮਰ 'ਚ ਵੱਡੀ ਹਾਂ।'

'ਮੈਨੂੰ ਪਤੈ, ਸਿਰਫ ਦੋ ਸਾਲ ਹੀ ਵੱਡੀ ਹੈਂ, ਤਾਂ ਹੀ ਏਨਾ ਰੋਅਬ ਵੀ ਜਮਾ ਲੈਂਦੀ ਹੈਂ।' ਤੇ ਉਹ ਮੁਸਕਰਾਉਂਦਾ ਹੋਇਆ ਲੈਬ 'ਚੋਂ ਬਾਹਰ ਚਲਾ ਗਿਆ। 'ਚੰਗਾ ਮਿਲਦੇ ਆਂ ਕੱਲ੍ਹ ਨੂੰ ਫੇਰ।' ਉਸ ਨੇ ਪਿਛਾਂਹ ਮੁੜ ਕੇ ਆਖਿਆ।

ਅੱਗੋਂ ਵੀਕ ਐਂਡ 'ਤੇ ਸੋਮਵਾਰ ਨੂੰ ਪਰੈਜ਼ੀਡੈਂਟ ਡੇਅ ਦੀ ਛੁੱਟੀ ਆ ਗਈ।

ਮੰਗਲਵਾਰ ਮੈਂ ਸਵੇਰੇ ਹੀ ਉਡੀਕਣ ਲੱਗ ਪਈ, ਪਰ ਉਸ ਨੇ ਤਾਂ ਆਪਣੀ ਕਲਾਸ ਖਤਮ ਹੋਣ ਤੋਂ ਬਾਅਦ ਹੀ ਲੈਬ ਵਿਚ ਆਉਣਾ ਸੀ। ਆਉਂਦਿਆਂ ਹੀ ਫਟਾ-ਫਟ ਕੰਮ ਨਬੇੜ ਕੇ ਉਹ ਮੇਰੇ ਕੋਲ ਆ ਬੈਠਾ।

'ਮਾਂ ਪੁੱਛਦੀ ਸੀ, ਕਦੋਂ ਮਿਲਾਵੇਂਗਾ ਉਸ ਕੁੜੀ ਨੂੰ, ਜਿਸ ਬਾਰੇ ਤੂੰ ਦਿਨ ਰਾਤ ਗੱਲਾਂ ਕਰਦਾ ਤੇ ਸੋਚਦਾ ਰਹਿੰਦਾ ਏਂ।'

'ਫੇਰ ਕੀ ਆਖਿਆ ਤੂੰ?'

'ਮੈਂ ਕਿਹਾ, ਛੇਤੀ ਹੀ। ਹਾਂ ਸੱਚ, ਅਗਲੇ ਸ਼ਨਿੱਚਰਵਾਰ ਤਾਂ ਆਪਾਂ ਵਿਹਲੇ ਹੀ ਹਾਂ।' ਸਿਰ ਹਿਲਾਉਂਦਾ ਹੋਇਆ ਮੇਰੀ 'ਹਾਂ' ਉਡੀਕਣ ਲੱਗ ਪਿਆ।

'ਠੀਕ ਹੈ ਪਰ ਜੇ ਤੇਰੀ ਮਾਂ ਨੇ ਮੈਨੂੰ ਪਸੰਦ ਨਾ ਕੀਤਾ।' ਤੇ ਨਾਲ ਹੀ ਮੇਰੇ ਅੰਦਰ ਫਿਕਰ ਨਾਲ ਕੰਬਣੀ ਜਿਹੀ ਛਿੜ ਪਈ।

'ਝੱਲੀ, ਸੁਖਬੀਰ! ਮੈਨੂੰ ਲਗਦੈ, ਉਹ ਮੇਰੇ ਨਾਲੋਂ ਵੀ ਵੱਧ ਤੇਰੇ 'ਤੇ ਫਿਦਾ ਹੋਈ ਪਈ ਆ। ਮੈਂ ਤੈਨੂੰ ਸ਼ਨਿੱਚਰਵਾਰ ਚਾਰ ਵਜੇ ਲੈਣ ਆਵਾਂਗਾ।'

ਮੈਂ ਸਿਰ ਹਿਲਾ ਕੇ ਹਾਂ ਕਰ ਦਿੱਤੀ ਤੇ ਅਸੀਂ ਦੋਵੇਂ ਪਿਛਲੇ ਹਫਤੇ ਦੇ ਰਿਜ਼ਲਟ ਇਕ ਦੂਜੇ ਨਾਲ ਕੰਪੇਅਰ ਕਰਨ ਲੱਗ ਪਏ।

'ਹਾਂ ਸੱਚ, ਮੈਂ ਕੱਲ੍ਹ ਨੂੰ ਬਲੱਡ ਡੋਨੇਟ (ਖੂਨ ਦਾਨ) ਕਰਨ ਲਈ ਜਾ ਰਿਹਾਂ।' ਕੰਮ ਖਤਮ ਹੋਣ 'ਤੇ ਉਹ ਉਚੀ-ਉਚੀ ਹੱਸਣ ਲੱਗ ਪਿਆ।

'ਬਲੱਡ ਡੋਨੇਟ ਕਰਨ ਜਾ ਰਿਹੈਂ, ਬਹੁਤ ਚੰਗਾ ਪਰ ਹੱਸਣ ਵਾਲੀ ਕਿਹੜੀ ਗੱਲ ਆ'।

'ਹੱਸਣ ਵਾਲੀ ਗੱਲ ਹੀ ਤਾਂ ਹੈ, ਮੈਂ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਹਾਂ ਪਰ ਮੈਨੂੰ ਸੂਈਆਂ ਤੋਂ ਬੜਾ ਡਰ ਲਗਦੈ।'

'ਸੱਚਮੁੱਚ ਹੀ ਚੂਚੇ ਵਰਗਾ ਨਰਮ ਦਿਲ ਤੇ ਡਰਾਕਲ ਏਂ ਤੂੰ।' ਆਖ ਕੇ ਮੈਂ ਵੀ ਉਹਦੇ ਨਾਲ ਹੱਸਣ ਲੱਗ ਪਈ, 'ਪਰ ਜੇ ਏਨਾ ਈ ਡਰ ਲਗਦੈ ਤਾਂ ਨਾ ਜਾ ਫੇਰ। ਤੈਨੂੰ ਕੋਈ ਮਜਬੂਰੀ ਤਾਂ ਨਹੀਂ ਕਿ ਜ਼ਰੂਰ ਹੀ ਖੂਨ ਦਾਨ ਕਰਨੈ।'

'ਮਜਬੂਰੀ ਤਾਂ ਕੋਈ ਨਹੀਂ ਪਰ ਜੀਅ ਕਰਦੈ ਕਿ ਮੈਂ ਕਿਸੇ ਲੋੜਵੰਦ ਦੀ ਮਦਦ ਕਰ ਸਕਾਂ।'

'ਤਾਂ ਫੇਰ ਡਰਨੋਂ ਹਟ ਜਾ।'

'ਅੱਛਾ' ਕਹਿ ਕੇ ਉਸ ਨੇ ਮੇਰੇ ਹੱਥ ਆਪਣੇ ਹੱਥਾਂ ਵਿਚ ਘੁੱਟ ਲਏ ਤੇ ਫੇਰ ਮੇਰੀ ਹਥੇਲੀ 'ਤੇ ਆਪਣੀ ਉਂਗਲ ਨਾਲ 'ਜਸਟਿਨ' ਲਿਖ ਦਿੱਤਾ। ਮੇਰੀਆਂ ਅੱਖਾਂ ਵਿਚ ਤੱਕਦਿਆਂ ਉਸ ਦੇ ਚਿਹਰੇ 'ਤੇ ਮੀਲ ਲੰਮੀ ਮੁਸਕਰਾਹਟ ਉਭਰ ਆਈ। ਉਸ ਦੀਆਂ ਨੀਲੀਆਂ ਅੱਖਾਂ ਦੀ ਤੱਕਣੀ ਧੁਰ ਤੀਕ ਮੇਰੀ ਰੂਹ ਤਾਈਂ ਚਾਨਣ ਦੀ ਲਕੀਰ ਫੇਰ ਗਈ।

'ਚੰਗਾ ਹੁਣ ਜਾਹ ਫੇਰ!' ਮੈਂ ਮਾੜਾ ਜਿਹਾ ਝੂਠੀ-ਮੂਠੀ ਦਾ ਧੱਕਾ ਦਿੰਦਿਆਂ ਆਖਿਆ।

'ਆਈ ਵਿੱਲ ਬੀ ਬੈਕ ਸੂਨ' ਆਖ ਕੇ ਉਹ ਤੁਰ ਗਿਆ ਸੀ।

ਅਗਲੇ ਦਿਨ ਉਹ ਲੈਬ ਵਿਚ ਨਾ ਆਇਆ ਤੇ ਉਸ ਤੋਂ ਅਗਲਾ ਦਿਨ ਵੀ ਲੰਘ ਗਿਆ। ਮੈਨੂੰ ਸਮਝ ਨਾ ਆਵੇ ਕਿ ਕਿਸ ਨੂੰ ਪੁੱਛਾਂ ਉਸ ਬਾਰੇ। ਕਈ ਵਾਰੀ ਦਿਲ ਵਿਚ ਆਇਆ ਕਿ ਉਸ ਦੀ ਮਾਂ ਨੇ ਹੀ ਨਾ ਰੋਕ ਦਿੱਤਾ ਹੋਵੇ ਜਾਂ ਉਸ ਨੇ ਆਪ ਹੀ ਮਨ ਬਦਲ ਲਿਆ ਹੋਵੇ, ਪਰ ਜਸਟਿਨ ਦੀ ਤਾਂ ਹਰ ਗੱਲ ਵਿਚੋਂ ਮਾਸੂਮੀਅਤ ਤੇ ਸੱਚਾਈ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਉਹ ਤਾਂ ਕਦੇ ਵੀ ਮੇਰੀਆਂ ਭਾਵਨਾਵਾਂ ਨਾਲ ਖੇਡਣ ਵਾਲਾ ਨਹੀਂ ਸੀ ਜਾਪਦਾ। ਨਾਲ ਹੀ ਮੇਰੇ ਦਿਲ ਨੂੰ ਹੌਲ ਪੈਣ ਲੱਗ ਪਏ।

ਚੌਥੇ ਦਿਨ ਜਦ ਮੈਂ ਅਣਮੰਨੇ ਜਿਹੇ ਦਿਲ ਨਾਲ ਆਪਣੇ ਆਫਿਸ ਬੈਠੀ ਐਕਸਪੈਰੀਮੈਂਟ ਦੇ ਰਿਜ਼ਲਟ ਦਰਜ ਕਰ ਰਹੀ ਸਾਂ ਤਾਂ ਗਰੈਗਰੀ ਜੋ ਮੇਰੀ ਲੈਬ ਵਿਚ ਹੀ ਕੰਮ ਕਰਦਾ ਸੀ, ਦੌੜਦਾ ਹੋਇਆ ਆਇਆ, 'ਕੁਝ ਸੁਣਿਆ, ਸੁਖਬੀਰ? ਜਸਟਿਨ ਹੈਜ਼ ਸਟੇਜ ਫੋਰ ਲੁਕੀਮੀਆ, ਬਲੱਡ ਕੈਂਸਰ।'

'ਵੱਟ? ਕੀ ਆਖਿਆ ਤੂੰ?' ਆਖਦਿਆਂ ਮੇਰੇ ਹੱਥ 'ਚੋਂ ਕਾਪੀ ਛੁੱਟ ਕੇ ਫਰਸ਼ 'ਤੇ ਡਿੱਗ ਪਈ। ਸਿਰ ਨੂੰ ਚੱਕਰ ਜਿਹਾ ਆ ਗਿਆ।

'ਤਿੰਨ-ਚਾਰ ਦਿਨ ਪਹਿਲਾਂ ਜਦ ਉਸ ਨੇ ਖੂਨ ਦਿੱਤਾ ਸੀ ਤਾਂ ਉਦੋਂ ਪਤਾ ਲੱਗਿਆ।' ਗਰੈਗਰੀ ਨੇ ਸਿਰ ਹਿਲਾਉਂਦਿਆਂ ਉਦਾਸੀ ਜਿਹੀ 'ਚ ਆਖਿਆ ਤੇ ਫਰਸ਼ 'ਤੇ ਡਿੱਗੀ ਕਾਪੀ ਚੁੱਕ ਕੇ ਮੇਜ਼ 'ਤੇ ਰੱਖ ਦਿੱਤੀ।

'ਤੂੰ ਠੀਕ ਤਾਂ ਹੈਂ, ਸੁਖਬੀਰ?' ਸ਼ਾਇਦ ਮੇਰੇ ਚਿਹਰੇ 'ਤੇ ਛਾਈ ਪਲਿੱਤਣ ਉਸ ਨੇ ਭਾਂਪ ਲਈ ਸੀ। 'ਪਾਣੀ ਦਾ ਗਲਾਸ ਲਿਆਵਾਂ ਤੇਰੇ ਲਈ?'

'ਨਹੀਂ...ਹਾਂ...ਮੈਂ ਠੀਕ ਆਂ...।' ਮੇਰੇ ਬੋਲ ਥਥਲਾ ਗਏ ਸਨ। 'ਥੈਂਕਯੂ, ਪਾਣੀ ਦੀ ਜ਼ਰੂਰਤ ਨਹੀਂ।'

'ਆਈ ਐਮ ਸੋ ਸੌਰੀ, ਸੁਖਬੀਰ। ਹੀ ਇਜ਼ ਏ ਨਾਈਸ ਯੰਗ ਮੈਨ...।' ਆਖਦਾ ਹੋਇਆ ਗਰੈਗਰੀ ਆਪਣੇ ਦਫਤਰ ਵੱਲ ਚੱਲ ਪਿਆ।

ਮੈਂ ਕਿੰਨਾ ਚਿਰ ਕੋਈ ਕੰਮ ਨਾ ਕਰ ਸਕੀ। ਭੰਬਲਭੂਸਿਆਂ 'ਚ ਪਈ ਉਸ ਨੂੰ ਉਡੀਕਦੀ ਰਹੀ। ਨਾ ਤਾਂ ਮੈਂ ਜਸਟਿਨ ਦੇ ਘਰ ਦਾ ਫੋਨ ਨੰਬਰ ਲਿਆ ਸੀ ਤੇ ਨਾ ਹੀ ਮੈਨੂੰ ਪਤਾ ਸੀ ਕਿ ਉਹ ਕਿੱਥੇ ਰਹਿੰਦਾ ਹੈ ਜਾਂ ਉਸ ਦੇ ਕੋਈ ਹੋਰ ਭੈਣ ਭਰਾ ਹੈਨ ਜਾਂ ਨਹੀਂ। ਮੈਨੂੰ ਤਾਂ ਸਿਰਫ ਉਸ ਦੀ ਮਾਂ ਬਾਰੇ ਹੀ ਥੋੜ੍ਹਾ ਜਿਹਾ ਪਤਾ ਸੀ। ਉਨ੍ਹਾਂ ਦਿਨਾਂ ਵਿਚ ਸੈੱਲ ਫੋਨ ਨਹੀਂ ਸਨ ਤੇ ਉਸ ਦਾ ਐਡਰੈੱਸ ਪੁੱਛਣ ਦੀ ਮੈਂ ਲੋੜ ਹੀ ਨਹੀਂ ਸੀ ਸਮਝੀ, ਕਿਉਂਕਿ ਉਹ ਆਪ ਹੀ ਘੰਟੇ ਦੋ ਘੰਟਿਆਂ ਲਈ ਲੈਬ 'ਚ ਆ ਜਾਂਦਾ ਸੀ। ਨਾਲੇ ਅਜੇ ਉਸ ਨੂੰ ਸਿਰਫ ਇਕ ਡੇਢ ਮਹੀਨਾ ਹੀ ਤਾਂ ਹੋਇਆ ਸੀ ਮੇਰੀ ਲੈਬ 'ਚ ਕੰਮ ਕਰਦਿਆਂ।

ਦਿਲ 'ਚ ਅਰਦਾਸਾਂ ਕਰਦੀ ਰਹੀ ਕਿ ਉਹ ਠੀਕ ਹੋ ਜਾਵੇ ਪਰ ਅਸਲੀਅਤ ਦਾ ਚੇਤਾ ਆਉਂਦਿਆਂ ਹੀ ਦਿਲ ਕੰਬ ਉਠਦਾ, 'ਸਟੇਜ ਫੋਰ ਲੁਕੀਮੀਆ'! ਏਸੇ ਤਰ੍ਹਾਂ ਦੀ ਉਧੇੜ-ਬੁਣ ਜਿਹੀ 'ਚ ਦੋ ਹਫਤੇ ਹੋਰ ਲੰਘ ਗਏ। ਨਾ ਹੀ ਮੇਰਾ ਕਿਸੇ ਕੰਮ ਵਿਚ ਮਨ ਲੱਗਾ ਤੇ ਨਾ ਹੀ ਉਸ ਦੀ ਕੋਈ ਖਬਰ-ਸਾਰ ਆਈ। ਇਕ ਦਿਨ ਉਦਾਸੇ ਜਿਹੇ ਮਨ ਨਾਲ ਜਦ ਆਪਣੀ ਲੈਬ ਵੱਲ ਜਾ ਰਹੀ ਸਾਂ,

'ਸੁਖਬੀਰ!'

ਜਸਟਿਨ ਦੀ ਆਵਾਜ਼ ਸੁਣਦਿਆਂ ਹੀ ਅੱਭੜਵਾਹੇ ਉਸ ਵੱਲ ਭੱਜ ਉਠੀ।

'ਜਸਟਿਨ, ਹਾਉ ਆਰ ਯੂ?'

ਉਹ ਕਿੰਨਾ ਚਿਰ ਕੁਝ ਵੀ ਨਾ ਬੋਲਿਆ। ਕੁਝ ਕੁ ਦਿਨਾਂ ਵਿਚ ਹੀ ਉਹ ਕਿੰਨਾ ਕਮਜ਼ੋਰ ਲੱਗਣ ਲੱਗ ਪਿਆ ਸੀ। ਉਸ ਨੇ ਮੈਨੂੰ ਟਿਊਬ ਫੜਾਉਂਦਿਆਂ ਆਖਿਆ, 'ਇਸ ਵਿਚ ਮੇਰੇ ਬਲੱਡ ਸੈੱਲਜ਼ ਹਨ। ਮੈਂ ਡਾਇਰੈਕਟਰ ਨਾਲ ਗੱਲ ਕੀਤੀ ਤਾਂ ਉਸ ਕਿਹਾ ਕਿ ਮੈਂ ਆਪ ਆਪਣੇ ਸੈੱਲਾਂ 'ਤੇ ਐਕਸਪੈਰੀਮੈਂਟ ਨਹੀਂ ਕਰ ਸਕਦਾ। ਇਸ ਲਈ ਮੈਂ ਚਾਹੁੰਦਾ ਕਿ ਤੂੰ ਇਸ ਉਤੇ ਕੰਮ ਕਰੇਂ।'

ਉਹ ਟਿਊਬ ਫੜਾ ਕੇ ਬਿਨਾ ਦੇਖੇ ਉਥੋਂ ਚਲਾ ਗਿਆ। ਮੈਂ ਭਰੇ ਮਨ ਨਾਲ ਉਸ ਨੂੰ ਜਾਂਦਿਆਂ ਦੇਖਦੀ ਰਹੀ ਪਰ ਉਸ ਨੇ ਇਕ ਵਾਰ ਵੀ ਪਿੱਛੇ ਮੁੜ ਕੇ ਨਾ ਦੇਖਿਆ।

ਉਸੇ ਦਿਨ ਅਸੀਂ ਚਾਰੇ ਜਣੇ ਡਾਇਰੈਕਟਰ ਦੀ ਸਲਾਹ ਨਾਲ ਜਸਟਿਨ ਦੇ ਸੈੱਲਾਂ ਨੂੰ ਟਰੀਟ ਕਰਨ ਲਈ ਐਕਸਪੈਰੀਮੈਂਟ ਸੈੱਟ ਕਰਨ ਲੱਗੇ। ਉਸ ਦੇ ਕੈਂਸਰ ਸੈੱਲ ਏਨੀ ਤੇਜ਼ੀ ਨਾਲ ਵਧ ਰਹੇ ਸਨ ਕਿ ਕੋਈ ਵੀ ਕੀਮੋ ਡਰੱਗਜ਼ ਉਸ ਉਤੇ ਅਸਰ ਨਹੀਂ ਸੀ ਕਰ ਰਹੀਆਂ। ਸਾਡੇ ਚਾਰਾਂ ਦੇ ਇਕੋ ਜਿਹੇ ਰਿਜ਼ਲਟ ਆ ਰਹੇ ਸਨ। ਡਾਇਰੈਕਟਰ ਕਹਿਣ ਲੱਗਾ ਕਿ ਸਾਨੂੰ ਇਸ ਬਾਰੇ ਪੇਪਰ ਲਿਖਣਾ ਚਾਹੀਦਾ ਹੈ।

ਮੇਰਾ ਦਿਲ ਕੀਤਾ ਕਿ ਮੈਂ ਨਾਂਹ ਕਰ ਦੇਵਾਂ ਪਰ ਕਰ ਨਾ ਸਕੀ ਤੇ ਅਣਮੰਨੇ ਜਿਹੇ ਦਿਲ ਨਾਲ ਪੇਪਰ ਲਿਖਣ ਦਾ ਕੰਮ ਸ਼ੁਰੂ ਕਰ ਦਿੱਤਾ ਜਿਸ ਵਿਚ ਮਰੀਜ਼ ਦੀ ਕੋਈ ਪਰਸਨਲ ਜਾਣਕਾਰੀ ਨਹੀਂ ਦਿੱਤੀ ਜਾਂਦੀ। ਸਿਰਫ ਰਿਸਰਚ ਮੈਥਡ ਅਤੇ ਰਿਜ਼ਲਟ ਹੀ ਦੱਸੇ ਜਾਂਦੇ ਹਨ।

ਕਿੰਨੇ ਦਿਨ ਆਪਣੇ ਆਪ ਨੂੰ ਕੋਸਦੀ ਰਹੀ ਕਿ ਜਦ ਉਹ ਆਪਣੇ ਸੈੱਲ ਦੇਣ ਆਇਆ ਸੀ ਤਾਂ ਕਿਉਂ ਨਾ ਮੈਂ ਉਸ ਦਾ ਐਡਰੈੱਸ ਪੁੱਛਿਆ, ਜਾਂ ਫੋਨ ਨੰਬਰ ਮੰਗਿਆ। ਸੈੱਲਾਂ ਵਾਲੀ ਟਿਊਬ ਫੜਾ ਕੇ ਉਹ ਉਨ੍ਹੀਂ ਪੈਰੀਂ ਹੀ ਵਾਪਸ ਮੁੜ ਗਿਆ ਸੀ। ਯੂਨੀਵਰਸਿਟੀ ਵਾਲੇ ਵੀ ਕਿਸੇ ਦਾ ਐਡਰੈੱਸ ਜਾਂ ਫੋਨ ਨੰਬਰ ਨਹੀਂ ਦਿੰਦੇ, ਜਦ ਤਕ ਤੁਹਾਡਾ ਕੋਈ ਨੇੜੇ ਦਾ ਰਿਸ਼ਤਾ ਨਾ ਹੋਵੇ ਪਰ ਮੈਨੂੰ ਤਾਂ ਖੁਦ ਨਹੀਂ ਸੀ ਪਤਾ ਕਿ ਮੇਰਾ ਉਸ ਨਾਲ ਕੀ ਰਿਸ਼ਤਾ ਸੀ। ਪੰਜ ਛੇ ਹਫਤਿਆਂ ਬਾਅਦ ਉਹ ਫੇਰ ਆਇਆ ਤਾਂ **(ਬਾਕੀ ਅਗਲੇ ਸਫੇ 'ਤੇ)**

# ਗਦਰੀ ਬਾਬਿਆਂ ਅਤੇ ਗਦਰ ਲਹਿਰਾਂ ਨੂੰ ਯਾਦਾਂ ਦਾ ਹਿੱਸਾ ਬਣਾਵੋ

ਕੋਵਿਡ-19 ਦੀ ਮਹਾਂਮਾਰੀ ਦੇ ਸੰਤਾਪ ਕਰਕੇ ਇੰਜ ਲੱਗਿਆ ਕਿ ਮਨੁੱਖ, ਮਨੁੱਖ ਤੋਂ ਦੂਰ ਹੋ ਗਿਆ ਹੈ। ਇਸ ਮਹਾਂਮਾਰੀ ਨੇ ਦੁਨੀਆਂ ਭਰ ਵਿਚ ਇੰਨੀ ਦਹਿਸ਼ਤ ਭਰੀ ਸਥਿਤੀ ਬਣਾ ਦਿੱਤੀ ਸੀ ਕਿ ਜੇ ਕੋਈ ਮਿੱਤਰ ਕਿਸੇ ਦੇ ਘਰ ਗਿਆ ਜਾਂ ਕੋਈ ਜਾਣਾ ਚਾਹੁੰਦਾ ਹੈ ਤਾਂ ਵਿਚਕਾਰੋਂ ਨਿੱਘ ਭਰੇ ਸਬੰਧ ਗੁੰਮ ਜਾਣ ਦੀ ਝਲਕ ਨਜ਼ਰ ਪਈ।

ਸਰਕਾਰੀ ਤੰਤਰ ਨੇ ਸਾਰੇ ਸੰਸਾਰ ਵਿਚ ਇਸ ਮਹਾਂਮਾਰੀ ਦੀ ਕਰੋਪੀ ਦੌਰਾਨ ਸਧਾਰਨ ਜਨਤਾਂ ਨੂੰ ਲੋੜ ਤੋਂ ਵੱਧ ਡਰਾਇਆ ਅਤੇ ਕਾਰਪੋਰੇਟਸ ਨੇ ਮਿੱਥੀ ਸਾਜਿਸ਼ ਅਧੀਨ ਲੁੱਟਿਆ। ਮਹਿੰਗਾਈ ਸਿਖਰਾਂ ਨੂੰ ਛੋਹ ਗਈ। ਇੰਡੀਆਂ ਵਰਗੇ ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਮਹਾਂਮਾਰੀ ਦੇ ਡਰ ਦਾ ਪੂਰਾ ਲਾਹਾ ਲਿਆ। ਲੋਕ ਵਿਰੋਧੀ, ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਵਿਰੁੱਧ ਕਾਨੂੰਨ ਬਣਾਏ। ਸਧਾਰਨ ਜਨਤਾਂ ਨੂੰ ਗਰੀਬੀ ਦੀ ਦਲ ਦਲ 'ਚੋਂ ਕੱਢਣ ਦੀ ਥਾਂ ਵੱਧ ਡੂੰਘਾ ਕਰ ਦਿੱਤਾ।

ਅੰਗਰੇਜ਼ ਸਾਮਰਾਜ ਵਿਰੁੱਧ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲੈਣ ਵਾਲੇ ਯੋਧਿਆਂ ਨੂੰ, ਜਿਨ੍ਹਾਂ ਸਦਕਾ ਇੰਡੀਆ ਨੂੰ ਆਜ਼ਾਦੀ ਮਿਲੀ ਸੀ, ਉਨ੍ਹਾਂ ਦੇਸ਼ ਭਗਤਾਂ ਨੂੰ, ਪਰਵਾਨਿਆਂ ਨੂੰ ਅਤੇ ਸ਼ਹੀਦਾਂ ਨੂੰ ਆਮ ਲੋਕਾਂ ਦੀਆਂ ਯਾਦਾਂ 'ਚੋਂ ਭੁਲਾਇਆ ਜਾ ਰਿਹਾ ਹੈ, ਇਤਿਹਾਸ ਦੇ ਪੰਨਿਆਂ ਤੋਂ ਮਿਟਾਇਆ ਜਾ ਰਿਹਾ ਹੈ। ਇਨ੍ਹਾਂ ਸਾਜਿਸ਼ੀ ਚਾਲਾਂ ਦਾ ਪਰਦਾਫਾਸ਼ ਕਰਨ ਲਈ ਯਤਨ ਹੋਣੇ ਜ਼ਰੂਰੀ ਹਨ।

ਪੰਜਾਬੀ ਭਾਸ਼ਾ, ਪੰਜਾਬ ਅਤੇ ਪੰਜਾਬੀਅਤ ਨਾਲ ਮਿੱਥੀ ਸਾਜਿਸ਼ੀ ਅਧੀਨ ਵਿਤਕਰਾ ਹੋ ਰਿਹਾ ਹੈ, ਕਿਉਂਕਿ ਪੰਜਾਬੀਆਂ ਵਿਚ ਅਣਖ ਕੁੱਟ ਕੁੱਟ ਕੇ ਭਰੀ ਹੋਈ ਹੈ। ਪੰਜਾਬ ਦੇ ਅਨਮੋਲ ਇਤਿਹਾਸ ਵਿਚ ਗੁਰੂਆਂ, ਪੀਰਾਂ, ਫਕੀਰਾਂ ਅਤੇ ਇਹੋ ਜਿਹੇ ਰਹਿਬਰਾਂ ਦੇ ਨਾਮ ਆਉਂਦੇ ਹਨ ਕਿ ਜਿਨ੍ਹਾਂ ਨੂੰ ਯਾਦ ਕਰਦਿਆਂ ਸਿਰ ਬਦੋਬਦੀ ਝੁਕ ਜਾਂਦਾ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਇਤਿਹਾਸ ਤੋਂ ਜਾਣੂ ਹੋਵਾਂਗੇ ਤਾਂ ਪਤਾ ਚਲਦਾ ਹੈ ਕਿ ਮੁਗਲ ਜ਼ਾਲਮਾਂ ਦੇ ਜ਼ੁਲਮ ਵਿਰੁੱਧ ਹਰ ਥਾਂ ਡਟ ਕੇ ਖੜ੍ਹੇ।

ਹਿੰਦੋਸਤਾਨ ਦੀ ਆਜ਼ਾਦੀ ਦੇ ਮੋਢੀ ਸਤਿਗੁਰੂ ਰਾਮ ਸਿੰਘ ਨਾਮਧਾਰੀ ਜਾਂ ਕੂਕਾ ਲਹਿਰ ਦੇ ਬਾਨੀ, ਜਿਨ੍ਹਾਂ ਨੇ ਅੰਗਰੇਜ਼ ਸਾਮਰਾਜ ਵਿਰੁੱਧ, ਤਸੀਹੇ ਸਹਿ ਜਾਣ ਵਾਲੇ ਅਤੇ ਮੌਤ ਨੂੰ ਮਖੌਲ ਕਰਨ ਵਾਲੇ ਯੋਧੇ ਪੈਦਾ ਕੀਤੇ, ਆਪ ਹੱਕ ਸੱਚ ਲਈ ਅੰਗਰੇਜ਼ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਜਲਾਵਤਨ ਹੋਏ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਝੱਲੀਆਂ, ਨਿਡਰ ਕੂਕਿਆਂ ਨੇ ਕੁਰਬਾਨੀਆਂ ਤੋਪਾਂ ਅੱਗੇ ਖੜ੍ਹ ਕੇ ਦਿੱਤੀਆਂ ਅਤੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆਂ।

ਪੰਜਾਬ ਦਾ ਮਾਣ ਗਦਰੀ ਬਾਬਿਆਂ ਨੂੰ ਕੌਣ ਭੁਲਾ ਸਕਦਾ ਹੈ, ਜਿਨ੍ਹਾਂ ਬੇਗਾਨੇ ਦੇਸ਼ਾਂ ਵਿਚ ਹਿੰਦੋਸਤਾਨੀਆਂ ਨੂੰ ਮਨੁੱਖ ਹੋਣ ਦਾ ਮਾਣ ਦੁਆਇਆ। ਯਾਦ ਰਹੇ, ਅਮਰੀਕਾ ਵਰਗੇ ਦੇਸ਼ਾਂ ਵਿਚ ਰੈਸਟੋਰੈਂਟਾਂ ਮੂਹਰੇ ਲਿਖਿਆ ਹੁੰਦਾ ਸੀ, "ਕੁੱਤੇ ਅਤੇ ਹਿੰਦੋਸਤਾਨੀ ਦਾ ਅੰਦਰ ਆਉਣਾ ਮਨ੍ਹਾਂ ਹੈ (Indians and Dogs not allowed). ਕੁਲੀ ਕੁਲੀ ਆਖਿਆ ਜਾਂਦਾ ਭਾਵ ਗੁਲਾਮ ਗੁਲਾਮ ਕਹਿ ਕੇ ਪੁਕਾਇਆ ਜਾਂਦਾ ਸੀ। ਇਸ ਕਲੰਕ ਨੂੰ ਲਾਹੁਣ ਵਾਲੇ ਗਦਰੀ ਬਾਬੇ ਹੀ ਸਨ, ਜੋ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਮੂਹ ਹਿੰਦੋਸਤਾਨੀ ਲੋਕ, ਜੋ ਵੱਖ ਵੱਖ ਧਰਮਾਂ ਦੇ ਹਨ, ਦੀ ਖੁਸ਼ਹਾਲੀ ਦੇਖਣ ਦੇ ਮੁਜੱਸਮੇ ਸਨ।



ਗਦਰੀ ਬਾਬਿਆਂ ਤੋਂ ਬਾਅਦ ਹਿੰਦੋਸਤਾਨ ਦੀ ਆਜ਼ਾਦੀ 'ਚ ਕੁੱਦਣ ਵਾਲੇ ਆਜ਼ਾਦੀ ਘੁਲਾਟੀਆਂ ਨੇ ਮਿਲ ਕੇ ਜੋ ਬੰਗਾਲ, ਅਸਾਮ, ਮਹਾਂਰਾਸ਼ਟਰ, ਯੂ. ਪੀ., ਬਿਹਾਰ ਅਤੇ ਪੰਜਾਬ ਦੇ ਸਨ, ਨੇ ਹਿੱਸਾ ਪਾਇਆ, ਪਰ ਇਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਨਜ਼ਰ ਅੰਦਾਜ਼ ਕੀਤਾ ਤੇ ਬਣਦਾ ਮਾਣ ਨਹੀਂ ਦਿੱਤਾ। ਸ਼ਹੀਦਾਂ ਦੀ ਸੋਚ ਦਾ ਦ੍ਰਿਸ਼ਟੀਕੋਣ ਜੋ ਲੁੱਟ ਰਹਿਤ ਸਮਾਜ ਦੀ ਸਿਰਜਣਾ ਸੀ, ਨੂੰ ਜਾਣ-ਬੁੱਝ ਕੇ ਅੱਖੋਂ ਪਰੋਖੇ ਕੀਤਾ।

ਅਗਾਂਹ-ਵਧੂ ਅਤੇ ਧਰਮ-ਨਿਰਪੱਖ ਵਿਚਾਰਧਾਰਕਾਂ ਨੂੰ ਹਿੰਦੋਸਤਾਨ ਦੀ ਆਜ਼ਾਦੀ ਦੇ ਸੰਗਰਾਮ 'ਚ ਹੋਏ ਸ਼ਹੀਦਾਂ ਦੀਆਂ ਯਾਦਾਂ ਨੂੰ ਜੀਵਤ ਰੱਖਣ ਲਈ ਕਦਮ ਵਧਾਉਣੇ ਚਾਹੀਦੇ ਹਨ ਤਾਂ ਜੋ ਨਵੀਂ ਪੀੜ੍ਹੀ ਅਣਖੀ ਵਿਰਸੇ ਪੜ੍ਹ ਕੇ, ਸੁਣ ਕੇ ਆਪਣੇ ਪਿੱਤਰਾਂ ਲਈ ਮਾਣ ਮਹਿਸੂਸ ਕਰੇ। ਸ਼ਹੀਦਾਂ ਦੇ ਰਹਿ ਗਏ ਕੰਮਾਂ ਨੂੰ ਪੂਰਾ ਕਰਨ ਲਈ ਬਣਦਾ ਯੋਗਦਾਨ ਪਾਵੇ ਅਤੇ ਰਲ-ਮਿਲ ਕੇ ਇੱਕ ਸਾਂਝਾ ਮੁਹਾਜ਼ ਬਣਾਵੇ ਤਾਂ ਜੋ ਲੁੱਟੇ-ਪੁੱਟੇ ਜਾ ਰਹੇ ਲੋਕਾਂ 'ਚ ਹੱਕ-ਸੱਚ ਲਈ ਜਾਗ੍ਰਿਤੀ ਪੈਦਾ ਕਰੇ। "ਸਮਾਜ ਦੀ ਖੁਸ਼ਹਾਲੀ ਲਈ ਯਤਨ ਅਤੇ ਜਾਗ੍ਰਿਤੀ ਜ਼ਰੂਰੀ ਹੈ।" "ਏਕੇ" ਦਾ ਵਿਸ਼ਾਲ ਪਲੇਟਫਾਰਮ ਬਣਾਵੋ! "ਸੱਤਾ ਬਦਲੋ, ਜੋ ਵਿਵਸਥਾ ਬਦਲ ਦੇਵੇ", "ਮਨੁੱਖ ਹੋਣ ਦਾ ਮਾਣ ਕਰੋ, ਮਨੁੱਖਤਾ ਲਈ ਫਰਜ਼ ਨਿਭਾਵੋ।"

***ਵਲੋਂ: ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।***
***ਮਨਮੋਹਨ ਪੂਨੀ, ਫੋਨ: 347-753-5940***

---

ਹੋਰ ਵੀ ਕਮਜ਼ੋਰ ਜਾਪਿਆ। ਉਸ ਦਾ ਉਚਾ ਲੰਮਾ ਕੱਦ ਕਰੰਗ ਬਣਿਆ ਪਿਆ ਸੀ। ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਮੁਰਝਾ ਗਿਆ ਸੀ। ਉਸ ਦੀਆਂ ਅੱਖਾਂ ਦੇ ਟੋਏ ਡੂੰਘੇ ਹੋ ਗਏ ਸਨ। ਮੈਂ ਡੌਰ-ਭੌਰੀ ਜਿਹੀ ਉਸ ਵੱਲ ਤੱਕਦੀ ਹੋਈ ਉਸ ਵਿਚੋਂ ਜਸਟਿਨ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਰਹੀ।

'ਮੈਂ ਪੜ੍ਹਾਈ ਛੱਡ ਦਿੱਤੀ ਹੈ।' ਉਸ ਦੱਸਿਆ, 'ਕੈਂਸਰ ਵਾਲੀਆਂ ਦਵਾਈਆਂ ਤੁਹਾਡੀ ਸਾਰੀ ਤਾਕਤ ਨਿਚੋੜ ਕੇ ਰੱਖ ਦਿੰਦੀਆਂ।'

ਮੇਰਾ ਜੀਅ ਕੀਤਾ, ਉਸ ਦਾ ਹੱਥ ਫੜ ਕੇ ਦਿਲਾਸਾ ਦੇਵਾਂ ਪਰ ਮੈਨੂੰ ਇਕ ਲਫਜ਼ ਵੀ ਨਾ ਅਹੁੜਿਆ, ਉਸ ਕੋਲ਼ੋਂ ਕੁਝ ਪੁੱਛਣ ਲਈ ਜਾਂ ਦੱਸਣ ਲਈ। ਮੇਰਾ ਅੰਦਰ ਹੁਬਕੀਂ ਰੋ ਰਿਹਾ ਸੀ ਪਰ ਉਪਰੋਂ ਮੈਂ ਬੁੱਤ ਬਣੀ ਬੈਠੀ ਰਹੀ ਤੇ ਉਹ ਮੇਰੇ ਲਾਗੇ ਕੁਰਸੀ 'ਤੇ ਬੈਠਾ ਕਮਜ਼ੋਰ ਜਿਹੇ ਸਾਹ ਭਰਦਾ ਰਿਹਾ। ਫੇਰ ਉਸ ਦੇ ਹੱਥ ਥਰਥਰਾਉਣ ਲੱਗ ਪਏ ਤੇ ਜਿਵੇਂ ਉਸ ਦੇ ਅੰਦਰ ਕੋਈ ਰੋਸ ਜਿਹਾ ਭਰ ਗਿਆ ਹੋਵੇ। ਆਖਣ ਲੱਗਾ, 'ਚਲੋ ਚੰਗਾ ਹੋਇਆ, ਤੁਹਾਡਾ ਇਕ ਰਿਸਰਚ ਪੇਪਰ ਹੋਰ ਛਪ ਜਾਵੇਗਾ, ਕਿਉਂਕਿ ਤੁਹਾਡਾ ਕੰਮ ਰਿਸਰਚ ਕਰਨਾ ਤੇ ਪੇਪਰ ਪਬਲਿਸ਼ ਕਰਨਾ ਹੀ ਤਾਂ ਹੈ।'

ਉਸ ਦੇ ਬੋਲਾਂ 'ਚੋਂ ਨਿਹੋਰਾ ਤੇ ਗੁੱਸਾ ਝਲਕ ਰਿਹਾ ਸੀ।

'ਨਹੀਂ, ਜਸਟਿਨ...ਨਹੀਂ...।' ਮੈਂ ਤਰਲੇ ਵਾਂਗ ਆਖਿਆ।

'ਕਿਉਂ ਨਹੀਂ। ਤੁਹਾਡੀ ਲੈਬ ਤਾਂ ਸਿਰਫ ਇਹੀ ਕੰਮ ਕਰਦੀ ਹੈ, ਕੋਈ ਭਾਵੇਂ ਮਰੇ ਭਾਵੇਂ ਜੀਵੇ।'

'ਓ ਜਸਟਿਨ...ਪਲੀਜ਼...।' ਮੇਰੀਆਂ ਅੱਖਾਂ 'ਚੋਂ ਤ੍ਰਿੱਪ-ਤ੍ਰਿੱਪ ਹੰਝੂ ਵਗਣ ਲੱਗੇ।

ਉਸ ਦਾ ਗੁੱਸਾ ਸਿਸਕੀਆਂ ਵਿਚ ਬਦਲ ਗਿਆ ਤੇ ਮੇਰੇ ਮੋਢੇ 'ਤੇ ਸਿਰ ਰੱਖ ਕੇ ਉਹ ਫਿੱਸ ਪਿਆ। ਗਲਵੱਕੜੀ ਪਾਈ ਅਸੀਂ ਕਿੰਨਾ ਚਿਰ ਰੋਂਦੇ ਰਹੇ। ਮੈਂ ਆਪਣੇ ਹੱਥਾਂ ਦੀਆਂ ਤਲੀਆਂ ਨਾਲ ਉਸ ਦੇ ਅੱਥਰੂ ਪੂੰਝਦਿਆਂ ਹੋਇਆਂ ਇਕ ਵਾਰ ਵੀ ਨਾ ਆਖ ਸਕੀ ਕਿ ਤੂੰ ਠੀਕ ਹੋ ਜਾਵੇਂਗਾ। ਅਸਲੀਅਤ ਦਾ ਸਾਨੂੰ ਦੋਵਾਂ ਨੂੰ ਪਤਾ ਸੀ।

ਪਤਾ ਨਹੀਂ ਕਿੰਨਾ ਚਿਰ ਲੰਘ ਗਿਆ ਇੰਝ ਬੈਠਿਆਂ ਨੂੰ, ਤੇ ਫੇਰ ਜਿਵੇਂ ਉਸ ਨੂੰ ਕੁਝ ਯਾਦ ਆ ਗਿਆ ਹੋਵੇ, 'ਮੈਂ ਆਪਣੀ ਮਾਂ ਦਾ ਇਕਲੌਤਾ ਪੁੱਤਰ ਹਾਂ। ਮੇਰੀ ਮਾਂ ਨੇ ਇਕੱਲਿਆਂ ਦੋ-ਦੋ ਨੌਕਰੀਆਂ ਕਰ ਕੇ ਮੈਨੂੰ ਪਾਲ਼ਿਆ, ਪੜ੍ਹਾਇਆ ਤੇ ਮੈਂ ਸੋਚਿਆ ਕਰਦਾ ਸਾਂ ਕਿ ਡਾਕਟਰ ਬਣ ਕੇ ਮੈਂ ਦੁਨੀਆ ਦੇ ਸਾਰੇ ਸੁਖ ਉਸ ਦੀ ਝੋਲ਼ੀ ਪਾਵਾਂਗਾ।'

ਮੈਨੂੰ ਕੋਈ ਜਵਾਬ ਨਾ ਅਹੁੜਿਆ। ਚੁਪ-ਚਾਪ ਉਸ ਨੂੰ ਸੁਣਦੀ ਰਹੀ। ਜਦ ਉਹ ਜਾਣ ਨੂੰ ਉਠਿਆ ਤਾਂ ਮੈਨੂੰ ਜਾਪਿਆ, ਜਿਵੇਂ ਇਹ ਉਸ ਦੀ ਆਖਰੀ ਗਲਵੱਕੜੀ ਸੀ। ਮੇਰੇ ਮੋਢਿਆਂ 'ਤੇ ਹੱਥ ਰੱਖ ਕੇ ਉਸ ਆਖਿਆ, 'ਕਦੇ ਕਦਾਈਂ ਮੇਰੀ ਮਾਂ ਕੋਲ਼ ਜਾ ਆਇਆ ਕਰੀਂ। ਉਹ ਭਾਵੇਂ ਤੈਨੂੰ ਮਿਲੀ ਨਹੀਂ ਪਰ ਤੈਨੂੰ ਚੰਗੀ ਤਰ੍ਹਾਂ ਜਾਣਦੀ ਹੈ।' ਉਸ ਦੀਆਂ ਬੇਵਸੀ ਭਰੀਆਂ ਅੱਖਾਂ ਮੇਰੇ ਚਿਹਰੇ ਨੂੰ ਨਿਹਾਰ ਰਹੀਆਂ ਸਨ।

ਮੈਂ ਜਵਾਬ 'ਚ ਸਿਰਫ ਆਪਣਾ ਸਿਰ ਹੀ ਹਿਲਾ ਸਕੀ।

ਕਾਗ਼ਜ਼ 'ਤੇ ਲਿਖਿਆ ਐਡਰੈੱਸ ਤੇ ਫੋਨ ਨੰਬਰ ਮੇਰੇ ਹੱਥ ਉਤੇ ਰੱਖ ਕੇ ਉਹ ਇੰਝ ਮੁੜਿਆ, ਜਿਵੇਂ ਉਸ ਨੂੰ ਕਿਧਰੇ ਭੱਜ ਜਾਣ ਦੀ ਕਾਹਲ਼ ਹੋਵੇ। ਮੇਰਾ ਦਿਲ ਕੀਤਾ ਕਿ ਉਹ ਕੁਝ ਪਲ ਹੋਰ ਰੁਕ ਜਾਵੇ ਪਰ ਮੈਂ ਡੁਬ-ਡੁਬਾਈਆਂ ਅੱਖਾਂ ਨਾਲ ਉਸ ਨੂੰ ਜਾਂਦਿਆਂ ਤੱਕਦੀ ਰਹੀ। ਮੈਨੂੰ ਜਾਪਿਆ, ਮੇਰੇ ਆਪੇ ਦਾ ਕੋਈ ਹਿੱਸਾ ਉਸ ਦੇ ਨਾਲ ਹੀ ਚਲਾ ਗਿਆ ਸੀ ਤੇ ਮੇਰੇ ਅੰਦਰ ਖਾਲੀਪਨ ਦਾ ਅਹਿਸਾਸ ਭਾਰੂ ਹੋ ਗਿਆ।

ਕੁਝ ਪਲਾਂ ਵਿਚ ਹੀ ਬਿਲਡਿੰਗ ਦਾ ਮੋੜ ਮੁੜ ਉਹ ਅੱਖਾਂ ਤੋਂ ਓਹਲੇ ਹੋ ਗਿਆ। ਕਾਗਜ਼ ਉਤੇ ਲਿਖੇ ਅੱਖਰ ਮੇਰੇ ਹੰਝੂਆਂ 'ਚ ਡੁੱਬਣ-ਤਰਨ ਲੱਗ ਪਏ।

ਉਸ ਦੇ ਜਾਣ ਤੋਂ ਬਾਅਦ ਜਦ ਲੈਬ ਵੱਲ ਮੁੜੀ ਤਾਂ ਮੇਰਾ ਜੀਅ ਕੀਤਾ ਕਿ ਸਭ ਤਸ਼ਤਰੀਆਂ ਤੇ ਦਵਾਈਆਂ ਵਾਲੀਆਂ ਬੋਤਲਾਂ ਤੇ ਰਿਸਰਚ ਲਈ ਵਰਤੇ ਜਾਂਦੇ ਸਾਰੇ ਜੰਤਰ ਤੋੜ-ਭੰਨ ਦੇਵਾਂ ਤੇ ਸਾਰਾ ਕੁਝ ਸੁੱਟ ਕੇ ਘਰ ਚਲੀ ਜਾਵਾਂ। ਅਗਲੇ ਦਿਨ ਕੰਮ ਤੋਂ ਛੁੱਟੀ ਲੈ ਕੇ ਦਿਨ ਦਿਹਾੜੇ ਹੀ ਬਿਸਤਰੇ 'ਚ ਪਈ ਨੂੰ ਇੰਝ ਮਹਿਸੂਸ ਹੋਇਆ, ਜਿਵੇਂ ਕਈਆਂ ਸਾਲਾਂ ਤੋਂ ਬਿਮਾਰ ਹੋਵਾਂ। ਨਾ ਕੁਝ ਖਾਣ ਨੂੰ ਜੀਅ ਕੀਤਾ ਤੇ ਨਾ ਹੀ ਕੋਈ ਕੰਮ ਕਰਨ ਨੂੰ। ਅਗਲੇ ਦਿਨ ਵੀ ਕੰਮ 'ਤੇ ਜਾਣ ਲਈ ਉਠ ਨਾ ਹੋਇਆ ਤੇ ਉਸ ਤੋਂ ਅਗਲਾ ਦਿਨ ਵੀ ਬਿਸਤਰੇ 'ਚ ਪਿਆਂ ਲੰਘ ਗਿਆ। ਤਿੰਨ ਚਾਰ ਦਿਨ ਮੈਨੂੰ ਜਿਵੇਂ ਆਪਣੀ ਸੁਰਤ ਹੀ ਭੁੱਲੀ ਰਹੀ। ਫੇਰ ਸੋਚਿਆ, ਜਸਟਿਨ ਦੇ ਘਰ ਜਾ ਕੇ ਉਸ ਨੂੰ ਮਿਲ ਆਵਾਂ। ਕਾਰ ਸਟਾਰਟ ਕਰਕੇ ਕਿੰਨਾ ਚਿਰ ਬੈਠੀ ਰਹੀ ਪਰ ਗੀਅਰ ਨੂੰ ਡਰਾਈਵ ਵਿਚ ਪਾਉਣ ਦਾ ਹੌਸਲਾ ਹੀ ਨਾ ਪਿਆ। ਕਾਰ ਬੰਦ ਕਰਕੇ ਫੇਰ ਬਿਸਤਰੇ 'ਚ ਆ ਡਿੱਗੀ। ਅੱਧਾ ਘੰਟਾ ਵੀ ਨਾ ਲੰਘਿਆ ਤੇ ਦਿਲ ਨੂੰ ਖੋਹ ਜਿਹੀ ਪੈਣ ਲੱਗ ਪਈ।

ਸੋਚਿਆ, ਪਿੰਡ ਫੋਨ ਕਰਾਂ ਪਰ ਉਥੇ ਤਾਂ ਅਜੇ ਰਾਤ ਹੈ, ਤੇ ਨਾਲੇ ਕੀ ਗੱਲ ਕਰਾਂਗੀ ਵੱਡੀ ਭੈਣ ਨਾਲ। ਉਹ ਤਾਂ ਆਪਣੇ ਹੀ ਦੁੱਖਾਂ ਦੀ ਮਾਰੀ ਹੋਈ ਦਿਨ-ਰਾਤ ਝੂਰਦੀ ਆ, ਜਦ ਦਾ ਗੁਰਨਾਮ ਮਰਿਆ। ਪੁੱਤ ਦੀ ਮੌਤ ਉਸ ਨੂੰ ਜੜ੍ਹਾਂ ਤੋਂ ਹਿਲਾ ਕੇ ਸੁੱਟ ਗਈ ਸੀ। ਚੌਦਾਂ ਸਾਲਾਂ ਦੀ ਵੀ ਭਲਾ ਕੋਈ ਉਮਰ ਹੁੰਦੀ ਆ ਮਰਨ ਦੀ। ਸਾਈਕਲ 'ਤੇ ਜਾਂਦੇ ਨੂੰ ਟਰੱਕ ਵਾਲਾ ਪਲਸੇਟਾ ਮਾਰ ਕੇ ਸੁੱਟ ਗਿਆ ਤੇ ਟਰੱਕ ਸਪੀਡ ਫੜੀ ਅਹੁ ਗਿਆ ਅਹੁ ਗਿਆ। ਪੱਕੀ ਸੜਕ 'ਤੇ ਵੱਜਦਿਆਂ ਹੀ ਸਿਰ ਮਤੀਰੇ ਵਾਂਗ ਫਟ ਗਿਆ ਸੀ। ਮੈਂ ਉਦੋਂ ਅਜੇ ਦੋ ਸਾਲ ਪਹਿਲਾਂ ਹੀ ਇੰਡੀਆ ਤੋਂ ਆਈ ਸਾਂ ਯੁਨੀਵਰਸਟੀ ਵਿਚ ਪੜ੍ਹਨ ਲਈ। ਗੁਰਨਾਮ ਦਾ ਸੁਣਦਿਆਂ ਹੀ ਮੈਂ ਪੜ੍ਹਾਈ ਛੱਡ ਕੇ ਵਾਪਸ ਇੰਡੀਆ ਚਲੇ ਗਈ ਸਾਂ। ਦਸ ਬਾਰਾਂ ਦਿਨਾਂ ਬਾਅਦ ਭੈਣ ਆਖਣ ਲੱਗੀ, 'ਸੁੱਖੀ, ਤੇਰੇ ਪੜ੍ਹਾਈ ਛੱਡਣ ਨਾਲ ਕਿਹੜਾ ਗੁਰਨਾਮ ਨੇ ਵਾਪਸ ਆ ਜਾਣਾ...।' ਤੇ ਮੈਨੂੰ ਰੋਂਦੀ ਨੂੰ ਉਸ ਨੇ ਬਦੋਬਦੀ ਵਾਪਸ ਭੇਜ ਦਿੱਤਾ ਸੀ। ਮੇਰੇ ਨਾਲੋਂ ਬਾਰਾਂ ਸਾਲ ਵੱਡੀ ਭੈਣ ਨੇ ਮੈਨੂੰ ਮਾਵਾਂ ਵਾਂਗ ਪਾਲ਼ਿਆ ਸੀ, ਜਦ ਸਾਡੇ ਮਾਂ ਬਾਪ ਅੱਗੜ-ਪਿੱਛੜ ਵਿਦਾ ਹੋ ਗਏ ਸਨ।

ਗੁਰਨਾਮ ਦਾ ਧਿਆਨ ਆਉਂਦਿਆਂ ਹੀ ਤ੍ਰਭਕ ਉਠੀ ਹਾਂ। ਪੰਤਾਲੀ ਵਰ੍ਹਿਆਂ ਤੋਂ ਵੀ ਉਪਰ ਹੋ ਗਏ ਨੇ ਗੁਰਨਾਮ ਨੂੰ ਗਿਆਂ, ਤੇ ਜਸਟਿਨ...! ਜਸਟਿਨ ਨੂੰ ਵੀ ਤਾਂ ਚਾਲ਼ੀਆਂ ਸਾਲਾਂ ਤੋਂ ਜ਼ਿਆਦਾ ਹੋ ਗਏ ਨੇ। ਸੋਚਦਿਆਂ ਹੀ ਕਲੇਜਾ ਧੱਕ-ਧੱਕ ਵੱਜਣ ਲੱਗ ਪਿਆ ਏ। ਪਿਛਲੇ ਕੁਝ ਸਾਲਾਂ ਵਿਚ ਕਿੰਨੇ ਹੋਰ ਇਲਾਜ ਨਿਕਲ ਆਏ ਨੇ ਪਰ ਕੈਂਸਰ ਉਤੇ ਅਜੇ ਵੀ ਪੂਰਾ ਕਾਬੂ ਨਹੀਂ ਪੈ ਸਕਿਆ। ਏਨਾ ਜ਼ਰੂਰ ਹੋ ਗਿਆ ਏ ਕਿ ਵਕਤ ਸਿਰ ਪਤਾ ਲੱਗ ਜਾਣ 'ਤੇ ਬਹੁਤ ਸਾਰੇ ਮਰੀਜ਼ ਠੀਕ ਹੋ ਜਾਂਦੇ ਹਨ। ਉਦੋਂ ਤਾਂ ਸਟੇਜ ਫੋਰ ਲੁਕੀਮੀਆ ਦਾ ਕੋਈ ਇਲਾਜ ਹੀ ਨਹੀਂ ਸੀ।

ਦੁਖਦੇ ਗੋਡਿਆਂ 'ਤੇ ਹੱਥ ਰੱਖ ਕੇ ਉਠ ਬੈਠੀ ਹਾਂ। ਸਵੇਰ ਦੀ ਚਾਹ ਦਾ ਕੱਪ ਪੀ ਕੇ ਇਕ ਮੈਗਜ਼ੀਨ ਦੇ ਵਰਕੇ ਫੋਲ ਰਹੀ ਸਾਂ ਜਦ ਜਸਟਿਨ ਵੱਲ ਧਿਆਨ ਚਲਾ ਗਿਆ। ਖਾਲੀ ਕੱਪ ਸਿੰਕ ਵਿਚ ਰੱਖ ਕੇ ਅੱਖਾਂ ਪੂੰਝਦੀ ਹੋਈ ਮੈਂ ਬੈਕਯਾਰਡ ਵਿਚ ਆ ਖਲੋਤੀ ਪਰ ਦਿਲ ਦੇ ਅੰਦਰ ਲਹਿ ਗਈਆਂ ਯਾਦਾਂ ਦੀ ਲੜੀ ਟੁੱਟਣ 'ਚ ਨਹੀਂ ਆ ਰਹੀ।

ਅੱਖਾਂ ਅੱਗੇ ਹਸਪਤਾਲ ਦੇ ਬੈੱਡ 'ਤੇ ਪਏ ਜਸਟਿਨ ਦੀ ਤਸਵੀਰ ਘੁੰਮਣ ਲੱਗ ਪਈ ਹੈ। ਉਸ ਦੀ ਮਾਂ ਸੱਖਣੀਆਂ ਜਿਹੀਆਂ ਅੱਖਾਂ ਨਾਲ ਜਸਟਿਨ ਵੱਲ ਤੱਕਦੀ ਹੋਈ, ਬੈੱਡ ਦੇ ਨੇੜੇ ਬੈਠੀ ਹੈ। ਅਜੇ ਮੈਂ ਕਮਰੇ ਵਿਚ ਪੈਰ ਧਰਿਆ ਹੀ ਸੀ ਕਿ ਉਹ ਉਠ ਕੇ ਮੇਰੇ ਵੱਲ ਆਈ, 'ਤੂੰ ਹੀ ਸੁਖਬੀਰ ਹੈਂ ਨਾ?' ਮੈਂ ਹਾਂ ਵਿਚ ਸਿਰ ਹਿਲਾਇਆ।

'ਦੇਖ ਕੌਣ ਆਇਆ ਤੈਨੂੰ ਮਿਲਣ।' ਉਸ ਜਸਟਿਨ ਦੇ ਵਾ਼ਲਾਂ ਤੋਂ ਸੱਖਣੇ ਸਿਰ 'ਤੇ ਹੱਥ ਫੇਰਦਿਆਂ ਆਖਿਆ। ਕੀਮੋ ਨਾਲ ਜਸਟਿਨ ਦੇ ਸਿਰ ਦੇ ਕੱਕੇ ਵਾ਼ਲ ਝੜ ਚੁੱਕੇ ਸਨ। ਉਸ ਦੇ ਭਰਵੱਟੇ ਤੇ ਅੱਖਾਂ ਦੀਆਂ ਝਿੰਮਣੀਆਂ ਵੀ ਗ਼ਾਇਬ ਹੋ ਗਈਆਂ ਸਨ। ਉਸ ਦੇ ਬੁੱਲ੍ਹ ਜੋ ਹਮੇਸ਼ਾ ਮੁਸਕਰਾਹਟ ਨਾਲ ਖਿੜੇ ਰਹਿੰਦੇ ਸਨ, ਭੂਰੇ ਰੰਗ ਦੀ ਸਿੱਕਰੀ ਦੇ ਹੇਠਾਂ ਲੁਕੇ ਬੈਠੇ ਸਨ ਤੇ ਗੱਲ੍ਹਾਂ ਟੋਇਆਂ ਵਾਂਗਰ ਅੰਦਰ ਧਸ ਗਈਆਂ ਸਨ।

ਮੈਨੂੰ ਜਾਪਿਆ, ਇਹ ਜਸਟਿਨ ਨਹੀਂ...ਇਹ ਜਸਟਿਨ ਕਿੰਝ ਹੋ ਸਕਦਾ ਏ? ਮੇਰਾ ਜੀਅ ਕੀਤਾ, ਮੈਂ ਉਥੋਂ ਦੌੜ ਜਾਵਾਂ। ਹੌਸਲਾ ਇਕੱਠਾ ਕਰ ਕੇ ਉਸ ਦੀ ਬਾਹੀ ਕੋਲ਼ ਬੈਠ ਗਈ। ਜਦ ਮੈਂ ਉਸ ਦਾ ਹੱਥ ਆਪਣੇ ਹੱਥਾਂ ਵਿਚ ਲਿਆ, ਉਸ ਨੇ ਅੱਖਾਂ ਖੋਲ੍ਹ ਕੇ ਮੇਰੇ ਵੱਲ ਦੇਖਿਆ। ਉਸ ਦੇ ਬੁੱਲ੍ਹ ਹਲਕੀ ਜਿਹੀ ਮੁਸਕਾਨ ਵਾਂਗ ਫਰਕੇ ਪਰ ਅਗਲੇ ਹੀ ਪਲ ਨਿਢਾਲ ਹੋ ਗਿਆ।

'ਜਸਟਿਨ!' ਮੇਰੇ ਅੰਦਰ ਦੀ ਚੀਕ ਬਾਹਰ ਨਾ ਨਿਕਲ ਸਕੀ। ਉਸੇ ਰਾਤ ਹੀ ਉਹ ਤੁਰ ਗਿਆ ਸੀ।

ਉਸ ਦੇ ਅੰਤਮ ਸੰਸਕਾਰ ਸਮੇਂ ਜਿਵੇਂ ਸਾਰੀ ਯੂਨੀਵਰਸਿਟੀ ਨੂੰ ਸਦਮਾ ਪਹੁੰਚਿਆ ਹੋਵੇ, ਸੈਂਕੜੇ ਲੋਕਾਂ ਦਾ ਇਕੱਠ ਸੀ। ਉਹ ਸਾਰੇ ਲਾਈਨ ਵਿਚ ਤੁਰਦੇ ਹੋਏ ਇਕ-ਇਕ ਲੰਮੀ ਡੰਡੀ ਵਾਲਾ ਗੁਲਾਬ ਦਾ ਫੁੱਲ ਉਸ ਦੇ ਕਾਸਕਟ 'ਤੇ ਰੱਖਦੇ ਤੇ ਉਸ ਦੀ ਮਾਂ ਨੂੰ ਕੁਝ ਅਫਸੋਸ ਦੇ ਸ਼ਬਦ ਆਖ ਕੇ ਕੁਰਸੀਆਂ ਉਤੇ ਬੈਠਦੇ ਜਾਂਦੇ। ਜਸਟਿਨ ਦੀ ਮਾਂ ਦੀਆਂ ਅੱਖਾਂ ਮਾਰੂਥਲ ਵਾਂਗ ਸੁੱਕੀਆਂ ਪਈਆਂ ਸਨ ਤੇ ਅੱਥਰੂ ਮੇਰੀਆਂ ਅੱਖਾਂ ਵਿਚੋਂ ਵੀ ਮੁੱਕ ਗਏ ਸਨ। ਮੈਂ ਰੋ-ਰੋ ਆਪਣਾ ਗੁੱਸਾ ਕਦੇ ਜਸਟਿਨ ਤੇ ਕਦੇ ਰੱਬ ਉਤੇ ਕੱਢ ਹਟੀ ਸਾਂ। ਕਿਉਂ ਮੇਰੀ ਜ਼ਿੰਦਗੀ ਵਿਚ ਉਹ ਸਿਰਫ ਇਕ ਦਿਨ ਦੀ ਬਸੰਤ ਰੁੱਤ ਵਾਂਗ ਆਇਆ ਤੇ ਕਾ਼ਲੀ-ਬੋ਼ਲੀ ਹਨੇਰੀ ਵਾਂਗ ਸਭ ਕੁਝ ਬਿਖੇਰ ਕੇ ਲੋਪ ਹੋ ਗਿਆ।

ਸਭ ਤੋਂ ਵੱਧ ਗੁੱਸਾ ਤਾਂ ਰੱਬ 'ਤੇ ਸੀ ਪਰ ਫੇਰ ਸੋਚਦੀ ਹਾਂ ਕਿ ਰੱਬ-ਰੁੱਬ ਵਰਗੀ ਕੋਈ ਸ਼ੈਅ ਨਹੀਂ ਇਸ ਦੁਨੀਆ ਵਿਚ। ਜੇ ਸੱਚਮੁੱਚ ਦਾ ਕੋਈ ਰੱਬ ਹੋਵੇ ਤਾਂ ਇਸ ਤਰ੍ਹਾਂ ਦੀਆਂ ਬੇਇਨਸਾਫੀਆਂ ਤਾਂ ਕਦੇ ਵੀ ਨਾ ਹੋਣ। ਜਸਟਿਨ ਦੀ ਮੌਤ ਤੋਂ ਮਹੀਨੇ ਕੁ ਬਾਅਦ ਹੀ ਉਸ ਦੀ ਮਾਂ ਵੀ ਦਿਲ ਦੇ ਦੌਰੇ ਨਾਲ ਆਪਣੇ ਪੁੱਤਰ ਕੋਲ਼ ਚਲੇ ਗਈ ਸੀ। ਰੱਬ ਦੀ ਕਾਢ ਤਾਂ ਲੱਗਦੈ, ਚਲਾਕ ਲੋਕਾਂ ਨੇ ਆਪਣੇ ਫਾਇਦੇ ਲਈ ਕੱਢੀ ਹੋਣੀ ਆ ਕਿ ਰੱਬ ਦੇ ਨਾਂ 'ਤੇ ਲੋਕ ਲੜਦੇ-ਮਰਦੇ ਰਹਿਣ, ਮੱਥੇ ਟੇਕਦੇ, ਤਰਲੇ ਕੱਢਦੇ ਤੇ ਰੱਬ ਦੇ ਠੇਕੇਦਾਰਾਂ ਦੀਆਂ ਤਿਜੌਰੀਆਂ ਭਰਦੇ ਰਹਿਣ।

ਜਸਟਿਨ ਦੇ ਕਰੀਮੇਸ਼ਨ ਤੋਂ ਬਾਅਦ ਜਦ ਲੋਕ ਹਾਲ ਵਿਚੋਂ ਬਾਹਰ ਨਿਕਲ ਰਹੇ ਸਨ ਤਾਂ ਦਰਵਾਜ਼ੇ ਕੋ਼ਲ ਖੜਾ ਉਸ ਦਾ ਇਕ ਦੋਸਤ ਬਚੇ ਹੋਏ ਗੁਲਾਬਾਂ ਦੀਆਂ ਟਾਹਣੀਆਂ ਲੋਕਾਂ ਨੂੰ ਫੜਾ ਰਿਹਾ ਸੀ। ਬੇਧਿਆਨੇ ਜਿਹੇ ਹੀ ਉਸ ਮੈਨੂੰ ਵੀ ਇਕ ਟਾਹਣੀ ਫੜਾ ਦਿੱਤੀ ਪਰ ਜਿਉਂ ਹੀ ਉਸ ਨੇ ਮੇਰੀਆਂ ਪਥਰਾਈਆਂ ਜਿਹੀਆਂ ਅੱਖਾਂ ਵੱਲ ਵੇਖਿਆ, 'ਆਏ ਐਮ ਸੋ ਸੌਰੀ, ਸੁਖਬੀਰ', ਮੈਨੂੰ ਪਛਾਣਦੇ ਹੋਏ ਉਸ ਆਪਣੀਆਂ ਅੱਖਾਂ ਪੂੰਝੀਆਂ।

ਮੈਨੂੰ ਜਾਪਿਆ ਜਿਵੇਂ ਜਸਟਿਨ ਮੇਰੀ ਜ਼ਿੰਦਗੀ ਦੀ ਸਿਖਰ ਦੁਪਹਿਰੇ ਬੱਦਲ ਦੇ ਟੁਕੜੇ ਵਾਂਗ ਪਲ ਭਰ ਦੀ ਛਾਂ ਕਰ ਕੇ ਹਵਾ ਵਿਚ ਘੁ਼ਲ ਗਿਆ ਸੀ। ਮੈਨੂੰ ਹੁਣ ਬਿਲਕੁਲ ਯਾਦ ਨਹੀਂ ਕਿ ਮੈਂ ਉਸ ਦਿਨ ਘਰ ਕਿਵੇਂ ਪਹੁੰਚੀ ਸਾਂ ਪਰ ਇਹ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਉਹ ਗੁਲਾਬ ਦੀ ਕਲਮ ਆਪਣੇ ਘਰ ਦੇ ਦਰਵਾਜ਼ੇ ਕੋ਼ਲ ਕਿਆਰੀ ਵਿਚ ਗੱਡ ਦਿੱਤੀ ਸੀ ਜੋ ਛੇਤੀ ਹੀ ਪੁੰਗਰ ਕੇ ਫੁੱਲਾਂ ਨਾਲ ਲੱਦਿਆ ਬੂਟਾ ਬਣ ਗਈ ਤੇ ਜਿਸ ਦੀ ਮਹਿਕ ਸਾਰੇ ਚੌਗਿਰਦੇ ਵਿਚ ਫੈਲਣ ਲੱਗ ਪਈ ਸੀ। ਇਸ ਸੁੱਚੇ ਗੁਲਾਬ ਦਾ ਬੂਟਾ ਸੱਚਮੁੱਚ ਹੀ ਜਸਟਿਨ ਵਰਗਾ ਜਾਪਦਾ ਸੀ। ਸੱਚਾ-ਸੁੱਚਾ, ਤੇ ਪਿਆਰ ਦੀ ਸੁਗੰਧ ਨਾਲ ਭਰਪੂਰ।

ਜਸਟਿਨ ਦਾ ਚਾਰ ਦਿਨਾਂ ਦਾ ਸੁੱਚਾ ਪਿਆਰ ਤੇ ਉਸ ਦੀ ਹੋਂਦ ਦਾ ਅਹਿਸਾਸ ਉਮਰ ਭਰ ਮੇਰੇ ਨਾਲ ਰਿਹਾ ਸੀ। ਸਾਰੀ ਜ਼ਿੰਦਗੀ ਉਸ ਪਲ ਭਰ ਦੇ ਪਿਆਰ ਦੇ ਨਾਂ 'ਤੇ ਯੂਨੀਵਰਸਿਟੀ ਵਿਚ ਲੁਕੀਮੀਆ ਤੇ ਕੈਂਸਰ ਦੀਆਂ ਹੋਰ ਬਿਮਾਰੀਆਂ 'ਤੇ ਰਿਸਰਚ ਕਰਨ ਦੇ ਲੇਖੇ ਲਾ ਦਿੱਤੀ ਸੀ। ਲੈਬ ਵਿਚ ਕੰਮ ਕਰਦਿਆਂ ਸਾਲਾਂ ਦੇ ਸਾਲ ਬੀਤ ਗਏ ਸਨ। ਆਪਣੇ ਖੇਤਰ ਵਿਚ ਨਾਮ ਵੀ ਕਮਾਇਆ ਤੇ ਕਈ ਅਵਾਰਡ ਵੀ ਹਾਸਲ ਕੀਤੇ। ਦੁਨੀਆ ਦੇ ਸਾਰੇ ਸੁੱਖ, ਕਾਰਾਂ, ਘਰ, ਕੱਪੜੇ. ਸਭ ਕੁਝ ਦੀ ਬਹੁਤਾਤ, ਪਰ ਕੋਈ ਵੀ ਚੀਜ਼ ਜਸਟਿਨ ਨੂੰ ਮੋੜ ਕੇ ਨਾ ਲਿਆ ਸਕੀ।

ਬੈਕਯਾਰਡ ਵਿਚ ਖੜ੍ਹੀ ਸੋਚਾਂ ਵਿਚ ਡੁੱਬੀ ਹੋਈ ਦਾ ਧਿਆਨ ਘਰ ਦੇ ਪਿਛਵਾੜੇ ਵਾਲੀ ਪਹਾੜੀ ਵੱਲ ਜਾਂਦਾ ਹੈ। ਮੀਂਹ ਨਾ ਪਿਆ ਹੋਣ ਕਰਕੇ ਪਹਾੜੀ ਉਤਲਾ ਘਾਹ ਸੁੱਕ ਕੇ ਮਰੁੰਡ ਹੋਇਆ ਪਿਆ ਹੈ। ਚੀੜ੍ਹ ਦੇ ਰੁੱਖ ਤੇ ਬਹੁਤ ਪੁਰਾਣਾ ਓਕ ਦਾ ਰੁੱਖ ਉਦਾਸ ਜਿਹੇ ਖੜ੍ਹੇ ਪਾਣੀ ਨੂੰ ਤਰਸ ਰਹੇ ਹਨ। ਚੀੜ੍ਹ ਦੇ ਸੂਈਨੁਮਾ ਪੱਤੇ ਹਰੇ ਤੋਂ ਭੂਰੇ ਰੰਗ ਵਿਚ ਬਦਲ ਚੁੱਕੇ ਹਨ ਤੇ ਓਕ ਰੁੱਖ ਜਿਸ ਦੇ ਪੱਤੇ ਪੱਤਝੜ ਵਿਚ ਵੀ ਹਰੇ-ਭਰੇ ਰਹਿੰਦੇ, ਸੁੱਕ ਕੇ ਅਜੇ ਵੀ ਟਾਹਣੀਆਂ ਨਾਲ ਚਿੰਬੜੇ ਭੁੰਜੇ ਡਿੱਗਣ ਤੋਂ ਇਨਕਾਰੀ ਹੋਏ ਪਾਣੀ ਮੰਗ ਰਹੇ ਹਨ।

ਮੈਂ ਟੂਟੀ ਖੋਲ੍ਹ ਕੇ ਰੁੱਖਾਂ ਨੂੰ ਪਾਣੀ ਪਾਉਣ ਦੀ ਕੋਸ਼ਿਸ਼ ਕਰਦੀ ਹਾਂ ਪਰ ਰਬੜ ਦੀ ਨਾਲੀ (ਹੋਜ਼) ਤਾਂ ਅੱਧ ਵਿਚਕਾਰ ਵੀ ਨਹੀਂ ਪਹੁੰਚਦੀ, ਤੇ ਰੁੱਖ ਨਿਰਾਸ਼ ਖੜ੍ਹੇ ਮੇਰੇ ਵੱਲ ਤੱਕ ਰਹੇ ਮਹਿਸੂਸ ਹੁੰਦੇ ਹਨ।

ਇਕ ਦਮ ਪਿਆਸ ਨਾਲ ਮੇਰੇ ਬੁਲ੍ਹ ਸੁੱਕਣ ਲੱਗ ਪਏ ਹਨ, ਜਿਵੇਂ ਮੈਂ ਆਪ ਵੀ ਜੁਗਾਂ-ਜੁਗਾਂਤਰਾਂ ਤੋਂ ਪਿਆਸੀ ਹੋਵਾਂ। ਮੇਰੇ ਬੁੱਲ੍ਹ ਹੀ ਨਹੀਂ, ਮੇਰੀ ਰੂਹ ਵੀ ਇਕ ਬੂੰਦ ਪਾਣੀ ਲਈ ਤਰਸ ਰਹੀ ਹੈ। ਪਾਣੀ ਵਾਲੀ ਹੋਜ਼ ਮੇਰੇ ਕੰਬ ਰਹੇ ਹੱਥਾਂ ਵਿਚੋਂ ਤਿਲਕ ਕੇ ਡਿੱਗ ਪੈਂਦੀ ਹੈ। 'ਕੱਲ੍ਹ ਨੂੰ ਸੌ ਫੁੱਟ ਵਾਲੀ ਲੰਮੀ ਹੋਜ਼ ਲਿਆ ਕੇ ਪਾਣੀ ਪਾਵਾਂਗੀ। ਇਨ੍ਹਾਂ ਰੁੱਖਾਂ ਨੂੰ ਸੁੱਕਣ ਨਹੀ ਦੇਣਾ।' ਮੇਰੇ ਅੰਦਰੋਂ ਆਵਾਜ਼ ਆਉਂਦੀ ਹੈ।

ਆਪਣੇ ਝੁਰੜੀਆਂ ਭਰੇ ਹੱਥਾਂ ਵੱਲ ਵੇਖਦੀ ਹਾਂ। ਸੱਜੇ ਹੱਥ ਦੀ ਤਲੀ ਵੱਲ ਦੇਖਦਿਆਂ ਇੰਝ ਜਾਪਿਆ, ਜਿਵੇਂ ਇਸ ਉਤੇ ਉਸ ਨੇ ਹੁਣੇ ਹੀ 'ਜਸਟਿਨ' ਲਿਖਿਆ ਹੋਵੇ। ਮੇਰੇ ਸੁੱਕ ਰਹੇ ਬੁੱਲ੍ਹਾਂ 'ਤੇ ਧੀਮੀ ਜਿਹੀ ਮੁਸਕਰਾਹਟ ਫੈਲ ਜਾਂਦੀ ਹੈ।

# ਫੁੱਲ ਦਵਾ ਰੈਸਕਿਊ ਰੈਮਿਡੀ-ਸੰਜੀਵਨੀ

ਸਦੀਆਂ ਤੋਂ ਮੱਨੁਖ ਇਕ ਐਸੀ ਆਦਰਸ਼ ਦਵਾ ਦੀ ਭਾਲ ਵਿਚ ਹੈ, ਜੋ ਹਰ ਬਿਮਾਰੀ ਨੂੰ ਠੀਕ ਕਰ ਦਿੰਦੀ ਹੋਵੇ, ਪਰ ਅਜਿਹੀ ਦਵਾ ਇਕ ਸੰਕਲਪ ਤੋਂ ਵੱਧ ਕੁਝ ਨਹੀਂ ਹੈ। ਘੱਟੋ-ਘੱਟ ਆਧੁਨਿਕ ਮੈਡੀਕਲ ਵਿਗਿਆਨ ਤਾਂ ਇਸ ਦੀ ਪੁਸ਼ਟੀ ਨਹੀਂ ਕਰਦਾ। ਹਾਂ, ਮੈਡੀਕਲ ਸਾਇੰਸ ਨੇ ਵੱਖ ਵੱਖ ਹੋਰਮੋਨਾਂ ਨੂੰ ਕੈਮੀਕਲ ਢੰਗ ਨਾਲ ਸੰਜੋਅ ਕੇ ਸਟੀਰਾਇਡ (Steroids) ਦਵਾਈਆਂ ਜ਼ਰੂਰ ਬਣਾਈਆਂ ਹਨ, ਜਿਨ੍ਹਾਂ ਨੂੰ ਦਵਾ ਰੂਪ ਵਿਚ ਵਰਤ ਕੇ ਗੰਭੀਰ ਮਰੀਜ਼ ਨੂੰ ਵੀ ਬਚਾਇਆ ਜਾ ਸਕਦਾ ਹੈ ਪਰ ਇਹ ਦਵਾਈਆਂ ਅਤਿ ਗੰਭੀਰ ਹਾਲਤਾਂ ਵਿਚ ਹੀ ਦਿੱਤੀਆਂ ਜਾਂਦੀਆਂ ਹਨ ਤੇ ਉਥੇ ਵੀ ਵਾਰ-ਵਾਰ ਦਿੱਤਿਆਂ ਕੰਮ ਨਹੀਂ ਕਰਦੀਆਂ। ਇਸ ਲਈ ਇਹ ਆਮ ਤਕਲੀਫ ਲਈ ਨਹੀਂ ਵਰਤੀਆਂ ਜਾ ਸਕਦੀਆਂ।

ਭਾਰਤ ਵਿਚ ਇਲਾਜ ਪੱਖੋਂ ਸੰਜੀਵਨੀ ਦੀ ਧਾਰਨਾ ਬੜੀ ਪ੍ਰਚੱਲਿਤ ਹੈ। ਪੁਰਾਤਨ ਗ੍ਰੰਥਾਂ ਅਨੁਸਾਰ ਸੰਜੀਵਨੀ ਉਸ ਦਵਾ ਜਾਂ ਜੜੀ-ਬੂਟੀ ਦਾ ਨਾਂ ਹੈ, ਜਿਸ ਦੇ ਲੈਣ ਨਾਲ ਜ਼ਖਮੀ ਤੇ ਬੇਹੋਸ਼

**ਡਾ: ਗੋਬਿੰਦਰ ਸਿੰਘ ਸਮਰਾਓ**
**ਫੋਨ: 408-991-4249**

ਮੱਨੁਖ ਤੁਰੰਤ ਠੀਕ ਹੋ ਜਾਂਦਾ ਹੈ। ਇਸ ਬੂਟੀ ਦਾ ਜ਼ਿਕਰ ਕੇਵਲ ਡੂੰਘੇ ਜ਼ਖਮ ਤੇ ਮੂਰਛਾ ਠੀਕ ਕਰਨ ਦੇ ਸਬੰਧ ਵਿਚ ਹੀ ਮਿਲਦਾ ਹੈ, ਸਰਬਪੱਖੀ ਸਿਹਤ ਦੇ ਸਬੰਧ ਵਿਚ ਨਹੀਂ। ਪ੍ਰੰਪਰਾਗਤ ਤੌਰ 'ਤੇ ਇਸ ਦਵਾ ਦਾ ਨਾਂ ਭਾਵੇਂ ਸਭ ਨੂੰ ਪਤਾ ਹੈ ਪਰ ਲੱਗਦਾ ਹੈ ਕਿ ਇਸ ਨੂੰ ਕਿਸੇ ਨੇ ਦੇਖਿਆ ਦਿਖਾਇਆ ਨਹੀਂ ਹੈ। ਜੇ ਅਜਿਹਾ ਨਾ ਹੁੰਦਾ ਤਾਂ ਸਭ ਭਾਰਤੀਆਂ ਦੇ ਘਰਾਂ ਵਿਚ ਇਸ ਦੇ ਗਮਲੇ ਵੀ ਤੁਲਸੀ ਦੇ ਬੂਟਿਆਂ ਦੇ ਨਾਲ-ਨਾਲ ਰੱਖੇ ਮਿਲਦੇ।

ਉਂਜ ਹੋਮਿਓਪੈਥਿਕ ਮੈਟੀਰੀਆ ਮੈਡੀਕਾ ਵੱਲ ਧਿਆਨ ਮਾਰੀਏ ਤਾਂ ਸੰਜੀਵਨੀ ਦਾ ਪ੍ਰਤੀਰੂਪ ਕੈਲੰਡੂਲਾ (Calendula) ਹੈ, ਜੋ ਖੁੱਲ੍ਹੇ ਜ਼ਖਮਾਂ ਨੂੰ ਜੋੜ ਕੇ ਉਨ੍ਹਾਂ 'ਤੇ ਸੀਮਿੰਟ ਲਾ ਦਿੰਦਾ ਹੈ ਤੇ ਤਿੰਨ ਸਕਿੰਟਾਂ ਵਿਚ ਹੀ ਖੂਨ, ਪੀੜ ਆਦਿ ਬੰਦ ਕਰ ਦਿੰਦਾ ਹੈ ਪਰ ਪ੍ਰੰਪਰਾਗਤ ਭਾਰਤੀ ਇਸ ਗੱਲ ਤੋਂ ਵਾਕਫ ਨਹੀਂ, ਜੇ ਹੁੰਦੇ ਤਾਂ ਵੀ ਉਹ ਇਸ ਨੂੰ ਵਿਦੇਸ਼ੀ ਵਸਤੂ ਸਮਝ ਕੇ ਸੰਜੀਵਨੀ ਦਾ ਦਰਜਾ ਨਾ ਦਿੰਦੇ। ਪਰ ਇਹ ਵੀ ਕਿਸੇ ਨੂੰ ਪਤਾ ਨਹੀਂ ਕਿ ਕੈਲੰਡੂਲਾ ਗੇਂਦੇ ਦੇ ਫੁੱਲ ਦਾ ਰਸ ਹੈ। ਇਸ ਜਾਣਕਾਰੀ ਦੇ ਅਭਾਵ ਕਾਰਨ ਹੀ ਗੇਂਦੇ ਨੂੰ ਸਭ ਤੋਂ ਘਟੀਆ ਫੁੱਲ ਸਮਝ ਕੇ ਗਮਲਿਆਂ ਦੀ ਬਜਾਏ ਰਸਤਿਆਂ ਉੱਤੇ ਵਾੜਾਂ ਦੀ ਥਾਂ ਲਾਇਆ ਜਾਂਦਾ ਹੈ।

ਹੋਮਿਓਪੈਥੀ ਵਿਚ ਸਰਬਰੋਗ ਸਮਰੱਥ ਦਵਾ ਦੀ ਕੋਈ ਧਾਰਨਾ ਨਹੀਂ ਹੈ। ਇਸ ਅਨੁਸਾਰ ਹਰ ਮੱਨੁਖ ਦੀ ਬਿਮਾਰੀ ਜਾਂ ਸਿਹਤ-ਦੀ ਹਾਲਤ ਵੱਖੋ-ਵੱਖਰੀ ਹੁੰਦੀ ਹੈ, ਇਸ ਲਈ ਜਿਸ ਦੀ ਜੋ ਦਵਾਈ ਬਣੇ, ਉਸ ਲਈ ਉਹੀ ਦਵਾ ਸੰਜੀਵਨੀ ਹੈ। ਗੁੱਝੀ ਚੋਟ ਲਈ ਆਰਨੀਕਾ ਮੌਂਟ, ਖੂਨੀ ਜ਼ਖਮਾਂ ਲਈ ਕੈਲੰਡੂਲਾ, ਟੁੱਕੇ ਜ਼ਖਮਾਂ ਲਈ ਹਾਈਪੈਰੀਕਮ, ਸੂਈ, ਕੰਡੇ ਜਾਂ ਡੰਗ ਲਈ ਲੀਡਮ ਪਾਲ, ਬਲੱਡ ਪੌਇਜ਼ਨਿੰਗ ਲਈ ਕਰੋਟਾਲਸ ਹਾਰੀਡਸ, ਫੂਡ-ਪੌਇਜ਼ਨਿੰਗ ਲਈ ਆਰਸੈਨਿਕ ਐਲਬਮ, ਅਚਨਚੇਤ ਪ੍ਰਾਣ ਚਲੇ ਜਾਣ ਲਈ ਐਮਿਲ ਨਾਈਟ੍ਰੇਟ, ਸਨ-ਸਟ੍ਰੋਕ ਲਈ ਨੈਟਰਮ ਕਾਰਬ ਤੇ ਖੂਨ-ਵਹਾਅ ਤੋਂ ਬਾਅਦ ਕਮਜ਼ੋਰੀ (Blood Loss) ਲਈ ਹੈਮਾਮੈਲਿਸ ਜਿਹੀਆਂ ਦਵਾਈਆਂ ਜਾਨ ਬਚਾਉਣ ਲਈ ਆਮ ਦਿੱਤੀਆਂ ਜਾਂਦੀਆਂ ਹਨ। ਇਹ ਵਾਰ-ਵਾਰ ਦੇਣ 'ਤੇ ਵੀ ਕੰਮ ਕਰਦੀਆਂ ਹਨ ਪਰ ਇਨ੍ਹਾਂ ਨੂੰ ਸੰਜੀਵਨੀਆਂ ਕੋਈ ਨਹੀਂ ਕਹਿੰਦਾ। ਸਭ ਰੋਗਾਂ ਦਾ ਸਾਂਝਾ ਸਮਾਧਾਨ ਕਰਨ ਲਈ ਇਨ੍ਹਾਂ ਵਿਚ ਕੋਈ ਦਵਾ ਨਹੀਂ ਹੈ।

ਹਾਂ, ਸੰਜੀਵਨੀ ਦੇ ਨੇੜੇ ਦੀ ਜੇ ਕੋਈ ਦਵਾ ਹੈ ਤਾਂ ਉਹ ਬੈਚ ਫੁੱਲ ਪ੍ਰਣਾਲੀ ਦੀ ਰੈਸਕਿਊ ਰੈਮਿਡੀ (Rescue Remedy) ਹੈ, ਪਰ ਇਸ ਤੱਥ ਦਾ ਵੀ ਬਹੁਤਿਆਂ ਨੂੰ ਪਤਾ ਨਹੀਂ ਹੈ। ਜੇ ਪਤਾ ਹੋਵੇ ਵੀ ਤਾਂ ਵੀ ਇਹ ਗਮਲਿਆਂ ਵਿਚ ਨਹੀਂ ਉਗਾਈ ਜਾ ਸਕਦੀ। ਇਹ ਇਕ ਦਾ ਨਹੀਂ, ਪੰਜ ਪੌਦਿਆਂ ਤੋਂ ਪ੍ਰਾਪਤ ਕੀਤੇ ਤੱਤਾਂ ਦਾ ਮਿਸ਼ਰਣ ਹੈ। ਰੈਸਕਿਊ ਰੈਮਿਡੀ ਚੈਰੀ ਪਲੱਮ, ਕਲੀਮੈਟਿਸ, ਇੰਪੇਸੈਂਜ਼, ਰਾਕਰੋਜ਼ ਤੇ ਸਟਾਰ ਆਫ ਬੈਥਲੇਹੈਮ ਆਦਿ ਪੰਜ ਫੁੱਲ ਦਵਾਈਆਂ ਨੂੰ ਮਿਲਾ ਕੇ ਤਿਆਰ ਕੀਤੀ ਜਾਂਦੀ ਹੈ। ਇਹ ਸਭ ਦਵਾਈਆ ਉਨ੍ਹਾਂ ਗੰਭੀਰ ਹਾਲਤਾਂ ਵਿਚ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਮੱਨੁਖ ਦੀ ਜਾਨ 'ਤੇ ਬਣ ਆਈ ਹੁੰਦੀ ਹੈ। ਇਨ੍ਹਾਂ ਵਿਚੋਂ ਚੈਰੀ ਪਲੱਮ ਕਿਸੇ ਦੁਰਘਟਨਾ ਦੇ ਮਾਨਸਿਕ ਸਿੱਟਿਆਂ ਜਿਵੇਂ ਅਸਹਿ ਦਰਦ, ਬੇਚੈਨੀ, ਦੌਰੇ, ਕਮਲਾਪਣ, ਆਤਮ-ਹੱਤਿਆ ਦਾ ਫਤੂਰ ਆਦਿ ਤੋਂ ਬਚਾਉਂਦੀ ਹੈ।

ਕਲੀਮੈਟਿਸ ਕਿਸੇ ਗੰਭੀਰ ਹਾਦਸੇ ਦੀ ਨਾ ਹਟਣ ਵਾਲੀ ਯਾਦ ਨੂੰ ਤੋੜਦੀ ਹੈ। ਜਿਹੜੇ ਲੋਕ ਕਿਸੇ ਦੁਰਘਟਨਾ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਕੇ ਨੀਂਦ, ਚਿੰਤਾ ਤੇ ਗ਼ਮ ਵਿਚ ਗੁੰਮ-ਸੁੰਮ ਹੋਏ ਕੁਝ ਦਾ ਕੁਝ ਸੋਚਦੇ ਰਹਿੰਦੇ ਹਨ, ਉਹ ਇਸੇ ਨਾਲ ਠੀਕ ਹੁੰਦੇ ਹਨ। ਇਸੇ ਤਰ੍ਹਾਂ ਇੰਪੇਸੈਂਜ਼ ਦੁਰਘਟਨਾ ਤੋਂ ਬਾਅਦ ਪੈਦਾ ਹੋਈ ਘਬਰਾਹਟ, ਇਸ ਦੇ ਅਸਰਾਂ ਤੋਂ ਬਾਹਰ ਨਿਕਲਣ ਦੀ ਤੀਬਰ ਹੋੜ੍ਹ ਤੇ ਛੇਤੀ ਠੀਕ ਹੋਣ ਦੀ ਕਾਹਲ ਨੂੰ ਠੀਕ ਕਰਦੀ ਹੈ। ਰਾਕ ਰੋਜ਼ ਅਚਨਚੇਤ ਹਾਦਸੇ ਤੋਂ ਉਪਜੀ ਸਿਰ ਫਾੜਵੀਂ ਦਹਿਸ਼ਤ, ਡਰ, ਅਸ਼ਾਂਤੀ ਤੇ ਮਾਨਸਿਕ ਉਪਰਾਮਤਾ ਜਿਹੀਆਂ ਅਲਾਮਤਾਂ ਤੋਂ ਬਚਾਅ ਕਰਦੀ ਹੈ। ਸਟਾਰ ਆਫ ਬੈਥਲੇਹੈਮ ਕਿਸੇ ਦੁਰਘਟਨਾ ਜਾਂ ਨਾਖੁਸ਼ਗਵਾਰ ਸਥਿਤੀ ਤੋਂ ਪੈਦਾ ਹੋਈ ਬੇਹੋਸ਼ੀ ਨੂੰ ਤੋੜਦੀ ਹੈ ਅਤੇ ਇਸ ਦੇ ਮਾਨਸਿਕ ਅਤੇ ਸਰੀਰਕ ਆਘਾਤਾਂ ਦੇ ਫੌਰੀ ਤੇ ਚਿਰ ਸਥਾਈ ਪ੍ਰਭਾਵਾਂ ਨੂੰ ਦੂਰ ਕਰਦੀ ਹੈ। ਇਹ ਪੰਜੇ ਫੁੱਲ ਦਵਾਈਆਂ ਦੁਖਦਾਈ ਹਾਦਸਿਆਂ ਤੋਂ ਪੈਦਾ ਹੋਏ ਕਿਸੇ ਨਾ ਕਿਸੇ ਹਾਲਾਤ ਨਾਲ ਨਜਿੱਠਣ ਲਈ ਦਿੱਤੀਆਂ ਜਾਦੀਆਂ ਹਨ। ਇਨ੍ਹਾਂ ਪੰਜਾਂ ਨੂੰ ਰੈਸਕਿਊ ਰੈਮਿਡੀ ਵਿਚ ਇਕ ਥਾਂ ਇੱਕਠੇ ਕਰਨ ਨਾਲ ਇਕ ਅਜਿਹਾ ਬਚਾਉਪੂਰਨ ਕੱਵਚ ਬਣ ਜਾਂਦਾ ਹੈ, ਜੋ ਹਰ ਦੁਰਘਟਨਾ ਤੇ ਹਰ ਅਣਸੁਖਾਵੀਂ ਹਾਲਤ ਵਿਚ ਮੱਨੁਖ ਦੀ ਰੱਖਿਆ ਕਰਦਾ ਹੈ। ਡਾਕਟਰ ਮੋਹਨਰਾਜ ਟੇਟਰ ਤੇ ਸੋਹਨਲਾਲ ਜੈਨ ਤਾਂ ਇਸ ਦਵਾ ਨੂੰ ਸੱਚ-ਮੁੱਚ ਸੰਜੀਵਨੀ ਦਾ ਦਰਜਾ ਦਿੰਦੇ ਹਨ ਤੇ ਇਸੇ ਨਾਂ ਨਾਲ ਪੁਕਾਰਦੇ ਹਨ।



ਰੈਸਕਿਊ ਰੈਮਿਡੀ ਨੂੰ ਜਦੋਂ ਤੋਂ ਡਾਕਟਰ ਬੈਚ ਨੇ ਬਣਾਇਆ ਹੈ, ਉਦੋਂ ਤੋਂ ਹੀ ਇਹ ਇਕੋ ਪ੍ਰਕਾਰ ਦੀ ਪੀਲੇ ਲੇਬਲ ਵਾਲੀ ਸ਼ੀਸ਼ੀ ਵਿਚ ਵਿਕ ਰਹੀ ਹੈ। ਉਦੋਂ ਤੋਂ ਹੀ ਇਸ ਨੂੰ ਡਾਕਟਰ ਬੈਚ ਦੇ ਆਕਸਫੋਰਡਸਾਇਰ ਇਲਾਕੇ ਵਿਚ ਮਾਊਂਟ ਵਰਨਨ ਵਾਲੇ ਬਗੀਚੇ ਵਿਚ ਉਗਾਏ ਤੇ ਹੱਥੀਂ ਤੋੜੇ ਫੁੱਲਾਂ ਤੋਂ ਬਣਾਇਆ ਜਾਂਦਾ ਹੈ। ਉਦੋਂ ਤੋਂ ਹੀ ਇਸ ਨੂੰ ਵਿੰਬਲਡਨ ਸਥਿਤ ਨੈਲਸਨ ਫੈਕਟਰੀ ਵਿਚ ਤਿਆਰ ਕਰ ਕੇ ਦੁਨੀਆਂ ਭਰ ਵਿਚ ਭੇਜਿਆ ਜਾਂਦਾ ਹੈ। ਇਹ ਉਹੋ ਕੰਪਨੀ ਹੈ, ਜਿਸ ਨੂੰ ਡਾਕਟਰ ਬੈਚ ਨੇ ਖੁਦ ਇਸ ਦਵਾਈ ਨੂੰ ਬਣਾਉਣ ਤੇ ਵੇਚਣ ਦੇ ਅਧਿਕਾਰ ਦਿੱਤੇ ਸਨ। ਅੱਜ-ਕੱਲ੍ਹ ਇਹ ਦਵਾਈ ਦਰਜਨਾਂ ਕਿਸਮਾਂ ਤੇ ਨਾਵਾਂ ਨਾਲ ਵੇਚੀ ਜਾਂਦੀ ਹੈ। ਕਈ ਨਾਂ ਬਿਮਾਰੀ ਅਨੁਸਾਰ, ਕਈ ਮਰੀਜ਼ ਦੇ ਉਮਰ-ਗਰੁੱਪ ਅਨੁਸਾਰ ਤੇ ਕਈ ਦਵਾ ਦੀ ਅਵਸਥਾ ਨਾਲ ਜੋੜ ਕੇ ਰੱਖੇ ਹੋਏ ਹਨ। ਇੱਥੋਂ ਤੀਕਰ ਕਿ ਜਾਨਵਰਾਂ, ਪੌਦਿਆਂ ਤੇ ਫ਼ਸਲਾਂ ਲਈ ਵੀ ਰੈਸਕਿਊ ਰੈਮਿਡੀ ਦੀਆਂ ਵੱਖ-ਵੱਖ ਕਿਸਮਾਂ ਬਣੀਆਂ ਹੋਈਆਂ ਹਨ। ਕੰਮ ਸਭ ਦਾ ਇਕੋ ਹੈ, ਫੌਰੀ ਸੁਰੱਖਿਆ ਪ੍ਰਦਾਨ ਕਰਨਾ। ਇਹ ਪਤਾ ਨਹੀਂ ਚੱਲਦਾ ਕਿ ਡਾਕਟਰ ਬੈਚ ਨੇ ਇਸ ਦਵਾਈ ਨੂੰ ਕਿਹੜੇ ਸਾਲ ਬਣਾਇਆ ਸੀ ਪਰ ਅੰਦਾਜ਼ਾ ਇਹ ਹੈ ਕਿ ਇਹ 1930ਵਿਆਂ ਦੇ ਦੂਜੇ ਅੱਧ ਵਿਚ ਬਣਾਈ ਗਈ ਸੀ। ਇਸ ਅਨੁਮਾਨ ਦਾ ਆਧਾਰ ਇਹ ਹੈ ਕਿ ਉਸ ਦੀ ਪੁਸਤਕ ਦੇ ਪਹਿਲੇ ਸੰਸਕਰਣਾਂ ਵਿਚ ਰੈਸਕਿਊ ਸ਼ਬਦ ਕਿਤੇ-ਕਿਤੇ ਦੂਜੀਆਂ ਦਵਾਈਆਂ ਨਾਲ ਵੀ ਲਿਖਿਆ ਮਿਲਦਾ ਹੈ ਪਰ ਅੰਤਲੇ ਸੰਸਕਰਣਾਂ ਵਿਚ ਉਸ ਨੂੰ ਉੱਥੋਂ ਹਟਾ ਕੇ ਸਿਰਫ਼ ਰੈਸਕਿਊ ਰੈਮਿਡੀ ਲਈ ਹੀ ਵਰਤਿਆ ਹੋਇਆ ਹੈ।

ਰੈਸਕਿਊ ਰੈਮਿਡੀ ਨੂੰ ਐਮਰਜੈਂਸੀ ਜਾਂ ਆਪਾਤਕਾਲੀਨ ਦਵਾਈ ਕਿਹਾ ਜਾਂਦਾ ਹੈ। ਇਸ ਲਈ ਇਸ ਦਾ ਵਧੇਰੇ ਇਸਤੇਮਾਲ ਗੰਭੀਰ ਦੁਰਘਟਨਾਵਾਂ ਤੇ ਦਿਲ ਕੰਬਾਊ ਹਾਦਸਿਆਂ ਵਿਚ ਕੀਤਾ ਜਾਂਦਾ ਹੈ। ਇਹ ਹਾਦਸੇ ਸੜਕਾਂ ਹਾਦਸੇ ਵੀ ਹੋ ਸਕਦੇ ਹਨ ਤੇ ਦਹਿਸ਼ਤ ਭਰਪੂਰ ਸਦਮਿਆਂ ਵਾਲੇ ਹੋਰ ਹਾਲਾਤ ਵੀ, ਜੋ ਘੜੀ ਦੀ ਘੜੀ ਮੱਨੁਖ ਦੇ ਹੋਸ਼ ਉਡਾ ਦਿੰਦੇ ਹਨ। ਸੜਕ ਹਾਦਸਿਆਂ ਵਿਚ ਕਈ ਲੋਕ ਜ਼ਖਮੀ ਹੋ ਜਾਂਦੇ ਹਨ ਤੇ ਕਈ ਮਰ ਜਾਂਦੇ ਹਨ। ਚਾਰੇ ਪਾਸੇ ਡਰ ਤੇ ਦੁੱਖ ਦਾ ਮਾਹੌਲ ਹੁੰਦਾ ਹੈ। ਕਈ ਜ਼ਖਮੀ ਕੰਬ ਰਹੇ ਹੁੰਦੇ ਹਨ ਤੇ ਕਈ ਮਰਨ ਕਿਨਾਰੇ ਚਲੇ ਜਾਂਦੇ ਹਨ। ਨੇੜੇ-ਤੇੜੇ ਬਚਾਓ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਬਹੁਤੇ ਵਾਹਨਾਂ ਵਿਚ ਤਾਂ ਮੁੱਢਲੀ ਸਹਾਇਤਾ ਤੇ ਪੱਟੀ ਦਾ ਪ੍ਰਬੰਧ ਵੀ ਨਹੀਂ ਹੁੰਦਾ। ਅਜਿਹੇ ਸਮੇਂ ਦਿੱਤੀ ਰੈਸਕਿਊ ਰੈਮਿਡੀ ਬੇਹੋਸ਼ਾਂ ਨੂੰ ਹੋਸ਼ ਵਿਚ ਲਿਆ ਦੇਵੇਗੀ, ਮਰ ਰਹਿਆਂ ਨੂੰ ਬਚਾ ਲਵੇਗੀ, ਜ਼ਖਮੀਆਂ ਦਾ ਖੂਨ ਬੰਦ ਕਰ ਦੇਵੇਗੀ ਤੇ ਸਦਮਾ-ਗ੍ਰਸਤਾਂ ਨੂੰ ਹੌਸਲਾ ਦੇ ਕੇ ਹਾਲਾਤ ਨਾਲ ਨੱਜਿਠਣ ਦੇ ਕਾਬਲ ਬਣਾ ਦੇਵੇਗੀ। ਜਿਨ੍ਹਾਂ ਜ਼ਖਮੀਆਂ ਦੇ ਅੰਗ ਚਲੇ ਜਾਣ ਜਾਂ ਜਿਹੜੇ ਇਸ ਅਣਹੋਣੀ ਨਾਲ ਮਾਨਸਿਕ ਤੌਰ 'ਤੇ ਹਿੱਲ ਜਾਣ, ਇਹ ਦਵਾ ਉਨ੍ਹਾਂ ਨੂੰ ਯਥਾਰਥ ਦੇ ਨੇੜੇ-ਤੇੜੇ ਰੱਖ ਕੇ ਵਾਧੂ ਦੁੱਖ ਤੋਂ ਨਿਜ਼ਾਤ ਦਿਵਾਏਗੀ।

ਹਾਦਸਿਆਂ ਦਾ ਸੋਗ ਸਮਾਚਾਰ ਜਦੋਂ ਮ੍ਰਿਤਕਾਂ ਤੇ ਜ਼ਖਮੀਆਂ ਦੇ ਘਰ ਪਹੁੰਚਦਾ ਹੈ ਤਾਂ ਉੱਥੋਂ ਦੀ ਸਥਿਤੀ ਹੋਰ ਦੁਖਦਾਇਕ ਤੇ ਹਿਰਦੇ-ਵੇਧਕ ਬਣ ਜਾਂਦੀ ਹੈ। ਸਕੇ ਸਬੰਧੀ ਰੋ-ਰੋ ਕੇ ਬੁਰਾ ਹਾਲ ਕਰ ਲੈਂਦੇ ਹਨ ਤੇ ਰਿਸ਼ਤੇਦਾਰ ਸਦਮੇ ਵਿਚ ਡੁੱਬ ਜਾਂਦੇ ਹਨ। ਬੱਚੇ ਕੁਰਲਾਉਂਦੇ ਹਨ ਤੇ ਛੋਟੇ ਬਾਲਾਂ ਦੀਆਂ ਅਣਭੋਲ ਸੂਰਤਾਂ ਆਪਣੇ-ਆਪ ਵਿਚ ਡੂੰਘੇ ਸੰਤਾਪ ਦਾ ਪ੍ਰਗਟਾਵਾ ਬਣ ਜਾਂਦੀਆਂ ਹਨ। ਕਈ-ਕਈ ਦਿਨ ਲੋਕ ਦੁੱਖ ਸਾਂਝਾ ਕਰਨ ਲਈ ਆਉਂਦੇ-ਜਾਂਦੇ ਰਹਿੰਦੇ ਹਨ ਪਰ ਜਿਨ੍ਹਾਂ 'ਤੇ ਬੀਤੀ ਹੁੰਦੀ ਹੈ, ਉਹ ਧੀਰਜ ਨਹੀਂ ਧਰਦੇ। ਇਸ ਹਾਲਤ ਵਿਚ ਦੁਖੀ ਪਰਿਵਾਰਜਨਾਂ ਨੂੰ ਧਰਵਾਸ ਦੇਣ ਲਈ ਜੇ ਥੋੜਾ ਕੁਝ ਵੀ ਕੀਤਾ ਜਾ ਸਕੇ ਤਾਂ ਉਹ ਬਹੁਤ ਵੱਡੀ ਰਾਹਤ ਬਣ ਸਕਦਾ ਹੈ। ਇਸ ਕੰਮ ਲਈ ਰੈਸਕਿਊ ਰੈਮਿਡੀ ਤੋਂ ਵਧ ਕੇ ਕੁਝ ਨਹੀਂ ਹੈ। ਇਹ ਵਿੱਛੜੀਆਂ ਰੂਹਾਂ ਨੂੰ ਤਾਂ ਮੋੜ ਕੇ ਵਾਪਸ ਨਹੀਂ ਲਿਆ ਸਕਦੀ ਪਰ ਜਿਨ੍ਹਾਂ ਨੂੰ ਸਦਮਾ ਲੱਗਿਆ ਹੁੰਦਾ ਹੈ, ਉਨ੍ਹਾਂ ਦਾ ਦੁੱਖ ਜ਼ਰੂਰ ਹਲਕਾ ਕਰ ਦੇਵੇਗੀ। ਇਹ ਉਨ੍ਹਾਂ ਨੂੰ ਆਪਣੇ ਹੋਸ਼ੋ-ਹਵਾਸ ਵਿਚ ਰੱਖ ਕੇ ਕੁਦਰਤ ਦਾ ਭਾਣਾ ਮੰਨਣ ਦੇ ਕਾਬਲ ਬਣਾ ਦੇਵੇਗੀ। ਇਸ ਨਾਲ ਉਹ ਆਪਣੇ ਜੀਵਨ ਦੀਆਂ ਗਤੀਵਿਧੀਆਂ ਵਿਚ ਫਿਰ ਜੁੜ ਜਾਣਗੇ ਤੇ ਤੁਰ ਗਿਆਂ ਪ੍ਰਤੀ ਮਨ ਵਿਚ ਨਰੋਏ ਭਾਵ ਪੈਦਾ ਕਰਨਗੇ।

ਆਪਾਤਕਾਲੀਨ ਸਥਿਤੀ ਕੇਵਲ ਸੜਕੀ ਹਾਦਸੇ ਦੀ ਹੀ ਨਹੀਂ ਹੁੰਦੀ, ਹੋਰ ਵੀ ਅਜਿਹੀਆਂ ਬਹੁਤ ਸਾਰੀਆਂ ਹਾਲਤਾਂ ਹੁੰਦੀਆਂ ਹਨ, ਜਦੋਂ ਮੱਨੁਖ ਨੂੰ ਦੁਖਦਾਈ ਝਟਕੇ ਲਗਦੇ ਹਨ। ਕਿਸੇ ਦੇ ਮਰਨ ਦੀ ਅਚਨਚੇਤ ਖ਼ਬਰ ਆ ਜਾਵੇ, ਕਿਸੇ ਦੇ ਫੇਲ੍ਹ ਹੋਣ ਦਾ ਪਤਾ ਚਲੇ, ਆਪਣੇ ਹੀ ਕੈਂਸਰ ਨਾਲ ਪੀੜਤ ਹੋਣ ਦੀ ਰਿਪੋਰਟ ਮਿਲੇ, ਕਚਹਿਰੀ ਵਿਚ ਕੇਸ ਹਾਰਨ ਦਾ ਸਮਾਚਾਰ ਮਿਲੇ, ਬੈਠਿਆਂ-ਬੈਠਿਆਂ ਦਿਲ ਦਾ ਦੌਰਾ ਪਵੇ, ਡਾਕਟਰ ਗੁਰਦੇ ਫੇਲ੍ਹ ਹੋਣ ਦੀ ਸੂਚਨਾ ਦੇਵੇ, ਘਰ ਵਿਚ ਚੋਰੀ ਹੋ ਜਾਵੇ, ਬੈਂਕ ਅਕਾਊਂਟ ਨੂੰ ਕ੍ਰੈਡਿਟ ਕਾਰਡਾਂ ਵਾਲੇ ਚੋਰ ਲੁੱਟ ਲੈਣ, ਘਰ ਦਾ ਕੋਈ ਜੀਅ ਅਗਵਾ ਕਰ ਲਿਆ ਜਾਵੇ ਆਦਿ ਸਭ ਫੌਰੀ ਸਦਮਾ ਦੇਣ ਵਾਲੀਆਂ ਘਟਨਾਵਾਂ ਹਨ। ਘਰ ਵਿਚ ਲੜਾਈ-ਝਗੜਾ ਤੇ ਮਨ-ਮੁਟਾਵ ਤਾਂ ਆਮ ਹੋ ਜਾਂਦੇ ਹਨ ਪਰ ਕਦ-ਕਦੇ ਇਹ ਮਾਨਸਿਕ ਸ਼ਾਂਤੀ ਵੀ ਭੰਗ ਕਰ ਦਿੰਦੇ ਹਨ। ਇਸ ਤੋਂ ਇਲਾਵਾ ਹਜ਼ਾਰਾਂ ਹੋਰ ਅਜਿਹੀਆਂ ਗੱਲਾਂ ਵਾਪਰ ਸਕਦੀਆਂ ਹਨ, ਜੋ ਮੱਨੁਖ ਦਾ ਮਾਨਸਿਕ ਸੰਤੁਲਨ ਵਿਗਾੜ ਸਕਦੀਆਂ ਹਨ। ਇਨ੍ਹਾਂ ਸਭ ਹਾਲਤਾਂ ਵਿਚ ਦਿਲ-ਦਿਮਾਗ਼ ਨੂੰ ਸਹੀ ਸਲਾਮਤ ਰੱਖਣ ਲਈ ਰੈਸਕਿਊ ਰੈਮਿਡੀ ਜ਼ੋਰਦਾਰ ਭੂਮਿਕਾ ਨਿਭਾਉਂਦੀ ਹੈ। ਪਹਿਲੀ ਖੁਰਾਕ ਨਾਲ ਹੀ ਪੂਰੀ ਰਾਹਤ ਮਿਲ ਜਾਂਦੀ ਹੈ। ਪਰ ਜੇ ਦਿਨ ਵਿਚ ਦੋ-ਤਿੰਨ ਖੁਰਾਕਾਂ ਹੋਰ ਲੈ ਲਈਆਂ ਜਾਣ ਤਾਂ ਮਾਨਸਿਕ ਚੋਟਾਂ ਦੇ ਦੀਰਘਕਾਲੀਨ ਪ੍ਰਭਾਵ ਵੀ ਪੱਕੇ ਤੌਰ 'ਤੇ ਖਤਮ ਹੋ ਜਾਂਦੇ ਹਨ।




ਕਈ ਵਾਰ ਹੜ੍ਹ-ਭੂਚਾਲ ਆ ਜਾਂਦੇ ਹਨ ਤੇ ਮਹਾਮਾਰੀਆਂ ਫੈਲ ਜਾਂਦੀਆਂ ਹਨ। ਕਦੇ ਅੱਗ ਲੱਗ ਜਾਂਦੀ ਹੈ ਤੇ ਕਦੇ ਭੀੜਾਂ ਬੇਕਾਬੂ ਹੋ ਕੇ ਬਦਅਮਨੀ ਫੈਲਾਉਂਦੀਆਂ ਹਨ। ਅਜਿਹੀਆਂ ਸਮਾਜਿਕ ਆਫ਼ਤਾਂ ਨੂੰ ਜਿਹੜੇ ਕਰਮਚਾਰੀ ਤੇ ਪ੍ਰਸ਼ਾਸਨਿਕ ਅਧਿਕਾਰੀ ਸੰਭਾਲਦੇ ਹਨ, ਉਨ੍ਹਾਂ ਨੂੰ ਡਰ, ਭੈਅ, ਥਕਾਨ ਤੇ ਪ੍ਰੇਸ਼ਾਨੀ ਦੀ ਸਥਿਤੀ ਵਿਚੋਂ ਗੁਜ਼ਰਨਾ ਪੈਂਦਾ ਹੈ। ਉਨ੍ਹਾਂ ਉੱਤੇ ਬਹੁਤ ਸਰੀਰਕ ਤੇ ਮਾਨਸਿਕ ਤਣਾਅ ਬਣਦਾ ਹੈ। ਜੇ ਉਨ੍ਹਾਂ ਦੀਆਂ ਇਨ੍ਹਾਂ ਤਕਲੀਫਾਂ ਨੂੰ ਸਮਝਿਆ ਨਾ ਜਾਵੇ ਤਾਂ ਉਹ ਅੱਕ-ਥੱਕ ਕੇ ਕੰਮ ਛੱਡ ਸਕਦੇ ਹਨ। ਰੈਸਕਿਊ ਰੈਮਿਡੀ ਇਨ੍ਹਾਂ ਸਭ ਹਾਲਤਾਂ ਵਿਚ ਤਸੱਲੀਬਖਸ਼ ਇਲਾਜ ਹੈ। ਇਸ ਦੀ ਇਕ-ਇਕ ਗੋਲੀ ਦੇਣ ਨਾਲ ਆਫਤਾਂ ਨਾਲ ਹੀ ਜੂਝਦੇ ਕਰਮਚਾਰੀਆਂ ਵਿਚ ਨਵੀਂ ਸ਼ਕਤੀ ਆ ਜਾਵੇਗੀ।

ਇਹੀ ਨਹੀਂ, ਇਹ ਫੁੱਲ ਦਵਾ ਪ੍ਰੇਸ਼ਾਨੀ ਦੀਆਂ ਉਨ੍ਹਾਂ ਘੜੀਆਂ ਲਈ ਵੀ ਉੱਤਮ ਹੈ, ਜਿਨ੍ਹਾਂ ਵਿਚੋਂ ਦੀ ਪ੍ਰੀਖਿਆਵਾਂ ਤੇ ਨੌਕਰੀਆਂ ਦੇ ਉਮੀਦਵਾਰ ਆਮ ਗੁਜ਼ਰਦੇ ਹਨ। ਵਿਦਿਆਰਥੀਆਂ ਨੂੰ ਪਹਿਲਾਂ ਇਮਤਿਹਾਨ ਦਾ ਡਰ ਲੱਗਾ ਰਹਿੰਦਾ ਹੈ ਤੇ ਫਿਰ ਪਾਸ ਨਾ ਹੋਣ ਦਾ। ਜਿਹੜੇ ਪਾਸ ਹੋਣ ਦੀ ਆਸ ਰੱਖਦੇ ਹਨ, ਉਨ੍ਹਾਂ ਨੂੰ ਆਪਣੀ ਡਿਵੀਜ਼ਨ ਦਾ ਤੌਖਲਾ ਰਹਿੰਦਾ ਹੈ। ਨੌਕਰੀਆਂ ਲੈਣ ਵਾਲੇ ਇੰਟਰਵਿਊ ਦੇ ਡਰ ਨਾਲ ਕੰਬਦੇ ਰਹਿੰਦੇ ਹਨ ਲੋਕਾਂ ਨੂੰ ਸੰਬੋਧਨ ਕਰਨ ਤੇ ਭਾਸ਼ਣ ਦੇਣ ਵਾਲਿਆਂ ਨੂੰ 'ਸਟੇਜ਼-ਖੌਫ਼' ਖਾਂਦਾ ਹੈ। ਕਈ ਕੰਬਣ ਲੱਗ ਜਾਂਦੇ ਹਨ, ਕਈਆਂ ਦੇ ਚਿਹਰਿਆਂ 'ਤੇ ਹਵਾਈਆਂ ਉੱਡਣ ਲਗ ਜਾਂਦੀਆਂ ਹਨ ਅਤੇ ਕਈ ਉੱਥੇ ਹੀ ਢਹਿ-ਢੇਰੀ ਹੋ ਜਾਂਦੇ ਹਨ। ਕਈ ਵਾਰ ਉਹ ਬੋਲਦੇ-ਬੋਲਦੇ ਚੁੱਪ ਹੋ ਜਾਂਦੇ ਹਨ ਜਾਂ ਵਿਸ਼ੇ ਤੋਂ ਭਟਕ ਕੇ ਬੇਤੁਕੀਆਂ ਮਾਰਨ ਲੱਗ ਜਾਂਦੇ ਹਨ। ਅਜਿਹੇ ਲੋਕਾਂ ਦੇ ਮਾਨਸਿਕ ਸੰਤੁਲਨ ਨੂੰ ਬਣਾਈ ਰੱਖਣ ਲਈ ਰੈਸਕਿਊ ਰੈਮਿਡੀ ਤੋਂ ਵੱਧ ਹੋਰ ਕੋਈ ਦਵਾ ਨਹੀਂ ਹੈ।

ਇਕ ਆਮ ਕਿਸਮ ਦੀ ਚਿੰਤਾ, ਜੋ ਕਈ ਲੋਕਾਂ ਵਿਚ ਆਮ ਦੇਖਣ ਨੂੰ ਮਿਲਦੀ ਹੈ, ਉਹ ਇਹ ਹੈ ਕਿ ਜਦੋਂ ਉਹ ਕਿਸੇ ਡਾਕਟਰ ਕੋਲ ਚੈਕਅੱਪ ਕਰਵਾਉਣ ਜਾਂਦੇ ਹਨ ਤਾਂ ਬਹੁਤ ਡਰਦੇ ਹਨ ਕਿ ਉਨ੍ਹਾਂ ਨੂੰ ਕੋਈ ਭਿਆਨਕ ਰੋਗ ਨਾ ਨਿਕਲ ਆਵੇ। ਇਸ ਕਾਰਨ ਅੱਵਲ ਤਾਂ ਉਹ ਡਾਕਟਰ ਕੋਲ ਜਾਂਚ ਕਰਵਾਉਣ ਜਾਂਦੇ ਹੀ ਨਹੀਂ ਤੇ ਜੇ ਜਾਂਦੇ ਹਨ ਤਾਂ ਉਨ੍ਹਾਂ ਦੇ ਬੱਲਡ ਪ੍ਰੈਸ਼ਰ, ਸ਼ੂਗਰ ਤੇ ਕੋਲੈਸਟ੍ਰੌਲ ਦੇ ਅੰਕੜੇ ਪਹਿਲਾਂ ਨਾਲੋਂ ਵੀ ਵਧ ਆਉਂਦੇ ਹਨ। ਡਾਕਟਰ ਉਨ੍ਹਾਂ ਦੀ ਦਵਾਈ ਦੀ ਮਾਤਰਾ ਵਧਾ ਦਿੰਦਾ ਹੈ ਤੇ ਉਹ ਨਵੀਂ ਪ੍ਰੇਸ਼ਾਨੀ ਨਾਲ ਘਰ ਮੁੜਦੇ ਹਨ। ਇਹ ਲੋਕ ਵੀ ਰੈਸਕਿਊ ਰੈਮਿਡੀ ਤੋਂ ਲਾਭ ਉਠਾ ਸਕਦੇ ਹਨ। ਜਾਂਚ ਤੋਂ ਪਹਿਲਾਂ ਲਈ ਹੋਈ ਇਕੋ ਗੋਲੀ ਉਨ੍ਹਾਂ ਦੇ ਮੁੱਖੜੇ ਦੀ ਮੁਸਕੁਰਾਹਟ ਕਾਇਮ ਰੱਖੇਗੀ ਤੇ ਉਨ੍ਹਾਂ ਦੇ ਸਰੀਰ ਅੰਦਰਲੀਆਂ ਪ੍ਰਕਿਰਿਆਵਾਂ ਨੂੰ ਨਿਯੰਤਰਨ ਵਿਚ ਰੱਖ ਕੇ ਉਨ੍ਹਾਂ ਦੇ ਜਾਂਚ ਨਤੀਜੇ ਸਹੀ ਪ੍ਰਗਟਾਵੇਗੀ।

ਮੈਂ ਕਦੇ ਕੋਈ ਟੈਸਟ ਨਹੀਂ ਕਰਵਾਉਂਦਾ ਤੇ ਨਾ ਹੀ ਕਦੇ ਕੋਈ ਦਵਾਈ ਖਾਂਦਾ ਹਾਂ। ਦਰਅਸਲ ਮੈਨੂੰ ਕਦੇ ਮਹਿਸੂਸ ਹੀ ਨਹੀਂ ਹੋਇਆ ਕਿ ਮੈਂ ਕਿਸੇ ਪਾਸਿਓਂ ਢਿੱਲਾ ਹਾਂ ਤੇ ਹਸਪਤਾਲ ਜਾਵਾਂ। ਪਰ ਮੇਰੀ ਚੰਗੀ ਸਿਹਤ ਦਾ ਇਹ ਪੱਖ ਮੇਰੇ ਲੜਕੇ ਲਈ ਚਿੰਤਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਦੋ ਸਾਲ ਪਹਿਲਾਂ ਮੈਨੂੰ ਕਹਿਣ ਲੱਗਿਆ, 'ਡੈਡੀ ਤੁਹਾਡੀ ਇੰਸ਼ੋਰੈਂਸ ਬਣੀ ਹੋਈ ਹੈ ਕਦੇ ਡਾਕਟਰ ਕੋਲ ਤਾਂ ਜਾ ਆਇਆ ਕਰੋ।' ਮੈਂ ਉਸ ਨੂੰ ਕਿਹਾ, 'ਕਾਕਾ ਜਦੋਂ ਮੈਂ ਠੀਕ ਹਾਂ ਤਾਂ ਡਾਕਟਰ ਕੋਲ ਐਵੇਂ ਚਲਾ ਜਾਵਾਂ।' ਉਹ ਬੋਲਿਆ, 'ਡੈਡੀ, ਕਈ ਭਿਆਨਕ ਬਿਮਾਰੀਆਂ ਚੰਗੇ ਭਲਿਆਂ ਨੂੰ ਹੀ ਲੱਗ ਜਾਂਦੀਆਂ ਹਨ। ਇਹ ਗਲਤੀ ਨਾ ਕਰੋ ਜੀ, ਜਾ ਕੇ ਆਓ।' ਉਸ ਨੇ ਫੋਨ ਕਰ ਕੇ ਮੇਰੀ ਅਪਾਇੰਟਮੈਂਟ ਬੁੱਕ ਕਰਵਾ ਦਿੱਤੀ ਤੇ ਮੈਨੂੰ ਹਸਪਤਾਲ ਲੈ ਕੇ ਜਾਣ ਦੀ ਜ਼ਿੰਮੇਵਾਰੀ ਮੇਰੀ ਪਤਨੀ ਦੀ ਲਾ ਦਿੱਤੀ, ਜੋ 'ਚੋਰ ਨਾਲੋਂ ਪੰਡ ਕਾਹਲੀ' ਵਾਂਗ ਮੈਨੂੰ ਲੈ ਕੇ ਹਿੱਲੀ।

ਭਾਵੇਂ ਮੈਂ ਬਿਲਕੁਲ ਤੰਦਰੁਸਤ ਸਾਂ ਪਰ ਮੈਨੂੰ ਇਸ ਗੱਲ ਦਾ ਤੌਖਲਾ ਸੀ ਕਿ ਜੇ ਕਿਸੇ ਟੈਸਟ ਵਿਚ ਕੁਝ ਵੱਧ-ਘੱਟ ਆ ਗਿਆ ਤਾਂ ਡਾਕਟਰ ਨੇ ਮੈਨੂੰ ਬਲੱਡ ਪ੍ਰੈਸ਼ਰ, ਸ਼ੂਗਰ, ਕੋਲੈਸਟ੍ਰੋਲ ਆਦਿ ਦੀ ਪੱਕੀ ਦਵਾਈ ਖਾਣ ਲਈ ਲਾ ਦੇਣੀ ਹੈ। ਇਸ ਲਈ ਮੈਂ ਘਰੋਂ ਰੈਸਕਿਊ ਰੈਮਿਡੀ ਦੀ ਇਕ ਖੁਰਾਕ ਖਾ ਕੇ ਗਿਆ ਤੇ ਇਕ ਗੋਲੀ ਹਸਪਤਾਲ ਜਾ ਕੇ ਖਾ ਲਈ। ਇਹ ਦਵਾ ਲੈਣ ਨਾਲ ਮੈਂ ਨਿਧੜਕ ਹੋ ਕੇ ਡਾਕਟਰ ਕੋਲ ਚਲਾ ਗਿਆ। ਡਾਕਟਰ ਮੇਰੇ ਲੜਕੇ ਨੂੰ ਜਾਣਦਾ ਸੀ ਇਸ ਲਈ ਉਸ ਨੇ ਮਿਲਦਿਆਂ ਹੀ ਕਿਹਾ, 'ਤੁਹਾਡਾ ਬੇਟਾ ਤੁਹਾਡੀ ਸਿਹਤ ਦੀ ਬੜੀ ਚਿੰਤਾ ਕਰਦਾ ਹੈ। ਕਹਿੰਦਾ ਸੀ ਜੇ ਕੁਝ ਸੀਰੀਅਸ ਹੋਵੇ ਤਾਂ ਮੈਨੂੰ ਦੱਸਣਾ। ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਤੁਹਾਡੀ ਸਿਹਤ ਦੀ ਜਾਣਕਾਰੀ ਉਸ ਨਾਲ ਸਾਂਝੀ ਕਰ ਲਵਾਂ?' ਮੈਂ ਕਿਹਾ, 'ਹਾਂ ਜੀ ਹਾਂ, ਜ਼ਰੂਰ।' ਡਾਕਟਰ ਨੇ ਚੈਕਅੱਪ ਕਰ ਕੇ ਲੈਬ ਟੈਸਟ ਲਿਖ ਦਿੱਤੇ। ਟੈਸਟਾਂ ਦਾ ਸਿੱਟਾ ਆਉਣ 'ਤੇ ਉਸ ਨੇ ਮੇਰੇ ਲੜਕੇ ਨੂੰ ਇਤਲਾਹ ਦਿੱਤੀ, 'ਤੁਹਾਡੇ ਡੈਡ ਦੇ ਸਾਰੇ ਰਿਜ਼ਲਟ ਠੀਕ ਹਨ। ਮੇਰੇ ਕੋਲ ਕੋਈ ਦਵਾਈ ਤਾਂ ਪ੍ਰੀਸਕਰਾਈਬ ਕਰਨ ਨੂੰ ਨਹੀਂ ਸੀ, ਇਸ ਲਈ ਮੈਂ ਖਾਲੀ ਨਾਲੋਂ ਉਨ੍ਹਾਂ ਨੂੰ ਫਲੂ-ਸ਼ਾਟ ਲਗਵਾਉਣ ਲਈ ਲਿਖ ਦਿੱਤਾ ਹੈ।' ਇਸ ਤਰ੍ਹਾਂ ਰੈਸਕਿਊ ਰੈਮਿਡੀ ਨੇ ਸੱਚੀ-ਮੁੱਚੀ ਮੈਨੂੰ ਐਲੋਪੈਥਿਕ ਦਵਾਈਆਂ ਦੇ ਚੱਕਰ ਵਿਚੋਂ 'ਰੈਸਕਿਊ' ਕਰਵਾ ਦਿੱਤਾ।

ਸਭ ਲੇਖਕਾਂ ਨੇ ਰੈਸਕਿਊ ਰੈਮਿਡੀ ਦੀਆਂ ਲਾਭਕਾਰੀ ਕਰਾਮਾਤਾਂ ਦਾ ਗੁਣਗਾਣ ਕੀਤਾ ਹੋਇਆ ਹੈ। ਮੇਰੇ ਖਿਆਲ ਵਿਚ ਉਨ੍ਹਾਂ ਨੇ ਜੋ ਵੀ ਲਿਖਿਆ ਹੈ, ਉਹ ਗਲਤ ਨਹੀਂ ਹੈ। ਕਈਆਂ ਨੇ ਇਸ ਦਵਾ ਦੇ ਗੁਣਾਂ ਦੀ ਪੁਸ਼ਟੀ ਕਰਦਿਆਂ ਇਸ ਨਾਲ ਠੀਕ ਹੋਏ ਕੇਸਾਂ ਦਾ ਜ਼ਿਕਰ ਵੀ ਕੀਤਾ ਹੈ। ਮੇਰੀ ਸਮਝ ਵਿਚ ਉਹ ਵੀ ਠੀਕ ਹੀ ਹੋਣਗੇ ਕਿਉਂਕਿ ਮੈਨੂੰ ਆਪ ਆਪਣੀ ਪ੍ਰੈਕਟਿਸ ਵਿਚ ਉਹੋ ਜਿਹੇ ਹੀ ਸਿੱਟੇ ਪ੍ਰਾਪਤ ਹੋਏ ਹਨ। ਪਰ ਫਿਰ ਵੀ ਇਸ ਸਬੰਧ ਵਿਚ ਡਾਕਟਰ ਵੀ. ਕ੍ਰਿਸ਼ਨਾਮੂਰਤੀ ਦੀਆਂ ਟਿੱਪਣੀਆਂ ਦਾ ਹਵਾਲਾ ਦੇਣਾ ਜ਼ਰੂਰੀ ਹੈ। ਉਹ ਲਿਖਦੇ ਹਨ, "ਇਹ ਦਵਾ ਮੈਡੀਕਲ ਐਮਰਜੈਂਸੀਆਂ ਜਿਵੇਂ ਸੰਜੀਦਾ ਹਾਦਸਿਆਂ ਜਿਵੇਂ ਅੱਗ ਵਿਚ ਝੁਲਸੇ ਜਾਣਾ, ਬਿਜਲੀ ਦਾ ਕਰੰਟ ਲੱਗਣਾ ਤੇ ਜ਼ਹਿਰ ਖਾ ਲੈਣਾ ਆਦਿ, ਜਿਨ੍ਹਾਂ ਨਾਲ ਜੀਵਨ ਨੂੰ ਫੌਰੀ ਖਤਰਾ ਹੁੰਦਾ ਹੈ, ਵਿਚ ਲਾਭਦਾਇਕ ਹੈ। ਅਜਿਹੀਆਂ ਹਾਲਤਾਂ ਵਿਚ ਇਸ ਦੀ ਕੇਵਲ ਇਕ ਗੋਲੀ ਮਰੀਜ਼ ਦੇ ਮੂੰਹ ਵਿਚ ਪਾਉਣੀ ਕਾਫੀ ਹੈ। ਭਾਵੇਂ ਜ਼ਖਮ ਕਿੰਨਾ ਵੀ ਗਹਿਰਾ ਕਿਉਂ ਨਾ ਹੋਵੇ, ਇੰਨੇ ਨਾਲ ਹੀ ਉਨ੍ਹਾਂ ਦਾ ਉਸੇ ਵੇਲੇ ***(ਬਾਕੀ ਅਗਲੇ ਸਫ਼ੇ 'ਤੇ)***

# ਪੰਜਾਬ ਸਰਕਾਰ ਵੱਲੋਂ ਰਾਜ ਭਾਸ਼ਾ ਐਕਟ ਪੂਰੀ ਤਰ੍ਹਾਂ ਲਾਗੂ ਕਰਵਾਇਆ ਜਾਵੇ

**ਭਾਸ਼ਾ ਦਿਵਸ 'ਤੇ ਵਿਸ਼ੇਸ਼**

ਵਰਤਮਾਨ ਦੌਰ ਵਿਚ ਪੰਜਾਬੀ ਭਾਸ਼ਾ ਉਪਰ ਹੀ ਨਹੀਂ ਬਲਕਿ ਪੰਜਾਬ ਉਪਰ ਵੀ ਬਹੁ-ਗਿਣਤੀ ਕੇਂਦਰ ਸਰਕਾਰ ਰਾਜ ਕਰ ਰਹੀ ਹੈ ਭਾਵ ਕਦੇ ਬੀ.ਐਸ.ਐਫ਼ ਦੇ ਅਧਿਕਾਰਾਂ 'ਚ ਵਾਧਾ ਕਰਕੇ, ਘੱਟ ਗਿਣਤੀ ਭਾਸ਼ਾਵਾਂ ਨੂੰ ਅਣਡਿੱਠੇ ਕਰਕੇ ਜਾ ਫੇਰ ਸੀ.ਬੀ.ਐਸ.ਸੀ. ਦੇ ਸਿਲੇਬਸ ਰਾਹੀਂ ਪੰਜਾਬੀ ਭਾਸ਼ਾ ਨੂੰ ਮਾਈਨਰ, ਲਘੂ, ਨਿੱਕਾ, ਛੋਟਾ ਜਾਂ ਅਲਪ ਵਿਸ਼ਾ ਕਹਿ ਕੇ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਵੀ ਪੰਜਾਬੀ ਭਾਸ਼ਾ ਨੂੰ ਤਨ, ਮਨ ਅਤੇ ਰੂਹ ਤੋਂ ਅਪਣਾਇਆ ਹੋਇਆ ਨਹੀਂ ਹੈ। ਇਹੋ ਕਾਰਨ ਹੈ ਕਿ ਪੰਜਾਬੀ ਭਾਸ਼ਾ ਉਪਰ ਅਫ਼ਸਰਸ਼ਾਹੀ (ਆਈ.ਏ.ਐਸ., ਪੀ.ਸੀ.ਐਸ. ਤੇ ਆਈ.ਪੀ.ਐਸ. ਲਾਬੀ) ਰਾਜ ਕਰ ਰਹੀ ਹੈ। ਇਸ ਤਰ੍ਹਾਂ ਦੀ ਬੇਗਾਨਗੀ ਤੋਂ ਲੱਗਦਾ ਹੈ ਕਿ ਰਾਜ ਭਾਸ਼ਾ ਪੰਜਾਬੀ ਨਹੀਂ ਜਿਵੇਂ ਰਾਜ ਭਾਸ਼ਾ ਅੰਗਰੇਜ਼ੀ ਹੋਵੇ। ਅਫ਼ਸਰਸ਼ਾਹੀ ਸਰਕਾਰ ਦੇ ਇਸ਼ਾਰਿਆਂ 'ਤੇ

***-ਡਾ. ਲਕਸ਼ਮੀ ਨਰਾਇਣ ਭੀਖੀ***
***ਸਾਬਕਾ ਭਾਸ਼ਾ ਅਫ਼ਸਰ***
***ਪੀ.ਐਸ.ਪੀ.ਸੀ.ਐਲ.***

ਆਪਣੀ ਰਾਜ ਭਾਸ਼ਾ ਅਗਰੇਜ਼ੀ ਮੰਨਵਾ ਰਹੀ ਹੈ। ਜੇਕਰ ਇਹ ਸਰਵੇ ਕਰਵਾਉਣਾ ਹੋਵੇ ਕਿ ਪੇਂਡੂ ਤੇ ਘੱਟ ਪੜ੍ਹੇ ਲਿਖੇ ਲੋਕ ਅੰਗਰੇਜ਼ੀ ਪਹਿਲਾਂ ਸਿੱਖ ਸਕਦੇ ਹਨ ਜਾਂ ਆਈ.ਏ.ਐਸ ਲਾਬੀ ਪੰਜਾਬੀ ਪਹਿਲਾਂ ਸਿੱਖ ਸਕਦੀ ਹੈ ਤਾਂ ਸਿੱਟਾ ਇਹ ਹੀ ਨਿਕਲੇਗਾ ਕਿ ਆਈ.ਏ.ਐਸ. ਲਾਬੀ ਵਿਚ ਵੱਧ ਪੜ੍ਹੇ ਲਿਖੇ ਲੋਕ ਹਨ, ਉਹ ਪੰਜਾਬੀ ਛੇਤੀ ਸਿੱਖ ਸਕਦੇ ਹਨ, ਇਸ ਲਈ ਆਈ.ਏ.ਐਸ. ਲਾਬੀ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਪੰਜਾਬੀ ਸਿੱਖਣ ਅਤੇ ਪੰਜਾਬੀ ਨੂੰ ਲਾਗੂ ਕਰਨ ਅਤੇ ਕਰਵਾਉਣ। ਪੰਜਾਬੀਅਤ ਨੂੰ ਟੀ.ਵੀ. ਚੈਨਲ ਅਤੇ ਪੂੰਜੀਵਾਦੀ ਪੱਛਮੀ ਖਪਤਵਾਦੀ ਸਭਿਆਚਾਰ ਵੀ ਖੋਰਾ ਲਾ ਰਿਹਾ ਹੈ, ਜਿਸ ਕਰਕੇ ਪੰਜਾਬੀ ਰਹਿਤਲ, ਪੰਜਾਬੀ ਖਾਣਾ, ਗਾਣਾ ਅਤੇ ਪੰਜਾਬੀ ਬਾਣਾ ਬਦਲ ਰਿਹਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਨਾਲ-ਨਾਲ ਪਿੰਡਾਂ ਦੀ ਵਿਰਾਸਤੀ ਪਛਾਣ ਵੀ ਖ਼ਤਮ ਕੀਤੀ ਜਾ ਰਹੀ ਹੈ।

ਪੰਜਾਬ ਦਾ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਬਣਦਾ ਸਨਮਾਨ ਕਦੇ ਵੀ ਨਹੀਂ ਮਿਲਿਆ। ਮਹਿਮੂਦ ਗਜ਼ਨਵੀ ਨੇ 1003 ਈ. ਵਿੱਚ ਪੰਜਾਬ ਦੀ ਰਾਜਧਾਨੀ ਲਾਹੌਰ ਉਤੇ ਜਬਰੀ ਕਬਜ਼ਾ ਕਰਕੇ, ਧੱਕੇ ਨਾਲ ਫ਼ਾਰਸੀ ਜ਼ਬਾਨ ਨੂੰ ਪੰਜਾਬ ਦੀ ਰਾਜ ਭਾਸ਼ਾ ਘੋਸ਼ਿਤ ਕੀਤਾ। ਫ਼ਾਰਸੀ ਦੀ ਲਗਪਗ ਸਾਢੇ ਅੱਠ ਸੌ ਸਾਲ ਪੰਜਾਬੀ ਭਾਸ਼ਾ ਤੇ ਚੌਧਰ ਚੱਲਦੀ ਰਹੀ। ਇਸੇ ਤਰ੍ਹਾਂ ਅੰਗਰੇਜ਼ਾਂ ਨੇ 1849 ਵਿਚ ਪੰਜਾਬ ਉਤੇ ਕਬਜ਼ਾ ਕਰਕੇ 1853 ਈ. ਵਿੱਚ ਅੰਗਰੇਜ਼ੀ ਨੂੰ ਪੰਜਾਬ ਦੀ ਰਾਜ ਭਾਸ਼ਾ ਬਣਾ ਦਿੱਤਾ। ਲੇਕਿਨ ਅਜਿਹੇ ਸਮੇਂ ਦੌਰਾਨ ਵੀ ਸੰਤਾਂ, ਭਗਤਾਂ, ਸੂਫ਼ੀਆਂ, ਗੁਰੂਆਂ ਅਤੇ ਪੰਜਾਬੀ ਹਿਤੈਸ਼ੀਆਂ ਨੇ ਇਸ ਨੂੰ ਪ੍ਰਚਾਰਿਆ, ਪ੍ਰਸਾਰਿਆ, ਸਤਿਕਾਰਿਆ ਅਤੇ ਵਿਸਥਾਰਿਆ। 1947 ਵਿਚ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਭਾਵੇਂ ਪੰਜਾਬੀ ਭਾਸ਼ਾ 1949 ਈ. ਵਿੱਚ ਨਵੇਂ ਬਣੇ ਪੈਪਸੂ ਰਾਜ ਵਿਚ ਅਦਾਲਤਾਂ, ਸਿੱਖਿਆ ਅਤੇ ਸਰਕਾਰੀ ਪ੍ਰਬੰਧ ਦੀ ਰਾਜ ਭਾਸ਼ਾ ਘੋਸ਼ਿਤ ਕਰ ਦਿੱਤੀ ਗਈ ਸੀ, ਪ੍ਰੰਤੂ ਉਸ ਤੋਂ ਬਾਅਦ 1967 ਦਾ 'ਰਾਜ ਭਾਸ਼ਾ ਐਕਟ' ਅਤੇ 2008 ਦਾ 'ਪੰਜਾਬ ਰਾਜ ਭਾਸ਼ਾ ਤਰਮੀਮ ਐਕਟ' ਲਾਗੂ ਹੋਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਦੀ ਸਥਿਤੀ ਸੰਤੋਖਜਨਕ ਨਹੀਂ ਆਖੀ ਜਾ ਸਕਦੀ। ਪੰਜਾਬ ਅਤੇ ਪੰਜਾਬੀ ਭਾਸ਼ਾ ਉਪਰ 1947 ਤੋਂ ਪਹਿਲਾਂ ਬਦੇਸ਼ੀ ਹਮਲਾਵਰਾਂ, ਗ਼ੈਰਾਂ, ਦੂਸਰਿਆਂ, ਬੇਗਾਨਿਆਂ, ਸਾਜ਼ਸੀਆਂ ਅਤੇ ਧਾੜਵੀਆਂ ਨੇ ਰਾਜ ਕੀਤਾ, ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਵੀ ਪੰਜਾਬੀ ਨੂੰ ਪਟਰਾਣੀ ਵਾਲਾ ਦਰਜਾ ਨਹੀਂ ਮਿਲਿਆ ਅਤੇ 1947 ਤੋਂ ਬਾਅਦ ਵੀ ਪੰਜਾਬੀ ਪੱਖੀ ਕਹਾਉਣ ਵਾਲਿਆਂ ਨੇ ਪੰਜਾਬੀ ਨੂੰ ਪ੍ਰਫੁੱਲਿਤ ਨਹੀਂ ਹੋਣ ਦਿੱਤਾ।

ਪੰਜਾਬੀ ਭਾਸ਼ਾ ਨੂੰ ਸਰਕਾਰ, ਆਈ.ਏ.ਐਸ. ਲਾਬੀ (ਅਫ਼ਸਰਸ਼ਾਹੀ) ਤੋਂ ਬਿਨਾਂ ਪੰਜਾਬ ਦੇ ਵਿਦਵਾਨਾਂ ਨੇ ਵੀ ਬਹੁਤ ਵੱਡਾ ਖੋਰਾ ਲਾਇਆ ਹੈ। ਪੰਜਾਬ ਦੇ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਨੂੰ ਜਟਿਲ ਬਣਾ ਕੇ ਰੂਹ ਤੋਂ ਅਪਣਾਇਆ ਹੀ ਨਹੀਂ। ਵਿਦਵਾਨ ਲੋਕਾਂ ਦੇ ਪਰਿਵਾਰ ਪੰਜਾਬੀ ਬੋਲਣੀ ਛੱਡਦੇ ਜਾ ਰਹੇ ਹਨ। ਪੰਜਾਬ ਦੇ ਵਿਦਵਾਨਾਂ ਨੇ ਵੱਡੀ ਪੱਧਰ 'ਤੇ ਪ੍ਰੋਜੈਕਟ ਵਰਕ ਲਏ ਹੋਏ ਨੇ। ਉਹ ਪੰਜਾਬੀ ਨੂੰ ਪ੍ਰਫੁਲਿਤ ਕਰਨ ਦੀ ਥਾਂ ਸਰਕਾਰਾਂ ਅਤੇ ਯੂਨੀਵਰਸਿਟੀਆਂ ਲਈ ਪ੍ਰੋਜੈਕਟ ਵਰਕਰ ਬਣ ਕੇ ਰਹਿ ਗਏ, ਬਲਕਿ ਪ੍ਰੋਜੈਕਟਾਂ ਜਾਂ ਹੋਰ ਤਰੀਕਿਆਂ ਨਾਲ ਮੇਵਾ ਖਾਣ ਤੇ ਲੱਭਣ ਦੀ ਤਲਾਸ਼ 'ਚ ਰਹਿੰਦੇ ਹਨ। ਆਪਸੀ ਪਾਟੋਧਾੜ ਤੇ ਸਿਆਸੀ ਕਾਰਨਾਂ ਕਰਕੇ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਅਤੇ ਸਾਹਿਤ ਅਕਾਦਮੀਆਂ ਇਸ ਪਾਸੇ ਵੱਲ ਪੂਰੀ ਤਵੱਜੋ ਨਹੀਂ ਦੇ ਸਕੀਆਂ। ਨਵੀਂ ਪੀੜ੍ਹੀ ਸਿਰਫ਼ ਭਾਸ਼ਾ ਤੋਂ ਹੀ ਦੂਰ ਨਹੀਂ ਹੋ ਰਹੀ, ਬਲਕਿ ਉਹ ਪੰਜਾਬ ਤੋਂ ਉਦਾਸ ਹੋ ਕੇ ਬੇਗਾਨਗੀ ਮਹਿਸੂਸ ਕਰ ਰਹੀ ਹੈ। ਉਹ ਆਪਣੀ ਜਨਮ ਭੂਮੀ ਤੇ ਮਾਤ ਭਾਸ਼ਾ ਤੋਂ ਟੁੱਟ ਰਹੇ ਹਨ, ਜੋ ਕਿ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ।

ਸਰਕਾਰੀ ਦਫ਼ਤਰਾਂ, ਅਦਾਲਤਾਂ, ਹਸਪਤਾਲਾਂ ਵਿੱਚ ਅੰਗਰੇਜ਼ੀ 'ਚ ਗੱਲਬਾਤ ਹੋਣ ਕਰਕੇ ਆਮ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਦਾ ਅਦਾਲਤ ਵਿਚ ਕੇਸ ਕੀ ਹੈ, ਹਸਪਤਾਲਾਂ ਵਿਚ ਬਿਮਾਰ (ਮਰੀਜ) ਨੂੰ ਪਤਾ ਹੀ ਨਹੀਂ ਲੱਗਦਾ ਕਿ ਉਸਨੂੰ ਬੀਮਾਰੀ ਕੀ ਹੈ, ਬਿਮਾਰੀ ਆਮ ਹੈ ਜਾਂ ਗੰਭੀਰ। ਇਸ ਕਰਕੇ ਆਮ ਲੋਕਾਂ ਦਾ ਸਰਕਾਰੀ ਦਫ਼ਤਰਾਂ ਨਾਲੋਂ ਲਗਾਓ ਘੱਟਦਾ ਜਾ ਰਿਹਾ ਹੈ। ਇਸ ਤੋਂ ਬਿਨਾਂ ਸੀ.ਬੀ.ਐਸ.ਸੀ. ਸਕੂਲਾਂ, ਪ੍ਰਾਈਵੇਟ ਸਕੂਲਾਂ ਅਤੇ ਕੋਚਿੰਗ ਸੈਂਟਰਾਂ ਨੇ ਵੀ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਪੰਜਾਬੀਅਤ ਨਾਲੋਂ ਤੋੜ ਦਿੱਤਾ ਹੈ। ਪੰਜਾਬੀ ਤੋਂ ਦੂਰ ਹੋ ਰਹੀ ਗਾਇਕੀ ਦੇ ਪ੍ਰਦੂਸ਼ਣ ਨੇ ਵੀ ਪੰਜਾਬੀ ਭਾਸ਼ਾ, ਬੋਲੀ ਅਤੇ ਸਭਿਆਚਾਰ ਨੂੰ ਵੱਡੀ ਪੱਧਰ ਤੇ ਖੋਰਾ ਲਾਇਆ ਹੈ। ਅੰਗਰੇਜ਼ੀ ਭਾਸ਼ਾ ਦੇ ਪ੍ਰਚਾਰ, ਪ੍ਰਸਾਰ ਰਾਹੀਂ ਪੰਜਾਬੀ ਭਾਸ਼ਾ ਨੂੰ ਸ਼ਿਕਾਰ ਬਣਾਇਆ ਜਾ ਰਿਹਾ ਹੈ। ਹਾਕਮ ਸ਼੍ਰੇਣੀਆਂ ਵੱਲੋਂ ਭਾਸ਼ਾ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ, ਸਾਮਰਾਜੀ ਅਤੇ ਵਪਾਰੀ ਤਬਕੇ ਵੱਲੋਂ ਇਸਨੂੰ ਔਜ਼ਾਰ ਦੇ ਤੌਰ ਤੇ ਇਸਤੇਮਾਲ ਕੀਤਾ ਜਾ ਰਿਹਾ ਹੈ। ਪੰਜਾਬੀ ਦੇ ਸੂਚਨਾ ਬੋਰਡਾਂ (ਸਾਈਨ ਬੋਰਡਾਂ) 'ਤੇ ਪੰਜਾਬੀ ਭਾਸ਼ਾ ਨੂੰ ਸਿਰ ਪਰਨੇ ਕੀਤਾ ਹੋਇਆ। ਇਸ ਤਰ੍ਹਾਂ ਪੰਜਾਬੀ ਭਾਸ਼ਾ ਨੂੰ ਸ਼ੀਸ਼ ਆਸਣ ਕਰਾਉਣਾ ਪੰਜਾਬੀਅਤ ਲਈ ਘਾਤਕ ਹੈ। ਜਿੱਥੇ ਅੰਗਰੇਜ਼ੀ ਪਹਿਲੇ, ਹਿੰਦੀ ਦੂਜੇ ਅਤੇ ਪੰਜਾਬੀ ਤੀਜੇ ਨੰਬਰ ਤੇ ਹੋਵੇ, ਉਥੇ ਪੰਜਾਬੀ ਭਾਸ਼ਾ ਦਾ ਵਿਕਾਸ ਕਿਵੇਂ ਹੋ ਸਕਦਾ ਹੈ। ਇਕ ਭਾਸ਼ਾਈ ਸਰਵੇ ਅਨੁਸਾਰ ਪੰਜਾਬੀ ਨੂੰ ਦੁਨੀਆਂ ਦੀ ਦਸਵੀਂ ਭਾਸ਼ਾ ਮੰਨਿਆ ਗਿਆ ਹੈ। ਪਰ ਸਾਡੇ ਮੁਲਕ ਦੀ ਕਰੰਸੀ (ਨੋਟਾਂ) 'ਤੇ ਇਸਦਾ 11ਵਾਂ ਸਥਾਨ ਹੈ ਅਤੇ ਪੰਜਾਬੀ ਭਾਸ਼ਾ ਦਾ ਪੰਜਾਬ ਵਿਚ ਸਾਈਨ ਬੋਰਡਾਂ 'ਤੇ ਅੰਗਰੇਜ਼ੀ ਅਤੇ ਹਿੰਦੀ ਤੋਂ ਵੀ ਪਿੱਛੇ ਹੋਣ ਕਰਕੇ ਤੀਜਾ ਸਥਾਨ ਹੈ। ਯਾਨਿ ਕਿ ਪ੍ਰਥਮ ਦਰਜਾ ਨਹੀਂ, ਜਦੋਂ ਕਿ ਕਈ ਰਾਜਾਂ ਵਿੱਚ ਪੰਜਾਬੀ ਭਾਸ਼ਾ ਨੂੰ ਦੂਜਾ ਅਤੇ ਤੀਜਾ ਸਥਾਨ ਮਿਲਿਆ ਹੋਇਆ ਹੈ। ਕੈਨੇਡਾ ਵਰਗੇ ਮੁਲਕ 'ਚ ਪੰਜਾਬੀ ਭਾਸ਼ਾ ਨੂੰ ਤੀਸਰੇ ਸਥਾਨ ਤੇ ਰੱਖਿਆ ਗਿਆ ਹੈ। ਸਪਸ਼ਟ ਹੈ ਕਿ ਇਸਨੂੰ ਆਪਣਿਆਂ ਨੇ ਜ਼ਿਆਦਾ ਰੋਲਿਆ ਤੇ ਮਧੋਲਿਆ ਹੈ, ਦੁਰਕਾਰਿਆ ਅਤੇ ਤ੍ਰਿਸਕਾਰਿਆ ਹੈ।

ਮਾਤ ਭਾਸ਼ਾ ਨੂੰ ਤ੍ਰਿਸਕਾਰਨਾ ਜਿੱਥੇ ਗ਼ਲਤ ਹੈ, ਉਥੇ ਪੰਜਾਬੀ ਭਾਸ਼ਾ ਪ੍ਰਤੀ ਕੱਟੜ ਹੋਣਾ ਵੀ ਤੰਗਦਿਲੀ ਦੀ ਨਿਸ਼ਾਨੀ ਹੈ। ਮਾਤ ਭਾਸ਼ਾ ਨੂੰ ਦਿਲੋਂ ਪਿਆਰ ਨਾ ਕਰਨਾ ਅਤੇ ਦੂਜੀਆਂ ਭਾਸ਼ਾਵਾਂ ਨੂੰ ਨਫ਼ਰਤ ਕਰਨੀ ਫਿਰਕੂ ਸੋਚ ਹੈ। ਭਾਸ਼ਾ ਇਕ ਵਿਚਾਰ ਅਤੇ ਸੰਚਾਰ ਦੀ ਸੂਚਕ ਹੈ। ਭਾਸ਼ਾ ਸਿਰਫ਼ ਵਾਦ-ਵਿਵਾਦ ਨਹੀਂ, ਭਾਸ਼ਾ ਦੂਜਿਆਂ ਨਾਲ ਸੰਵਾਦ ਅਤੇ ਵਿਸਮਾਦ ਹੈ। ਭਾਸ਼ਾ ਇਕ ਖ਼ੁਸ਼ਬੂ ਹੈ, ਜਿਸਨੇ ਇਕ ਮਨੁੱਖ ਤੋਂ ਦੂਜੇ ਮਨੁੱਖ ਤੀਕ ਮਹਿਕ ਬਖੇਰਨੀ ਹੁੰਦੀ ਹੈ। ਸਮਾਜ ਨੂੰ ਫੁੱਲਾਂ ਵਾਂਗ ਟਹਿਕ ਨਾਲ ਭਰਨਾ ਹੁੰਦਾ ਹੈ। ਮਾਤ ਭਾਸ਼ਾ ਤੋਂ ਬਿਨਾਂ ਮਨੁੱਖ ਦਾ ਕੋਈ ਵਜੂਦ ਨਹੀਂ, ਭਾਸ਼ਾ ਉਹ ਧਰਤੀ ਹੈ, ਜਿਸ ਦੇ ਆਸਰੇ ਮਨੁੱਖ ਨੇ ਰੁੜਨਾ, ਖੜਨਾ, ਤੁਰਨਾ ਅਤੇ ਜੀਵਨ ਦਾ ਪੰਧ ਤਹਿ ਕਰਨਾ ਹੁੰਦਾ ਹੈ।

ਅਜੋਕੇ ਸਮੇਂ ਵਿਚ ਮਾਤ ਭਾਸ਼ਾ ਨੂੰ ਵਿਕਸਤ ਕਰਨ ਲਈ ਇਕ ਸਾਂਝਾ ਮੰਚ ਉਸਾਰਨਾ ਚਾਹੀਦਾ ਹੈ। ਅਜਿਹੀ ਸੰਸਥਾ ਵਿਚ ਸਮੁੱਚੀਆਂ ਲੇਖਕ ਸਭਾਵਾਂ, ਪੱਤਰਕਾਰ ਐਸੋਸੀਏਸ਼ਨਾਂ, ਕਲਾਤਮਿਕ ਮੰਚ, ਸਭਿਆਚਾਰਕ ਸੰਸਥਾਵਾਂ ਅਤੇ ਸਮਾਜ ਸੇਵੀ ਗਰੁੱਪਾਂ ਨੂੰ ਸ਼ਾਮਿਲ ਹੋਣਾ ਚਾਹੀਦਾ ਹੈ। ਇਹ ਮੰਚ ਪੰਜਾਬ, ਜ਼ਿਲ੍ਹਾ, ਤਹਿਸੀਲ ਅਤੇ ਪਿੰਡ ਪੱਧਰ ਤੱਕ ਕਾਰਜਸ਼ੀਲ ਹੋਵੇ। ਮੰਚ ਵੱਲੋਂ ਮੰਗ ਕਰਨੀ ਚਾਹੀਦੀ ਹੈ ਕਿ ਸਰਕਾਰ ਦੇ ਸਾਰੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਹੋਵੇ। ਪੀ.ਐਸ.ਪੀ.ਸੀ.ਐਲ. ਦੀ ਚੈਕਿੰਗ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਹੇਠਲੇ ਦਫ਼ਤਰਾਂ ਵਿਚ ਵੱਧ ਤੋਂ ਵੱਧ ਪੰਜਾਬੀ ਲਾਗੂ ਹੋ ਰਹੀ ਹੈ, ਜਦੋਂ ਕਿ ਉਪਰਲੇ ਮੁੱਖ ਦਫ਼ਤਰਾਂ (ਸੈਕਟਰੀਏਟ) ਵਿਚ ਘੱਟ ਤੋਂ ਘੱਟ ਪੰਜਾਬੀ ਲਾਗੂ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪ੍ਰਦੂਸ਼ਿਤ ਗਾਇਕੀ, ਅਸ਼ਲੀਲ ਸਾਹਿਤ ਅਤੇ ਪੰਜਾਬੀ ਭਾਸ਼ਾ ਵਿਰੋਧੀ ਸੰਸਥਾਵਾਂ ਅਤੇ ਕਾਨਵੈਂਟ ਸਕੂਲਾਂ ਦਾ ਡੱਟਵਾਂ ਵਿਰੋਧ ਕਰਨਾ ਚਾਹੀਦਾ ਹੈ, ਤਾਂ ਕਿ ਭਾਸ਼ਾ ਵਿਰੋਧੀ ਸ਼ਕਤੀਆਂ ਨੂੰ ਭਾਂਜ ਦਿੱਤੀ ਜਾ ਸਕੇ। ਇਸ ਲਈ ਹਰ ਲੇਖਕ, ਕਲਾਕਾਰ ਨਿਧੱੜਕ ਹੋ ਕੇ ਪੰਜਾਬੀ ਭਾਸ਼ਾ ਪੱਖੀ ਅਵਾਜ਼ ਬੁਲੰਦ ਕਰੇ।

ਰਾਜ ਭਾਸ਼ਾ ਐਕਟ ਨੂੰ ਲੋਕ ਭਾਸ਼ਾ ਐਕਟ ਦਾ ਦਰਜਾ ਦਿੱਤਾ ਜਾਵੇ, ਰਾਜ ਭਾਸ਼ਾ ਤਾਂ ਇਕ ਕਿਸਮ ਦੀ ਰਾਜ ਕਰਨ ਵਾਲਿਆਂ ਦੀ ਭਾਸ਼ਾ ਬਣ ਕੇ ਰਹਿ ਗਈ ਹੈ। ਸਰਕਾਰਾਂ ਨੇ ਸੰਸਕ੍ਰਿਤ, ਅੰਗਰੇਜ਼ੀ ਅਤੇ ਲੰਡੇ ਭਾਸ਼ਾ ਨਾਲ ਲੋਕਾਂ 'ਤੇ ਲੰਮਾਂ ਸਮਾਂ ਰਾਜ ਕੀਤਾ ਅਤੇ ਅੱਜ ਵੀ ਅੰਗਰੇਜ਼ੀ ਭਾਸ਼ਾ ਜ਼ਰੀਏ ਰਾਜ ਹੋ ਰਿਹਾ ਹੈ। ਲੋਕ ਭਾਸ਼ਾ ਐਕਟ ਨਾਲ ਹੀ ਪੰਜਾਬੀ ਭਾਸ਼ਾ ਲੋਕਾਂ ਦੇ ਦਿਲਾਂ ਤੀਕ ਪਹੁੰਚ ਸਕਦੀ ਹੈ, ਜੋ ਆਮ ਲੋਕਾਂ ਵੱਲੋਂ ਬੋਲੀ, ਪੜ੍ਹੀ ਅਤੇ ਲਿਖੀ ਵੀ ਜਾਂਦੀ ਹੋਵੇ। ਲੋਕ ਭਾਸ਼ਾ ਲੋਕਾਂ ਦੇ ਮਾਨਸਿਕ, ਬੌਧਿਕ ਅਤੇ ਆਤਮਿਕ ਵਿਕਾਸ ਲਈ ਸਹਾਇਕ ਸਿੱਧ ਹੋਵੇਗੀ, ਲੋਕ ਭਾਸ਼ਾ ਲੋਕਾਂ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਸਮਝਾਉਣ ਲਈ ਹੋਵੇਗੀ, ਲੋਕ ਭਾਸ਼ਾ ਹਰ ਪੱਖੋਂ ਲੋਕਾਂ ਦੀ ਸੇਵਾ ਕਰਨ ਲਈ ਹੋਵੇਗੀ। ਲੋਕ ਭਾਸ਼ਾ ਐਕਟ ਵਿੱਚ ਅਫ਼ਸਰਾਂ, ਬੁੱਧੀਜੀਵੀਆਂ ਅਤੇ ਬੁਲਾਰਿਆਂ ਦੀ ਭਾਸ਼ਾ ਲੋਕਧਾਰਾਈ ਭਾਸ਼ਾ ਹੋਵੇਗੀ, ਜੋ ਕਿ ਆਮ ਲੋਕਾਂ ਨੂੰ ਸਮਝ ਆਉਂਦੀ ਹੋਵੇ।

ਵਿਸ਼ਵ ਵਿੱਚ ਜੋ ਵੀ ਇਨਕਲਾਬ ਹੁਣ ਤੱਕ ਆਏ ਉਹ ਲੋਕ ਧਾਰਾਈ ਮੁਹਾਵਰੇ ਕਾਰਨ ਤਬਦੀਲੀਆਂ ਦੇ ਸੂਚਕ ਹਨ। ਭਾਸ਼ਾ ਵਿਗਿਆਨੀਆਂ ਨੇ ਭਾਸ਼ਾ ਦੀ ਸ਼ਕਤੀ ਨੂੰ ਵਿਚਾਰਾਂ ਦੀ ਪੋਸ਼ਾਕ ਮੰਨਿਆ ਹੈ। ਲੈਨਿਨ ਨੇ ਕਿਹਾ ਸ ਕਿ ਮਾਤ-ਭਾਸ਼ਾਵਾਂ ਅਤੇ ਸਭਿਆਚਾਰ ਮਿਲ ਕੇ ਸੋਸਲਿਸਟ ਮਨੁੱਖ ਪੈਦਾ ਕਰਨਗੇ। ਸਮਾਜ ਨੂੰ ਅਜਿਹੇ ਵਿਦਵਾਨ ਨਹੀਂ ਚਾਹੀਦੇ ਜੋ ਭਾਸ਼ਾ ਨੂੰ ਜਟਿਲ ਤੇ ਗੁੰਝਲਦਾਰ ਬਣਾਉਂਦੇ ਹੋਣ। ਪੰਜਾਬ ਨੂੰ ਅਜਿਹੇ ਆਗੂਆਂ ਦੀ ਲੋੜ ਹੈ ਜੋ ਹਰ ਤਰ੍ਹਾਂ ਦੇ ਗਿਆਨ ਨੂੰ ਸਰਲ ਅਤੇ ਸਹਿਜ ਤਰੀਕੇ ਨਾਲ ਲੋਕਾਂ ਨੂੰ ਸਮਝਾ ਸਕਦੇ ਹੋਣ। ਸਾਨੂੰ ਇਸ ਤਰ੍ਹਾਂ ਦੇ ਸਿਆਸੀ ਆਗੂ ਵੀ ਨਹੀਂ ਚਾਹੀਦੇ ਜੋ ਵੋਟਾਂ ਪੰਜਾਬੀ 'ਚ ਮੰਗਣ ਤੇ ਸਹੁੰ ਅੰਗਰੇਜ਼ੀ 'ਚ ਖਾਣ।

ਵਰਤਮਾਨ ਸਮੇਂ ਦੇ ਮੁੱਖ ਮੰਤਰੀ ਆਖਦੇ ਹਨ ਕਿ ਹੁਣ ਪੰਜਾਬ ਵਿਚ ਗ਼ਰੀਬ ਅਤੇ ਆਮ ਲੋਕਾਂ ਦਾ ਰਾਜ ਆ ਗਿਆ ਹੈ, ਤਾਂ ਮੁੱਖ ਮੰਤਰੀ ਜੀ ਨੂੰ ਚਾਹੀਦਾ ਹੈ ਕਿ ਉਹ ਲੋਕ ਭਾਸ਼ਾ ਐਕਟ ਪੰਜਾਬ ਵਿੱਚ ਤੁਰੰਤ ਲਾਗੂ ਕਰਵਾਉਣ। ਇਸਦੇ ਨਾਲ ਹੀ ਸਕੱਤਰ ਉਚੇਰੀ ਸਿੱਖਿਆ ਤੇ ਭਾਸ਼ਾ, ਪੰਜਾਬ ਸਰਕਾਰ ਆਈ.ਏ.ਐਸ ਲਾਬੀ ਨੂੰ ਪ੍ਰੇਰਿਤ ਕਰਕੇ ਸੈਕਟਰੀਏਟ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਤੇ ਕਰਵਾਉਣ। ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਨੂੰ ਸਾਰੇ ਦਫ਼ਤਰ ਚੈਕ ਕਰਨ ਦੀਆਂ ਸ਼ਕਤੀਆਂ ਪ੍ਰਦਾਨ ਕੀਤੀਆਂ ਜਾਣ ਅਤੇ ਪੰਜਾਬੀ ਭਾਸ਼ਾ ਲਾਗੂ ਨਾ ਕਰਨ ਵਾਲੇ ਅਫ਼ਸਰਾਂ ਨੂੰ ਸਜ਼ਾ ਦੇਣ ਦੇ ਅਧਿਕਾਰ ਮਿਲਣ। ਫੇਰ ਹੀ ਪੰਜਾਬੀ ਭਾਸ਼ਾ ਲਾਗੂ ਹੋ ਸਕਦੀ ਹੈ। ਪੰਜਾਬੀ ਭਾਸ਼ਾ, ਬੋਲੀ ਅਤੇ ਸਭਿਆਚਾਰ ਦੇ ਵਿਕਾਸ ਲਈ ਕਾਰਜਸ਼ੀਲ ਬੁੱਧਜੀਵੀਆਂ ਅਤੇ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਨੂੰ ਪੰਜਾਬੀ ਭਾਸ਼ਾ ਲਾਗੂ ਕਰਨ ਲਈ ਡਟਵਾਂ ਸੰਘਰਸ਼ ਕਰਨਾ ਚਾਹੀਦਾ ਹੈ।

---

***(ਸਫਾ 22 ਦਾ ਬਾਕੀ)***

ਚੁਟਕੀ ਮਾਰੀਦੀ ਹੈ, ਫਿਰ ਇਹ ਮੱਲ ਬਣ ਜਾਂਦੈ! ਉਸ ਲਿਖਾਰੀ ਦੀ ਧੌਣ ਤੋਂ ਉਨਾ ਚਿਰ ਗੋਡਾ ਨਹੀਂ ਚੁੱਕਦਾ, ਜਿੰਨਾ ਚਿਰ ਦੂਜਾ ਆਵਦੀ ਰਚਨਾ ਨਹੀਂ ਸੁਣਾ ਲੈਂਦਾ।'

'ਵਾਹ ਬਈ ਵਾਹ! ਇਹ ਬੜਾ ਵਧੀਆ ਹੱਲ ਐ! ਕਮਾਲ ਦਾ ਮੱਲ ਹੈ! ਐਹੋ ਜਿਹੇ ਬੰਦਿਆਂ ਦੀ ਅੱਜ-ਕੱਲ੍ਹ ਸਖ਼ਤ ਜ਼ਰੂਰਤ ਹੈ!' ਅਖੀਰ ਵਿਚ ਪ੍ਰਧਾਨ ਸਾਹਿਬਾਨ ਨੇ ਆਪੋ-ਆਪਣੀਆਂ ਰਚਨਾਵਾਂ ਸੁਣਾਉਣ ਲਈ ਬੇਨਤੀ ਕੀਤੀ ਤਾਂ ਸਾਰੇ ਟੁੱਟ ਕੇ ਆਪਣੇ 'ਝੋਲਿਆਂ' ਨੂੰ ਪੈ ਗਏ। ਖ਼ਰੜੇ, ਪਿਸਤੌਲਾਂ ਵਾਂਗ ਧੌਣੋਂ ਫੜ-ਫੜ ਬਾਹਰ ਧੂਹ ਲਏ। ਤਕਰੀਬਨ ਦੋ ਘੰਟੇ ਰਚਨਾਵਾਂ ਦਾ ਸਿਲਸਿਲਾ ਜਾਰੀ ਰਿਹਾ। ਹਰ ਇੱਕ ਨੇ ਆਪਣੀ ਪੂਰੀ ਵਾਹ ਲਾਈ।

ਪ੍ਰਸਿੰਨ ਕੌਰ 'ਦੁਖੀ' ਬਾਰੇ ਕਿਸੇ ਨੇ ਕੁਝ ਦੱਸਿਆ ਈ ਨਹੀਂ।' ਘੜ੍ਹੀਸਵਾਲ ਬੋਲਿਆ। 'ਇਹਦੇ ਬਾਰੇ ਕੀ ਦੱਸਣੈਂ? ਇਹ ਤਾਂ ਵਿਚਾਰੀ ਫ਼ੱਕਰਨੀ ਐ।' ਬਾਬੇ ਨੇ ਕਿਹਾ, 'ਮੈਂ ਪਿਛਲੇ ਹਫਤੇ ਟੈਲੀਵਿਜਨ ਲਿਆਂਦਾ। ਇਸ ਨੇ ਜ਼ਿੱਦ ਫੜ ਲਈ, ਅਖੇ ਬਾਬਾ ਜੀ ਟੈਲੀਵਿਜਨ ਦੇਖਣੈਂ, ਮੈਂ ਬਾਹਰ ਵਰਾਂਡੇ 'ਚ ਕੱਢ ਕੇ ਟੀ.ਵੀ. ਲਾ ਦਿੱਤਾ ਤੇ ਇਹੇ ਟੈਲੀਵਿਜਨ ਦੇ ਮੂਹਰੇ ਬੈਠਗੀ। ਉੱਧਰੋਂ ਕਿਤੇ ਸਰਪੰਚ ਮੈਨੂੰ ਮਿਲਣ ਆ ਗਿਆ। ਅਸੀਂ ਵਰਾਂਡੇ 'ਚ ਈ ਥੋੜ੍ਹਾ ਜਿਹਾ ਹਟ ਕੇ ਕੁਰਸੀਆਂ ਡਾਹ ਕੇ ਬੈਠ ਗਏ। ਦੋ ਤਿੰਨ ਘੰਟੇ ਸਰਪੰਚ ਗੱਲਾਂ-ਬਾਤਾਂ ਕਰ ਕੇ ਤੁਰ ਗਿਆ। ਮਗਰੋਂ ਮੈਂ ਪੁੱਛਿਆ, 'ਦੇਖ ਲਿਆ ਪ੍ਰਸਿੰਨ ਕੁਰੇ ਟੈਲੀਵਿਜਨ?' ਤਾਂ ਕਹਿੰਦੀ, 'ਕਿੱਥੇ ਦੇਖ ਲਿਆ ਅੱਗ ਲੱਗੜਾ..? ਸਰਪੰਚ ਥੋਡੇ ਕੋਲੇ ਬੈਠਾ ਸੀ, ਤੇ ਮੈਂ ਤਾਂ ਘੁੰਡ ਕੱਢ ਕੇ ਈ ਬੈਠੀ ਰਹੀ!' ਹਾਸੜ ਮੱਚ ਗਈ।

'ਹੁਣ ਸਨਮਾਨ-ਸਨਮੂਨ ਦੀ ਗੱਲ ਚਲਾਓ, ਤੁਰਦੇ ਹੋਈਏ।' ਲਾਵਾ ਸਿੰਘ ਲਾਟਕੱਢ ਬੋਲਿਆ ਤਾਂ ਬਾਬਾ ਘੜ੍ਹੰਮ ਚੌਧਰੀ ਬੜਾ ਹਰਖ਼ ਕੇ ਉਠਿਆ। ਉਸ ਦੀਆਂ ਡੰਡੇ ਵਰਗੀਆਂ ਮੁੱਛਾਂ ਡੰਡ ਬੈਠਕਾਂ ਕੱਢਣ ਲੱਗ ਪਈਆਂ। 'ਉਏ ਆਹ ਮਾਣ ਸਨਮਾਨ

---

## ਫੁੱਲ ਦਵਾ ਰੈਸਕਿਊ ਰੈਮਿਡੀ-ਸੰਜੀਵਨੀ

ਬਿਨਾਂ ਪੱਟੀ ਬੰਨ੍ਹਿਆਂ ਖੂਨ ਵਹਿਣਾ ਬੰਦ ਹੋ ਜਾਵੇਗਾ। ਸਖਤ ਤੋਂ ਸਖਤ ਦਰਦ ਗਾਇਬ ਹੋ ਜਾਵੇਗਾ।

ਜੇ ਦੁਰਘਟਨਾ ਦਾ ਸ਼ਿਕਾਰ ਵਿਅਕਤੀ ਬੇਹੋਸ਼ ਹੋ ਗਿਆ ਹੋਵੇ, ਉਸ ਦਾ ਸਰੀਰ ਠੰਢਾ ਤੇ ਪੀਲਾ ਹੋ ਗਿਆ ਹੋਵੇ ਤੇ ਉਸ ਦੀ ਨਬਜ਼ ਬੈਠ ਗਈ ਹੋਵੇ, ਤਾਂ ਵੀ ਉਹ ਹੋਸ਼ ਵਿਚ ਆ ਜਾਵੇਗਾ। ਜੇ ਹੱਡੀ ਪੱਸਲੀ ਨਹੀਂ ਟੁੱਟੀ ਤਾਂ ਮਰੀਜ਼ ਉੱਠ ਕੇ ਘਰ ਨੂੰ ਵੀ ਚੱਲ ਪਵੇਗਾ ਜਿਵੇਂ ਉਸ ਨੂੰ ਕੁਝ ਹੋਇਆ ਹੀ ਨਾ ਹੋਵੇ। ਹੈਰਾਨੀ ਦੀ ਗੱਲ ਇਹ ਕਿ ਜਾਨ ਨੂੰ ਖਤਰਾ ਜਿੰਨਾ ਗੰਭੀਰ ਹੁੰਦਾ ਹੈ, ਉਨੀ ਹੀ ਇਹ ਦਵਾ ਛੇਤੀ ਕੰਮ ਕਰਦੀ ਹੈ!"

ਡਾ: ਕ੍ਰਿਸ਼ਨਾਮੂਰਤੀ ਆਪਣੀ ਇਕ ਜਾਣਕਾਰ ਮਿਸਿਜ਼ ਕਲੇਅਰ, ਦੇ ਹਵਾਲੇ ਨਾਲ ਲਿਖਦੇ ਹਨ ਕਿ ਇਕ ਵਾਰ ਉਹ ਬੱਸ ਰਾਹੀਂ ਮਦਰਾਸ ਤੋਂ ਡਿੰਡੀਗੁਲ ਜਾ ਰਹੀ ਸੀ ਕਿ ਇਕ ਸਾਈਕਲ ਸਵਾਰ ਨੂੰ ਬਚਾਉਂਦਿਆਂ ਬੱਸ ਇਕ ਖਦਾਨ ਵਿਚ ਡਿੱਗ ਪਈ। ਸਾਰੀਆਂ ਸਵਾਰੀਆਂ ਲਹੂ-ਲੁਹਾਨ ਹੋ ਕੇ ਕੁਰਲਾਉਣ ਲੱਗੀਆਂ। ਕਈ ਸਵਾਰੀਆਂ ਗੰਭੀਰ ਸੱਟਾਂ ਕਾਰਨ ਬੇਹੋਸ਼ ਹੋ ਗਈਆਂ। ਡਰਾਈਵਰ ਦਾ ਸਿਰ ਸਟੇਅਰਿੰਗ 'ਤੇ ਲੱਗਣ ਨਾਲ ਉਹ ਵੀ ਬੇਹੋਸ਼ ਹੋ ਗਿਆ। ਮਿਸਿਜ਼ ਕਲੇਅਰ ਨੇ ਆਪਣੀ ਜੇਬ ਵਿਚੋਂ ਰੈਸਕਿਊ ਰੈਮਿਡੀ ਦੀ ਸ਼ੀਸ਼ੀ ਕੱਢੀ ਤੇ ਇਕ-ਇਕ ਗੋਲੀ ਸਭ ਮੁਸਾਫਰਾਂ ਦੇ ਮੂੰਹ ਵਿਚ ਪਾ ਦਿੱਤੀ। ਇਕ ਮਿੰਟ ਦੇ ਸਮੇਂ ਵਿਚ ਹੀ ਸਭ ਦਾ ਖ਼ੂਨ ਬੰਦ ਹੋ ਗਿਆ ਤੇ ਬੇਹੋਸ਼ੀ ਖਤਮ ਹੋ ਗਈ। ਡਰਾਈਵਰ ਇਵੇਂ ਉੱਠ ਖੜ੍ਹਾ ਹੋਇਆ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਅਗਲੇ ਹੀ ਪਲ ਸਾਰੇ ਸਵਾਰ ਬੱਸ ਤੋਂ ਬਾਹਰ ਨਿਕਲ ਆਏ ਤੇ ਉਨ੍ਹਾਂ ਨੇ ਧੱਕਾ ਲਾ ਕੇ ਬੱਸ ਨੂੰ ਸੜਕ 'ਤੇ ਕੱਢ ਲਿਆਂਦਾ। ਫਿਰ ਉਹ ਸਾਰੇ ਉਸ ਵਿਚ ਚੜ੍ਹ ਕੇ ਆਪਣੇ ਸਫਰ 'ਤੇ ਚੱਲ ਪਏ।

ਉਹ ਲਿਖਦੇ ਹਨ, "ਇਹ ਦਵਾ ਜ਼ਹਿਰੀਲੇ ਜਾਨਵਰਾਂ ਦੇ ਡੰਗਾਂ ਦੀ ਜ਼ਹਿਰ ਤੋਂ ਵੀ ਬਚਾਉਂਦੀ ਹੈ ਤੇ ਸਰੀਰ ਨੂੰ ਕੋਈ ਨੁਕਸਾਨ ਹੋਣ ਤੋਂ ਪਹਿਲਾਂ ਹੀ ਵਿਸ਼ ਨੂੰ ਖਤਮ ਕਰ ਦਿੰਦੀ ਹੈ। ਬਿੱਛੂ ਤੇ ਸੱਪ ਆਦਿ ਦੇ ਡੰਗਿਆਂ ਨੂੰ ਇਕ ਗੋਲੀ ਖਾਣ ਨੂੰ ਤੇ ਪੰਜ ਗੋਲੀਆਂ ਦੇ ਘੋਲ ਵਾਲਾ ਪਾਣੀ ਡੰਗ ਵਾਲੀ ਥਾਂ 'ਤੇ ਲਾਉਣ ਨਾਲ ਹੀ ਉਨ੍ਹਾਂ ਦਾ ਦਰਦ ਤੇ ਸੋਜਿਸ਼ ਚਲੇ ਜਾਂਦੇ ਹਨ।

ਅੱਗ ਨਾਲ ਫੂਕਿਆਂ ਦੀ ਜਲਣ-ਪੀੜਾ ਤਾਂ ਇਹ ਇਕ ਮਿੰਟ ਵਿਚ ਬੰਦ ਕਰਦੀ ਹੈ, ਜ਼ਖਮ ਵੀ ਤੇਜ਼ੀ ਨਾਲ ਭਰਦੀ ਹੈ। ਭਾਵੇਂ ਮਰੀਜ਼ ਦੀ ਹਾਲਤ ਕਿੰਨੀ ਵੀ ਗੰਭੀਰ ਕਿਉਂ ਨਾ ਹੋਵੇ, ਇਸ ਦੀ ਇਕੋ ਖ਼ੁਰਾਕ ਕਾਫੀ ਹੈ! ਇਹ ਸੰਜੀਵਨੀ ਹੀ ਨਹੀਂ, ਸਗੋਂ ਪੈਨੇਸ਼ੀਆ (Panacea) ਅਰਥਾਤ ਸਰਬਰੋਗ ਔਸ਼ਧੀ ਹੈ, ਜੋ ਮਰੀਜ਼ ਨੂੰ ਹਸਪਤਾਲ ਪੁੱਜਣ ਤੋਂ ਪਹਿਲਾਂ ਹੀ ਠੀਕ ਕਰ ਦਿੰਦੀ ਹੈ। ਇਹ ਆਪਣੇ ਬਲ 'ਤੇ ਹੀ ਉਸ ਨੂੰ ਮੁਕੰਮਲ ਤੌਰ 'ਤੇ ਤੰਦਰੁਸਤ ਕਰ ਦਿੰਦੀ ਹੈ। ਜ਼ਖਮਾਂ 'ਤੇ ਅੱਗ ਦੇ ਛਾਲਿਆਂ ਦੇ ਤਾਂ ਇਹ ਦਾਗ਼ ਵੀ ਨਹੀਂ ਪੈਣ ਦਿੰਦੀ। ਜੇ ਤੁਹਾਡੀ ਜੇਬ ਵਿਚ ਇਸ ਇਕੱਲੀ ਦਵਾ ਦੀ ਇਕ ਸ਼ੀਸ਼ੀ ਹੋਵੇ, ਤੁਸੀਂ ਫਸਟ-ਏਡ ਦੇ ਬਕਸੇ ਨੂੰ ਕੀ ਅੱਗ ਲਾਉਣੀ ਹੈ? ਪਰ੍ਹੇ ਸੁੱਟ ਦੇਣਾ ਉਸ ਨੂੰ!"

ਉਹ ਅੱਗੇ ਲਿਖਦੇ ਹਨ, 'ਅਪ੍ਰੇਸ਼ਨ ਵੀ ਇਕ ਸਦਮਾ ਹੀ ਹੁੰਦਾ ਹੈ। ਮਿੰਟਾਂ ਦੀ ਸਰਜਰੀ ਵਿਚ ਬੋਤਲਾਂ ਦੇ ਭਾਅ ਖ਼ੂਨ ਡੁੱਲ੍ਹਦਾ ਹੈ। ਜੇ ਸਰਜਰੀ ਤੋਂ ਕੁਝ ਮਿੰਟ ਜਾਂ ਕੁਝ ਘੰਟੇ ਪਹਿਲਾਂ ਮਰੀਜ਼ ਨੂੰ ਰੈਸਕਿਊ ਰੈਮਿਡੀ ਦੀਆਂ ਕੁਝ ਖੁਰਾਕਾਂ ਦੇ ਦਿੱਤੀਆਂ ਜਾਣ ਤਾਂ ਉਸ ਨੂੰ ਖ਼ੂਨ ਚੜ੍ਹਾਉਣ ਦੀ ਲੋੜ ਨਹੀਂ ਪਵੇਗੀ। ਉਸ ਦਾ ਜ਼ਖਮ ਐਂਟੀ-ਬਾਇਓਟਿਕਸ ਬਿਨਾਂ ਹੀ ਛੇਤੀ ਰਾਜ਼ੀ ਹੋ ਜਾਵੇਗਾ ਤੇ ਉਸ ਨੂੰ ਬੁਖਾਰ ਤੇ ਸੋਜਾ ਵੀ ਨਹੀਂ ਹੋਵੇਗਾ। ਜਿਸ ਮਰੀਜ਼ ਨੂੰ ਛੁੱਟੀ ਮਿਲਣ ਵਿਚ ਆਮ ਤੌਰ 'ਤੇ ਦਸ ਦਿਨ ਲੱਗਦੇ ਹਨ, ਉਸ ਨੂੰ ਕੇਵਲ ਦੋ ਹੀ ਲੱਗਣਗੇ।'

ਸੰਜੀਵਨੀ ਕਹੋ ਜਾਂ ਹਰਬਲ ਸਟੀਰਾਇਡ, ਰੈਸਕਿਊ ਰੈਮਿਡੀ ਸਦਮਿਆਂ ਤੇ ਗੰਭੀਰ ਸਥਿਤੀਆਂ ਵਿਚ ਹੱਥਾਂ 'ਤੇ ਸਰ੍ਹੋਂ ਜਮਾਉਂਦੀ ਹੈ। ਜਿਨ੍ਹਾਂ ਨੇ ਇਸ ਨੂੰ ਅਜਮਾਇਆ ਨਹੀਂ, ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਸਕਦੀ। ਚਾਰ ਸਾਲ ਪਹਿਲਾਂ ਮੈਂ ਪੰਜਾਬ ਗਿਆ। ਵਾਪਸ ਆਉਣ ਤੋਂ ਪਹਿਲਾਂ ਮੇਰੀ ਇਕ ਹਿੱਲਦੀ ਜਾੜ੍ਹ ਵਿਚ ਪੀੜਾਂ ਪੈਣ ਲੱਗੀਆਂ। ਲੇਡੀ ਡਾਕਟਰ ਨੇ ਦੇਖ ਕੇ ਦੱਸਿਆ ਕਿ ਕੱਢਣੀ ਪਵੇਗੀ। ਮੈਂ ਹਾਂ ਕਰ ਦਿੱਤੀ। ਉਸ ਨੇ ਪੁੱਛਿਆ ਕਿ ਸ਼ੂਗਰ ਤਾਂ ਨਹੀਂ। ਮੈਂ ਕਿਹਾ ਕਦੇ ਚੈੱਕ ਨਹੀਂ ਕਰਵਾਈ। ਉਸ ਨੇ ਪੁੱਛਿਆ ਕਿ ਬੱਲਡ ਪ੍ਰੈਸ਼ਰ ਹਾਈ ਤਾਂ ਨਹੀਂ। ਮੈਂ ਕਿਹਾ ਕਿ ਪਤਾ ਨਹੀਂ। ਉਸ ਨੇ ਮਸ਼ੀਨ ਕੱਢ ਕੇ ਚੈੱਕ ਕੀਤਾ ਤੇ ਬੋਲੀ, 'ਖ਼ੂਨ ਦਾ ਦਬਾਅ ਜਿਆਦਾ ਹੈ, ਜਾੜ੍ਹ ਨਹੀਂ ਕੱਢੀ ਜਾ ਸਕਦੀ।' ਮੈਂ ਪੁੱਛਿਆ ਕਿ ਕੀ ਜਾੜ੍ਹ ਕੱਢਣ ਵੇਲੇ ਉਹ ਟੀਕਾ ਲਾਵੇਗੀ। ਉਸ ਨੇ ਦੱਸਿਆ ਕਿ ਟੀਕਾ ਨਹੀਂ ਲਾਏਗੀ, ਕੇਵਲ ਸਪਰੇਅ ਕਰ ਕੇ ਮਸੂੜ੍ਹਾ ਸੁੰਨ ਕਰੇਗੀ। ਮੈਂ ਕਿਹਾ, 'ਮੇਰਾ ਬੱਲਡ ਪ੍ਰੈਸ਼ਰ ਤਾਂ ਟੀਕੇ ਦੇ ਡਰ ਕਾਰਨ ਹੀ ਵਧਿਆ ਹੋਇਆ ਸੀ, ਦੁਬਾਰਾ ਚੈੱਕ ਕਰੋ।' ਉਸ ਨੇ ਚੈੱਕ ਕੀਤਾ ਤਾਂ ਇਸ ਵਾਰ ਬੱਲਡ ਪ੍ਰੈਸ਼ਰ ਠੀਕ ਆਇਆ ਤੇ ਉਸ ਨੇ ਜਾੜ੍ਹ ਕੱਢ ਦਿੱਤੀ। ਬਾਹਰ ਸੀਟ 'ਤੇ ਆ ਕੇ ਬੋਲੀ, 'ਦਵਾਈਆਂ ਲਿਖਦੀ ਆਂ, ਬਾਜ਼ਾਰ ਵਿਚੋਂ ਲੈ ਲੈਣਾ।' ਮੈਂ ਕਿਹਾ, 'ਲਿਖ ਭਾਵੇਂ ਦਿਓ ਜੀ ਪਰ ਨਾ ਮੈਂ ਲੈਣੀਆਂ ਤੇ ਨਾ ਖਾਣੀਆਂ।' ਉਹ ਮੈਨੂੰ ਝਾੜਦਿਆਂ ਬੋਲੀ, 'ਕਿਉਂ, ਖਾਣੀਆਂ ਕਿਉਂ ਨਹੀਂ, ਇਨਫੈਕਸ਼ਨ ਕਰਵਾਉਣੀ ਹੈ?' ਮੇਰੇ ਮਨ੍ਹਾ ਕਰਨ 'ਤੇ ਉਹ ਬੋਲੀ, 'ਚਲੋ ਪੇਨ-ਕਿੱਲਰ ਦਵਾਈ ਦੀਆਂ ਇਹ ਦੋ ਗੋਲੀਆਂ ਲੈ ਜਾਓ, ਰਾਤ ਨੂੰ ਦਰਦ ਹੋਵੇਗਾ, ਉਸ ਵੇਲੇ ਲੈ ਲੈਣਾ ਤੇ ਕੱਲ੍ਹ ਦਿਖਾ ਜਾਣਾ।' ਮੈਂ ਉਸ ਦੀਆਂ ਦਿੱਤੀਆਂ ਦੋ ਗੋਲੀਆਂ ਪੈਨ ਦੇ ਹੋਲਡਰ ਵਿਚ ਫਸਾ ਲਈਆਂ ਤੇ ਜੇਬ ਪਈ ਸ਼ੀਸ਼ੀ ਵਿਚੋਂ ਰੈਸਕਿਊ ਰੈਮਿਡੀ ਦੀ ਇਕ ਗੋਲੀ ਜੀਭ ਹੇਠ ਦਬਾ ਕੇ ਘਰ ਵੱਲ ਚੱਲ ਪਿਆ।

ਰਾਤ ਨੂੰ ਮੈਨੂੰ ਕੋਈ ਦਰਦ ਨਾ ਹੋਇਆ ਪਰ ਜਦੋਂ ਅਗਲੇ ਦਿਨ ਤੇ ਉਸ ਤੋਂ ਅਗਲੇ ਦਿਨ ਵੀ ਕੋਈ ਤਕਲੀਫ ਨਾ ਹੋਈ ਤਾਂ ਮੈਂ ਸੋਚਣ ਲੱਗਿਆ ਕਿ ਕਿਤੇ ਅੰਦਰੋ ਅੰਦਰੀ ਜਾੜ੍ਹ ਵਾਲੀ ਥਾਂ ਦਾ ਭੱਠਾ ਨਾ ਬੈਠ ਰਿਹਾ ਹੋਵੇ, ਚੈੱਕ ਕਰਵਾ ਆਵਾਂ। ਡਾਕਟਰਨੀ ਨੇ ਦੇਖ ਕੇ ਦੱਸਿਆ ਕਿ ਜ਼ਖਮ ਬਿਲਕੁਲ ਠੀਕ ਹੋ ਗਿਆ ਹੈ। ਮੈਂ ਉਸ ਨੂੰ ਕਿਹਾ, 'ਜੇ ਠੀਕ ਹੋ ਗਿਆ ਹੈ ਤਾਂ ਆਹ ਲਓ ਆਪਣੀ ਅਮਾਨਤ।' ਮੈਂ ਉਸ ਨੂੰ ਪੈਨ ਦੇ ਹੋਲਡਰ ਵਿਚੋਂ ਕੱਢ ਕੇ ਉਸ ਦੀਆਂ ਦਿੱਤੀਆਂ ਪੇਨ-ਕਿੱਲਰ ਦੀਆਂ ਉਹੀ ਦੋ ਗੋਲੀਆਂ ਵਾਪਸ ਕਰ ਦਿੱਤੀਆਂ। ਉਹ ਘਬਰਾ ਕੇ ਬੋਲੀ, 'ਫਿਰ ਤੁਸੀਂ ਲਿੱਤਾ ਕੀ?' ਮੈਂ ਉਸ ਨੂੰ ਰੈਸਕਿਊ ਰੈਮਿਡੀ ਦੀ ਸ਼ੀਸ਼ੀ ਦਿਖਾ ਕੇ ਕਿਹਾ, 'ਇਸ ਦੀ ਸਿਰਫ ਇਕ ਗੋਲੀ।' ਉਸ ਨੇ ਹੈਰਾਨੀ ਨਾਲ ਪੁੱਛਿਆ, 'ਕੀ ਹੈ ਇਹ, ਇਸ ਨੂੰ ਕੌਣ ਬਣਾਉਂਦਾ ਹੈ?' ਮੈਂ ਉਸ ਨੂੰ ਰੈਸਕਿਊ ਰੈਮਿਡੀ ਦੀ ਤਾਕਤ ਬਾਰੇ ਦੱਸਿਆ ਤੇ ਉਹ ਮੰਤਰ-ਮੁਗਧ ਹੋ ਕੇ ਸੁਣਦੀ ਰਹੀ।

ਡਾਕਟਰ ਕ੍ਰਿਸ਼ਨਾਮੂਰਤੀ ਨੇ ਬੱਸ ਹਾਦਸੇ ਵਾਲੀ ਘਟਨਾ ਦੀ ਪੁਸ਼ਟੀ ਕਰਨ ਲਈ ਮਿਸਿਜ਼ ਕਲੇਰ ਦਾ ਫੋਨ ਨੰਬਰ ਦਿੱਤਾ ਹੈ ਤਾਂ ਜੋ ਪਾਠਕ ਸਚਾਈ ਦਾ ਪਤਾ ਲਗਾ ਸਕਣ। ਪਰ ਉਨ੍ਹਾਂ ਨੂੰ ਇੱਡੀ ਦੂਰ ਫੋਨ ਕਰਨ ਦੀ ਕੀ ਲੋੜ? ਉਹ ਮੈਨੂੰ ਹੀ ਕਾਲ ਕਰ ਕੇ ਪੁੱਛ ਲੈਣ; ਮੈਂ ਹੀ ਉਨ੍ਹਾਂ ਨੂੰ ਦੱਸ ਦਿਆਂਗਾ ਕਿ ਇਹ ਕਿੰਨੀ ਚਮਤਕਾਰੀ ਦਵਾ ਹੈ। ਨਾਲ ਇਹ ਵੀ ਦੱਸਾਂਗਾ ਕਿ ਕਿਵੇਂ ਇਸ ਦੀ ਸਵੇਰੇ ਇਕ ਗੋਲੀ ਚੂਸਣ ਨਾਲ ਦਸ ਦਿਨਾਂ ਵਿਚ ਹੀ ਮੇਰੀ ਪੌਣੀ ਸਦੀ ਪੁਰਾਣੀ ਚਾਹ ਪੀਣ ਦੀ ਆਦਤ ਛੁੱਟ ਗਈ ਹੈ!

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਫੇਲ੍ਹ ਹੋਣ ਦਾ ਵਰਦਾਨ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਇਸ ਲੇਖ ਵਿਚ ਉਨ੍ਹਾਂ ਲਗਨ ਬਨਾਮ ਦੋਚਿਤੀ ਦਾ ਕਿੱਸਾ ਛੋਹਿਆ ਹੈ। ਦੋਚਿਤੀ ਤੁਹਾਨੂੰ ਕਿਵੇਂ ਚਿੱਕੜ ਵਿਚ ਫਸਾ ਦਿੰਦੀ ਹੈ ਅਤੇ ਲਗਨ ਕਿਸ ਤਰ੍ਹਾਂ ਅੰਬਰ ਦੀ ਉਡਾਰੀ ਬਣ ਜਾਂਦੀ ਹੈ, ਇਸ ਤੱਥ ਨੂੰ ਉਨ੍ਹਾਂ ਬਹੁਤ ਸਹਿਜ ਨਾਲ ਅਤੇ ਸਰਲ ਢੰਗ ਨਾਲ ਬਿਆਨ ਕੀਤਾ ਹੈ।***

ਜੂਨ 1971 ਦੀ ਤਿੱਖੜ ਦੁਪਹਿਰ। ਕਣਕ ਦੇ ਵੱਢ ਵਿਚ ਰੂੜੀ ਪਾਉਣ ਦਾ ਸਮਾਂ। ਬਾਪ ਨਾਲ ਗੱਡੇ 'ਤੇ ਰੂੜੀ ਪਵਾ ਰਿਹਾ ਸਾਂ ਤਾਂ ਮੇਰੇ ਜਮਾਤੀ ਨੇ ਆ ਕੇ ਦੱਸਿਆ, "ਮੈਂ ਤਾਂ ਪ੍ਰੈਪ ਵਿਚੋਂ ਪਾਸ ਹੋ ਗਿਆ ਹਾਂ ਪਰ ਤੂੰ ਫੇਲ੍ਹ ਹੋ ਗਿਆ ਏਂ।"

ਪ੍ਰੈਪ ਵਿਚੋਂ ਫੇਲ੍ਹ ਹੋਣਾ ਅਤੇ ਇਸ ਨੂੰ ਵਰਦਾਨ ਕਹਿਣਾ, ਪਾਠਕ ਨੂੰ ਅਚੰਭਤ ਜ਼ਰੂਰ ਕਰੇਗਾ ਪਰ ਸੱਚ ਇਹੀ ਹੈ ਕਿ ਮਨੁੱਖ ਆਪਣੀਆਂ ਨਕਾਮੀਆਂ ਵਿਚੋਂ ਹੀ ਸਫਲਤਾ ਦੀਆਂ ਪੌੜੀਆਂ ਚੜ੍ਹਦਾ। ਆਪਣੀ ਕਮੀਆਂ ਤੇ ਖ਼ਾਮੀਆਂ ਨੂੰ ਸੁਧਾਰ, ਨਵੀਆਂ ਪੁਲਾਂਘਾਂ ਪੁੱਟਦਾ। ਆਪਣੀ ਕਮਜ਼ੋਰੀ ਨੂੰ ਆਪਣੀ ਤਾਕਤ ਬਣਾਉਣ ਲਈ, ਮਨ-ਬਿਰਤੀ ਨੂੰ ਉਸਾਰੂ ਮੋੜ ਦਿੰਦਾ ਅਤੇ ਥਿੜਕਦੇ ਪੈਰਾਂ ਨੂੰ ਤਕੜਾਈ ਦੀ ਪੈੜ ਵਿਚ ਧਰਦਾ। ਅਜਿਹਾ ਕੁਝ ਮੇਰਾ ਨਾਲ ਵੀ ਵਾਪਰਿਆ।

ਦਰਅਸਲ ਦਸਵੀਂ ਵਿਚ ਫਸਟ ਡਿਵੀਜ਼ਨ ਵਿਚ ਪਾਸ ਹੋਣ 'ਤੇ ਨਵੇਂ ਐਮ. ਏ. ਪਾਸ ਅਤੇ ਗਵਾਂਢੀ ਸ. ਜਰਨੈਲ ਸਿੰਘ ਭੰਡਾਲ ਨੇ ਪੱਤੀ ਦੇ ਸਾਨੂੰ ਤਿੰਨ ਜਮਾਤੀਆਂ, ਬਲਵੰਤ ਸਿੰਘ, ਰਣਜੀਤ ਸਿੰਘ ਤੇ ਮੈਨੂੰ ਰਣਧੀਰ ਕਾਲਜ, ਕਪੂਰਥਲਾ ਵਿਚ ਨਾਨ-ਮੈਡੀਕਲ ਵਿਚ ਦਾਖ਼ਲ ਕਰਵਾ ਦਿਤਾ। ਉਸ ਦਾ ਸੋਚਣਾ ਸੀ ਕਿ ਉਹਦੇ ਗਰਾਈਂ ਸਾਇੰਸ ਪੜ੍ਹ, ਚੰਗੀਆਂ ਵਿਦਿਅਕ ਪ੍ਰਾਪਤੀਆਂ ਨਾਲ ਚੰਗਾ ਭਵਿੱਖ ਉਸਾਰ ਤੇ ਮਾਣ ਸਕਣ।

ਪਿੰਡ ਦੇ ਜਵਾਕਾਂ ਨੇ ਨਵਾਂ ਨਵਾਂ ਕਾਲਜ ਵਿਚ ਦਾਖਲ ਹੋਣ ਤੇ ਨਵੇਂ ਮਾਹੌਲ ਨੂੰ ਦੇਖ ਕੇ ਅਚੰਭਤ ਹੋਣਾ ਹੀ ਸੀ। ਪੜ੍ਹਨ ਦਾ ਚਾਅ ਸੀ ਪਰ ਸਾਇੰਸ ਦੀ ਸਮੁੱਚੀ ਪੜ੍ਹਾਈ ਅੰਗਰੇਜ਼ੀ ਮੀਡੀਅਮ ਵਿਚ ਹੋਣ ਕਾਰਨ ਸਾਡੇ ਕੁਝ ਵੀ ਸਮਝ ਨਾ ਆਉਂਦਾ ਅਤੇ ਕੋਰੇ ਹੀ ਕਾਲਜ ਤੋਂ ਪਰਤ ਆਉਂਦੇ। ਪੜ੍ਹਾਈ ਦਾ ਫਿਕਰ ਕਰਨ ਦੀ ਬਜਾਏ ਅਸੀਂ ਸਾਇੰਸ ਦੀ ਪੜ੍ਹਾਈ ਤੋਂ ਬਚਣ ਦੀਆਂ ਤਰਕੀਬਾਂ ਸੋਚਣ ਲੱਗ ਪਏ ਅਤੇ ਮਨ ਵਿਚ ਆਉਂਦਾ ਕਿ ਆਰਟਸ ਪੜ੍ਹਨ ਵਾਲੇ ਕਿੰਨੀ ਬੇਫ਼ਿਕਰੀ ਅਤੇ ਅਨੰਦ ਨਾਲ ਕਾਲਜੀਏਟ ਬਣ, ਮੌਜਾਂ ਲੁੱਟਦੇ ਹਨ। ਦਰਅਸਲ ਮਨ ਜਦ ਢੇਰੀ ਢਾਹ ਲਵੇ ਤੇ ਬਚਾਅ ਵਿਚ ਆ ਜਾਵੇ ਤਾਂ ਚੁਣੌਤੀ ਦਾ ਮੁਕਾਬਲਾ ਕਰਨ ਦੀ ਬਿਰਤੀ ਹੀ ਮਰ ਜਾਂਦੀ। ਫਿਰ ਪੱਲੇ ਵਿਚ ਬਹਾਨੇ ਹੀ ਹੁੰਦੇ। ਅਜਿਹਾ ਕੁਝ ਹੀ ਸਾਡੇ ਨਾਲ ਹੋਇਆ ਅਤੇ ਕਿਸੇ ਨੂੰ ਦੱਸਿਆਂ ਬਗੈਰ ਅਸੀਂ ਤਿੰਨਾਂ ਨੇ ਹੀ ਸਾਇੰਸ ਛੱਡ ਕੇ ਆਰਟਸ ਦੇ ਮਜ਼ਮੂਨ ਪੜ੍ਹਨੇ ਸ਼ੁਰੂ ਕਰ ਦਿਤੇ। ਮਾਪੇ ਕੋਰੇ ਅਨਪੜ੍ਹ ਸਨ। ਉਨ੍ਹਾਂ ਵਾਸਤੇ ਵਿਸ਼ਿਆਂ ਦਾ ਕੋਈ ਮਤਲਬ ਨਹੀਂ ਸੀ। ਉਹ ਤਾਂ ਇਸ ਗੱਲੋਂ ਹੀ ਖੁਸ਼ ਸਨ ਕਿ ਉਨ੍ਹਾਂ ਦੇ ਬੱਚੇ ਕਾਲਜ ਵਿਚ ਪੜ੍ਹਦੇ ਹਨ। ਪੰਦਰਾਂ ਕੁ ਦਿਨ ਆਰਟਸ ਪੜ੍ਹਦਿਆਂ ਵੀ ਹੋ ਗਏ ਤਾਂ ਮੇਰੇ ਮਾਮਾ ਜੀ, ਹੈੱਡਮਾਸਟਰ ਪਿਆਰਾ ਸਿੰਘ ਖੈੜਾ ਮੇਰੀ ਪੜ੍ਹਾਈ ਬਾਰੇ ਜਾਣਨ ਲਈ ਕਾਲਜ ਹੀ ਆ ਗਏ ਅਤੇ ਉਨ੍ਹਾਂ ਕਾਲਜ ਦੇ ਕਲਰਕ ਹੀਰਾ ਲਾਲ ਰਾਹੀਂ ਮੈਨੂੰ ਕਾਲਜ ਕੰਟੀਨ ਵਿਚ ਲੱਭ ਲਿਆ।

ਜਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਸਾਇੰਸ ਛੱਡ ਕੇ ਆਰਟਸ ਦੇ ਮਜ਼ਮੂਨ ਪੜ੍ਹਨੇ ਸ਼ੁਰੂ ਕਰ ਦਿਤੇ ਹਨ ਤਾਂ ਉਨ੍ਹਾਂ ਦਾ ਪਹਿਲਾਂ ਪ੍ਰਤੀਕਰਮ ਰੂਪੀ ਚਿਤਵਾਨੀ ਸੀ- ਜੇ ਤਾਂ ਸਾਇੰਸ ਪੜ੍ਹਨੀ ਏ ਤਾਂ ਠੀਕ ਆ, ਵਰਨਾ ਚੁੱਕ ਆਪਣਾ ਬੈਗ ਤੇ ਚੱਲ ਕੇ ਆਪਣੇ ਬਾਪ ਨਾਲ ਵਾਹੀ ਕਰਵਾ। ਵੱਡਿਆਂ ਨੂੰ ਜਵਾਬ ਦੇਣ ਦਾ ਤਾਂ ਮਤਲਬ ਹੀ ਨਹੀਂ ਸੀ ਅਤੇ ਮੈਂ ਮੁੜ ਕੇ ਸਾਇੰਸ ਪੜ੍ਹਨ ਦੀ ਹਾਮੀ ਭਰ ਦਿੱਤੀ ਜਦਕਿ ਕਲਾਸਾਂ ਲੱਗਦੀਆਂ ਨੂੰ ਮਹੀਨੇ ਤੋਂ ਜ਼ਿਆਦਾ ਹੋ ਚੱਕਾ ਸੀ। ਮੈਂ ਤਾਂ ਸਾਇੰਸ ਦੀਆਂ ਪੁਸਤਕਾਂ ਵਾਪਸ ਕਰਕੇ ਆਰਟਸ ਦੀਆਂ ਲੈ ਲਈਆਂ ਸਨ ਤੇ ਆਪਣਾ ਰੋਲ ਨੰਬਰ ਵੀ ਬਦਲ ਲਿਆ ਸੀ। ਮਾਨਸਿਕ ਦੋਚਿਤੀ ਅਤੇ ਮਜ਼ਮੂਨਾਂ ਦੀ ਅਦਲਾ-ਬਦਲੀ ਵਿਚ ਹੀ ਮਹੀਨੇ ਤੋਂ ਜ਼ਿਆਦਾ ਲੰਘ ਗਿਆ। ਫਿਰ ਉਹੀ ਅੰਗਰੇਜ਼ੀ ਮੀਡੀਅਮ, ਔਖੀ ਪੜ੍ਹਾਈ ਅਤੇ ਪਹਿਲੀਆਂ ਕਲਾਸਾਂ ਮਿਸ ਹੋਣ ਕਾਰਨ ਅਗਲੇਰੇ ਚੈਪਟਰਾਂ ਦਾ ਸਮਝਣਾ ਬਹੁਤ ਮੁਸ਼ਕਿਲ ਹੋ ਗਿਆ; ਤੇ ਸਾਲਾਨਾ ਇਮਤਿਹਾਨ ਵਿਚ ਮੈਂ ਪ੍ਰੈਪ ਵਿਚੋਂ ਫੇਲ੍ਹ ਹੋ ਗਿਆ।

ਜਦ ਰੂੜੀ ਪਾਉਂਦਿਆਂ, ਬਾਪ ਨੂੰ ਫੇਲ੍ਹ ਹੋਣ ਦਾ ਪਤਾ ਲੱਗਾ ਤਾਂ ਉਹ ਬਹੁਤ ਉਦਾਸ ਹੋਏ। ਉਨ੍ਹਾਂ ਦੀਆਂ ਅੱਖਾਂ ਵਿਚ ਆਈ ਨਮੀ ਵਿਚੋਂ ਉਨ੍ਹਾਂ ਦੇ ਸਿਰਜੇ ਸੁਪਨੇ ਦੀ ਤਿੜਕਣ ਨੂੰ ਮੈਂ ਮਹਿਸੂਸ ਕੀਤਾ ਅਤੇ ਸ਼ਰਮਿੰਦਾ ਹੋ ਕੇ ਨੀਵੀਂ ਪਾ ਲਈ। ਦੁੱਖ ਹੋਇਆ ਕਿ ਬਾਪ ਦੀ ਮਿਹਨਤ ਅਤੇ ਉਨ੍ਹਾਂ ਦੀਆਂ ਆਸਾਂ ਨੂੰ ਮਿੱਟੀ 'ਚ ਮਿਲਾਉਣ ਲਈ ਮੈਂ ਹੀ ਕਸੂਰਵਾਰ ਹਾਂ ਪਰ ਬਾਪ ਨੇ ਹੌਸਲਾ ਦਿੰਦਿਆਂ ਕਿਹਾ- "ਕੋਈ ਨਾ। ਹੁਣ ਹੋਰ ਮਿਹਨਤ ਕਰੀਂ। ਅਗਲੇ ਸਾਲ ਆਪੇ ਹੀ ਪਾਸ ਹੋ ਜਾਵੇਂਗਾ।" ਉਸ ਪਲ ਮੈਂ ਮਨ ਵਿਚ ਬਾਪ ਦੀਆਂ ਅੱਖਾਂ ਵਿਚ ਜੰਮ ਚੁੱਕੇ ਹੰਝੂਆਂ ਦੀ ਕਸਮ ਖਾਧੀ ਕਿ ਹੁਣ ਬਾਪ ਦੇ ਦੀਦਿਆਂ ਵਿਚ ਨਿਰਾਸ਼ਾ ਦੇ ਨਹੀਂ ਸਗੋਂ ਖੁਸ਼ੀ ਦੇ ਹੰਝੂ ਦੇਖਣ ਲਈ ਖੁਦ ਨੂੰ ਅਰਪਿਤ ਕਰਾਂਗਾ। ਇਹ ਮੂਕ ਪਰ ਪੱਕਾ ਵਾਅਦਾ ਸੀ, ਆਪਣੇ ਆਪ ਨਾਲ; ਆਪਣੇ ਅੰਤਰੀਵ ਨਾਲ ਅਤੇ ਸਾਧਾਰਨ ਬਾਪ ਦੇ ਮਾਣ ਨੂੰ ਕਾਇਮ ਰੱਖਣ ਦਾ; ਹੁਣ ਇਨ੍ਹਾਂ ਬੇਸ਼ਕੀਮਤੀ ਪਰ ਜੰਮੇ ਹੰਝੂਆਂ ਦਾ ਮੁੱਲ ਮੋੜ ਕੇ ਹੀ ਸਾਹ ਲਵਾਂਗਾ।

ਦਰਅਸਲ, ਮੇਰਾ ਫੇਲ੍ਹ ਹੋਣਾ ਹੀ ਮੈਨੂੰ ਮੇਰੀਆਂ ਕਮਜ਼ੋਰੀਆਂ ਦੇ ਰੂਬਰੂ ਕਰ, ਇਨ੍ਹਾਂ ਨੂੰ ਤਾਕਤ ਬਣਾਉਣ ਦਾ ਵੱਲ ਸਿਖਾ ਗਿਆ। ਪਹਿਲੀ ਮੁਸ਼ਕਿਲ ਸੀ ਅੰਗਰੇਜ਼ੀ ਮੀਡੀਅਮ। ਪਹਿਲਾਂ ਪਹਿਲਾਂ ਪਿੰਡਾਂ ਦੇ ਪੜ੍ਹਿਆਂ ਨੂੰ ਸ਼ਹਿਰਾਂ ਵਿਚ ਪੜ੍ਹਿਆਂ ਨਾਲੋਂ ਅੰਗਰੇਜ਼ੀ ਸਮਝਣੀ ਤੇ ਬੋਲਣੀ ਔਖੀ ਲੱਗਦੀ ਆ। ਇਸ ਔਕੜ ਤੋਂ ਰਾਹਤ ਪਾਉਣ ਲਈ ਮੈਂ ਇਕ ਦਿਨ ਪਹਿਲਾਂ ਹੀ ਉਹ ਚੈਪਟਰ ਘਰੇ ਪੜ੍ਹਨੇ ਸ਼ੁਰੂ ਕਰ ਦਿਤੇ ਜਿਹੜੇ ਅਗਲੇ ਦਿਨ ਪ੍ਰੋਫੈਸਰ ਨੇ ਪੜ੍ਹਾਉਣੇ ਹੁੰਦੇ ਸਨ। ਇਸ ਨਾਲ ਮੈਨੂੰ ਸਾਇੰਸ ਸਮਝਣ ਵਿਚ ਆਸਾਨੀ ਹੋ ਗਈ। ਤਾਂ ਹੀ ਮੈਂ ਆਪਣੇ ਅਧਿਆਪਨ ਦੌਰਾਨ ਨਵੇਂ ਵਿਦਿਆਰਥੀਆਂ ਲਈ ਪਹਿਲੇ ਕੁਝ ਦਿਨ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਫਿਜਿਕਸ ਪੜ੍ਹਾਉਣ ਦੀ ਆਦਤ ਬਣਾ ਲਈ। ਇਸ ਨਾਲ ਪਿੰਡ ਤੋਂ ਦਸਵੀਂ ਕਰਕੇ ਆਇਆਂ ਲਈ ਸਾਇੰਸ ਨੂੰ ਸਮਝਣਾ ਬਹੁਤ ਆਸਾਨ ਹੋ ਜਾਂਦਾ ਸੀ।




ਸਾਇੰਸ ਦੀਆਂ ਕਲਾਸਾਂ ਵਿਚ ਪਿੰਡਾਂ ਦੇ ਬੱਚੇ ਘੱਟ ਹੁੰਦੇ ਸਨ ਜਦਕਿ ਸ਼ਹਿਰਾਂ ਦੇ ਚੰਗੇ ਸਕੂਲਾਂ ਤੋਂ ਪੜ੍ਹ ਕੇ ਆਏ ਬੱਚੇ ਹੁੰਦੇ ਸਨ। ਸ਼ਹਿਰੀ ਵਿਦਿਆਰਥੀਆਂ (ਕੁਝ ਕੁ ਪ੍ਰੋਫੈਸਰ ਵੀ) ਦੀ ਇਹ ਬਿਰਤੀ ਹੁੰਦੀ, ਪਿੰਡਾਂ ਦੇ ਵਿਦਿਆਰਥੀਆਂ ਨੂੰ ਘੱਟ ਅਹਿਮੀਅਤ ਦਿਤੀ ਜਾਵੇ ਅਤੇ ਉਹ ਸਾਇੰਸ ਹੀ ਛੱਡ ਜਾਣ। ਫੇਲ੍ਹ ਹੋਣ ਦੀ ਹੀਣ-ਭਾਵਨਾ ਵਿਚੋਂ ਉਭਰਨ ਲਈ ਮੈਂ ਪੜ੍ਹਾਈ ਵੱਲ ਪੂਰਨ ਅਰਪਿਤ ਹੋ ਗਿਆ ਅਤੇ ਕੁਝ ਚੰਗੇਰਾ ਕਰ ਗੁਜ਼ਰਨ ਦੀ ਤਮੰਨਾ ਹਰ ਵੇਲੇ ਮਨ ਵਿਚ ਤਾਰੀ ਰਹਿੰਦੀ। ਅਗਲੀਆਂ ਕਲਾਸਾਂ ਵਿਚ ਚੰਗੇ ਨੰਬਰ ਆਉਣ ਨਾਲ ਅਧਿਆਪਕਾਂ ਦੀਆਂ ਨਜ਼ਰਾਂ ਵਿਚ ਵੀ ਚੰਗਾ ਵਿਦਿਆਰਥੀ ਸਮਝਿਆ ਜਾਣ ਲੱਗਾ। ਮੈਂ ਅਧਿਆਪਨ ਦੌਰਾਨ ਦੇਖਿਆ ਕਿ ਪਿੰਡਾਂ ਦੇ ਬੱਚੇ ਕਿਸੇ ਗੱਲੋਂ ਵੀ ਘੱਟ ਨਹੀਂ ਹੁੰਦੇ। ਜ਼ਰਾ ਕੁ ਪ੍ਰੇਰਨਾ ਨਾਲ ਉਹ ਆਪਣੇ ਸੁਪਨੇ ਪੂਰੇ ਕਰਨ ਲਈ ਬਹੁਤ ਮਿਹਨਤ ਕਰਦੇ ਨੇ। ਮੇਰਾ ਇਕ ਵਿਦਿਆਰਥੀ ਅਮਨਪ੍ਰੀਤ ਸਿੰਘ ਨਵਾਂ-ਨਵਾਂ ਪ੍ਰੈਪ ਵਿਚ ਦਾਖਲ ਹੋਇਆ। ਸਾਥੀਆਂ ਨੇ ਪੁੱਛਿਆ ਕਿ ਉਸ ਨੇ ਕੀ ਬਣਨਾ ਹੈ? ਉਸ ਨੇ ਕਿਹਾ ਕਿ ਉਹਨੇ ਸੀ. ਐਮ. ਓ. ਬਣਨਾ ਏ। ਮਖੌਲ ਵਜੋਂ ਜਮਾਤੀਆਂ ਵਿਚ ਉਸ ਦਾ ਨਾਮ ਹੀ ਸੀ. ਐਮ. ਓ. ਮਸ਼ਹੂਰ ਹੋ ਗਿਆ ਅਤੇ ਹਰ ਕੋਈ ਇਸੇ ਨਾਮ ਨਾਲ ਬੁਲਾ ਕੇ ਉਸ ਦੀ ਖਿੱਲੀ ਉਡਾਉਂਦਾ ਪਰ ਉਸ ਦੀ ਮਿਹਨਤ ਅਤੇ ਲਗਨ ਨੂੰ ਸਲਾਮ ਕਰਨਾ ਬਣਦਾ ਹੈ ਕਿ ਉਹ ਹੁਣ ਉਚਕੋਟੀ ਦਾ ਸਰਜਨ ਹੈ ਅਤੇ ਉਸ ਦਾ ਭਰਾ ਵੀ ਡਾਕਟਰ ਹੈ। ਅੱਜ ਕੱਲ੍ਹ ਸੁਲਤਾਨਪੁਰ ਲੋਧੀ ਵਿਚ ਉਸ ਦਾ ਆਪਣਾ ਹਸਪਤਾਲ ਹੈ।

ਕਾਲਜ ਵਿਚ ਆਰਟਸ ਦੇ ਵਿਦਿਆਰਥੀਆਂ ਵਲੋਂ ਸਾਇੰਸ ਨੂੰ ਹਊਆ ਬਣਾ ਕੇ ਪੇਸ਼ ਕੀਤਾ ਜਾਂਦਾ। ਅਕਸਰ ਹੀ ਸਾਇੰਸ ਦੇ ਵਿਦਿਆਰਥੀਆਂ ਨੂੰ ਪੜ੍ਹਾਕੂ, ਕਿਤਾਬੀ ਕੀੜੇ, ਮੋਟੀਆਂ ਐਨਕਾਂ ਵਾਲੇ ਜਾਂ ਹੋਰ ਅਜਿਹੇ ਨਾਵਾਂ ਨਾਲ ਪੁਕਾਰ ਨੇ ਉਨ੍ਹਾਂ ਦਾ ਮੌਜੂ ਉਡਾਇਆ ਜਾਂਦਾ। ਇਸ ਤੋਂ ਬਚਣ ਲਈ ਮੈਂ ਹੁਣ ਖੁਦ ਨੂੰ ਅਜਿਹੇ ਸਾਥੀਆਂ ਤੋਂ ਦੂਰ ਰਹਿਣ, ਸਾਇੰਸ ਦੇ ਜਮਾਤੀਆਂ ਨਾਲ ਸਾਂਝ ਪੈਦਾ ਕਰਨ ਅਤੇ ਇਕ ਦੂਜੇ ਕੋਲੋਂ ਸਿੱਖਣ ਤੇ ਸਿਖਾਉਣ ਦੀ ਬਿਰਤੀ ਬਣਾ ਲਈ। ਇਸ ਨਾਲ ਬਾਹਰੋਂ ਮਿਲਣ ਵਾਲੇ ਨਕਾਰਤਮਿਕ ਵਿਚਾਰ ਅਤੇ ਹੀਣ ਭਾਵਨਾਵਾਂ ਨਾਲ ਭਰੀਆਂ ਗੱਲਾਂ ਤੋਂ ਕਿਨਾਰਾਕਸ਼ੀ ਹੋ ਗਈ। ਮੈਂ ਆਪਣੇ ਟੀਚੇ ਪ੍ਰਤੀ ਹੋਰ ਸਮਰਪਿਤ ਹੋ ਗਿਆ, ਤੇ ਸਿਰਫ਼ ਪੜ੍ਹਾਈ ਹੀ ਜ਼ਿੰਦਗੀ ਦਾ ਇਕੋ-ਇਕ ਲਕਸ਼ ਬਣ ਗਿਆ।

ਅੱਜ ਜਦੋਂ ਮੈਂ ਪਿਛਲਝਾਤੀ ਮਾਰਦਾ ਹਾਂ ਤਾਂ ਪ੍ਰੋਫੈਸਰਾਂ ਦਾ ਇਹ ਵਤੀਰਾ ਬਹੁਤ ਚੁਭਦਾ ਕਿ ਉਹ ਖੁਦ ਨੂੰ ਸਿਰਫ਼ ਕਿਤਾਬੀ ਗਿਆਨ ਅਤੇ ਸਿਲੇਬਸ ਮੁਕਾਉਣ ਤੱਕ ਹੀ ਸੀਮਤ ਰੱਖਦੇ ਹਨ। ਵਿਦਿਆਰਥੀਆਂ ਨੂੰ ਪ੍ਰੇਰਨ, ਉਤਸ਼ਾਹ ਵਧਾਉਣ ਜਾਂ ਚੰਗੇ ਮਨੁੱਖ ਬਣਨ ਲਈ ਨਜ਼ਰੀਆ ਪੈਦਾ ਕਰਨ ਵੱਲ ਕੋਈ ਧਿਆਨ ਨਹੀਂ ਸੀ ਹੁੰਦਾ ਜਦਕਿ ਪੜ੍ਹਾਈ ਦੇ ਨਾਲ-ਨਾਲ ਇਹ ਬਹੁਤ ਜ਼ਰੂਰੀ ਹੁੰਦਾ। ਅਮਰੀਕਾ ਵਿਚ ਪੜ੍ਹਾਉਣ ਦੌਰਾਨ ਦੇਖਿਆ ਕਿ ਇਹ ਵਰਤਾਰਾ ਵਿਦੇਸ਼ਾਂ ਦੇ ਅਧਿਅਪਕਾਂ ਵਿਚ ਵੀ ਦੇਖਣ ਨੂੰ ਮਿਲਦਾ ਹੈ।

ਅਧਿਆਪਕ ਸਿਰਫ਼ ਕਿਤਾਬੀ ਗਿਆਨ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ। ਉਹ ਤਾਂ ਰੋਲ ਮਾਡਲ ਹੁੰਦਾ ਹੈ। ਗਾਇਡ, ਮਾਪਾ-ਰੂਪ, ਸਲਾਹਕਾਰ, ਜੀਵਨ ਦੀਆਂ ਕਦਰਾਂ-ਕੀਮਤਾਂ ਦਾ ਪਹਿਰੇਦਾਰ, ਬੱਚਿਆਂ ਦੇ ਮਨਾਂ ਵਿਚ ਸੁਪਨਿਆਂ ਦਾ ਸਿਰਜਣਹਾਰ ਅਤੇ ਇਨ੍ਹਾਂ ਦੀ ਪੂਰਤੀ ਲਈ ਮਾਰਗ ਦਰਸ਼ਕ। ਵਿਦਿਆਰਥੀਆਂ ਦੀਆਂ ਕਮੀਆਂ ਨੂੰ ਉਨ੍ਹਾਂ ਦੀ ਤਾਕਤ ਬਣਾਉਣ ਦਾ ਗੁਰ-ਮੰਤਰ ਸਮਝਾਉਣ ਵਾਲਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਤਾਕਤ, ਹਿੰਮਤ ਅਤੇ ਸਿਰੜ ਦਾ ਗਿਆਨ ਕਰਵਾਉਣ ਵਾਲਾ। ਉਸ ਦੀ ਪ੍ਰਤੀਬੱਧਤਾ ਵਿਚ ਸ਼ਾਮਲ ਹੁੰਦਾ ਕਿ ਵਿਦਿਆਰਥੀ ਪੂਰਨ ਸਮਰੱਥਾ ਨਾਲ ਸੁਪਨਿਆਂ ਦਾ ਸੂਰਜ ਉਗਾਉਣਾ।

ਉਸ ਸਮੇਂ ਮੇਰੀ ਨਾਕਾਮੀ ਜਾਂ ਫੇਲ੍ਹ ਹੋਣ ਦਾ ਮੁੱਖ ਕਾਰਨ ਸੀ ਮੇਰੀ ਦੁਚਿਤੀ। ਕਦੇ ਅੰਗਰੇਜ਼ੀ ਮੀਡੀਅਮ ਦਾ ਬਹਾਨਾ, ਕਦੇ ਸਾਇੰਸ ਲੈ ਲੈਣਾ, ਫਿਰ ਛੱਡ ਦੇਣਾ ਅਤੇ ਫਿਰ ਲੈ ਲੈਣਾ। ਦੁਚਿਤੀ ਵਿਚ ਪੈਰ ਕਿਹੜੇ ਰਾਹ ਵੱਲ ਵਧਣ? ਸੋਚ ਕਿਹੜੀ ਸਾਧਨਾ ਨੂੰ ਅਪਣਾਵੇ? ਸਭ ਤੋਂ ਆਤਮਘਾਤੀ ਹੁੰਦਾ ਹੈ ਬੰਦੇ ਦਾ ਚੌਰਾਹੇ ਵਿਚ ਖੜ੍ਹੇ ਰਹਿਣਾ। ਰਾਹਾਂ ਤੇ ਮੰਜ਼ਲਾਂ ਨੂੰ ਹੀ ਕੋਸੀ ਜਾਣਾ। ਮੰਜ਼ਲ ਨਾ ਮਿਥਣਾ ਅਤੇ ਪੈਰਾਂ ਵਿਚ ਸਫ਼ਰ ਉਗਾਉਣ ਤੋਂ ਆਨਾ-ਕਾਨੀ ਕਰਨੀ। ਬੰਦੇ ਵਿਚ ਅਸੀਮ ਸਮਰਥਾ ਹੁੰਦੀ ਅਤੇ ਕੁਝ ਵੀ ਅਸੰਭਵ ਨਹੀਂ; ਬਸ਼ਰਤੇ ਉਸ ਨੂੰ ਆਪਣੇ ਆਪ ਦਾ ਗਿਆਨ ਹੋਵੇ, ਦੀਦਿਆਂ ਵਿਚ ਸੁਪਨੇ ਹੋਣ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਉਦਮ ਕਰਨ ਤੇ ਸਿਰੜ-ਸਾਧਨਾ ਦਾ ਤਹੱਈਆ ਕਰ ਲਿਆ ਜਾਵੇ। ਫੇਲ੍ਹ ਹੋਣ ਨੇ ਹੀ ਸਿਖਾਇਆ ਕਿ ਏ ਮਨਾਂ! ਦੋਚਿਤੀ ਛੱਡ। ਸਿਰਫ਼ ਇਕ ਸੇਧ ਵਿਚ ਤੁਰ ਕੇ ਆਪਣੇ ਪੈਰਾਂ ਨੂੰ ਪੈੜਾਂ ਅਤੇ ਰਾਹਾਂ ਨੂੰ ਮੰਜ਼ਲਾਂ ਦਾ ਸਿਰਨਾਵਾਂ ਦਿਤਾ ਜਾ ਸਕਦਾ।

ਬਾਪ ਦੀ ਅੱਖ ਵਿਚ ਆਏ ਹੰਝੂਆਂ ਦਾ ਜੰਮ ਜਾਣਾ, ਮੇਰੀ ਜ਼ਿੰਦਗੀ ਨੂੰ ਬਦਲਣ ਲਈ ਵਰਦਾਨ। ਮੇਰੀ ਸੁੱਤੀ ਹੋਈ ਕਾਇਆ ਨੂੰ ਜਗਾ ਗਿਆ। ਮੈਂ ਖੁਦ ਨੂੰ ਖੁਦ 'ਤੇ ਵਿਸ਼ਵਾਸ ਕਰਨ ਦਾ ਵੱਲ ਸਿਖਾਇਆ, ਮਿਹਨਤ ਦੀ ਭੱਠੀ ਵਿਚ ਝੁਲਸਣ ਲਈ ਖੁਦ ਨੂੰ ਤਿਆਰ ਕੀਤਾ ਅਤੇ ਰਾਤਾਂ ਦੀ ਨੀਂਦ ਹੰਘਾਲਣ ਲਈ ਮਾਨਸਿਕ ਤੌਰ 'ਤੇ ਤਿਆਰ ਹੋਇਆ। ਕਿਸੇ ਵੀ ਪ੍ਰਾਪਤੀ ਲਈ ਸਭ ਤੋਂ ਜ਼ਰੂਰੀ ਹੁੰਦਾ ਹੈ ਵਿਅਕਤੀ ਦਾ ਮਾਨਸਿਕ ਤੌਰ ਤੇ ਖੁਦ ਨੂੰ ਮਜ਼ਬੂਤ ਕਰਨਾ। ਆਸ਼ੇ ਦੀ ਪੂਰਤੀ ਪ੍ਰਤੀ ਪ੍ਰਤੀਬੱਧਤਾ। ਫਿਰ ਸਰੀਰਕ ਰੂਪ ਵਿਚ ਬੰਦਾ ਆਪ ਹੀ ਤਿਆਰ ਹੋ ਜਾਂਦਾ। ਤਰਕੀਬਾਂ ਹੀ ਤਰਜੀਹਾਂ ਬਣਦੀਆਂ ਅਤੇ ਇਨ੍ਹਾਂ ਵਿਚੋਂ ਹੀ ਤਕਦੀਰ ਦੀ ਤਰਤੀਬ ਨਿਖਰਦੀ ਆ।

ਫੇਲ੍ਹ ਹੋਣਾ ਉਹ ਹੁੰਦਾ ਜਦ ਤੁਸੀਂ ਮਨ ਵਿਚ ਫੇਲ੍ਹ ਹੋਣਾ ਮੰਨ ਨਿਰਾਸ਼ਤਾ ਵਿਚ ਡੁੱਬਦੇ ਹੋ। ਇਸ ਨੂੰ ਕਬੂਲ ਕਰਦੇ ਹੋ ਅਤੇ ਹਥਿਆਰ ਸੁੱਟ ਦਿੰਦੇ ਹੋ। ਇਸ ਦੇ ਉਲਟ ਫੇਲ੍ਹ ਹੋਣ ਦੇ ਕਾਰਨਾਂ ਨੂੰ ਸਮਝਣਾ ਅਤੇ ਇਨ੍ਹਾਂ ਵਿਚੋਂ ਖੁਦ ਨੂੰ ਉਭਾਰਨਾ ਹੀ ਅਸਫ਼ਲਤਾ ਨੂੰ ਸਫ਼ਲਤਾ ਵਿਚ ਬਦਲਣ ਦਾ ਮੀਰੀ ਗੁਣ ਹੁੰਦਾ। ਇਸ ਤੋਂ ਵਿਰਵੇ ਲੋਕ ਹੀ ਅਸਫ਼ਲਤਾਵਾਂ ਦਾ ਸਾਹਮਣਾ ਕਰਨ ਲਈ ਮਜਬੂਰ। ਬੰਦੇ ਨੂੰ ਪ੍ਰੇਰਨਾ ਮਿਲਦੀ ਰਹੇ ਅਤੇ ਹੌਸਲਾ ਅਫ਼ਜ਼ਾਈ ਹੁੰਦੀ ਰਹੇ ਤਾਂ ਕੋਈ ਵੀ ਮੰਜ਼ਲ ਨਾ-ਮੁਮਕਿਨ ਨਹੀਂ ਹੁੰਦੀ। ਕ੍ਰਿਸ਼ਮੇ ਮਨੁੱਖ ਹੀ ਕਰਦੇ ਅਤੇ ਇਹ ਕ੍ਰਿਸ਼ਮੇ ਸਿਰਫ਼ ਮਨੁੱਖੀ ਬਿਰਤੀ ਤੇ ਮਾਨਸਿਕਤਾ ਵਿਚੋਂ ਹੀ ਉਗਦੇ ਨੇ।

***ਫੇਲ੍ਹ ਹੋਣ ਤੋਂ ਬਾਅਦ ਬਾਪ ਦੀ ਦਿੱਤੀ ਹੋਈ ਹੌਸਲਾ ਅਫਜ਼ਾਈ ਦਾ ਕੇਹਾ ਕਮਾਲ ਸੀ ਕਿ ਇਸ ਤੋਂ ਬਾਅਦ ਸਾਇੰਸ ਪੜ੍ਹਨਾ ਜਨੂਨ ਬਣ ਗਿਆ। ਜਦ ਤੁਸੀਂ ਕਿਸੇ ਵੀ ਮਜ਼ਮੂਨ ਨੂੰ ਮਜਬੂਰੀ ਦੀ ਬਜਾਏ ਸ਼ੌਕ ਵਜੋਂ ਪੜ੍ਹਦੇ ਹੋ ਤਾਂ ਤੁਹਾਡੇ ਮਨ ਵਿਚ ਲਗਨ ਅਤੇ ਉਤਸ਼ਾਹ ਹੁੰਦਾ। ਕੁਝ ਵੀ ਔਖਾ ਜਾਂ ਉਕਾਊ ਨਹੀਂ ਲੱਗਦਾ। ਤੁਹਾਨੂੰ ਜਾਪਣ ਲੱਗਦਾ ਕਿ ਇਹ ਤਾਂ ਬਹੁਤ ਅਸਾਨ ਸੀ। ਮੈਂ ਤਾਂ ਐਵੇਂ ਇਸ ਤੋਂ ਡਰਦਾ ਰਿਹਾ।***

'ਕੇਰਾਂ ਜੰਗਾਂ ਵਿਚ ਲੜਨ ਵਾਲਾ ਹਾਥੀ ਚਿੱਕੜ ਵਿਚ ਫਸ ਗਿਆ ਅਤੇ ਜ਼ੋਰ ਲਾਉਣ ਦੇ ਬਾਵਜੂਦ ਉਹ ਹੋਰ ਚਿੱਕੜ ਵਿਚ ਡੂੰਘਾ ਖੁੱਭ ਰਿਹਾ ਸੀ। ਰਾਜਾ ਤੇ ਅਹਿਲਕਾਰ ਇਸ ਸਭ ਕੁਝ ਦੇਖ ਕੇ ਬਹੁਤ ਫਿਕਰਮੰਦ ਹੋ ਰਹੇ ਸਨ। ਇੰਨੇ ਚਿਰ ਨੂੰ ਮਹਾਤਮਾ ਬੁੱਧ ਉਸ ਰਾਹੇ ਜਾ ਰਹੇ ਸਨ ਅਤੇ ਉਹ ਭੀੜ ਦੇਖ ਰੁਕ ਗਏ। ਰਾਜੇ ਨੇ ਮਹਾਤਮਾ ਬੁੱਧ ਕੋਲੋਂ ਹਾਥੀ ਨੂੰ ਬਾਹਰ ਕੱਢਣ ਦਾ ਉਪਾਅ ਪੁੱਛਿਆ। ਮਹਾਤਮਾ ਬੁੱਧ ਨੇ ਹਾਥੀ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਇਹ ਹਾਥੀ ਜੰਗ ਵਿਚ ਸਭ ਤੋਂ ਅੱਗੇ ਹੁੰਦਾ ਹੈ, ਤਾਂ ਬੁੱਧ ਨੇ ਕਿਹਾ ਕਿ ਇਸ ਦੇ ਆਲੇ-ਦੁਆਲੇ ਜੰਗ ਦੇ ਢੋਲ-ਨਗਾਰੇ ਵਜਾਓ। ਰਾਜਾ ਹੈਰਾਨ ਹੋਇਆ ਪਰ ਮਹਾਤਮਾ ਬੁੱਧ ਦਾ ਹੁਕਮ ਮੰਨ ਕੇ ਢੋਲ-ਨਗਾਰੇ ਵਜਾਉਣ ਦਾ ਹੁਕਮ ਦਿੱਤਾ। ਜੰਗ ਦੌਰਾਨ ਵੱਜਣ ਵਾਲੇ ਢੋਲ-ਨਗਾਰਿਆਂ ਦਾ ਸ਼ੋਰ ਸੁਣ ਕੇ ਹਾਥੀ ਨੇ ਇੰਨਾ ਜ਼ੋਰ ਲਾਇਆ ਕਿ ਉਹ ਚਿੱਕੜ ਵਿਚੋਂ ਬਾਹਰ ਆ ਗਿਆ। ਬੁੱਧ ਨੇ ਸਮਝਾਇਆ ਕਿ ਲੋੜ ਸਿਰਫ਼ ਤਾਕਤ ਤੇ ਸਮਰੱਥਾ ਨੂੰ ਕੇਂਦਰਤ ਕਰਨ ਦੀ ਹੁੰਦੀ ਏ। ਜੰਗ ਵਿਚ ਵੱਜਣ ਵਾਲੇ ਢੋਲ-ਨਗਾਰੇ ਸੁਣ ਕੇ ਹਾਥੀ ਨੇ ਆਪਣੀ ਸਮੁੱਚੀ ਤਾਕਤ ਕੇਂਦਰਤ ਕੀਤੀ ਤੇ ਬਾਹਰ ਨਿਕਲਣ ਵਿਚ ਕਾਮਯਾਬ ਹੋ ਗਿਆ।

ਬੰਦਿਆਂ ਵਾਂਗ ਜਾਨਵਰਾਂ ਵਿਚ ਅਥਾਹ ਸ਼ਕਤੀ ਹੁੰਦੀ ਹੈ। ਸਿਰਫ਼ ਇਸ ਨੂੰ ਕੇਂਦਰਤ ਕਰਨ ਅਤੇ ਸਮੁੱਚ ਵਿਚ ਸਹੀ ਪਾਸੇ ਲਗਾਉਣ ਦੀ ਲੋੜ ਦੀ ਚਾਹਨਾ ਅਤੇ ਮਨਚਾਹੇ ਸਿੱਟੇ ਪ੍ਰਾਪਤ ਕਰਨ ਦੀ ਲੋਚਾ ਮਨ ਵਿਚ ਹੋਣੀ ਚਾਹੀਦੀ ਹੈ। ਕੁਝ ਅਜਿਹਾ ਹੀ ਮੇਰੇ ਨਾਲ ਵਾਪਰਿਆ। ਧਿਆਨ ਨੂੰ ਕੇਂਦਰਤ ਕਰਕੇ ਔਖੀ ਜਾਪਦੀ ਸਾਇੰਸ ਦੀ ਪੜ੍ਹਾਈ ਨੂੰ ਸੁਖਾਲਾ ਕਰ ਸਕਿਆ। ਸਾਰੀ ਉਮਰ ਫਿਜਿਕਸ ਪੜ੍ਹਾਈ ਅਤੇ ਇਸ ਨੂੰ ਕਿੱਤਾ ਨਹੀਂ ਸਗੋਂ ਸ਼ੌਕ ਸਮਝ ਕੇ ਇਸ 'ਚੋਂ ਮਾਨਸਿਕ ਅਤੇ ਅੰਤਰੀਵੀ ਆਨੰਦ ਪ੍ਰਾਪਤ ਕੀਤਾ; ਤੇ ਅਜੇ ਤੱਕ ਵੀ ਕਰ ਰਿਹਾਂ; ਤਾਂ ਹੀ ਅਮਰੀਕਾ ਦੀ ਯੂਨੀਵਰਸਿਟੀ ਦੇ ਫਿਜਿਕਸ ਡਿਪਾਰਟਮੈਂਟ ਦੇ ਚੇਅਰ ਡਾ. ਪੈਟਰੂ ਐਸ ਫੋਡਰ ਦਾ ਇਹ ਕਹਿਣਾ ਸੀ ਕਿ ਮੈਂ ਚਾਹੁੰਦਾ ਹਾਂ ਕਿ ਮੇਰੇ ਸਾਰੇ ਪ੍ਰੋਫੈਸਰ ਤੇਰੇ ਵਰਗੇ ਹੀ ਹੋਣ। ਇਹ ਮਾਣ ਮੇਰਾ ਨਹੀਂ ਸਗੋਂ ਮੇਰੇ ਬਾਪ ਦਾ ਹੈ ਜਿਸ ਨੇ ਫੇਲ੍ਹ ਹੋਣ ਤੋਂ ਬਾਅਦ ਮੈਨੂੰ ਸਾਇੰਸ ਦੀ ਪੜ੍ਹਾਈ ਜਾਰੀ ਰੱਖਣ ਲਈ ਹੱਲਾਸ਼ੇਰੀ ਦਿੱਤੀ ਸੀ।

ਫੇਲ੍ਹ ਹੋਣ ਤੋਂ ਬਾਅਦ ਬਾਪ ਦੀ ਦਿੱਤੀ ਹੋਈ ਹੌਸਲਾ ਅਫ਼ਜ਼ਾਈ ਦਾ ਕੇਹਾ ਕਮਾਲ ਸੀ ਕਿ ਇਸ ਤੋਂ ਬਾਅਦ ਸਾਇੰਸ ਪੜ੍ਹਨਾ ਜਨੂਨ ਬਣ ਗਿਆ। ਜਦ ਤੁਸੀਂ ਕਿਸੇ ਵੀ ਮਜ਼ਮੂਨ ਨੂੰ ਮਜਬੂਰੀ ਦੀ ਬਜਾਏ ਸ਼ੌਕ ਵਜੋਂ ਪੜ੍ਹਦੇ ਹੋ ਤਾਂ ਤੁਹਾਡੇ ਮਨ ਵਿਚ ਲਗਨ ਅਤੇ ਉਤਸ਼ਾਹ ਹੁੰਦਾ। ਕੁਝ ਵੀ ਔਖਾ ਜਾਂ ਉਕਾਊ ਨਹੀਂ ਲੱਗਦਾ। ਤੁਹਾਨੂੰ ਜਾਪਣ ਲੱਗਦਾ ਕਿ ਇਹ ਤਾਂ ਬਹੁਤ ਅਸਾਨ ਸੀ। ਮੈਂ ਤਾਂ ਐਵੇਂ ਇਸ ਤੋਂ ਡਰਦਾ ਰਿਹਾ।

ਫੇਲ੍ਹ ਹੋਣ ਦਾ ਵਰਦਾਨ ਜਾਂ ਬਰਕਤ ਸਮਝੀ ਜਾ ਸਕਦੀ ਕਿ ਇਸ ਤੋਂ ਬਾਅਦ ਫਿਜਿਕਸ ਦੀ ਐਮ.ਐਸਸੀ. ਤੱਕ ਦੀ ਸਮੁੱਚੀ ਪੜ੍ਹਾਈ ਮੈਰਿਟ ਸਕਲਾਰਸ਼ਿਪ ਲੈ ਕੇ ਕੀਤੀ। ਮੇਰੇ ਬਾਪ ਲਈ ਮਾਣ ਵਾਲੀ ਇਹੀ ਗੱਲ ਸੀ ਕਿ ਉਸ ਦਾ ਪੁੱਤ ਸੋਲਾਂ ਜਮਾਤਾਂ ਪੜ੍ਹ ਗਿਆ ਹੈ। ਬਾਪ ਲਈ ਇਹ ਤਸੱਲੀ ਵਾਲੀ ਗੱਲ ਸੀ ਕਿ ਉਸ ਦੇ ਪੁੱਤ ਦੇ ਜਮਾਤੀ ਪ੍ਰੈਪ ਵਿਚ ਪਾਸ ਹੋ ਕੇ ਕੋਈ ਵੀ ਸੋਲਾਂ ਜਮਾਤਾਂ ਨਹੀਂ ਕਰ ਸਕਿਆ ਜਦ ਕਿ ਉਸ ਦਾ ਪੁੱਤਰ ਫੇਲ੍ਹ ਹੋ ਵੀ ਸੋਲਾਂ ਜਮਾਤਾਂ ਕਰ ਗਿਆ।

ਇਸ ਤੋਂ ਬਾਅਦ ਪੀਐਚ.ਡੀ. ਕਰਨਾ ਮੇਰੀ ਖੁਦ ਨੂੰ ਪਾਈ ਉਸ ਕਸਮ ਦਾ ਪੂਰਾ ਕਰਨਾ ਸੀ ਜਿਹੜੀ ਮੈਂ ਪ੍ਰੈਪ ਵਿਚ ਫੇਲ੍ਹ ਹੋਣ ਤੋਂ ਬਾਅਦ ਖੁਦ ਨਾਲ ਪਾਈ ਸੀ। ਪੀਐਚ.ਡੀ. ਦੀ ਇੰਟਰਵਿਊ ਦੌਰਾਨ ਜਦ ਐਗਜ਼ਾਮੀਨਰ ਨੇ ਪੁੱਛਿਆ ਕਿ ਤੂੰ ਸਰਕਾਰੀ ਕਾਲਜ ਵਿਚ ਪੜ੍ਹਾਉਂਦਾ ਏਂ, ਟਿਊਸ਼ਨਾਂ ਪੜ੍ਹਾ ਕੇ ਬਹੁਤ ਪੈਸੇ ਕਮਾ ਸਕਦਾ ਸੀ, ਫਿਰ ਪੰਜ ਸਾਲ ਪੀਐਚ.ਡੀ. ਕਰਨ 'ਤੇ ਕਿਉਂ ਗਵਾਏ? ਉਹ ਵੀ ਨੌਕਰੀ ਕਰਨ ਦੇ ਨਾਲ-ਨਾਲ ਬਿਨਾ ਛੁੱਟੀ ਲਿਆਂ; ਤਾਂ ਮੇਰਾ ਉਤਰ ਸੀ ਕਿ ਇਹ ਪੰਜ ਸਾਲ ਵਿਅਰਥ ਨਹੀਂ ਗਵਾਏ, ਇਹ ਤਾਂ ਬਾਪ ਦੀ ਅੱਖ ਵਿਚ ਜੰਮ ਚੁੱਕੇ ਅੱਥਰੂਆਂ ਦਾ ਭਾਰ ਘਟਾਉਣ ਲਈ ਨਿਮਰ ਯਤਨ ਹੈ, ਤਾਂ ਕਿ ਬਾਪ ਨੂੰ ਇਹ ਮਾਣ ਹੋਵੇ ਕਿ ਉਸ ਦਾ ਪੁੱਤ ਪ੍ਰੈਪ ਵਿਚੋਂ ਫੇਲ੍ਹ ਹੋ ਕੇ ਵੀ ਸਾਇੰਸ ਦੀ ਸਿਖਰਲੀ ਡਿਗਰੀ ਹਾਸਲ ਕਰ ਸਕਦਾ ਹੈ। ਹਲ ਵਾਹੁਣ ਵਾਲੇ ਬਾਪ ਦੀ ਕਿਰਤ-ਕਮਾਈ, ਹੌਸਲਾ ਅਫ਼ਜ਼ਾਈ ਅਤੇ ਫੱਕਰਤਾਈ ਨੂੰ ਪੀਐਚ.ਡੀ. ਦੀ ਡਿਗਰੀ ਅਰਪਿਤ ਕਰ ਸਕਾਂ। ਆਪਣੇ ਬਾਪ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਾਂ। ਬਾਪ ਦੀਆਂ ਦੀਆਂ ਅੱਖਾਂ ਵਿਚ ਸ਼ਰਫ਼ ਦਾ ਰੰਗ ਭਰ ਸਕਾਂ ਜਿਨ੍ਹਾਂ ਵਿਚ ਕਦੇ ਮੇਰੇ ਫੇਲ੍ਹ ਹੋਣ ਨੇ ਨਿਰਾਸ਼ਾ ਤਰੌਂਕੀ ਸੀ।

# ਇਕ ਅਦਾ ਪੰਜਾਬਣ: ਕਾਮਿਨੀ ਕੌਸ਼ਲ

ਮਸ਼ਹੂਰ ਪੰਜਾਬਣ ਅਦਾਕਾਰਾ ਕਾਮਿਨੀ ਕੌਸ਼ਲ ਉਰਫ ਉਮਾ ਕਸ਼ਯਪ ਦੀ ਪੈਦਾਇਸ਼ 1927 ਨੂੰ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਚੌਬੁਰਜੀ ਇਲਾਕੇ ਵਿਚ ਰਹਿੰਦੇ ਪੰਜਾਬੀ ਪਰਿਵਾਰ ਵਿਚ ਹੋਈ। ਇਨ੍ਹਾਂ ਦੇ ਪਿਤਾ ਰਾਏ ਬਹਾਦੁਰ ਸ਼ਿਵਰਾਮ ਕਸ਼ਯਪ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਬਾਟਨੀ (ਬਨਸਪਤੀ ਸ਼ਾਸਤਰ) ਦੇ ਪ੍ਰੋਫੈਸਰ ਸਨ ਅਤੇ ਉਨ੍ਹਾਂ ਨੂੰ 'ਫਾਦਰ ਆਫ ਇੰਡੀਅਨ ਬਾਟਨੀ' ਵੀ ਕਿਹਾ ਜਾਂਦਾ ਸੀ। ਦੋ ਭਰਾਵਾਂ ਅਤੇ ਤਿੰਨ ਭੈਣਾਂ 'ਚ ਸਭ ਤੋਂ ਛੋਟੀ ਕਾਮਿਨੀ ਹਾਲੇ 7 ਵਰ੍ਹਿਆਂ ਦੀ ਸੀ ਜਦੋਂ ਇਨ੍ਹਾਂ ਦੇ ਪਿਤਾ ਫੌਤ ਹੋ ਗਏ। ਬਾਲ ਉਮਰੇ ਹੀ ਉਸ ਨੂੰ ਰੇਡੀਓ ਨਾਟਕਾਂ

**ਮਨਦੀਪ ਸਿੰਘ ਸਿੱਧੂ**

ਵਿਚ ਹਿੱਸਾ ਲੈਣ ਦੇ ਨਾਲ-ਨਾਲ ਘੋੜਸਵਾਰੀ, ਤੈਰਾਕੀ ਅਤੇ ਸਾਈਕਲਿੰਗ ਦਾ ਵੀ ਸ਼ੌਕ ਸੀ।





*ਜਵਾਨੀ ਵੇਲੇ ਕਾਮਿਨੀ ਕੌਸ਼ਲ ਅਤੇ (ਐਨ ਸੱਜੇ) ਹੁਣ ਦੀ ਤਸਵੀਰ।*

ਰਸ਼ੀਦ ਅਨਵਰ ਦੇ ਫਿਲਮਸਾਜ਼ ਅਦਾਰੇ ਇੰਡੀਆ ਪਿਕਚਰਜ਼, ਬੰਬੇ ਦੇ ਬੈਨਰ ਹੇਠ ਲਾਹੌਰ ਦੇ ਗੱਭਰੂ ਚੇਤਨ ਆਨੰਦ (ਸਹਾਇਕ ਮੋਹਨ ਸਹਿਗਲ) ਨੇ ਆਪਣੀ ਹਿਦਾਇਤਕਾਰੀ ਵਿਚ ਜਦੋਂ ਪਹਿਲੀ ਹਿੰਦੀ ਫਿਲਮ 'ਨੀਚਾ ਨਗਰ' (1946) ਬਣਾਈ ਤਾਂ ਇਸ ਵਿਚ ਉਮਾ ਕਸ਼ਯਪ ਨੂੰ ਕਾਮਿਨੀ ਕੌਸ਼ਲ ਦੇ ਨਾਮ ਨਾਲ ਨਵੀਂ ਅਦਾਕਾਰਾ ਵਜੋਂ ਪੇਸ਼ ਕੀਤਾ। ਇਸ ਵਿਚ ਬਤੌਰ ਅਦਾਕਾਰ ਰਫੀਕ ਅਨਵਰ ਨੇ ਕੰਮ ਕੀਤਾ। ਇਹ ਫਿਲਮ ਰੂਸੀ ਲੇਖਕ ਮੈਕਸਿਮ ਗੋਰਕੀ ਦੇ ਨਾਟਕ 'ਦਿ ਲੋਅਰ ਡੈਪਥਸ' ਉੱਤੇ ਆਧਾਰਿਤ ਸੀ ਜੋ ਸਮਾਜ ਵਿਚਲੇ ਅਮੀਰ-ਗਰੀਬ ਦੇ ਪਾੜੇ ਨੂੰ ਦਰਸਾਉਂਦੀ ਹੈ। ਇਸ ਫਿਲਮ ਨੂੰ ਪਹਿਲੇ ਕਾਨ ਫਿਲਮ ਫੈਸਟੀਵਲ ਵਿਚ ਵਿਦੇਸ਼ੀ ਸ਼੍ਰੇਣੀ 'ਚ ਬਿਹਤਰੀਨ ਹਿੰਦੀ ਫਿਲਮ ਦਾ 'ਗੋਲਡਨ ਪਾਮ' ਪੁਰਸਕਾਰ ਹਾਸਲ ਹੋਇਆ।

1947 ਵਿਚ ਕਾਮਿਨੀ ਕੌਸ਼ਲ ਦੀ ਬੰਬੇ ਵਿਆਹੀ ਭੈਣ ਦੀ ਮੌਤ ਹੋ ਗਈ। ਲਿਹਾਜ਼ਾ ਆਪਣੇ ਭੈਣ ਦੇ ਬੱਚਿਆਂ ਦਾ ਖਿਆਲ ਰੱਖਣ ਲਈ ਉਸ ਨੂੰ ਮਜਬੂਰਨ ਆਪਣੇ ਜੀਜਾ ਬੀ.ਐਸ. ਸੂਦ (ਬ੍ਰਹਮ ਸਵਰੂਪ ਸੂਦ) ਨਾਲ ਵਿਆਹ ਕਰਵਾਉਣਾ ਪਿਆ ਜਿਸ ਤੋਂ ਬਾਅਦ ਉਹ ਪੱਕੇ ਤੌਰ 'ਤੇ ਬੰਬੇ ਵੱਸ ਗਈ। ਕਾਮਿਨੀ ਪਹਿਲੀ ਅਜਿਹੀ ਭਾਰਤੀ ਫਿਲਮੀ ਅਦਾਕਾਰਾ ਸੀ ਜੋ ਵਿਆਹ ਤੋਂ ਬਾਅਦ ਵੀ ਸਿਨੇ ਪਰਦੇ 'ਤੇ ਛਾਈ ਰਹੀ।

ਫਿਲਮ 'ਜੇਲ ਯਾਤਰਾ' ਉਰਫ 'ਪਿਲੀਗ੍ਰੀਮੇਜ ਟੂ ਪ੍ਰਿਜ਼ਨ' (1947) 'ਚ ਕਾਮਿਨੀ ਨੇ ਰਾਜ ਕਪੂਰ ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ। ਫਿਲਮ 'ਦੋ ਭਾਈ' (1947) 'ਚ ਉਸ ਨੇ ਰਾਜਨ ਹਕਸਰ ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ। ਸਚਿਨ ਦੇਵ ਬਰਮਨ ਦੇ ਸੰਗੀਤ ਵਿਚ ਰਾਜਾ ਮਹਿੰਦੀ ਅਲੀ ਖਾਨ ਦੇ ਲਿਖੇ ਤੇ ਕਾਮਿਨੀ ਕੌਸ਼ਲ 'ਤੇ ਫਿਲਮਾਏ 'ਮੇਰਾ ਸੁੰਦਰ ਸਪਨ ਬੀਤ ਗਿਆ ਮੈਂ ਪ੍ਰੇਮ ਮੇਂ ਸਬ ਕੁਛ ਹਾਰ ਗਈ' ਤੇ 'ਆਜ ਪ੍ਰੀਤ ਕਾ ਨਾਤਾ ਟੂਟ ਗਿਆ' (ਗੀਤਾ ਰਾਏ) ਆਦਿ ਗੀਤ ਬੇਹੱਦ ਮਕਬੂਲ ਹੋਏ।

ਰਾਜ ਕਪੂਰ ਨਿਰਦੇਸ਼ਿਤ ਫਿਲਮ 'ਆਗ' (1948) ਵਿਚ ਉਸ ਨੇ ਰਾਜ ਕਪੂਰ ਨਾਲ ਮੁੱਖ ਕਿਰਦਾਰ ਨਿਭਾਇਆ। ਫਿਲਮ 'ਜ਼ਿੱਦੀ' (1948) ਵਿਚ ਉਸ ਨੇ 'ਆਸ਼ਾ' ਦਾ ਪਾਰਟ ਕੀਤਾ ਜਿਸ ਦੇ ਰੂਬਰੂ ਦੇਵ ਆਨੰਦ ਸਨ। ਫਿਲਮ 'ਸ਼ਹੀਦ' (1948) ਵਿਚ ਉਸ ਦੇ ਹਮਰਾਹ ਦਿਲੀਪ ਕੁਮਾਰ ਸਨ। ਭਾਈ ਗੁਲਾਮ ਹੈਦਰ 'ਅੰਮ੍ਰਿਤਸਰੀ' ਦੇ ਸੰਗੀਤ ਵਿਚ ਇਸ ਫਿਲਮ ਦੇ ਤਮਾਮ ਗੀਤ ਬੜੇ ਪਸੰਦ ਕੀਤੇ ਗਏ ਪਰ ਕਾਮਿਨੀ ਕੌਸ਼ਲ 'ਤੇ ਫਿਲਮਾਇਆ ਸੁਰਿੰਦਰ ਕੌਰ ਦਾ ਗੀਤ 'ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫਸਾਨਾ' ਹੱਦ ਦਰਜਾ ਮਕਬੂਲ ਹੋਇਆ। ਇਸੇ ਦੌਰ 'ਚ ਆਈਆਂ ਕਾਮਿਨੀ ਦੀਆਂ ਕੁਝ ਮਸ਼ਹੂਰ ਜ਼ਮਾਨਾ ਫਿਲਮਾਂ 'ਚ 'ਪਗੜੀ' (1948), 'ਨਦੀਆ ਕੇ ਪਾਰ' (1948), 'ਸ਼ਾਇਰ' (1949), 'ਨਮੂਨਾ' (1949), 'ਸ਼ਬਨਮ' (1949), 'ਰਾਖੀ' (1949), 'ਪਾਰਸ' (1949) ਸ਼ਾਮਿਲ ਹਨ। ਫਿਲਮ 'ਸ਼ਾਇਰ' ਵਿਚ ਕਾਮਿਨੀ ਅਤੇ ਦੇਵ ਅਨੰਦ 'ਤੇ ਫਿਲਮਾਇਆ 'ਯੇਹ ਦੁਨੀਆ ਹੈ ਯਹਾਂ ਦਿਲ ਕਾ ਲਗਾਨਾ ਕਿਸ ਕੋ ਆਤਾ ਹੈ' (ਲਤਾ ਮੰਗੇਸ਼ਕਰ, ਮੁਕੇਸ਼) ਗੀਤ ਖੂਬ ਹਿੱਟ ਹੋਇਆ ਸੀ। ਫਿਲਮ 'ਸ਼ਹੀਦ' ਦੇ ਸੈੱਟ 'ਤੇ ਕਾਮਿਨੀ ਕੌਸ਼ਲ ਨੂੰ ਦਿਲੀਪ ਕੁਮਾਰ ਨਾਲ ਮੁਹੱਬਤ ਹੋ ਗਈ। ਇਸ ਤੋਂ ਬਾਅਦ ਦੋਵਾਂ ਨੇ ਇਕੱਠਿਆਂ 'ਨਦੀਆ ਕੇ ਪਾਰ', 'ਸ਼ਬਨਮ' (1949) ਤੇ 'ਆਰਜ਼ੂ' (1950) 'ਚ ਅਦਾਕਾਰੀ ਕੀਤੀ।

***ਹਿੰਦੀ ਅਤੇ ਪੰਜਾਬੀ ਫਿਲਮਾਂ ਤੋਂ ਇਲਾਵਾ ਕਾਮਿਨੀ ਕੌਸ਼ਲ ਨੇ ਬਾਲ ਰਸਾਲੇ 'ਪਰਾਗ' ਵਿਚ ਬਾਲ ਕਹਾਣੀਆਂ ਵੀ ਲਿਖੀਆਂ। ਇਨ੍ਹਾਂ ਕਹਾਣੀਆਂ 'ਤੇ ਦੂਰਦਰਸ਼ਨ ਨੇ ਕਿਸ਼ਤਵਾਰ ਪ੍ਰੋਗਰਾਮ 'ਚਾਂਦ ਸਿਤਾਰੇ' ਵੀ ਸ਼ੁਰੂ ਕੀਤਾ ਸੀ। ਇਸ ਤੋਂ ਇਲਾਵਾ ਟੈਲੀਵਿਜ਼ਨ ਦੇ ਹੋਰਨਾਂ ਲੜੀਵਾਰਾਂ ਵਿਚ ਵੀ ਉਸ ਨੇ ਅਦਾਕਾਰੀ ਕੀਤੀ। 1986 ਵਿਚ ਉਸ ਨੇ ਐਨੀਮੇਸ਼ਨ ਫਿਲਮ 'ਮੇਰੀ ਪਰੀ' ਵੀ ਬਣਾਈ ਸੀ।***


ਇਨ੍ਹਾਂ ਫਿਲਮਾਂ ਦੀ ਕਾਮਯਾਬੀ ਤੋਂ ਬਾਅਦ ਉਸ ਨੇ 'ਬਿਖਰੇ ਮੋਤੀ' (1951), 'ਪੂਨਮ' (1952), 'ਝਾਂਜਰ', 'ਰਾਜ ਰਤਨ', 'ਆਸ', 'ਆਂਸੂ' (1953), 'ਰਾਧਾ ਕ੍ਰਿਸ਼ਨ', 'ਸੰਗਮ', ਬਿਰਾਜ ਬਹੂ' (1954), 'ਆਬਰੂ' (1956), 'ਬੜੇ ਸਰਕਾਰ', 'ਬੜਾ ਭਾਈ' (1957), 'ਜੇਲ੍ਹਰ', 'ਨਾਈਟ ਕਲੱਬ', 'ਗ੍ਰੇਟ ਸ਼ੋਅ ਆਫ ਇੰਡੀਆ', 'ਸਰਕਸ ਸੁੰਦਰੀ' (1958), 'ਬੈਂਕ ਮੈਨੇਜਰ' (1959) ਆਦਿ ਫਿਲਮਾਂ 'ਚ ਮਰਕਜ਼ੀ ਕਿਰਦਾਰ ਅਦਾ ਕੀਤੇ। ਫਿਲਮ 'ਬਿਰਾਜ ਬਹੂ' ਵਿਚ ਨਿਭਾਏ ਟਾਈਟਲ ਕਿਰਦਾਰ ਲਈ ਕਾਮਿਨੀ ਨੂੰ ਬਿਹਤਰੀਨ ਅਦਾਕਾਰਾ ਦਾ ਫਿਲਮਫੇਅਰ ਐਵਾਰਡ ਮਿਲਿਆ।

ਕਾਮਿਨੀ ਕੌਸ਼ਲ ਨੇ ਆਪਣੇ ਫਿਲਮਸਾਜ਼ ਅਦਾਰੇ ਕੇਆਰਟਸ, ਬੰਬੇ ਦੇ ਬੈਨਰ ਹੇਠ ਐਮ. ਸਾਦਿਕ ਦੀ ਹਿਦਾਇਤਕਾਰੀ ਵਿਚ ਫਿਲਮ 'ਪੂਨਮ' (1952) ਬਣਾਈ ਅਤੇ ਅਸ਼ੋਕ ਕੁਮਾਰ ਨਾਲ ਅਦਾਕਾਰੀ ਵੀ ਕੀਤੀ। ਆਪਣੇ ਬੈਨਰ ਹੇਠ ਹੀ ਪੀ. ਐਲ. ਸੰਤੋਸ਼ੀ ਦੀ ਹਿਦਾਇਤਕਾਰੀ ਵਿਚ ਦੂਸਰੀ ਫਿਲਮ 'ਚਾਲੀਸ ਬਾਬਾ ਏਕ ਚੋਰ' (1954) ਦਾ ਨਿਰਮਾਣ ਕੀਤਾ। ਇਸ ਫਿਲਮ 'ਚ ਕਾਮਿਨੀ ਨਾਲ ਅਦਾਕਾਰ ਬਲਰਾਜ ਸਨ।

1960ਵਿਆਂ ਤੇ 70ਵਿਆਂ ਦੇ ਦਹਾਕੇ 'ਚ ਆਈਆਂ ਉਸ ਦੀਆਂ ਕੁਝ ਯਾਦਗਾਰੀ ਫਿਲਮਾਂ ਤੋਂ ਬਾਅਦ ਉਸ ਦੀ ਆਖਰੀ ਹਿੰਦੀ ਫਿਲਮ ਹਿਦਾਇਤਕਾਰ ਪ੍ਰਦੀਪ ਸਰਕਾਰ ਦੀ 'ਲਾਗਾ ਚੁਨਰੀ ਮੇਂ ਦਾਗ' ਉਰਫ 'ਜਰਨੀ ਆਫ ਏ ਵੂਮਨ' (2007) ਸੀ ਜਿਸ ਵਿਚ ਉਨ੍ਹਾਂ ਨੇ ਦਾਦੀ ਮਾਂ ਦਾ ਪਾਰਟ ਅਦਾ ਕੀਤਾ। ਉਸ ਨੇ ਚਰਿੱਤਰ ਅਦਾਕਾਰਾ ਵਜੋਂ ਪੰਜਾਬੀ ਫਿਲਮਾਂ ਵਿਚ ਵੀ ਆਪਣੇ ਫਨ ਦੀ ਨੁਮਾਇਸ਼ ਕੀਤੀ। ਫਿਲਮ 'ਸ਼ੇਰਨੀ' (1973) ਵਿਚ ਉਸ ਨੇ ਫਿਲਮ ਦੇ ਹੀਰੋ ਸੁਭਾਸ਼ ਘਈ ਦੀ ਮਾਂ ਦਾ ਕਿਰਦਾਰ ਨਿਭਾਇਆ। ਹੰਸਰਾਜ ਬਹਿਲ ਦੇ ਸੰਗੀਤ ਵਿਚ ਵਰਮਾ ਮਲਿਕ ਦਾ ਲਿਖਿਆ ਭੰਗੜਾ ਗੀਤ 'ਅੱਖ ਕੁੜੀ ਦੀ ਆਂਡੇ ਵਰਗੀ... ਨੀਂ ਅੱਖਾਂ ਤੇਰੀਆਂ ਦਾ ਸੁਰਮਾ' (ਮੁਹੰਮਦ ਰਫੀ, ਮੀਨੂੰ ਪ੍ਰਸ਼ੋਤਮ) ਪ੍ਰੇਮ ਨਾਥ, ਕਾਮਿਨੀ ਕੌਸ਼ਲ, ਨਾਜ਼, ਸੁਭਾਸ਼ ਘਈ ਤੇ ਸਾਥੀਆਂ 'ਤੇ ਫਿਲਮਾਇਆ ਗਿਆ ਸੀ ਜੋ ਬਹੁਤ ਮਕਬੂਲ ਹੋਇਆ। ਜਦੋਂ ਪ੍ਰੇਮ ਨਾਥ ਨੇ ਧਾਰਮਿਕ ਪੰਜਾਬੀ ਫਿਲਮ 'ਸਤਿ ਸ੍ਰੀ ਅਕਾਲ' (1977) ਬਣਾਈ ਤਾਂ ਕਾਮਿਨੀ ਨੂੰ ਫਿਲਮ ਦੇ ਹੀਰੋ ਪ੍ਰੀਕਸ਼ਤ ਸਾਹਨੀ (ਪ੍ਰੀਤਮ ਸਿੰਘ) ਦੀ ਮਾਂ ਦਾ ਰੋਲ ਨਿਭਾਉਣ ਦਾ ਮੌਕਾ ਦਿੱਤਾ।

ਹਿੰਦੀ ਅਤੇ ਪੰਜਾਬੀ ਫਿਲਮਾਂ ਤੋਂ ਇਲਾਵਾ ਕਾਮਿਨੀ ਕੌਸ਼ਲ ਨੇ ਬਾਲ ਰਸਾਲੇ 'ਪਰਾਗ' ਵਿਚ ਬਾਲ ਕਹਾਣੀਆਂ ਵੀ ਲਿਖੀਆਂ। ਇਨ੍ਹਾਂ ਕਹਾਣੀਆਂ 'ਤੇ ਦੂਰਦਰਸ਼ਨ ਨੇ ਕਿਸ਼ਤਵਾਰ ਪ੍ਰੋਗਰਾਮ 'ਚਾਂਦ ਸਿਤਾਰੇ' ਵੀ ਸ਼ੁਰੂ ਕੀਤਾ ਸੀ। ਇਸ ਤੋਂ ਇਲਾਵਾ ਟੈਲੀਵਿਜ਼ਨ ਦੇ ਹੋਰਨਾਂ ਲੜੀਵਾਰਾਂ ਵਿਚ ਵੀ ਉਸ ਨੇ ਅਦਾਕਾਰੀ ਕੀਤੀ। 1986 ਵਿਚ ਉਸ ਨੇ ਐਨੀਮੇਸ਼ਨ ਫਿਲਮ 'ਮੇਰੀ ਪਰੀ' ਵੀ ਬਣਾਈ ਸੀ। 2015 ਵਿਚ 'ਫਿਲਮਫੇਅਰ ਲਾਈਫਟਾਈਮ ਅਚੀਵਮੈਂਟ' ਨਾਲ ਸਰਫਰਾਜ਼ ਹੋਣ ਵਾਲੀ ਕਾਮਿਨੀ ਕੌਸ਼ਲ ਅੱਜ ਕੱਲ੍ਹ ਮੁੰਬਈ ਵਿਖੇ 94 ਸਾਲਾਂ ਦੀ ਉਮਰ ਵਿਚ ਖੁਸ਼ਹਾਲ ਜ਼ਿੰਦਗੀ ਬਸਰ ਕਰ ਰਹੀ ਹੈ।

# ਰੂਸੀ ਫਿਲਮ ਮੇਲਾ ਅਤੇ ਇਮਤਿਆਜ਼ ਅਲੀ



ਫਿਲਮਸਾਜ਼ ਅਤੇ ਨਿਰਮਾਤਾ ਇਮਤਿਆਜ਼ ਅਲੀ ਨੂੰ ਵਿਚ ਭਾਰਤ ਵਿਚ 'ਰੂਸੀ ਫਿਲਮ ਮੇਲੇ' ਦਾ ਬਰਾਂਡ ਅੰਬੈਸਡਰ ਨਿਯੁਕਤ ਕੀਤਾ ਗਿਆ ਹੈ। ਇਸ ਮੇਲੇ ਤਹਿਤ 27 ਨਵੰਬਰ ਤੱਕ ਡਿਜ਼ਨੀ ਪਲੱਸ ਹੌਟਸਟਾਰ 'ਤੇ ਭਾਰਤੀ ਦਰਸ਼ਕਾਂ ਲਈ ਵੱਖ-ਵੱਖ ਸ਼ੈਲੀ ਵਾਲੀਆਂ ਦਸ ਪ੍ਰਸਿੱਧ ਰੂਸੀ ਫਿਲਮਾਂ ਦਿਖਾਈਆਂ ਜਾਣਗੀਆਂ। 'ਲਵ ਆਜ ਕੱਲ੍ਹ', 'ਜਬ ਵੀ ਮੈੱਟ', 'ਰੌਕਸਟਾਰ' ਅਤੇ 'ਤਮਾਸ਼ਾ' ਵਰਗੀਆਂ ਫਿਲਮਾਂ ਲਈ ਮਸ਼ਹੂਰ ਫਿਲਮਸਾਜ਼ ਇਮਤਿਆਜ਼ ਅਲੀ ਨੇ ਇਸ ਬਾਰੇ ਕਿਹਾ, "ਰੂਸ ਅਤੇ ਭਾਰਤ ਵਿਚਕਾਰ ਲੰਮੇ ਸਮੇਂ ਤੋਂ ਸਭਿਆਚਾਰਕ ਸਾਂਝ ਹੈ। ਰਾਜ ਕਪੂਰ ਅਤੇ ਮਿਥੁਨ ਚਕਰਵਰਤੀ ਵਰਗੇ ਫਿਲਮੀ ਸਿਤਾਰੇ ਰੂਸ ਵਿਚ ਬਹੁਤ ਮਸ਼ਹੂਰ ਰਹੇ ਹਨ, ਇਸੇ ਤਰ੍ਹਾਂ ਰੂਸੀ ਸੰਗੀਤ ਅਤੇ ਸਿਨੇਮਾ ਵੀ ਭਾਰਤੀ ਸਭਿਆਚਾਰ ਦਾ ਹਿੱਸਾ ਰਹੇ ਹਨ।"

ਰੂਸੀ ਫੈਡਰੇਸ਼ਨ ਦੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਓਲਗਾ ਲਯੂਬੀਮੋਵਾ ਨੇ ਕਿਹਾ ਕਿ ਰੂਸੀ ਫਿਲਮ ਮੇਲਾ ਘਰੇਲੂ ਸਮੱਗਰੀ ਨੂੰ ਵਿਦੇਸ਼ ਵਿਚ ਉਤਸ਼ਾਹਿਤ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਢੰਗ ਹੈ। ਫਿਲਮ ਮੇਲੇ ਦੇ ਡਾਇਰੈਕਟਰ ਫਰਾਜ਼ ਆਲਮ ਨੇ ਕਿਹਾ ਕਿ ਉਹ ਭਵਿਖ ਵਿਚ ਵੀ ਨਿਯਮਿਤ ਤੌਰ 'ਤੇ ਭਾਰਤ 'ਚ ਰੂਸੀ ਫਿਲਮਾਂ ਲਿਆਉਣ ਦੀ ਇੱਛਾ ਰੱਖਦੇ ਹਨ। ਡਿਜ਼ਨੀ ਪਲੱਸ ਹਾਟਸਟਾਰ ਦੇ ਬੁਲਾਰੇ ਨੇ ਕਿਹਾ ਕਿ ਉਹ ਆਪਣੇ ਪਲੈਟਫਾਰਾਮ 'ਤੇ ਦਰਸ਼ਕਾਂ ਨੂੰ ਰੂਸੀ ਫਿਲਮਾਂ ਦਿਖਾਉਣ ਲਈ ਉਤਸ਼ਾਹਿਤ ਹਨ। ਜ਼ਿਕਰਯੋਗ ਹੈ ਕਿ ਇਸ ਫਿਲਮ ਮੇਲੇ ਵਿਚ 'ਆਈਸ', 'ਆਨ ਦਿ ਐਜ', 'ਟੈੱਲ ਹਰ', 'ਡਾਕਟਰ ਲਿਜ਼ਾ', 'ਦਿ ਰੈਲੇਟਿਵਜ਼', 'ਅਨਦਰ ਵਿਮੈਨ', ਅਤੇ 'ਜੈੱਟਲੈਂਡ' ਸਮੇਤ ਹੋਰ ਫਿਲਮਾਂ ਅੰਗਰੇਜ਼ੀ ਸਬ-ਟਾਈਟਲਜ਼ ਨਾਲ ਦਿਖਾਈਆਂ ਜਾਣਗੀਆਂ।

# 'ਟੈਟੂ ਵਾਲੀ' ਰਾਣੀ ਮੁਖਰਜੀ ਅਤੇ ਸੈਫ ਅਲੀ ਖਾਨ

ਅਦਾਕਾਰ ਸੈਫ ਅਲੀ ਖਾਨ ਦਹਾਕੇ ਤੋਂ ਵੱਧ ਸਮਾਂ ਬਾਅਦ ਆਪਣੀ ਆਉਣ ਵਾਲੀ ਫਿਲਮ 'ਬੰਟੀ ਔਰ ਬਬਲੀ 2' ਵਿਚ ਅਦਾਕਾਰਾ ਰਾਣੀ ਮੁਖਰਜੀ ਨਾਲ ਨੱਚਦਾ ਨਜ਼ਰ ਆਵੇਗਾ। ਉਸ ਨੇ ਆਖਿਆ ਹੈ ਕਿ ਉਨ੍ਹਾਂ ਨੂੰ ਕਈ ਸਾਲਾਂ ਬਾਅਦ ਨੱਚਣ ਲਈ 'ਟੈਟੂ ਵਾਲੀਏ' ਵਰਗੇ ਹਿੱਟ ਗੀਤ ਦੀ ਲੋੜ ਸੀ। ਸੈਫ ਅਲੀ ਖਾਨ ਨੇ ਕਿਹਾ, "ਦਹਾਕਿਆਂ ਤੋਂ ਸਕਰੀਨ 'ਤੇ ਹਰ ਜੋੜੀ ਨੂੰ ਕਿਸੇ ਵਿਲੱਖਣ ਸ਼ੈਲੀ ਨਾਲ ਜੋੜ ਕੇ ਦੇਖਿਆ ਜਾਂਦਾ ਰਿਹਾ ਹੈ। ਰਾਣੀ ਅਤੇ ਮੈਨੂੰ ਰੋਮਾਂਟਿਕ ਕਾਮੇਡੀ ਨਾਲ ਜੋੜਿਆ ਜਾਂਦਾ ਹੈ। ਅਸੀਂ ਖੁਸ਼ਕਿਸਮਤ ਹਾਂ ਕਿ ਸਾਨੂੰ ਹਿੱਟ ਗੀਤ ਮਿਲੇ। ਖਾਸ ਤੌਰ 'ਤੇ 'ਹਮ ਤੁਮ' ਗੀਤ ਦਾ ਸੰਗੀਤ ਸੁਪਰ ਹਿੱਟ ਸੀ। ਮੈਨੂੰ ਅਤੇ ਰਾਣੀ ਨੂੰ ਅਜਿਹੇ ਗੀਤਾਂ ਨੂੰ ਫਿਲਮਾਉਣ ਦੌਰਾਨ ਬਹੁਤ ਆਨੰਦ ਆਇਆ। ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਅਸੀਂ 'ਬੰਟੀ ਔਰ ਬਬਲੀ 2' ਰਾਹੀਂ ਦੁਬਾਰਾ ਸਕਰੀਨ 'ਤੇ ਆ ਰਹੇ ਹਾਂ। ਇਹ ਪਾਰਟੀਆਂ ਵਿਚ ਚੱਲਣ ਵਾਲਾ ਗੀਤ ਹੈ ਜੋ ਲੋਕਾਂ ਨੂੰ ਪੈਰ ਥਿਰਕਾਉਣ ਲਈ ਮਜਬੂਰ ਕਰ ਦੇਵੇਗਾ।"




ਰਾਣੀ ਮੁਖਰਜੀ ਨੇ ਕਿਹਾ ਕਿ ਸੈਫ ਨਾਲ ਗੀਤ ਵਿਚ ਕੰਮ ਕਰ ਕੇ ਖੂਬ ਮਜ਼ਾ ਆਇਆ। 'ਟੈਟੂ ਵਾਲੀਏ' ਬਾਰੇ ਉਸ ਨੇ ਕਿਹਾ, "ਫਿਲਮ 'ਤਾ ਰਾ ਰਮ ਪਮ' ਦੇ 'ਅਬ ਤੋ ਫੌਰਐਵਰ' ਤੋਂ ਬਾਅਦ ਸਿੱਧਾ ਇਹ ਡਾਂਸ ਗੀਤ ਆਇਆ ਹੈ। 'ਟੈਟੂ ਵਾਲੀਏ' ਬਹੁਤ ਸ਼ਾਨਦਾਰ ਗੀਤ ਹੈ। ਇਸ ਦੀ ਸ਼ੂਟਿੰਗ ਕਰਨ ਦੌਰਾਨ ਬਹੁਤ ਮਜ਼ਾ ਆਇਆ। ਵੈਭਵੀ ਦੀ ਕੋਰੀਓਗ੍ਰਾਫੀ ਨੇ ਇਸ ਨੂੰ ਹੋਰ ਮਜ਼ੇਦਾਰ ਬਣਾ ਦਿੱਤਾ।" ਜ਼ਿਕਰਯੋਗ ਹੈ ਕਿ ਵਰੁਣ ਵੀ ਸ਼ਰਮਾ ਦੇ ਨਿਰਦੇਸ਼ਨ ਅਤੇ ਯਸ਼ ਰਾਜ ਫਿਲਮਜ਼ ਦੇ ਬੈਨਰ ਹੇਠ ਬਣੀ ਇਹ ਫਿਲਮ 19 ਨਵੰਬਰ ਨੂੰ ਰਿਲੀਜ਼ ਹੋਵੇਗੀ।

ਯਾਦ ਰਹੇ ਕਿ ਰਾਣੂ ਮੁਖਰਜੀ ਨੇ ਆਪਣੇ ਕਰੀਅਰ ਦਾ ਆਰੰਭ ਬੰਗਲਾ ਫਿਲਮ 'ਬਿਆਰ ਫੂਲ' ਨਾਲ ਕੀਤਾ ਸੀ। ਇਹ ਫਿਲਮ 1996 ਵਿਚ ਰਿਲੀਜ਼ ਹੋਈ ਸੀ। ਇਸੇ ਸਾਲ ਹਿੰਦੀ ਫਿਲਮ 'ਰਾਜਾ ਕੀ ਆਏਗੀ ਬਾਰਾਤ' ਆਈ ਪਰ ਉਸ ਦਾ ਕਰੀਅਰ 1998 ਵਿਚ ਆਈ ਫਿਲਮ 'ਗੁਲਾਮ' ਨਾਲ ਰੁੜ੍ਹਿਆ, ਫਿਰ ਤਾਂ ਚੱਲ ਸੋ ਚੱਲ!

# XPressCargo

**Tel.: 317-426-5410**
Ext. 2001 & 2403

100% ਓਨਰ ਆਪਰੇਟਰ ਕੰਪਨੀ

## Pay Every Week

100% OWNER OPERATOR COMPANY

Pay Single 48 Cent + Team 58 Cent

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤੱਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**